



Twenty-Fifth Year of Publication ਨਿਊਯਾਰਕ ਐਡੀਸ਼ਨ Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 26, Issue 37; September 13, 2025 20451 N. Plum Grove Rd., Palatine, IL 60074 Ph:847-359-0746, Fax:847-705-9388

## ਹਿੰਸਕ ਪ੍ਰਦਰਸ਼ਨ ਅਤੇ ਅੱਗਜ਼ਨੀ ਤੋਂ ਬਾਅਦ ਨੇਪਾਲ ਵਿਚ 'ਰਾਜਪਲਟਾ'



**ਕਠਮੰਡੂ:** ਦੋ ਦਿਨ ਲਗਾਤਾਰ ਚੱਲੀਆਂ ਹਿੰਸਕ ਘਟਨਾਵਾਂ, ਪ੍ਰਦਰਸ਼ਨਾਂ ਅਤੇ ਅੱਗਜ਼ਨੀ ਦੀਆਂ ਵਾਰਦਾਤਾਂ ਤੋਂ ਬਾਅਦ ਨੇਪਾਲ ਦੇ ਪ੍ਰਧਾਨ ਮੰਤਰੀ ਓਪੀ ਸ਼ਰਮਾ ਓਲੀ ਅਤੇ ਰਾਸ਼ਟਰਪਤੀ ਰਾਮ ਚੰਦਰ ਪਾਂਡੇਲ ਸਮੇਤ ਸਮੁੱਚੀ ਕੈਬਨਿਟ ਵੱਲੋਂ ਦਿੱਤੇ ਗਏ ਅਸਤੀਫਿਆਂ ਨਾਲ ਨੇਪਾਲ ਵਿੱਚ "ਰਾਜਪਲਟਾ" ਹੋ ਗਿਆ ਹੈ। ਇਸ ਤੋਂ ਪਹਿਲਾਂ ਲਗਾਤਾਰ ਹਿੰਸਕ ਵਾਰਦਾਤਾਂ ਵਿੱਚ ਉਥੋਂ ਦੇ ਨੌਜਵਾਨਾਂ ਨੇ ਸੁਪਰੀਮ ਕੋਰਟ, ਰਾਸ਼ਟਰਪਤੀ ਭਵਨ, ਪਾਰਲੀਮੈਂਟ ਹਾਊਸ, ਅਤੇ ਰਾਸ਼ਟਰਪਤੀ,ਪ੍ਰਧਾਨ ਮੰਤਰੀ,ਸਾਬਕ ਪ੍ਰਧਾਨ ਮੰਤਰੀ,ਅਤੇ ਮੰਤਰੀ ਮੰਡਲ ਦੇ ਹੋਰ ਮੈਂਬਰਾਂ ਦੇ ਘਰਾਂ ਸਮੇਤ ਬਹੁਤ ਸਾਰੀਆਂ ਇਮਾਰਤਾਂ ਅਤੇ ਵਾਹਨਾਂ ਨੂੰ ਅੱਗ ਦੇ ਭੇਟ ਕਰ ਦਿੱਤਾ। ਦਿਨ ਚੜਦਿਆਂ ਹੀ ਪਹਿਲਾਂ ਇਕ ਇਕ ਕਰਕੇ ਸਾਰੇ ਮੰਤਰੀਆਂ ਨੇ ਅਸਤੀਫੇ ਦਿੱਤੇ ਫਿਰ ਪ੍ਰਧਾਨ ਮੰਤਰੀ ਓਲੀ ਨੂੰ ਅਤੇ ਉਸ ਤੋਂ ਤੁਰੰਤ ਬਾਅਦ ਰਾਸ਼ਟਰਪਤੀ ਨੂੰ ਵੀ ਅਸਤੀਫਾ ਦੇਣਾ ਪਿਆ।

ਤਾਜ਼ਾ ਖਬਰਾਂ ਅਨੁਸਾਰ ਸੈਨਾ ਵੱਲੋਂ ਅਪੀਲ ਕੀਤੀ ਗਈ ਹੈ ਕਿ ਨੌਜਵਾਨ ਸ਼ਾਂਤੀ ਸਥਾਪਿਤ ਕਰਨ। ਕਿਆਸਰਾਈਆਂ ਲਗਾਈਆਂ ਜਾ ਰਹੀਆਂ ਹਨ ਕਿ ਕਾਠਮੰਡੂ ਦੇ ਮੇਅਰ ਬਾਲੇਨ ਸ਼ਾਹ ਜੋ ਬਲੈਂਦਰ ਦੇ ਨਾਮ ਨਾਲ ਵੀ ਮਸ਼ਹੂਰ ਹਨ ਨੂੰ ਅੰਤਰਿਮ ਪ੍ਰਧਾਨ ਮੰਤਰੀ ਬਣਾਇਆ ਜਾਵੇ। ਬਲੇਨ ਸ਼ਾਹ ਇੱਕ ਰੈਪਰ ਹੈ ਅਤੇ ਉਸਨੂੰ ਸ਼ਾਹੀ ਘਰਾਣੇ ਦੀ ਮਸ਼ਹੂਰ ਫਿਲਮ ਅਦਾਕਾਰਾ ਮਨੀਸ਼ਾ ਕੋਇਰਾਲਾ ਦਾ ਸਮਰਥਨ ਵੀ ਪ੍ਰਾਪਤ ਹੈ। ਕੁਝ ਦਿਨ ਪਹਿਲਾਂ ਹੀ ਉਸ ਦਾ ਇੱਕ ਰੈਪ ਸੌਂਗ ਜਾਰੀ ਹੋਇਆ ਸੀ ਜਿਸਦਾ ਸਿਰਲੇਖ ਸੀ "ਮੁਝੇ ਬੋਲਨੇ ਦੋ ਸਰਕਾਰ"। ਇਹਨਾਂ ਦੋ ਦਿਨਾਂ ਵਿੱਚ ਹੀ ਲਗਾਤਾਰ ਹਿੰਸਕ ਪ੍ਰਦਰਸ਼ਨ ਹੋਏ।

ਪ੍ਰਧਾਨ ਮੰਤਰੀ ਕੇਪੀ ਸ਼ਰਮਾ ਓਲੀ ਨੂੰ ਫੌਜ ਦੇ ਮੁਖੀ ਜਨਰਲ ਅਸ਼ੋਕ ਰਾਜ ਸਿਗਡੇਲ ਨੇ ਕੁਰਸੀ ਛੱਡਣ ਦੀ ਸਲਾਹ ਦਿੱਤੀ ਸੀ। ਉਨ੍ਹਾਂ ਕਿਹਾ

(ਬਾਕੀ ਸਫ਼ਾ 6 'ਤੇ)

## ਸੀ. ਪੀ. ਰਾਧਾਕ੍ਰਿਸ਼ਣਨ ਹੋਣਗੇ ਭਾਰਤ ਦੇ 15ਵੇਂ ਉਪ ਰਾਸ਼ਟਰਪਤੀ



**ਨਵੀਂ ਦਿੱਲੀ:** ਐਨ. ਡੀ. ਏ.ਉਮੀਦਵਾਰ ਸੀ.ਪੀ. ਰਾਧਾਕ੍ਰਿਸ਼ਨਨ ਨੂੰ ਭਾਰਤ ਦਾ ਅਗਲਾ ਉਪ ਰਾਸ਼ਟਰਪਤੀ ਚੁਣਿਆ ਗਿਆ ਹੈ। ਮੰਗਲਵਾਰ ਨੂੰ ਹੋਈ ਵੋਟਿੰਗ ਵਿੱਚ ਉਨ੍ਹਾਂ ਨੂੰ 452 ਵੋਟਾਂ ਮਿਲੀਆਂ। ਵਿਰੋਧੀ ਉਮੀਦਵਾਰ ਬੀ. ਸੁਦਰਸ਼ਨ ਰੈਡੀ ਨੂੰ 300 ਵੋਟਾਂ ਮਿਲੀਆਂ। ਰਾਧਾਕ੍ਰਿਸ਼ਣਨ ਉਹ ਹੁਣ ਰਾਜ ਸਭਾ ਚੇਅਰਮੈਨ ਦੇ ਅਹੁਦੇ ਦੀ ਜ਼ਿੰਮੇਵਾਰੀ ਵੀ ਸੰਭਾਲਣਗੇ।

ਭਾਜਪਾ ਦੇ ਸਾਰੇ ਸੰਸਦ ਮੈਂਬਰ ਮੰਗਲਵਾਰ ਰਾਤ ਲਗਭਗ 9.30 ਵਜੇ ਕੇਂਦਰੀ ਮੰਤਰੀ ਪ੍ਰਹਿਲਾਦ ਜੋਸ਼ੀ ਦੇ ਨਿਵਾਸ ਸਥਾਨ 'ਤੇ ਮਿਲੇ। ਉਹਨਾਂ ਨੇ ਇੱਥੇ ਨਵੇਂ ਚੁਣੇ ਗਏ ਉਪ-ਪ੍ਰਧਾਨ ਸੀਪੀ ਰਾਧਾਕ੍ਰਿਸ਼ਨਨ ਦਾ ਸਵਾਗਤ ਕੀਤਾ। ਇਸ ਮੌਕੇ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਰਾਧਾਕ੍ਰਿਸ਼ਨਨ ਨੂੰ ਵਧਾਈ ਦੇਣ ਪਹੁੰਚੇ।

### ਕਿਸਨੇ ਕੀਤੀ ਕਰਾਸ-ਵੋਟਿੰਗ?

ਇੰਡੀਆ ਗੱਠਜੋੜ ਨੇ ਦਾਅਵਾ ਕੀਤਾ ਸੀ ਕਿ ਉਸਦੇ ਉਮੀਦਵਾਰ ਨੂੰ 315 ਵੋਟਾਂ ਮਿਲਣਗੀਆਂ। ਇਸਦਾ ਮਤਲਬ ਹੈ ਕਿ ਲਗਭਗ 15 ਵਿਰੋਧੀ ਸੰਸਦ ਮੈਂਬਰਾਂ ਨੇ ਕਰਾਸ-ਵੋਟਿੰਗ ਕੀਤੀ ਹੋ ਸਕਦੀ ਹੈ।

ਨਤੀਜਿਆਂ ਤੋਂ ਬਾਅਦ, ਵਿਰੋਧੀ ਉਮੀਦਵਾਰ ਬੀ ਸੁਦਰਸ਼ਨ ਰੈੱਡੀ ਨੇ ਕਿਹਾ, 'ਸਾਡੇ ਮਹਾਨ ਗਣਰਾਜ ਦੀਆਂ ਲੋਕਤੰਤਰੀ ਪ੍ਰਕਿਰਿਆਵਾਂ ਵਿੱਚ ਅਟੁੱਟ ਵਿਸ਼ਵਾਸ ਦੇ ਨਾਲ, ਮੈਂ ਨਿਮਰਤਾ ਨਾਲ ਨਤੀਜੇ ਨੂੰ ਸਵੀਕਾਰ ਕਰਦਾ ਹਾਂ।' ਉਨ੍ਹਾਂ ਲਿਖਿਆ ਕਿ 'ਹਾਲਾਂਕਿ ਨਤੀਜਾ ਮੇਰੇ ਹੱਕ ਵਿੱਚ ਨਹੀਂ ਹੈ, ਪਰ ਵਿਚਾਰਧਾਰਕ ਸੰਘਰਸ਼ ਹੋਰ ਵੀ ਜ਼ੋਰਦਾਰ ਢੰਗ ਨਾਲ ਜਾਰੀ ਹੈ।'

## ਮੋਦੀ ਦਾ ਪੰਜਾਬ ਦੌਰਾ-1600 ਕਰੋੜ ਦੀ ਰਾਹਤ ਦਾ ਐਲਾਨ

### ਮ੍ਰਿਤਕਾਂ ਦੇ ਪਰਿਵਾਰਾਂ ਨੂੰ 2-2 ਲੱਖ ਅਤੇ ਜ਼ਖ਼ਮੀਆਂ ਦੇ ਪਰਿਵਾਰਾਂ ਨੂੰ 50-50 ਹਜ਼ਾਰ ਰੁਪਏ ਦੀ ਵਿੱਤੀ ਮਦਦ ਮਿਲੇਗੀ

**ਚੰਡੀਗੜ੍ਹ:** ਪ੍ਰਧਾਨ ਮੰਤਰੀ ਮੋਦੀ ਨੇ ਮੰਗਲਵਾਰ ਨੂੰ ਪੰਜਾਬ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਹਵਾਈ ਸਰਵੇਖਣ ਕੀਤਾ। ਪੀ.ਐਮ. ਮੋਦੀ ਨੇ ਪੰਜਾਬ ਲਈ ਰਾਹਤ ਪੈਕੇਜ ਵੀ ਜਾਰੀ ਕਰ ਦਿੱਤਾ ਹੈ। ਉਨ੍ਹਾਂ ਨੇ ਪੰਜਾਬ ਦੇ ਹੜ੍ਹ ਪੀੜਤਾਂ ਲਈ 1600 ਕਰੋੜ ਦਾ ਐਲਾਨ ਕੀਤਾ ਹੈ ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਖਾਤੇ ਵਿੱਚ ਪਹਿਲਾਂ ਹੀ ਐਸ.ਡੀ.ਆਰ.ਐਫ. ਫੰਡ 12 ਹਜ਼ਾਰ ਕਰੋੜ ਮੌਜੂਦ ਹੈ। ਇਸ ਤੋਂ ਇਲਾਵਾ





ਮ੍ਰਿਤਕਾਂ ਦੇ ਪਰਿਵਾਰਾਂ ਨੂੰ 2-2 ਲੱਖ ਦੀ ਵਿੱਤੀ ਮਦਦ ਅਤੇ ਜ਼ਖ਼ਮੀਆਂ ਦੇ ਪਰਿਵਾਰਾਂ ਨੂੰ 50-50 ਹਜ਼ਾਰ ਰੁਪਏ ਮਿਲਣਗੇ।

ਹਿਮਾਚਲ ਤੋਂ ਬਾਅਦ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਜਾਬ ਦੇ ਹੜ੍ਹ ਪ੍ਰਭਾਵਿਤ ਜ਼ਿਲ੍ਹੇ ਗੁਰਦਾਸਪੁਰ ਪਹੁੰਚ ਗਏ ਹਨ। ਇੱਥੇ ਉਹ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਮਿਲੇ। ਉਨ੍ਹਾਂ ਹੜ੍ਹ ਪੀੜਤਾਂ ਨਾਲ ਮੁਲਕਾਤ ਕਰਕੇ ਉਨ੍ਹਾਂ ਦਾ ਦੁੱਖ ਸੁਣਿਆ।

(ਬਾਕੀ ਸਫ਼ਾ 6 'ਤੇ)






# ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਨੇ 6 ਸਤੰਬਰ, 2025 ਨੂੰ 'ਜਸਵੰਤ ਸਿੰਘ ਖਾਲੜਾ ਦਿਹਾੜਾ' ਐਲਾਨਿਆ

ਬ੍ਰਿਟਿਸ਼ ਕੋਲੰਬੀਆ: ਮਨੁੱਖੀ ਅਧਿਕਾਰਾਂ ਦੇ ਰਾਖੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ 30ਵੇਂ ਸ਼ਹੀਦੀ ਦਿਹਾੜੇ 'ਤੇ ਬੀ.ਸੀ., ਕੈਨੇਡਾ ਸਰਕਾਰ ਵੱਲੋਂ ਵਿਕਟੋਰੀਆ, ਬੀ.ਸੀ. ਲੈਜਿਸਲੇਸ਼ਨ ਵਿਚ ਸ਼ਹੀਦ ਜਸਵੰਤ ਸਿੰਘ ਖਾਲੜਾ ਨੂੰ ਸਮਰਪਿਤ ਪ੍ਰੋਕਲੇਮੇਸ਼ਨ ਜਾਰੀ ਕੀਤਾ ਗਿਆ। ਬੀ.ਸੀ. ਸਰਕਾਰ ਵੱਲੋਂ ਲੈਫਟੀਨੈਂਟ ਗਵਰਨਰ ਅਤੇ ਅਟਾਰਨੀ ਜਨਰਲ ਤੇ ਡਿਪਟੀ ਪ੍ਰੀਮੀਅਰ ਦੇ ਦਫਤਰ ਵੱਲੋਂ ਜਾਰੀ ਐਲਾਨਨਾਮੇ ਵਿਚ 6 ਸਤੰਬਰ, 2025 ਦਾ ਦਿਨ ਬੀ.ਸੀ. ਕੈਨੇਡਾ ਵਿਚ 'ਜਸਵੰਤ ਸਿੰਘ ਖਾਲੜਾ ਦਿਹਾੜਾ' ਐਲਾਨਿਆ ਗਿਆ ਹੈ। ਮਨੁੱਖੀ ਅਧਿਕਾਰਾਂ ਨੂੰ ਸਮਰਪਿਤ ਜਥੇਬੰਦੀਆਂ ਅਤੇ ਸਿੱਖ ਭਾਈਚਾਰੇ ਨੇ ਇਸ ਐਲਾਨਨਾਮੇ ਦਾ ਵਿਸ਼ੇਸ਼ ਤੌਰ 'ਤੇ ਸਵਾਗਤ ਕੀਤਾ ਹੈ।

ਜ਼ਿਕਰਯੋਗ ਹੈ ਕਿ 30 ਸਾਲ ਪਹਿਲਾਂ ਸ਼ਹੀਦ ਜਸਵੰਤ ਸਿੰਘ ਖਾਲੜਾ ਨੂੰ ਮਨੁੱਖੀ ਅਧਿਕਾਰਾਂ ਦੇ ਹੱਕ ਅਤੇ 25 ਹਜ਼ਾਰ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲੇ ਬਣਾਉਣ ਮਗਰੋਂ ਲਾਵਾਰਸ ਲਾਸ਼ਾਂ ਕਰਾਰ ਦੇ ਕੇ ਖੁਰਦ ਬੁਰਦ ਕਰਨ ਦੇ ਮਾਮਲੇ ਵਿਚ ਕੌਮਾਂਤਰੀ ਪੱਧਰ 'ਤੇ ਆਵਾਜ਼ ਉਠਾਉਣ ਕਰਕੇ, ਪੰਜਾਬ ਪੁਲਿਸ ਵੱਲੋਂ ਅਗਵਾ ਕਰਕੇ ਸ਼ਹੀਦ ਕਰ ਦਿੱਤਾ ਗਿਆ ਸੀ।

ਬੀ.ਸੀ. ਸਰਕਾਰ ਵੱਲੋਂ ਸ. ਜਸਵੰਤ ਸਿੰਘ ਖਾਲੜਾ ਯਾਦਗਾਰੀ ਦਿਹਾੜੇ 'ਤੇ ਐਲਾਨਨਾਮੇ ਵਿਚ ਲਿਖਿਆ ਗਿਆ ਹੈ ਕਿ ਇਥੋਂ ਦੀ ਸਰਕਾਰ ਮਨੁੱਖੀ ਅਧਿਕਾਰਾਂ ਦੀ ਤਰਜਮਾਨੀ ਕਰਦੀ ਹੈ ਅਤੇ ਸਿੱਖਾਂ ਦੇ ਵਿਸ਼ੇਸ਼ ਯੋਗਦਾਨ ਦੀ ਕਦਰ ਕਰਦੀ ਹੈ। ਸ਼ਹੀਦ


Canada
Province of British Columbia
A Proclamation
CHARLES THE THIRD, by the Grace of God, King of Canada and His other Realms and Territories, Head of the Commonwealth
To all to whom these presents shall come – Greeting

ਜਸਵੰਤ ਸਿੰਘ ਖਾਲੜਾ ਅੰਤਰਰਾਸ਼ਟਰੀ ਪੱਧਰ 'ਤੇ ਮਨੁੱਖੀ ਅਧਿਕਾਰਾਂ ਦੇ ਖੇਤਰ ਵਿਚ ਸਤਿਕਾਰਤ ਸ਼ਖਸੀਅਤ ਹਨ, ਜਿਸ ਕਰਕੇ 6 ਸਤੰਬਰ, 2025 ਦਾ ਦਿਨ ਬੀਸੀ ਕੈਨੇਡਾ ਵਿਚ 'ਸ਼ਹੀਦ ਜਸਵੰਤ ਸਿੰਘ ਖਾਲੜਾ ਦਿਹਾੜਾ ਘੋਸ਼ਿਤ ਕੀਤਾ ਜਾ ਰਿਹਾ ਹੈ। *– ਡਾ. ਗੁਰਵਿੰਦਰ ਸਿੰਘ*

# ਦੱਖਣੀ ਕੋਰੀਆ ਨੂੰ 4-1 ਨਾਲ ਹਰਾ ਕੇ ਭਾਰਤ ਬਣਿਆ ਏਸ਼ੀਆ ਦਾ ਸਰਤਾਜ

**ਰਾਜਗੀਰ:** ਭਾਰਤੀ ਟੀਮ ਨੇ ਐਤਵਾਰ ਨੂੰ ਏਸ਼ੀਆ ਕੱਪ ਹਾਕੀ ਦੇ ਫਾਈਨਲ ਵਿਚ ਪੰਜ ਵਾਰ ਦੀ ਚੈਂਪੀਅਨ ਦੱਖਣੀ ਕੋਰੀਆ ਨੂੰ 4-1 ਨਾਲ ਹਰਾ ਕੇ ਖ਼ਿਤਾਬ 'ਤੇ ਕਬਜ਼ਾ ਕਰ ਲਿਆ। ਭਾਰਤੀ ਟੀਮ ਨੇ ਕੁੱਲ ਚੌਥੀ ਵਾਰੀ ਇਹ ਟਰਾਫੀ ਆਪਣੇ ਨਾਂ ਕੀਤੀ ਅਤੇ ਨਾਲ ਹੀ ਅਗਲੇ ਸਾਲ ਅਗਸਤ ਵਿਚ ਬੈਲਜੀਅਮ ਤੇ ਨੀਦਰਲੈਂਡਸ ਵਿਚ ਹੋਣ ਵਾਲੇ ਵਿਸ਼ਵ ਕੱਪ ਲਈ ਵੀ ਕੁਆਲੀਫਾਈ ਕਰ ਲਿਆ। ਆਖ਼ਰੀ ਵਾਰੀ ਭਾਰਤ ਨੇ 2017 ਵਿਚ ਮਲੇਸ਼ੀਆ ਨੂੰ ਹਰਾ ਕੇ ਖ਼ਿਤਾਬ ਜਿੱਤਿਆ ਸੀ। ਬਿਹਾਰ ਦੇ ਰਾਜਗੀਰ ਖੇਲ ਕੰਪਲੈਕਸ ਵਿਚ ਖੇਡੇ ਗਏ ਫਾਈਨਲ ਵਿਚ ਹਰਮਨਪ੍ਰੀਤ ਸਿੰਘ ਦੀ ਅਗਵਾਈ ਵਾਲੀ ਭਾਰਤੀ ਟੀਮ ਚੈਂਪੀਅਨ ਵਾਂਗ ਖੇਡੀ ਅਤੇ ਮੁਕਾਬਲੇ 'ਚ ਦਿਲਪ੍ਰੀਤ ਸਿੰਘ (28ਵੇਂ ਤੇ 45ਵੇਂ ਮਿੰਟ) ਨੇ ਦੋ ਗੋਲ ਕੀਤੇ, ਜਦਕਿ ਸੁਖਜੀਤ ਸਿੰਘ (ਪਹਿਲੇ ਮਿੰਟ) ਅਤੇ ਅਮਿਤ ਰੋਹਿਦਾਸ (50ਵੇਂ ਮਿੰਟ) ਨੇ ਵੀ ਭਾਰਤ ਲਈ ਗੋਲ ਕੀਤੇ। ਦੱਖਣੀ ਕੋਰੀਆ ਲਈ ਇੱਕੋ-ਇਕ ਗੋਲ ਡੈਨ ਸੋਨ (51ਵੇਂ ਮਿੰਟ) ਨੇ ਕੀਤਾ। 15-0 ਨਾਲ ਕਜ਼ਾਕਿਸਤਾਨ ਨੂੰ ਹਰਾ ਕੇ ਭਾਰਤ ਨੇ ਟੂਰਨਾਮੈਂਟ 'ਚ ਸਭ ਤੋਂ ਵੱਡੀ ਜਿੱਤ ਦਰਜ ਕੀਤੀ ਸੀ। ਮੁੱਖ ਕੋਚ ਕ੍ਰੇਗ ਫੁਲਟੋਨ ਨੇ ਐਤਵਾਰ ਨੂੰ ਏਸ਼ੀਆ ਕੱਪ ਜਿੱਤਣ ਤੋਂ ਬਾਅਦ ਭਾਰਤੀ ਹਾਕੀ ਟੀਮ ਦੀ ਕਾਰਗੁਜ਼ਾਰੀ ਦੀ ਸ਼ਲਾਘਾ ਕਰਦਿਆਂ




ਕਿਹਾ ਕਿ ਮੁੰਡਿਆਂ ਨੇ ਏਸ਼ੀਆ 'ਚ ਚੈਂਪੀਅਨ ਬਣ ਕੇ ਉਨ੍ਹਾਂ ਦੀ ਇੱਛਾ ਪੂਰੀ ਕੀਤੀ ਹੈ। ਟੀਮ ਦਾ ਪ੍ਰਦਰਸ਼ਨ ਚੰਗਾ ਰਿਹਾ। ਜੇਕਰ ਤੁਸੀਂ 10 'ਚੋਂ ਸੱਤ ਮੈਚ ਖੇਡਦੇ ਹੋ ਤਾਂ ਇਸ ਤਰ੍ਹਾਂ ਕਰਨਾ ਬਹੁਤ ਮੁਸ਼ਕਲ ਹੁੰਦਾ ਹੈ। ਮੈਨੂੰ ਲੱਗਦਾ ਹੈ ਕਿ ਅਸੀਂ ਇੱਥੇ ਮੌਜੂਦ ਸਾਰੀਆਂ ਟੀਮਾਂ ਨਾਲੋਂ ਸਰੀਰਕ ਤੌਰ 'ਤੇ ਵੱਧ ਮਜ਼ ਬੂਤ ਸੀ। ਅਸੀਂ ਚੰਗੀ ਤਿਆਰੀ ਕੀਤੀ, ਚੰਗਾ ਪ੍ਰਦਰਸ਼ਨ ਕੀਤਾ। ਹੁਣ ਅਸੀਂ ਸੁਲਤਾਨ ਅਜਲਾਨ ਸ਼ਾਹ ਕੱਪ, ਦੱਖਣੀ ਅਫ਼ਰੀਕਾ ਦਾ ਦੌਰਾ, ਹਾਕੀ ਇੰਡੀਆ ਲੀਗ ਅਤੇ ਪਰੋ ਲੀਗ ਖੇਡਣੀ ਹੈ। ਅਗਲੇ 12-14 ਮਹੀਨਿਆਂ ਦੌਰਾਨ ਸਾਨੂੰ ਦੇਖਣਾ ਪਵੇਗਾ ਅਸੀਂ ਕਿੱਥੇ ਖੜ੍ਹੇ ਹਾਂ।

# ਖੇਤਾਂ 'ਚ ਆਇਆ ਰੇਤਾ ਵੇਚ ਸਕਦੇ ਹਨ ਕਿਸਾਨ: ਸਿਸੋਦੀਆ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ ਨੇ ਕਿਹਾ ਕਿ ਹੜ੍ਹ ਕਾਰਨ ਖੇਤਾਂ 'ਚ ਆਈ ਰੇਤ ਕਿਸਾਨ ਕੱਢ ਕੇ ਵੇਚ ਸਕਦੇ ਹਨ। ਇਸ ਬਾਰੇ ਮੁੱਖ ਮੰਤਰੀ ਭਗਵੰਤ ਮਾਨ ਇਕ-ਦੋ ਦਿਨਾਂ 'ਚ ਨੀਤੀ ਦਾ ਐਲਾਨ ਕਰ ਸਕਦੇ ਹਨ। ਪਾਰਟੀ ਦਫ਼ਤਰ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸਿਸੋਦੀਆ ਨੇ ਕਿਹਾ ਕਿ ਕਿਸਾਨ ਚਿੰਤਤ ਹਨ ਕਿ ਉਨ੍ਹਾਂ ਦੇ ਖੇਤਾਂ 'ਚ ਜਿਹੜੀ ਰੇਤ ਆਈ ਹੈ, ਉਹ ਉਸ ਨੂੰ ਕਿਵੇਂ ਹਟਾ ਕੇ ਆਪਣੀ ਅਗਲੀ ਫ਼ਸਲ ਬੀਜਣਗੇ। ਉਨ੍ਹਾਂ ਕਿਹਾ ਕਿ ਪਾਰਟੀ ਇੰਚਾਰਜ ਹੋਣ ਦੇ ਨਾਤੇ ਉਹ ਕਿਸਾਨਾਂ ਨੂੰ ਦੱਸ ਦੇਣਾ ਚਾਹੁੰਦੇ ਹਨ ਕਿ ਇਸ ਬਾਰੇ ਦੋ ਤਿੰਨ ਦਿਨਾਂ 'ਚ ਨੀਤੀ ਦਾ ਐਲਾਨ ਹੋਵੇਗਾ। ਕਿਸਾਨ ਆਪਣੇ ਖੇਤ ਸਾਫ਼ ਕਰ ਕੇ ਰੇਤ ਵੇਚ ਸਕਣਗੇ। ਜ਼ਿਕਰਯੋਗ ਹੈ ਕਿ ਮਾਈਨਿੰਗ ਬਾਰੇ ਕੈਬਨਿਟ ਤੋਂ ਮਨਜ਼ੂਰੀ ਜ਼ਰੂਰੀ ਹੁੰਦੀ ਹੈ। ਕੇਂਦਰੀ ਖੇਤੀ ਮੰਤਰੀ ਸ਼ਿਵਰਾਜ ਚੌਹਾਨ ਵੱਲੋਂ ਹੜ੍ਹ ਆਉਣ ਪਿੱਛੇ ਨਾਜਾਇਜ਼ ਮਾਈਨਿੰਗ ਨੂੰ ਕਾਰਨ ਦੱਸਣ ਬਾਰੇ ਸਵਾਲ 'ਤੇ ਸਿਸੋਦੀਆਨੇ ਕਿਹਾ ਕਿ ਕੇਂਦਰੀ ਮੰਤਰੀ ਨੂੰ ਦੁਖ ਸਮੇਂ ਇਸ ਤਰ੍ਹਾਂ ਦੇ ਦੋਸ਼ ਨਹੀਂ ਲਗਾਉਣੇ ਚਾਹੀਦੇ ਕਿਉਂਕਿ ਮੌਜੂਦਾ ਸਮੇਂ 'ਚ ਪੰਜਾਬ ਦੇ ਕਿਸਾਨਾਂ 'ਤੇ ਦੁੱਖ ਦਾ ਪਹਾੜ ਟੁੱਟਿਆ ਹੈ। ਉਹ ਪਰੇਸ਼ਾਨ ਹਨ। ਹਾਲਾਂਕਿ ਸਿਸੋਦੀਆ ਨੇ ਨਾਜਾਇਜ਼ ਮਾਈਨਿੰਗ ਬਾਰੇ ਉੱਠੇ ਸਵਾਲ ਦਾ ਜਵਾਬ ਨਹੀਂ ਦਿੱਤਾ। ਪ੍ਰਧਾਨ ਮੰਤਰੀ ਦੇ ਨੌਂ ਸਤੰਬਰ ਨੂੰ ਹੋਣ ਵਾਲੇ ਦੌਰੇ ਸਬੰਧੀ ਸਿਸੋਦੀਆ ਨੇ ਕਿਹਾ ਕਿ ਪ੍ਰਧਾਨ ਮੰਤਰੀ ਜੀ ਨੂੰ ਦੌਰੇ 'ਤੇ ਆਉਣ ਤੋਂ ਪਹਿਲਾਂ ਪੰਜਾਬ ਦੇ 60,000 ਕਰੋੜ ਰੁਪਏ ਜਾਰੀ ਕਰ ਦੇਣੇ ਚਾਹੀਦੇ ਜੋ ਪੰਜਾਬ ਦੇ ਹੱਕ ਦਾ ਪੈਸਾ



ਹੈ। ਉਨ੍ਹਾਂ ਕਿਹਾ ਕਿ ਅੱਜ ਜੇਕਰ ਇਹ ਪੈਸਾ ਜਾਰੀ ਹੋ ਜਾਂਦਾ ਹੈ ਤਾਂ ਲੋਕਾਂ ਦੀ ਰਾਹਤ ਲਈ ਚੱਲ ਰਹੇ ਕੰਮਾਂ 'ਚ ਤੇਜ਼ੀ ਆ ਸਕਦੀ ਹੈ। ਪ੍ਰਧਾਨ ਮੰਤਰੀ ਦੌਰਾ ਕਰਨ, ਪਰ ਉਸ ਤੋਂ ਪਹਿਲਾਂ ਉਨ੍ਹਾਂ ਨੂੰ ਪੰਜਾਬ ਦਾ ਫੰਡ ਰਿਲੀਜ਼ ਕਰਨਾ ਚਾਹੀਦਾ ਹੈ। ਸਿਸੋਦੀਆ ਨੇ ਇਹ ਵੀ ਕਿਹਾ ਕਿ ਇਸ ਤਰ੍ਹਾਂ ਨਹੀਂ ਹੈ ਕਿ ਪ੍ਰਧਾਨ ਮੰਤਰੀ ਦੌਰਾ ਕਰਨਗੇ ਤੇ ਉਨ੍ਹਾਂ ਨੂੰ ਪਤਾ ਲੱਗੇਗਾ। ਕੇਂਦਰੀ ਖੇਤੀ ਮੰਤਰੀ ਪਹਿਲਾਂ ਹੀ ਦੌਰਾ ਕਰ ਚੁੱਕੇ ਹਨ। ਅੱਜ ਡਿਜੀਟਲ ਯੁੱਗ ਹੈ। ਪ੍ਰਧਾਨ ਮੰਤਰੀ ਨੂੰ ਪਤਾ ਨਹੀਂ ਹੋਵੇਗਾ ਕਿ ਪੰਜਾਬ ਦੇ ਲੋਕਾਂ 'ਤੇ ਕਿੰਨੀ ਵੱਡੀ ਆਫਤ ਆਈ ਹੈ? 1988 'ਚ ਜਦੋਂ ਹੜ੍ਹ ਆਇਆ ਸੀ ਉਦੋਂ ਵੀ ਪਾਣੀ ਦੋ ਦਿਨਾਂ 'ਚ ਉਤਰ ਗਿਆ ਸੀ, ਪਰ ਇਸ ਵਾਰ ਜਿਹੜਾ ਹੜ੍ਹ ਆਇਆ ਹੈ, ਪਾਣੀ ਲੰਬੇ ਸਮੇਂ ਤੋਂ ਪਿੰਡ ਤੇ ਖੇਤਾਂ 'ਚ ਖੜ੍ਹਾ ਰਿਹਾ ਹੈ।

# ਜ਼ਿਲ੍ਹਿਆਂ ਤੋਂ ਪੁੱਛ ਕੇ ਸੂਬਾ ਪ੍ਰਧਾਨ ਥਾਪੇਗੀ ਕਾਂਗਰਸ

**ਨਵੀਂ ਦਿੱਲੀ:** ਜਥੇਬੰਦਕ ਸਿਰਜਣਾ ਮੁਹਿੰਮ ਦੀ ਇਕ ਪੌੜੀ ਪਾਰ ਕਰਨ ਮਗਰੋਂ ਕਾਂਗਰਸ ਹਾਈ ਕਮਾਨ ਹੁਣ ਸੂਬਾ ਪ੍ਰਧਾਨ ਚੁਣਨ ਦੀ ਪ੍ਰਕਿਰਿਆ ਨੂੰ ਪੂਰੀ ਕਰਨ ਵਿਚ ਲੱਗੀ ਹੈ। ਸੂਬਾ ਪ੍ਰਧਾਨ ਬਣਨ ਲਈ 6 ਤੋਂ ਵੱਧ ਜਣੇ ਦਾਅਵੇਦਾਰ ਹਨ। ਪਾਰਟੀ ਦੀ ਸਿਖਰਲੀ ਲੀਡਰਸ਼ਿਪ ਜ਼ਿਲ੍ਹਾ ਪ੍ਰਧਾਨ ਚੁਣਨ ਵਾਂਗ ਇਹੋ ਜਿਹੇ ਨਾਂ 'ਤੇ ਮੋਹਰ ਲਾਉਣਾ ਚਾਹੁੰਦੀ ਹੈ ਜੋ ਕਿ ਪਾਰਟੀ ਨੂੰ ਗਰੁੱਪਬਾਜ਼ੀ ਤੋਂ ਬਾਹਰ ਕੱਢ ਕੇ ਪਾਰਟੀ ਲਾਈਨ 'ਤੇ ਅੱਗੇ ਵਧਾ ਸਕੇ। ਜ਼ਰੂਰਤ ਪਈ ਤਾਂ ਸੂਬਾ ਪ੍ਰਧਾਨ ਦੇ ਨਾਂ ਲਈ ਵੋਟਿੰਗ ਕਰਵਾਈ ਜਾ ਸਕਦੀ ਹੈ। 20 ਸਤੰਬਰ ਤੱਕ ਸੰਭਾਵਤ ਅਹੁਦੇਦਾਰਾਂ ਦੇ ਨਾਂ ਪਾਰਟੀ ਮੁੱਖ ਦਫ਼ਤਰ ਨੂੰ ਭੇਜ ਦਿੱਤੇ ਜਾਣਗੇ।

Maxspurt

Sell, Buy, Invest, Finance or Insure Real Estate & Business In State Of Texas.

MAXSPURT 'ਤੇ ਅਸੀਂ ਇਹ ਸੇਵਾਵਾਂ ਦਿੰਦੇ ਹਾਂ !

REAL ESTATE (RESIDENTIAL & COMMERCIAL)
* ਘਰ ਜਾਂ ਕਮਰਸ਼ੀਅਲ ਜਾਇਦਾਦ ਵੇਚੋ, ਖਰੀਦੋ ਜਾਂ ਕਿਰਾਏ 'ਤੇ ਲਵੋ
* ਆਫ ਮਾਰਕੀਟ Opportunities
* ਖਰੀਦਦਾਰ ਅਤੇ ਵੇਚਣ ਵਾਲਿਆਂ ਦੀ ਨੁਮਾਇੰਦਗੀ
* 1031 ਐਕਸਚੇਂਜ Opportunities

LENDING SOLUTIONS
* ਰੈਜ਼ੀਡੈਂਸ਼ਲ ਮਾਰਟਗੇਜ (CONVENTIONAL, FHA, VA, JUMBO)
* ਕਮਰਸ਼ੀਅਲ ਲੋਨ (RETAIL, MULTIFAMILY, OFFICE, SBA)
* ਬ੍ਰਿਜ ਲੋਨ ਅਤੇ ਹਾਰਡ ਮਨੀ ਫਾਇਨੈਂਸਿੰਗ
* ਲੋਨ ਸਟ੍ਰਕਚਰਿੰਗ ਅਤੇ ਰੀਫਾਇਨੈਂਸ

INSURANCE SERVICES
*ਹੋਮ, ਆਟੋ ਤੇ ਬਿਜ਼ਨਸ ਲਈ ਪ੍ਰਾਪਰਟੀ ਅਤੇ ਕੈਜ਼ੁਐਲਿਟੀ ਇਨਸ਼ੋਰੈਂਸ
* ਕਮਰਸ਼ੀਅਲ ਟਰੱਕ ਅਤੇ ਟਰੱਕਿੰਗ ਇਨਸ਼ੋਰੈਂਸ
* ਮਕਾਨ ਮਾਲਕਾਂ ਲਈ ਰੈਂਟਲ ਇਨਸ਼ੋਰੈਂਸ
* ਵਪਾਰ ਲਈ ਕਸਟਮ ਇਨਸ਼ੋਰੈਂਸ ਪੈਕੇਜ

ਭ੍ਰੀਓ ਉ੍ਰੀਛਓ & ਭ੍ਰੇਖਉ੍ਓਘਓ
* ਬਿਜ਼ਨਸ ਖਰੀਦੋ ਜਾਂ ਵੇਚੋ
* ਬਿਜ਼ਨਸ ਦੀ ਕੀਮਤ ਅਤੇ ਡੀਲ ਸਟਰਕਚਰ ਕਰਨਾ
* LLC ਜਾਂ CORPORATION ਬਣਾਉਣਾ ਅਤੇ ਲਾਇਸੈਂਸ ਲੈਣਾ
* ਬੁੱਕਕੀਪਿੰਗ, ਅਕਾਊਂਟਿੰਗ ਅਤੇ ਟੈਕਸ ਫਾਈਲਿੰਗ

ASSET MANAGEMENT
* HOA ਅਤੇ ਕਮਿਊਨਿਟੀ ਮੈਨੇਜਮੈਂਟ
* ਕਮਰਸ਼ੀਅਲ ਪ੍ਰਾਪਰਟੀ ਮੈਨੇਜਮੈਂਟ
* ਕੋਆਰਡੀਨੇਸ਼ਨ ਅਤੇ ਮੁਰੰਮਤ *ਕਿਰਾਏਦਾਰ ਸਬੰਧੀ ਸੇਵਾਵਾਂ

ASSET MAINTENANCE
* ਰੁਟੀਨ ਸਰਵਿਸ ਅਤੇ ਮੁਰੰਮਤ
* ਸੁਰੱਖਿਆ ਅਤੇ ਕੰਪਲਾਇੰਸ ਚੈਕ
* ਮੁਰੰਮਤ ਦੀਆਂ ਮੰਗਾਂ ਦੇ ਨਿਪਟਾਰੇ

TEAM MAXSPURT
8330 LBJ FWY, SUITE B520, DALLAS, TX 75243
(972) 918-5500 (DESK)
(972) 585-5500 (ROY MALKISON)
(972) 375-8628 (AMARJIT DHILLON)



Amarjit Dhillon
(Business Development Manager)
Maxspurt-LIBRA



Roy Malkison (Prabhat)
Licensed Real Estate, Loans & Insurance Professional In Texas.

Maxspurt Lending Inc. (NMLS #2021549), MAXSPURT Reality Inc., and, Manxspurt Insurance Agency Inc. are licensed brokerages operating in the state of Texas, providing regulated services in lending , real estate, and insurance under applicable Texas laws

# ਡਾ. ਐਸ.ਪੀ. ਸਿੰਘ ਓਬਰਾਏ ਵੱਲੋਂ ਮੋਗਾ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ

## ਅਗਲੇ ਪੜਾਅ ਵਿਚ ਘਰਾਂ ਦੀ ਮੁਰੰਮਤ ਕੀਤੀ ਜਾਵੇਗੀ: ਓਬਰਾਏ

**ਮੋਗਾ:** ਉੱਘੇ ਸਮਾਜ ਸੇਵੀ ਅਤੇ ਦੁਬਈ ਦੇ ਮਸ਼ਹੂਰ ਕਾਰੋਬਾਰੀ ਡਾਕਟਰ ਐਸ.ਪੀ. ਸਿੰਘ ਓਬਰਾਏ ਨੇ ਜ਼ਿਲ੍ਹਾ ਮੋਗਾ ਦੇ ਧੁੱਸੀ ਬੰਨ੍ਹ ਨਾਲ ਲੱਗਦੇ ਸੰਘੇੜਾ, ਰਾਉਵਾਲ,



ਮੇਲਕ ਕੰਗਾ, ਕੰਬੋ ਖੁਰਦ (ਕੋਡੀਵਾਲ) ਆਦਿ ਪਿੰਡਾਂ ਦਾ ਦੌਰਾ ਕੀਤਾ ਅਤੇ ਪਿੰਡ ਵਾਸੀਆਂ ਦਾ ਦੁੱਖ ਸੁਣਿਆ ਅਤੇ ਹਰ ਸੰਭਵ ਮੱਦਦ ਦਾ ਭਰੋਸਾ ਦਿਵਾਇਆ। ਇਸ ਮੌਕੇ ਉਨ੍ਹਾਂ ਨਾਲ ਜੀਰਾ ਦੇ ਵਿਧਾਇਕ ਨਰੇਸ਼ ਕਟਾਰੀਆ ਵੀ ਮੌਜੂਦ ਸਨ। ਡਾ. ਓਬਰਾਏ ਦੀ ਯੋਗ ਅਗਵਾਈ ਵਿਚ ਅਤੇ ਕੌਮੀ ਪ੍ਰਧਾਨ ਸ. ਜੱਸਾ ਸਿੰਘ ਸੰਧੂ ਦੀ ਦੇਖ-ਰੇਖ ਹੇਠ ਵੱਖ-ਵੱਖ ਜ਼ਿਲ੍ਹਿਆਂ ਵਿਚ ਟਰੱਸਟ ਦੇ ਵਾਲੰਟੀਅਰ ਦਿਨ-ਰਾਤ ਸੇਵਾਵਾਂ ਨਿਭਾ ਰਹੇ ਹਨ। ਸਮਾਜ ਸੇਵੀ ਦਿਲਬਾਗ ਸਿੰਘ ਮੇਲਕ ਕੰਗਾ ਨੇ ਓਬਰਾਏ ਸਾਹਿਬ ਨੂੰ ਪਿੰਡ ਦੀ ਸਥਿਤੀ ਬਾਰੇ ਜਾਣਕਾਰੀ ਦਿੱਤੀ।

ਸ. ਓਬਰਾਏ ਨੇ ਐਲਾਨ ਕੀਤਾ ਕਿ ਜਦ ਤਕ ਲੋੜ ਹੈ, ਸਪਲਾਈ ਜਾਰੀ ਰਹੇਗੀ ਅਤੇ ਕੋਈ ਵੀ ਪਸ਼ੂ ਭੁੱਖਾ ਨਹੀਂ ਰਹੇਗਾ। ਸੁੱਕਾ ਰਾਸ਼ਨ ਵੀ ਮੁੱਕਣ ਨਹੀਂ ਦਿੱਤਾ ਜਾਵੇਗਾ। ਜਿੱਥੇ ਕਿਤੇ ਵੀ ਕੋਈ ਲੋੜ ਹੋਈ ਟਰੱਸਟ ਵੱਲੋਂ ਪੂਰੀ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਜਿਵੇਂ ਹੀ ਪਾਣੀ ਘਟਣਾ ਸ਼ੁਰੂ ਹੋਵੇਗਾ ਪਸ਼ੂਆਂ ਅਤੇ ਲੋਕਾਂ ਲਈ ਦਵਾਈਆਂ ਦੀ ਸਪਲਾਈ ਅਤੇ ਘਰਾਂ ਦੀ ਮੁਰੰਮਤ ਕੀਤੀ ਹੋਵੇਗੀ। ਟਰੱਸਟ ਵੱਲੋਂ ਡਾਕਟਰਾਂ ਦੀ ਟੀਮ ਤਿਆਰ ਕੀਤੀ ਜਾ ਰਹੀ ਹੈ। ਇਸ ਮੌਕੇ ਡਾਕਟਰ ਐਸ.ਪੀ. ਸਿੰਘ ਓਬਰਾਏ, ਵਿਧਾਇਕ ਨਰੇਸ਼ ਕਟਾਰੀਆ ਅਤੇ ਟਰੱਸਟ ਦੀ ਮੋਗਾ ਟੀਮ ਵੱਲੋਂ ਰਾਸ਼ਨ ਕਿੱਟਾਂ, ਪਸ਼ੂਆਂ ਦਾ ਚਾਰਾ ਅਤੇ ਔਰਤਾਂ ਤੇ ਬੱਚਿਆਂ ਦਾ ਸਾਮਾਨ ਵੰਡਿਆ ਗਿਆ।

ਇਸ ਮੌਕੇ ਜ਼ਿਲ੍ਹਾ ਪ੍ਰਧਾਨ ਗੋਕਲ ਚੰਦ ਬੁੱਘੀਪੁਰਾ, ਜਨਰਲ ਸਕੱਤਰ ਅਵਤਾਰ ਸਿੰਘ ਘੋਲੀਆਂ, ਜ਼ਿਲ੍ਹਾ ਪ੍ਰੈਸ ਸਕੱਤਰ ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਓਰੋ), ਟਰੱਸਟੀ ਹਰਜਿੰਦਰ ਸਿੰਘ ਚੁਗਾਵਾਂ, ਹਰਭਿੰਦਰ ਸਿੰਘ ਜਾਨੀਆ, ਸੁਖਦੇਵ ਸਿੰਘ ਬਰਾੜ, ਗੁਰਸੇਵਕ ਸਿੰਘ ਸੰਨਿਆਸੀ, ਰਾਮ ਸਿੰਘ ਜਾਨੀਆ, ਨਰਜੀਤ ਕੌਰ ਬਰਾੜ, ਸੁਖਦੇਵ ਸਿੰਘ ਢੇਸੀ, ਦਫਤਰ ਇੰਚਾਰਜ ਮੈਡਮ ਜਸਵੀਰ ਕੌਰ ਬੱਘੀਪੁਰਾ, ਕਾਕਾ ਮੁੰਨਣ ਆਦਿ ਹਾਜ਼ਰ ਸਨ।




ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

Gurdip Singh Sandhu DHMS, BAMS
HOMEOPATHIC NATURAL MEDICINES
When Tired of all Treatments, For any Disease,
At any Age, Try Alternative Treatment


Gurdip Singh Sandhu

Homeopathic Ayurvedic Consultant/Physician Since 1973
DHMS-Gold medalist, Ex-Prof, Principal, & CMO Medical Colleges/Hospitals in India

Ph: (408) 687-1899
(925) 557-9093
Email: Homeomdicine@yahoo.com
Website: www.Homeopathyatoz.com
7021 Village Parkway, Dublin, CA 94568
Practice under provision of Act S8_577
State of CA

# Matrimonials

## ਲੜਕੇ ਦੀ ਲੋੜ ਹੈ

Looking for a well-educated and professional Jat Sikh match, preferably a citizen or green card holder, for a 30 years, 5'3" tall, US-based H-1B visa holder, M.Sc. Computer Science professional girl. Currently working as a Data Scientist in an MNC. Family well settled in India. Elder brother green card in USA. Serious inquiries, please contact +1-224-584-8673 (father) or +1-317-500-0470 (brother). Email: nsinghsar@gmail.com

34-37

## ਲੜਕੀ ਦੀ ਲੋੜ ਹੈ

Well settled USA citizen Lubana Sikh divorcee, 52 years, 5,10"ft tall and wears a Turban. He has his own business and home in the USA. Seeking a companion that enjoys family and lives in the USA. Caste is no bar. Please contact us at: 224-422-4773

37-40

Qualified compatible match for sikh Khatri postgraduate IT engineer Nov 86 born 5'8" working near New York on H1B. Green card under process. Father retired as Chief Manager from bank in India. Educated Punjabi family. Contact us at Mobile +1 315 849 6562, Whatsapp +91 8860131363 or E-mail richiewalia@gmail.com

37-40

Gursikh family in USA seeks Amritdhari (Keskidhari/ready to tie Keski), educated, vegetarian, family oriented girl for their Amritdhari son, 1987 born, 5'-11" tall, MS Degree holder from USA, working as Software Product Leader, Green Card petition approved in 2016. Home Owner in San Francisco, Bay Area, California since 2021, innocently divorced, issueless, family oriented. Preference to girls living in USA & CANADA. Marriage Bureau stay away. Please contact us at +1-510-399-4085 or +91-98993-79442 (whatsapp) or email at cjsingh55@gmail.com

35-38

Jat Sikh parents seek U.S. based match for their U.S. born son, 28 years, 6" tall, vegetarian, non-drinker. He has a bachelor's degree from the University of Illinois Urbana-Champaign and is currently working for an automotive company. Please contact us at 773-442-2143 if interested.

34-37

Sikh family seeking a suitable match for their 6'1", 30 year old son, born and raised in the US, and currently a third-year Internal Medicine resident. He is family oriented, and values our cultural traditions who enjoys being physically active, spending time with family and friends as well as traveling. We are looking for a smart and kind girl, born and raised in the US or Canada, who is also professional and shares similar values and is ready to build a life together with our son and is open to living in California.Family is well educated and settled in California for a long time. Contact: Harjit Kaur @ 925-225-1400

34-37

Seeking an educated and professional match (American citizen or Permanent Resident) for a 1992-born in Punjab boy (Ramdasia and others), 5'8" Education: B.Tech, MBA(IIT Delhi), MS in Business Analytics (University of Colorado). Currently working as a Business Analyst in Chicago, USA. Belongs to a well-educated and reputed family. Caste No bar. Please contact at +91-7589242016 (Whatsapp) or +1-7204996020.

32-35

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.



UMA TRAVELS
2541 W. Devon Ave.,
Chicago, IL 60659
For Delhi Amritsar-Bombay Ahmedabad, Hydrabad-Madras
Call For Special Sale Fares
Call: 773-338-5603

# ਸਿਆਸਤਦਾਨ ਹੋ ਤਾਂ ਚਮੜੀ ਮੋਟੀ ਰੱਖੋ: ਸੁਪਰੀਮ ਕੋਰਟ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸੋਮਵਾਰ ਨੂੰ ਭਾਜਪਾ ਦੀ ਤੇਲੰਗਾਨਾ ਇਕਾਈ ਦੀ ਇਕ ਪਟੀਸ਼ਨ ਖ਼ਾਰਜ ਕਰ ਦਿੱਤੀ ਤੇ ਕਿਹਾ ਕਿ ਸਿਆਸੀ ਲੜਾਈ ਲਈ ਕੋਰਟ ਦੀ ਵਰਤੋਂ ਨਾ ਕਰੋ। ਜੇਕਰ ਤੁਸੀਂ ਸਿਆਸਤਦਾਨ ਹੋ ਤਾਂ ਤੁਹਾਡੀ



ਚਮੜੀ ਮੋਟੀ ਹੋਣੀ ਚਾਹੀਦੀ ਹੈ। ਪਟੀਸ਼ਨ 'ਚ ਹਾਈ ਕੋਰਟ ਦੇ ਉਸ ਆਦੇਸ਼ ਨੂੰ ਚੁਣੌਤੀ ਦਿੱਤੀ ਗਈ ਸੀ, ਜਿਸ ਵਿਚ 2024 ਦੀਆਂ ਲੋਕ ਸਭਾ ਚੋਣਾਂ ਦੇ ਪ੍ਰਚਾਰ 'ਚ ਮੁੱਖ ਮੰਤਰੀ ਏ, ਰੇਵੰਤ ਰੈੱਡੀ ਦੇ ਭਾਸ਼ਣ ਨੂੰ ਲੈ ਕੇ ਉਨ੍ਹਾਂ ਖ਼ਿਲਾਫ਼ ਮਾਣਹਾਨੀ ਦਾ ਮਾਮਲਾ ਰੱਦ ਕਰ ਦਿੱਤਾ ਗਿਆ ਸੀ।

ਚੀਫ ਜਸਟਿਸ ਬੀਆਰ ਗਵਈ, ਜਸਟਿਸ ਕੇ ਵਿਨੋਦ ਚੰਦਰਨ ਤੇ ਜਸਟਿਸ ਅਤੁਲ ਐੱਸ ਚੰਦੂਰਕਰ ਦੇ ਬੈਂਚ ਨੇ ਕਿਹਾ ਕਿ ਉਹ ਇਸ ਮਾਮਲੇ 'ਚ ਦਖ਼ਲ ਦੇਣ ਦੇ ਹੱਕ 'ਚ ਨਹੀਂ ਹਨ। ਇਕ ਅਗਸਤ ਨੂੰ ਤੇਲੰਗਾਨਾ ਹਾਈ ਕੋਰਟ ਨੇ ਹੈਦਰਾਬਾਦ ਦੀ ਟਰਾਇਲ ਕੋਰਟ 'ਚ ਪੈਂਡਿੰਗ ਮਾਮਲੇ 'ਚ ਕਾਰਵਾਈ ਰੱਦ ਕਰਨ ਦੀ ਰੈੱਡੀ ਦੀ ਪਟੀਸ਼ਨ 'ਤੇ ਕਾਰਵਾਈ ਕੀਤੀ ਸੀ। ਭਾਜਪਾ ਦੀ ਤੇਲੰਗਾਨਾ ਇਕਾਈ ਨੇ ਆਪਣੇ ਜਨਰਲ ਸਕੱਤਰ ਰਾਹੀਂ ਮਈ, 2024 'ਚ ਰੈੱਡੀ ਖ਼ਿਲਾਫ਼ ਸ਼ਿਕਾਇਤ ਦਰਜ ਕਰਾਈ ਸੀ। ਇਸ ਵਿਚ ਦੋਸ਼ ਲਗਾਇਆ ਗਿਆ ਸੀਕਿ ਉਨ੍ਹਾਂ ਨੇ ਪਾਰਟੀ ਦੇ ਖ਼ਿਲਾਫ਼ ਮਾਣਹਾਨੀ ਵਾਲਾ ਤੇ ਭੜਕਾਊ ਭਾਸ਼ਣ ਦਿੱਤਾ ਸੀ। ਰੈੱਡੀ ਨੇ ਤੇਲੰਗਾਨਾ ਕਾਂਗਰਸ ਨਾਲ ਮਿਲ ਕੇ ਝੂਠਾ ਨੈਰੇਟਿਵ ਬਣਾਇਆ ਸੀ ਕਿ ਜੇਕਰ ਭਾਜਪਾ ਸੱਤਾ 'ਚ ਆਈ ਤਾਂ ਰਾਖਵਾਂਕਰਨ ਖ਼ਤਮ ਕਰ ਦੇਵੇਗੀ। ਇਸ ਨਾਲ ਭਾਜਪਾ ਦੇ ਰੁਤਬੇ ਨੂੰ ਨੁਕਸਾਨ ਪਹੁੰਚਿਆ। ਟਰਾਇਲ ਕੋਰਟ ਨੇ ਪਿਛਲੇ ਸਾਲ ਅਗਸਤ 'ਚ ਕਿਹਾ ਸੀ ਕਿ ਆਈਪੀਸੀ ਤੇ ਲੋਕ ਨੁਮਾਇੰਦਾ ਐਕਟ, 1951 ਦੀ ਧਾਰਾ 125 ਦੇ ਤਹਿਤ ਰੈੱਡੀ ਖ਼ਿਲਾਫ਼ ਪਹਿਲੀ ਨਜ਼ਰ 'ਚ ਮਾਣਹਾਨੀ ਦਾ ਮਾਮਲਾ ਬਣਦਾ ਹੈ। ਧਾਰਾ 125 ਚੋਣਾਂ ਦੇ ਸਬੰਧ 'ਚ ਦੋ ਫ਼ਿਰਕਿਆਂ ਵਿਚਾਲੇ ਨਫ਼ਰਤ ਵਧਾਉਣ ਨਾਲ ਸਬੰਧਤ ਹੈ। ਰੈੱਡੀ ਨੇ ਟਰਾਇਲ ਕੋਰਟ ਦੇ ਆਦੇਸ਼ ਨੂੰ ਹਾਈ ਕੋਰਟ 'ਚ ਚੁਣੌਤੀ ਦਿੱਤੀ ਸੀ।

# ਲਹਿੰਦੇ ਪੰਜਾਬ 'ਚ ਹੜ੍ਹਾਂ ਨਾਲ 4300 ਪਿੰਡਾਂ ਦੇ 42 ਲੱਖ ਲੋਕ ਪ੍ਰਭਾਵਿਤ

**ਅੰਮ੍ਰਿਤਸਰ:** ਲਹਿੰਦੇ ਪੰਜਾਬ 'ਚ ਹੜ੍ਹਾਂ ਨਾਲ ਹੁਣ ਤੱਕ 4,300 ਤੋਂ ਵੱਧ ਪਿੰਡ ਤੇ ਲਗਭਗ 42 ਲੱਖ ਲੋਕ ਪ੍ਰਭਾਵਿਤ ਹੋਏ ਹਨ। ਹੜ੍ਹਾਂ ਦੌਰਾਨ ਡੁੱਬਣ ਦੀਆਂ ਘਟਨਾਵਾਂ 'ਚ ਬਹੁਤ ਸਾਰੇ ਲੋਕਾਂ ਦੀਆਂ ਜਾਨਾਂ ਵੀ ਜਾ ਚੁੱਕੀਆਂ ਹਨ। ਪਾਕਿਸਤਾਨ ਦੀ ਨੈਸ਼ਨਲ ਆਫ਼ਤ ਪ੍ਰਬੰਧਨ ਅਥਾਰਿਟੀ (ਐੱਨ. ਡੀ. ਐੱਮ. ਏ.) ਵਲੋਂ ਜਾਰੀ ਬਿਆਨ ਅਨੁਸਾਰ ਸਿੰਧੂ ਜਲ ਸੰਧੀ ਰੱਦ ਕੀਤੇ ਜਾਣ ਦੇ ਬਾਵਜੂਦ ਭਾਰਤ ਵਲੋਂ ਲਗਭਗ ਰੋਜ਼ਾਨਾ ਇਸਲਾਮਾਬਾਦ ਸਥਿਤ ਭਾਰਤੀ ਸਫ਼ਾਰਤਖ਼ਾਨੇ ਰਾਹੀਂ ਪਾਕਿ ਨੂੰ ਹੜ੍ਹ ਦੀ ਸਥਿਤੀ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਐੱਨ. ਡੀ. ਐੱਮ. ਏ. ਨੇ ਪੁਸ਼ਟੀ ਕੀਤੀ ਕਿ ਭਾਰਤ ਵਲੋਂ ਅੱਜ ਇਕ ਵਾਰ ਫਿਰ ਦਿੱਤੀ ਗਈ ਚਿਤਾਵਨੀ ਮੁਤਾਬਕ ਸਤਲੁਜ ਦਰਿਆ 'ਚ ਪਾਣੀ ਦਾ ਵਹਾਅ ਹੋਰ ਵਧੇਗਾ। ਲਹਿੰਦੇ ਪੰਜਾਬ ਦੇ ਰਾਹਤ ਕਮਿਸ਼ਨਰ ਨਬੀਲ ਜਾਵੇਦ ਨੇ ਕਿਹਾ ਕਿ ਸੂਬੇ ਦੇ ਲਗਭਗ 21 ਲੱਖ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ ਹੈ। ਪਾਣੀ ਭੰਡਾਰਨ ਦੀ ਸਥਿਤੀ ਬਾਰੇ ਉਨ੍ਹਾਂ ਨੇ ਕਿਹਾ ਕਿ ਮੰਗਲਾ ਡੈਮ ਆਪਣੀ ਸਮਰਥਾ ਦੇ 88 ਫ਼ੀਸਦੀ ਤੱਕ ਭਰ ਗਿਆ ਹੈ, ਜਦੋਂ ਕਿ ਤਰਬੇਲਾ ਡੈਮ 100 ਫ਼ੀਸਦੀ ਸਮਰੱਥਾ ਤੱਕ ਪਹੁੰਚ ਗਿਆ ਹੈ। ਚਨਾਬ ਨਦੀ 'ਚ ਹੈੱਡ ਮਰਾਲਾ ਵਿਖੇ ਪਾਣੀ ਦਾ ਵਹਾਅ 84,000 ਕਿਊਸਿਕ ਤੱਕ ਪਹੁੰਚ ਗਿਆ ਹੈ, ਜਦੋਂ ਕਿ ਹੈੱਡ ਖਾਂਕੀ ਤੇ ਕਾਦਿਰਾਬਾਦ ਵਿਖੇ ਵਹਾਅ 145,000



ਕਿਊਸਿਕ ਹੈ। ਚਿਨਿਓਟ ਵਿਖੇ ਲਗਭਗ 95,000 ਕਿਊਸਿਕ ਪਾਣੀ ਲੰਘ ਰਿਹਾ ਹੈ, ਜਦੋਂ ਕਿ ਹੈੱਡ ਤ੍ਰਿਮੂ ਵਿਖੇ ਵਹਾਅ 543,000 ਕਿਊਸਿਕ ਤੱਕ ਸਤਲੁਜ ਦਰਿਆ ਦਾ ਇਕ ਪਿੰਡ।ਵਧ ਗਿਆ ਹੈ, ਜੋ ਕਿ ਬਹੁਤ ਜ਼ਿਆਦਾ ਹੜ੍ਹ ਦਾ ਪੱਧਰ ਹੈ। ਦਰਿਆ ਰਾਵੀ 'ਚ ਜੱਸਰ ਵਿਖੇ ਪਾਣੀ ਦਾ ਵਹਾਅ 45,000 ਕਿਊਸਿਕ ਹੈ, ਜਦੋਂ ਕਿ ਸ਼ਾਹਦਰਾ ਵਿਖੇ ਇਹ ਵਧ ਕੇ 90,000 ਕਿਊਸਿਕ ਹੋ ਗਿਆ ਹੈ। ਹੈੱਡ ਬੱਲੋਕੀ ਵਿਖੇ ਵਹਾਅ 139,000 ਕਿਊਸਿਕ ਦੱਸਿਆ ਗਿਆ ਹੈ ਅਤੇ ਹੈੱਡ ਸਿਧਨਈ ਵਿਖੇ ਇਹ 123,000 ਕਿਊਸਿਕ ਹੈ। ਸ਼ਾਹਦਰਾ ਇਸ ਸਮੇਂ ਉੱਚ ਹੜ੍ਹ ਦੀ ਸਥਿਤੀ ਦਾ ਸਾਹਮਣਾ ਕਰ ਰਿਹਾ ਹੈ, ਜਦੋਂ ਕਿ ਬੱਲੋਕੀ ਅਤੇ ਸਿਧਨਈ ਬਹੁਤ ਉੱਚ ਹੜ੍ਹ ਦੇ ਪੱਧਰ ਦਾ ਸਾਹਮਣਾ ਕਰ ਰਹੇ ਹਨ। ਹੜ੍ਹ ਪੂਰਵ ਅਨੁਮਾਨ ਵਿਭਾਗ ਦੇ ਅਨੁਸਾਰ ਹੈੱਡ ਪੰਜਨਦ ਵਿਖੇ ਸਥਿਤੀ ਸਭ ਤੋਂ ਵੱਧ ਨਾਜ਼ੁਕ ਬਣੀ ਹੋਈ ਹੈ, ਜਿੱਥੇ ਪਾਣੀ ਦਾ ਵਹਾਅ 564,000 ਕਿਊਸਿਕ ਤੱਕ ਵੱਧ ਗਿਆ ਹੈ।

# 'ਜਿਸ ਦਾ ਖੇਤ, ਉਸ ਦੀ ਰੇਤ' ਨੀਤੀ 'ਤੇ ਲੱਗੀ ਮੋਹਰ

## ਖ਼ਰਾਬ ਹੋਈ ਫ਼ਸਲ ਲਈ ਮਿਲਣਗੇ ਪ੍ਰਤੀ ਏਕੜ 20 ਹਜ਼ਾਰ ਰੁਪਏ

**ਚੰਡੀਗੜ੍ਹ:** ਪੰਜਾਬ ਮੰਤਰੀ ਮੰਡਲ ਨੇ ਹੜ੍ਹ ਨਾਲ ਖੇਤਾਂ 'ਚ ਇਕੱਠੀ ਹੋਈ ਰੇਤ ਦੇ ਮਾਮਲੇ 'ਚ ਕਿਸਾਨਾਂ ਨੂੰ ਵੱਡੀ ਰਾਹਤ ਦਿੱਤੀ ਹੈ। ਪੰਜਾਬ ਸਰਕਾਰ ਨੇ ਜਿਸਦਾ ਖੇਤ, ਉਸਦੀ ਰੇਤ ਨੀਤੀ 'ਤੇ ਮੋਹਰ ਲਗਾਉਂਦਿਆਂ ਕਿਸਾਨ ਨੂੰ ਆਪਣੇ ਖੇਤਾਂ 'ਚ ਹੜ੍ਹ ਨਾਲ ਆਈ ਰੇਤ ਤੇ ਸਿਲਟ ਚੁੱਕਣ ਤੇ ਉਸ ਨੂੰ ਆਪਣੀ ਮਰਜ਼ੀ ਨਾਲ ਵੇਚਣ ਦੀ ਇਜਾਜ਼ਤ ਦੇ ਦਿੱਤੀ ਹੈ। ਇਸ ਤੋਂ ਇਲਾਵਾ ਕਿਸਾਨਾਂ ਨੂੰ ਬਰਬਾਦ ਹੋਈ ਫ਼ਸਲ ਲਈ 20 ਹਜ਼ਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦਿੱਤਾ ਜਾਵੇਗਾ। ਹੜ੍ਹ ਕਾਰਨ ਮਾਰੇ ਗਏ ਵਿਅਕਤੀਆਂ ਦੇ ਪਰਿਵਾਰਾਂ ਨੂੰ ਚਾਰ- ਚਾਰ ਲੱਖ ਰੁਪਏ ਦੀ ਵਿੱਤੀ ਮਦਦ ਦਿੱਤੀ ਜਾਵੇਗੀ। ਕੈਬਨਿਟ ਨੇ ਸਹਿਕਾਰੀ ਸਭਾਵਾਂ, ਸਹਿਕਾਰਤਾ ਬੈਂਕ ਕੋਲੋਂ ਕਰਜ਼ਾ ਲੈਣ ਵਾਲੇ ਵਾਲੇ ਕਿਸਾਨਾਂ ਨੂੰ ਅਗਲੇ ਛੇ ਮਹੀਨੇ ਤੱਕ ਕਿਸ਼ਤ ਤੇ ਕਰਜ਼ੇ ਦੀ ਅਦਾਇਗੀ ਤੋਂ ਵੀ ਛੋਟ ਨੂੰ ਵੀ ਮਨਜ਼ੂਰੀ ਦੇ ਦਿੱਤੀ ਹੈ।ਸੋਮਵਾਰ ਨੂੰ ਹਸਪਤਾਲ ਤੋਂ ਵੀਡੀਓ ਕਾਨਫਰੰਸਿੰਗ ਜ਼ਰੀਏ ਮੁੱਖ ਮੰਤਰੀ ਭਗਵੰਤ ਮਾਨ ਦੀ ਪ੍ਰਧਾਨਗੀ 'ਚ ਹੋਈ ਮੰਤਰੀ ਮੰਡਲ ਦੀ ਬੈਠਕ 'ਚ ਕਈ ਅਹਿਮ ਫ਼ੈਸਲੇ ਲਏ ਗਏ। ਮੀਟਿੰਗ ਤੋਂ ਬਾਅਦ ਮੁੱਖ ਮੰਤਰੀ ਨੇ ਹਸਪਤਾਲ ਤੋਂ ਜਾਰੀ ਇਕ ਵੀਡੀਓ ਸੰਦੇਸ਼ ਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਪ੍ਰੈੱਸ ਕਾਨਫਰੰਸ ਰਾਹੀਂ ਕੈਬਨਿਟ ਦੇ ਫ਼ੈਸਲਿਆਂ ਦੀ ਜਾਣਕਾਰੀ ਦਿੱਤੀ। ਮੁੱਖ ਮੰਤਰੀ ਕਿਹਾ ਕਿ ਹੜ੍ਹਾਂ ਕਾਰਨ ਕਿਸਾਨਾਂ ਦੇ ਖੇਤਾਂ 'ਚ ਵੱਡੀ ਮਾਤਰਾ 'ਚ ਰੇਤ ਤੇ ਮਿੱਟੀ ਆ ਗਈ ਹੈ। ਮੰਤਰੀ ਮੰਡਲ ਨੇ ਇਸ ਸਬੰਧੀ ਨੀਤੀ 'ਤੇ ਮੋਹਰ ਲਗਾ ਦਿੱਤੀ ਹੈ। ਇਸ ਤਹਿਤ ਕਿਸਾਨ ਹੁਣ ਆਪਣੇ ਖੇਤਾਂ 'ਚੋਂ ਜਿੰਨੀ ਚਾਹੁਣ ਰੇਤ ਜਾਂ ਮਿੱਟੀ ਕੱਢ ਸਕਦੇ ਹਨ ਤੇ ਵੇਚ ਸਕਦੇ ਹਨ। ਇਸ ਲਈ ਉਨ੍ਹਾਂ ਨੂੰ ਨਾ ਤਾਂ ਸਰਕਾਰ ਤੋਂ ਮਨਜ਼ੂਰੀ ਲੈਣੀ ਪਵੇਗੀ ਤੇ ਨਾ ਹੀ ਸਰਕਾਰ ਨੂੰ ਰਾਇਲਟੀ ਦੇਣ ਦੀ ਜ਼ਰੂਰਤ ਹੈ। ਇਹ ਯੋਜਨਾ 31 ਦਸੰਬਰ ਜਾਂ ਜਦੋਂ ਤੱਕ ਕਿਸਾਨ ਆਪਣੇ ਖੇਤਾਂ ਤੋਂ ਮਿੱਟੀ ਨਹੀਂ ਕੱਢ ਲੈਂਦੇ, ਤੱਕ ਲਾਗੂ ਰਹੇਗੀ। ਜ਼ਿਕਰਯੋਗ ਹੈ ਕਿ ਹੜ੍ਹ ਪੀੜਤ ਇਲਾਕਿਆਂ ਤੋਂ ਪਾਣੀ ਉਤਰਨ ਤੋਂ ਬਾਅਦ ਖੇਤਾਂ 'ਚ ਇਕੱਠੀ ਹੋਈ ਦਰਿਆਈ ਮਿੱਟੀ ਤੇ ਰੇਤ ਕਿਸਾਨਾਂ ਲਈ ਸਭ ਤੋਂ ਵੱਡੀ ਸਿਰਦਰਦੀ ਬਣੀ ਹੋਈ ਹੈ। ਪੰਜਾਬ ਸਰਕਾਰ ਦੀ ਮਾਈਨਿੰਗ ਨੀਤੀ ਕਾਰਨ ਕਿਸਾਨ ਖੇਤਾਂ 'ਚੋਂ ਮਿੱਟੀ ਨਹੀਂ ਕੱਢ ਸਕਦੇ। ਸਨ. ਮਿੱਟੀ ਕੱਢੇ ਬਗ਼ੈਰ ਅਗਲੀ ਫ਼ਸਲ ਦੀ ਤਿਆਰੀ ਵੀ ਨਹੀਂ ਹੋ ਸਕਦੀ। ਇਸ ਸਥਿਤੀ 'ਚ ਸਰਕਾਰ ਦੇ ਮੌਜੂਦਾ ਫ਼ੈਸਲੇ ਨਾਲ ਕਿਸਾਨਾ ਨੂੰ ਵੱਡੀ ਰਾਹਤ ਮਿਲਣ ਦੀ ਉਮੀਦ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਹੜ੍ਹਾਂ ਕਾਰਨ ਜਿਨ੍ਹਾਂ ਕਿਸਾਨਾਂ ਦੀਆਂ ਫ਼ਸਲਾਂ ਤਬਾਹ ਹੋ ਗਈਆਂ ਹਨ, ਉਨ੍ਹਾਂ ਨੂੰ ਪ੍ਰਤੀ ਏਕੜ 20,000 ਰੁਪਏ ਮੁਆਵਜ਼ਾ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਸੌ ਫ਼ੀਸਦੀ ਫ਼ਸਲ ਬਰਬਾਦ ਹੋਣ 'ਤੇ ਆਫਤ ਪ੍ਰਬੰਧਨ 'ਚੋਂ ਕਿਸਾਨਾਂ ਨੂੰ 15 ਹਜ਼ਾਰ ਰੁਪਏ ਪ੍ਰਤੀ ਏਕੜ ਦਿੱਤੇ ਜਾਂਦੇ ਹਨ। ਇਸ 'ਚ 5100 ਰੁਪਏ ਕੇਂਦਰ ਸਰਕਾਰ ਦਿੰਦੀ ਸੀ ਤੇ ਬਾਕੀ ਰਕਮ ਪੰਜਾਬ ਸਰਕਾਰ ਦਿੰਦੀ ਹੈ। ਪੰਜਾਬ ਨੇ ਆਪਣੇ ਹਿੱਸੇ ਦੀ ਰਕਮ 'ਚ ਪੰਜ ਹਜ਼ਾਰ ਰੁਪਏ ਹੋਰ ਜੋੜ ਦਿੱਤੇ ਹਨ। ਮੁੱਖ ਮੰਤਰੀ ਨੇ ਦੱਸਿਆ ਕਿ ਸਾਂਝੇ ਖਾਤੇ ਕਾਰਨ ਕਈ ਥਾਵਾਂ 'ਤੇ ਸਮੱਸਿਆਵਾਂ ਹੋਣ ਦੀ ਸੰਭਾਵਨਾ ਹੈ, ਇਸ ਲਈ ਸਾਰੇ ਸਬੰਧਤ ਕਿਸਾਨਾਂ ਨੂੰ ਡੀਸੀ ਜਾਂ ਪਟਵਾਰੀ ਜ਼ਰੀਏ ਮੁਆਵਜ਼ੇ ਦੀ ਰਕਮ ਚੈੱਕ ਰਾਹੀਂ ਦਿੱਤੀ ਜਾਵੇਗੀ। ਇਸੇ ਤਰ੍ਹਾਂ ਹੜ੍ਹ 'ਚ ਮਾਰੇ ਗਏ ਚਾਰ ਲੋਕਾਂ ਦੇ ਪਰਿਵਾਰਾਂ ਨੂੰ ਸਰਕਾਰ ਵੱਲੋਂ ਚਾਰ ਲੱਖ ਰੁਪਏ ਮੁਆਵਜ਼ਾ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਜਿਨ੍ਹਾਂ ਲੋਕਾਂ ਦੇ ਮਕਾਨ ਢਹਿ ਗਏ ਹਨ, ਉਨ੍ਹਾਂ ਨੂੰ ਪਾਣੀ ਘਟਣ ਤੋਂ ਬਾਅਦ ਸਰਵੇਖਣ ਕਰਨ ਤੋਂ ਬਾਅਦ ਮੁਆਵਜ਼ਾ ਦਿੱਤਾ ਜਾਵੇਗਾ। ਮੁੱਖ ਮੰਤਰੀ ਨੇ ਮੰਨਿਆ ਕਿ ਇਸ ਹੜ੍ਹ ਨਾਲ ਹੋਏ ਨੁਕਸਾਨ ਕਾਰਨ ਬਹੁਤ ਸਾਰੇ ਕਿਸਾਨ ਆਪਣੇ ਕਰਜ਼ੇ ਦੀਆਂ ਕਿਸ਼ਤਾਂ ਨਹੀਂ ਦੇ ਸਕਣਗੇ, ਇਸ ਲਈ ਸਰਕਾਰ ਨੇ ਫ਼ੈਸਲਾ ਕੀਤਾ ਹੈ ਕਿ ਸਹਿਕਾਰੀ ਬੈਂਕਾਂ ਤੋਂ ਕਰਜ਼ਾ ਲੈਣ ਵਾਲੇ ਕਿਸਾਨਾਂ ਨੂੰ ਅਗਲੇ 6 ਮਹੀਨਿਆਂ ਲਈ ਕੋਈ ਕਿਸ਼ਤ ਦੇਣ ਦੀ ਲੋੜ ਨਹੀਂ ਹੈ ਅਤੇ ਇਸ ਰਕਮ 'ਤੇ ਕੋਈ ਵਿਆਜ ਨਹੀਂ ਲਿਆ ਜਾਵੇਗਾ। ਮਾਨ ਨੇ ਕਿਹਾ ਕਿ ਹੜ੍ਹ ਤੋਂ ਬਾਅਦ ਕਈ ਇਲਾਕਿਆਂ ਵਿਚ ਬਿਮਾਰੀ ਫੈਲਣ ਦਾ ਡਰ ਹੈ। ਇਸ ਲਈ ਸਰਕਾਰ ਨੇ ਇਹ ਵੀ ਫ਼ੈਸਲਾ ਕੀਤਾ ਹੈ ਕਿ ਸਾਰੇ ਪਿੰਡਾਂ 'ਚ ਸਫਾਈ ਕੀਤੀ ਜਾਵੇਗੀ ਤੇ ਸ਼ਹਿਰਾਂ ਤੇ ਪਿੰਡਾਂ 'ਚ ਫੌਗਿੰਗ ਮਸ਼ੀਨਾਂ ਵੀ ਮੁਹੱਈਆ ਕਰਵਾਈਆਂ ਜਾਣਗੀਆਂ। ਇਸ ਤੋਂ ਇਲਾਵਾ ਵੱਖ-ਵੱਖ ਥਾਵਾਂ 'ਤੇ ਮੈਡੀਕਲ ਕੈਂਪ ਵੀ ਲਗਾਏ ਜਾਣਗੇ ਜਿੱਥੇ ਵੱਡੇ ਹਸਪਤਾਲਾਂ ਦੇ ਡਾਕਟਰ ਲੋਕਾਂ ਦੀ ਸੇਵਾ ਲਈ ਮੌਜੂਦ ਰਹਿਣਗੇ। ਚੀਮਾ ਨੇ ਦੱਸਿਆ ਕਿ ਹੜ੍ਹਾਂ ਤੋਂ ਬਾਅਦ ਬਿਮਾਰੀ ਫੈਲਣ ਤੋਂ ਰੋਕਣ ਲਈ 1700 ਪਿੰਡਾਂ ਤੇ 300 ਸ਼ਹਿਰੀ ਵਾਰਡਾਂ ਨੂੰ ਫੌਗਿੰਗ ਮਸ਼ੀਨਾਂ ਮੁਹੱਈਆ ਕਰਵਾਈਆਂ ਜਾਣਗੀਆਂ।



## ਬਹੁਤ ਸਾਰਾ ਬੁਨਿਆਦੀ ਢਾਂਚਾ ਹੋਇਆ ਤਬਾਹ: ਚੀਮਾ

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪਿਛਲੇ ਤਿੰਨ ਹਫ਼ਤਿਆਂ ਤੋਂ ਪੰਜਾਬ ਦੇ 2000 ਤੋਂ ਵੱਧ ਪਿੰਡ ਹੜ੍ਹ ਦੇ ਪਾਣੀ ਡੁੱਬੇ ਹਨ, ਬਹੁਤ ਸਾਰਾ ਪੇਂਡੂ ਬੁਨਿਆਦੀ ਢਾਂਚਾ ਤਬਾਹ ਹੋ ਗਿਆ ਹੈ, ਸਾਢੇ ਚਾਰ ਲੱਖ ਏਕੜ ਫ਼ਸਲਾਂ ਬਰਬਾਦ ਹੋ ਚੁੱਕੀਆਂ ਹਨ। ਇਸ ਹਾਲਤ 'ਚ ਸਿਰਫ਼ ਆਫਤ ਪ੍ਰਬੰਧਨ ਤੋਂ ਮਿਲਣ ਵਾਲੀ ਰਾਸ਼ੀ ਕਾਫੀ ਨਹੀਂ ਹੋਵੇਗੀ ਕਿਉਂਕਿ ਇਸ ਦੇ ਨਿਯਮ ਬਹੁਤ ਮੁਸ਼ਕਲ ਹਨ ਤੇ ਇਸ



'ਚ ਦਿੱਤੀ ਜਾਣ ਵਾਲੀ ਰਕਮ ਲੋਕਾਂ ਦੇ ਹੋਏ ਨੁਕਸਾਨ ਦੀ ਪੂਰੀ ਭਰਪਾਈ ਵੀ ਨਹੀਂ ਕਰ ਸਕਦੀ। ਉਨ੍ਹਾਂ ਕਿਹਾ ਕਿ ਜੀਐੱਸਟੀ ਦੀਆਂ ਦੋ ਸਲੈਬਾਂ ਕਰਨ ਨਾਲ ਸੂਬੇ ਦੀ ਆਮਦਨ 'ਚ 5 ਤੋਂ 6 ਹਜ਼ਾਰ ਕਰੋੜ ਰੁਪਏ ਦੀ ਗਿਰਾਵਟ ਆਏਗੀ ਪਰ ਕੇਂਦਰ ਸਰਕਾਰ ਨੇ ਇਸ ਦੀ ਭਰਪਾਈ ਲਈ ਕੋਈ ਵੀ ਪ੍ਰਬੰਧ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਗੱਲਾਂ ਦਾ ਧਿਆਨ ਰੱਖਦਿਆਂ ਪੰਜਾਬ ਨੂੰ ਵਿਸ਼ੇਸ਼ ਪੈਕੇਜ ਦੇਣ ਦੀ ਮੰਗ ਕੀਤੀ ਗਈ ਹੈ।

# ਮੇਹੁਲ ਚੋਕਸੀ ਦੀ ਹਵਾਲਗੀ ਲਈ ਕੋਸ਼ਿਸ਼ਾਂ ਹੋਈਆਂ ਤੇਜ਼

**ਨਵੀਂ ਦਿੱਲੀ:** ਵਿਜੇ ਮਾਲਿਆ ਅਤੇ ਨੀਰਵ ਮੋਦੀ ਤੋਂ ਬਾਅਦ ਹੁਣ ਭਾਰਤ ਸਰਕਾਰ ਨੇ ਇਕ ਹੋਰ ਭਗੋੜੇ ਕਾਰੋਬਾਰੀ ਮੇਹੁਲ ਚੌਕਸੀ ਦੀ ਹਵਾਲਗੀ ਦੇ ਯਤਨਾਂ ਨੂੰ ਤੇਜ਼ ਕਰ ਦਿੱਤਾ ਹੈ। ਮਾਲਿਆ ਅਤੇ ਨੀਰਵ ਦੀ ਹਵਾਲਗੀ ਦੀ ਕਾਰਵਾਈ ਦੇ ਤਹਿਤ ਬ੍ਰਿਟੇਨ ਦੇ ਅਧਿਕਾਰੀਆਂ ਦਾ ਇਕ ਵਫ਼ਦ ਪਿਛਲੇ ਦਿਨੀਂ ਹੀ ਤਿਹਾੜ ਜੇਲ੍ਹ ਪਹੁੰਚਿਆ ਸੀ, ਤਾਂ ਜੋ ਕੈਦੀਆਂ ਦੀ ਸਥਿਤੀ ਅਤੇ ਜੇਲ੍ਹ ਦੇ ਅੰਦਰ ਸੁਰੱਖਿਆ ਦਾ ਮੁਲਾਂਕਣ ਕੀਤਾ ਜਾ ਸਕੇ। ਹੁਣ ਭਾਰਤ ਸਰਕਾਰ ਨੇ ਬੈਲਜੀਅਮ ਦੇ ਨਿਆਂ ਮੰਤਰਾਲੇ ਅਤੇ ਨਿਆਇਕ ਅਧਿਕਾਰੀਆਂ ਨੂੰ ਇਕ ਅਧਿਕਾਰਿਕ ਭਰੋਸਾ ਪੱਤਰ ਭੇਜਿਆ ਹੈ। ਇਸ ਵਿਚ ਉਨ੍ਹਾਂ ਸ਼ਰਤਾਂ ਦਾ ਵੇਰਵਾ ਦਿੱਤਾ ਗਿਆ ਹੈ, ਜਿਨ੍ਹਾਂ ਦੇ ਅਧੀਨ ਮੇਹੁਲ ਚੌਕਸੀ ਨੂੰ ਬੈਲਜੀਅਮ ਤੋਂ ਲਿਆ ਕੇ ਹਿਰਾਸਤ 'ਚ ਲਿਆ ਜਾਵੇਗਾ।

ਗ੍ਰਹਿ ਮੰਤਰਾਲੇ ਵੱਲੋਂ ਸੀਬੀਆਈ ਦੇ ਇਕ ਮਾਮਲੇ ਵਿਚ ਮੇਹੁਲ ਚੌਕਸੀ ਦੀ ਹਵਾਲਗੀ ਦੇ ਸੰਬੰਧ ਵਿੱਚ ਮਹਾਰਾਸ਼ਟਰ ਸਰਕਾਰ ਅਤੇ ਜੇਲ੍ਹ ਅਧਿਕਾਰੀਆਂ ਨਾਲ ਸਲਾਹ-ਮਸ਼ਵਰਾ ਕਰ ਕੇ ਮਨਜ਼ੂਰੀ ਦਿੱਤੀ ਗਈ ਹੈ। ਇਸ ਵਿਚ ਮਨੁੱਖੀ ਹੱਕਾਂ ਨਾਲ ਸੰਬੰਧਤ ਚਿੰਤਾਵਾਂ ਨੂੰ ਦੂਰ ਕਰਨ ਦੇ ਨਾਲ-ਨਾਲ ਮੈਡੀਕਲ ਅਤੇ ਸੁਰੱਖਿਆ ਉਪਾਵਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ, ਜਿਨ੍ਹਾਂ ਦਾ ਹਵਾਲਗੀ ਦੀ ਕਾਰਵਾਈ ਵਿਚ ਜ਼ਿਕਰ ਕੀਤਾ ਗਿਆ ਸੀ। ਭਾਰਤੀ ਅਧਿਕਾਰੀਆਂ ਦੀ ਆਧਿਕਾਰਕ ਬੇਨਤੀ 'ਤੇ ਅਪ੍ਰੈਲ ਵਿਚ ਚੋਕਸੀ ਨੂੰ ਬੈਲਜੀਅਮ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਉਹ ਅਤੇ ਉਸ ਦਾ ਭਾਣਜਾ ਨੀਰਵ ਮੋਦੀ ਪੀਐੱਨਬੀ ਧੋਖਾਧੜੀ ਮਾਮਲੇ ਵਿਚ ਮੁੱਖ ਦੋਸ਼ੀ ਹਨ।



ਭਾਰਤ ਸਰਕਾਰ ਵਿਸ਼ੇਸ਼ ਸਹੂਲਤ, ਮੈਡੀਕਲ ਵਿਵਸਥਾ ਅਤੇ ਨਿਗਰਾਨੀ ਤੰਤਰ ਦਾ ਵੇਰਵਾ ਦੇ ਕੇ ਬੈਲਜੀਅਮ ਦੇ ਨਿਆਇਕ ਅਧਿਕਾਰੀਆਂ ਨੂੰ ਇਹ ਗਾਰੰਟੀ ਦੇਣਾ ਚਾਹੁੰਦੀ ਹੈ ਕਿ ਚੋਕਸੀ ਦੀ ਹਿਰਾਸਤ ਮਨਜ਼ੂਰ ਕੀਤੇ ਗਏ ਘੱਟੋ-ਘੱਟ ਮਿਆਰਾਂ ਮੁਤਾਬਕ ਹੋਵੇਗੀ।

ਗ੍ਰਹਿ ਮੰਤਰੀ ਨੇ ਕਿਹਾ ਹੈ ਕਿ ਚੋਕਸੀ ਨੂੰ ਮੁੰਬਈ ਦੀ ਆਰਥਰ ਰੋਡ ਜੇਲ੍ਹ ਵਿਚ ਬੈਰਕ ਨੰਬਰ 12 ਵਿਚ ਰੱਖਿਆ ਜਾਵੇਗਾ। ਪੱਤਰ ਵਿਚ ਮਨੁੱਖੀ ਅਤੇ ਚੰਗੇ ਵਿਵਹਾਰ ਨੂੰ ਯਕੀਨੀ ਬਣਾਉਣ ਲਈ ਕਈ ਭਰੋਸਿਆਂ ਦਾ ਜ਼ਿਕਰ ਕੀਤਾ ਗਿਆ ਹੈ। ਹਰ ਕੈਦੀ ਨੂੰ ਨਿੱਜੀ ਤੌਰ 'ਤੇ ਘੱਟੋ-ਘੱਟ ਤਿੰਨ ਵਰਗ ਮੀਟਰ ਦਾ ਸਥਾਨ ਦਿੱਤਾ ਜਾਵੇਗਾ। ਬੈਰਕ ਨੰਬਰ 12 ਦੀ ਵੱਧ ਤੋਂ ਵੱਧ ਸਮਰੱਥਾ ਛੇ ਵਿਅਕਤੀਆਂ ਦੀ ਹੈ ਅਤੇ ਰਿਪੋਰਟਿੰਗ ਦੇ ਸਮੇਂ ਪਛਾਣੀਆਂਗਈਆਂ ਦੋਵੇਂ ਕੋਠੜੀਆਂ ਖਾਲੀ ਸਨ। ਸੌਣ ਦੀ ਵਿਵਸਥਾ ਵਿਚ ਇਕ ਸਾਫ਼, ਮੋਟੀ ਸੂਤੀ ਚਟਾਈ, ਸਿਰ੍ਹਾਣਾ, ਚਾਦਰ ਅਤੇ ਕੰਬਲ ਦਿੱਤੇ ਜਾਣਗੇ। ਮੈਡੀਕਲ ਸਲਾਹ ਜਾਂ ਅਦਾਲਤੀ ਹੁਕਮ ਦੇ ਆਧਾਰ 'ਤੇ ਧਾਤੂ ਜਾਂ ਲੱਕੜ ਦੇ ਬਿਸਤਰੇ ਉਪੱਲਬਧ ਕਰਵਾਏ ਜਾ ਸਕਦੇ ਹਨ। ਕੋਠੜੀਆਂ ਵਿਚ ਗ੍ਰਿਲ ਵਾਲੀਆਂ ਖਿੜਕੀਆਂ, ਵੈਂਟੀਲੇਟਰ ਅਤੇ ਸੀਲਿੰਗ ਪੱਖੇ ਲੱਗੇ ਹਨ। ਰੈਗੂਲਰ ਸਫਾਈ, ਕੀਟ ਕੰਟਰੋਲਰ ਅਤੇ ਨਗਰਪਾਲਿਕਾ ਵੱਲੋਂ ਪੀਣ ਦੇ ਪਾਣੀ ਦੀ ਲਗਾਤਾਰ ਸਪਲਾਈ ਕੀਤੀ ਜਾਂਦੀ ਹੈ। ਸਫ਼ਾਈ ਦੀਆਂ ਸਹੂਲਤਾਂ ਵਿਚ ਇਕ ਅਟੈਚ ਪਖਾਨਾ ਅਤੇ ਬਾਥਰੂਮ ਸ਼ਾਮਲ ਹੈ।ਪੱਤਰ ਮੁਤਾਬਕ, ਕੈਦੀਆਂ ਨੂੰ ਦਿਨ ਵਿਚ ਤਿੰਨ ਵਾਰੀ ਚੰਗਾ ਭੋਜਨ ਮਿਲੇਗਾ। ਮੈਡੀਕਲ ਸਲਾਹ ਮੁਤਾਬਕ ਵਿਸ਼ੇਸ਼ ਭੋਜਨ ਦੀ ਵਿਵਸਥਾ ਕੀਤੀ ਜਾ ਸਕਦੀ ਹੈ। ਜੇਲ੍ਹ ਕੈਂਟੀਨ ਤੋਂ ਇਲਾਵਾ ਫਲ ਅਤੇ ਨਾਸ਼ਤੇ ਵਰਗੀਆਂ ਮੁੱਢਲੀਆਂ ਸਹੂਲਤਾਂ ਵੀ ਉਪਲੱਬਧ ਹਨ। ਖੁੱਲ੍ਹੇ ਅਸਮਾਨ ਹੇਠ ਰੋਜ਼ਾਨਾ ਕਸਰਤ ਦੀ ਮਨਜ਼ੂਰੀ ਹੈ। ਜੇਲ੍ਹ ਵਿਚ ਯੋਗ, ਧਿਆਨ, ਲਾਇਬ੍ਰੇਰੀ ਅਤੇ ਪੜ੍ਹਣਯੋਗ ਸਮੱਗਰੀ ਦੀ ਵੀ ਸਹੂਲਤ ਹੈ।

# ਕੇਂਦਰ ਸਰਕਾਰ ਪੰਜਾਬ ਨੂੰ ਦੇਵੇ 20 ਹਜ਼ਾਰ ਕਰੋੜ ਦਾ ਪੈਕੇਜ-ਸੁਖਬੀਰ ਬਾਦਲ

## ਬੈਂਕਾਂ ਤੇ ਸਹਿਕਾਰੀ ਸਭਾਵਾਂ ਦਾ ਪੂਰਾ ਕਰਜ਼ਾ ਮਾਫ਼ ਕਰਨ ਦੀ ਮੰਗ



**ਨਕੋਦਰ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਮੰਗ ਕੀਤੀ ਕਿ ਪੰਜਾਬ 'ਚ ਹੜ੍ਹਾਂ ਤੋਂ ਰਾਹਤ ਤੇ ਮੁੜ ਵਸੇਬੇ ਵਾਸਤੇ ਕੇਂਦਰ ਸਰਕਾਰ ਵੱਲੋਂ 20 ਹਜ਼ਾਰ ਕਰੋੜ ਰੁਪਏ ਦਾ ਪੈਕੇਜ ਦਿੱਤਾ ਜਾਵੇ ਅਤੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦਾ ਪੂਰਨ ਕਰਜ਼ਾ ਮਾਫ਼ ਕੀਤਾ ਜਾਵੇ ਤਾਂ ਜੋ ਉਹ ਮੁੜ ਆਪਣੇ ਪੈਰਾਂ 'ਤੇ ਖੜ੍ਹੇ ਹੋ ਸਕਣ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸੂਬੇ ਦਾ ਦੌਰਾ ਕਰਨ ਤੋਂ ਪਹਿਲਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਦੇਸ਼ ਪੰਜਾਬ ਦੇ ਇਨ੍ਹਾਂ ਬਹਾਦਰ ਕਿਸਾਨਾਂ ਦਾ ਕਰਜ਼ਦਾਰ ਹੈ, ਜਿਨ੍ਹਾਂ ਹਰੀ ਕ੍ਰਾਂਤੀ ਲਿਆਂਦੀ ਤੇ ਸੂਬੇ ਨੂੰ ਦੇਸ਼ ਦੇ ਅਨਾਜ ਉਤਪਾਦਕ ਸੂਬੇ 'ਚ ਬਦਲਿਆ, ਇਸ ਵਾਸਤੇ ਹੁਣ ਸੰਕਟ ਵੇਲੇ ਇਨ੍ਹਾਂ ਕਿਸਾਨਾਂ ਨਾਲ ਖੜ੍ਹੇ ਹੋਣ ਦੀ ਜ਼ਰੂਰਤ ਹੈ। ਉਨਾਂ ਕਿਹਾ ਕਿ ਹੜ੍ਹਾਂ ਨਾਲ ਹੋਏ ਕਿਸਾਨਾਂ ਦੇ ਫ਼ਸਲੀ ਤੇ ਮਕਾਨਾਂ ਦੇ ਨੁਕਸਾਨ ਦੇ ਨਾਲ ਨਾਲ ਮੁੜ ਸੜਕਾਂ ਬਣਾਉਣ ਤੇ ਬਿਜਲੀ ਦਾ ਬੁਨਿਆਦੀ ਢਾਂਚਾ ਖੜ੍ਹਾ ਕਰਨ ਵਾਸਤੇ 20 ਹਜ਼ਾਰ ਕਰੋੜ ਰੁਪਏ ਦੇ ਪੈਕੇਜ ਦੀ ਬਹੁਤ ਵੱਡੀ ਜ਼ਰੂਰਤ ਹੈ।

ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪਿਛਲੇ ਤਿੰਨ ਸਾਲਾਂ ਤੋਂ ਕੁਦਰਤੀ ਆਫਤਾਂ ਕਾਰਨ ਪੰਜਾਬ ਦੇ ਕਿਸਾਨਾਂ ਦਾ ਵੱਡਾ ਨੁਕਸਾਨ ਹੋਇਆ ਹੈ ਪਰ 'ਆਪ' ਸਰਕਾਰ ਨੇ ਇਨਾਂ ਨੂੰ ਕੋਈ ਮੁਆਵਜ਼ਾ ਨਹੀਂ ਦਿੱਤਾ।

ਉਨ੍ਹਾਂ ਕਿਹਾ ਕਿ ਮੌਜੂਦਾ ਨੁਕਸਾਨ ਨੇ ਉਨ੍ਹਾਂ ਦਾ ਲੱਕਤੋੜ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਦਾ ਬੈਂਕਾਂ ਤੇ ਸਹਿਕਾਰੀ ਸਭਾਵਾਂ ਦਾ ਪੂਰਨ ਕਰਜ਼ਾ ਮੁਆਫ ਹੋਣਾ ਚਾਹੀਦਾ ਹੈ।

-0-

### ਪਿੰਡਾਂ ਦੀਆਂ ਕਮੇਟੀਆਂ ਨੂੰ 15 ਲੱਖ ਰੁਪਏ ਨਕਦ ਦਿੱਤੇ



ਸੁਖਬੀਰ ਬਾਦਲ ਨੇ ਇਹ ਵੀ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਨੇ ਹੜ੍ਹਾਂ ਦੇ ਹਾਲਾਤਾਂ ਦੀ ਸਮੀਖਿਆ ਵਾਸਤੇ ਭਲਕੇ ਪਾਰਟੀ ਦੀਆਂ ਅਹਿਮ ਮੀਟਿੰਗਾਂ ਸੱਦੀਆਂ ਹਨ। ਉਨ੍ਹਾਂ ਕਿਹਾ ਕਿ ਅਸੀਂ ਫੈਸਲਾ ਕੀਤਾ ਹੈ ਕਿ ਅਸੀਂ ਅਜਿਹੀ ਯੋਜਨਾ ਤਿਆਰ ਕਰਾਂਗੇ ਕਿ ਜਿਸ ਨਾਲ ਖੇਤੀਬਾੜੀ ਜ਼ਮੀਨ 'ਚ ਇਕੱਠਾ ਹੋਇਆ ਰੇਤਾ ਬਾਹਰ ਕੱਢਿਆ ਜਾ ਸਕੇ। ਉਨ੍ਹਾਂ ਗਿੱਦੜਪਿੰਡੀ, ਦਰੇਵਾਲ, ਗੱਡਾ ਮੁੰਡੀ, ਕਾਸੀ ਤੇ ਥੰਮੂਵਾਲ ਬੰਨਾ ਦੀ ਮਜ਼ਬੂਤੀ ਵਾਸਤੇ ਪਿੰਡਾਂ ਦੀਆਂ ਕਮੇਟੀਆਂ ਨੂੰ 15 ਲੱਖ ਰੁਪਏ ਨਕਦ ਦਿੱਤੇ ਤੇ 25 ਹਜ਼ਾਰ ਡੀਜ਼ਲ ਵੀ ਪ੍ਰਦਾਨ ਕੀਤਾ। ਬਾਦਲ ਨੇ ਨਕੋਦਰ 'ਚ ਸੰਘੋਵਾਲ, ਫਿਲੌਰ 'ਚ ਮਿਓਵਾਲ ਤੇ ਸਾਹਨੇਵਾਲ 'ਚ ਸਸਰਾਲੀ ਦਾ ਵੀ ਦੌਰਾ ਕੀਤਾ। ਉਨ੍ਹਾਂ ਬੰਨ੍ਹਾਂ ਵਾਲੀਆਂ ਤਿੰਨਾਂ ਥਾਵਾਂ ਦਾ ਦੌਰਾ ਕੀਤਾ ਤੇ ਨਕਦ 10 ਲੱਖ ਰੁਪਏ ਦਿੱਤੇ ਤੇ ਭਾਰੀ ਮਸ਼ੀਨਰੀ ਦੀ ਵਰਤੋਂ ਵਾਸਤੇ 15 ਹਜ਼ਾਰ ਲੀਟਰ ਡੀਜ਼ਲ ਵੀ ਦਿੱਤਾ। ਇਸ ਮੌਕੇ ਸ੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੇ ਨਾਲ ਬੱਚਿਤਰ ਸਿੰਘ ਕੋਹਾੜ, ਰਾਜਕਮਲ ਸਿੰਘ ਗਿੱਲ, ਬਲਦੇਵ ਸਿੰਘ ਖਹਿਰਾ ਤੇ ਸ਼ਰਨਜੀਤ ਸਿੰਘ ਢਿੱਲੋਂ ਵੀ ਹਾਜ਼ਰ ਸਨ।

# ਹੜ੍ਹਾਂ ਦਾ ਖ਼ਤਰਾ ਅਜੇ ਬਰਕਰਾਰ

**ਨੰਗਲ/ ਫ਼ਿਰੋਜ਼ਪੁਰ/ਗੁਰਦਾਸਪੁਰ/ ਪਟਿਆਲਾ:** ਤਕਰੀਬਨ ਇਕ ਮਹੀਨੇ ਤੋਂ ਹੜ੍ਹਾਂ ਦੀ ਮਾਰ ਝੱਲ ਰਹੇ ਸੂਬੇ ਦੇ ਤਿੰਨਾਂ ਡੈਮਾਂ 'ਚ ਪਾਣੀ ਦਾ ਪੱਧਰ ਘਟਣ ਲੱਗਾ ਹੈ, ਪਰ ਡੈਮਾਂ ਤੋਂ ਪਾਣੀ ਛੱਡੇ ਜਾਣ ਕਾਰਨ ਇਲਾਕੇ 'ਚ ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਗੁਰਦਾਸਪੁਰ, ਫਿਰੋਜ਼ਪੁਰ, ਫ਼ਾਜ਼ਿਲਕਾ, ਕਪੂਰਥਲਾ 'ਚ ਲੋਕਾਂ ਦੀਆਂ ਮੁਸ਼ਕਲਾਂ ਜਿਉਂ ਦੀਆਂ ਤਿਉਂ ਬਰਕਰਾਰ ਹਨ। ਲੋਕ ਅਜੇ ਵੀ ਘਰਾਂ ਦੀਆਂ ਛੱਤਾਂ ਤੇ ਰਾਹਤ ਕੈਂਪਾਂ 'ਚ ਰਹਿਣ ਲਈ ਮਜਬੂਰ ਹਨ। ਇਸੇ ਵਿਚਾਲੇ ਸਤਲੁਜ ਦੇ ਪਾਣੀ ਕਾਰਨ ਲੁਧਿਆਣਾ 'ਚ ਦੋ ਥਾਵਾਂ 'ਤੇ ਹੜ੍ਹ ਦਾ ਖ਼ਤਰਾ ਬਣਿਆ ਹੋਇਆ ਹੈ।

ਕੈਚਮੈਂਟ ਏਰੀਏ 'ਚੋਂ ਪਾਣੀ ਦੀ ਆਮਦ ਘਟਣ ਮਗਰੋਂ ਪੰਜਾਬ ਦੇ ਭਾਖੜਾ, ਪੌਂਗ ਤੇ ਰਣਜੀਤ ਸਾਗਰ ਡੈਮ 'ਚ ਪਾਣੀ ਘਟਣਾ ਸ਼ੁਰੂ ਹੋ ਗਿਆ ਹੈ ਪਰ ਤਿੰਨਾਂ ਡੈਮਾਂ ਤੋਂ ਪਾਣੀ ਸਤਲੁਜ, ਬਿਆਸ ਤੇ ਰਾਵੀ 'ਚ ਛੱਡਣ ਦਾ ਸਿਲਸਿਲਾ ਜਾਰੀ ਹੈ। ਸਤਲੁਜ 'ਚ ਭਾਖੜਾ ਡੈਮ ਤੋਂ ਛੱਡੇ ਜਾ ਰਹੇ ਪਾਣੀ ਕਾਰਨ ਲੁਧਿਆਣਾ 'ਚ ਹੜ੍ਹ ਦਾ ਖ਼ਤਰਾ ਮੰਡਰਾ ਰਿਹਾ ਹੈ। ਲੁਧਿਆਣਾ ਦੇ ਪਿੰਡ ਸਸਰਾਲੀ 'ਚ ਸਤਲੁਜ ਦਾ ਪਾਣੀ ਧੁੱਸੀ ਟੁੱਟਣ ਕਾਰਨ ਖੇਤਾਂ



ਤੱਕ ਪੁੱਜ ਗਿਆ ਹੈ।

ਪ੍ਰਸ਼ਾਸਨ ਨੇ ਲੋਕਾਂ ਦੀ ਮਦਦ ਨਾਲ ਧੁੱਸੀ ਬੰਨ੍ਹ ਤੋਂ 200 ਮੀਟਰ ਦੂਰ ਇਕ ਕਿਲੋਮੀਟਰ ਦਾ ਇਕ ਆਰਜ਼ੀ ਰਿੰਗ ਬੰਨ੍ਹ ਬਣਾ ਕੇ ਪਾਣੀ ਰੋਕ ਤਾਂ ਲਿਆ ਹੈ ਪਰ ਖ਼ਤਰਾ ਅਜੇ ਬਰਕਰਾਰ ਹੈ। ਇਸੇ ਤਰ੍ਹਾਂ ਬੂਥਗੜਵ 'ਚ ਧੁੱਸੀ ਬੰਨ੍ਹ ਟੁੱਟਣ ਦਾ ਖ਼ਤਰਾ ਬਣਿਆ ਹੋਇਆ ਹੈ। ਇੱਥੇ ਵੀ ਪ੍ਰਸ਼ਾਸਨ ਲੋਕਾਂ ਦੀ ਮਦਦ ਨਾਲ ਧੁੱਸੀ ਬੰਨ੍ਹ ਨੂੰ ਮਜ਼ਬੂਤ ਕਰਨ 'ਚ ਲੱਗਾ ਹੈ।

ਉਧਰ ਬਿਆਸ ਤੇ ਸਤਲੁਜ ਦੋਵਾਂ ਦੇ ਪਾਣੀ ਦੀ ਮਾਰ ਝੱਲ ਰਹੇ ਜ਼ਿਲ੍ਹਿਆਂ ਫਿਰੋਜ਼ਪੁਰ ਤੇ ਫਾਜ਼ਿਲਕਾ 'ਚ ਵੀ ਕੋਈ ਜ਼ਿਆਦਾ ਸੁਧਾਰ ਨਹੀਂ ਆਇਆ। ਇੱਥੇ ਹੁਣ ਵੀ ਖੇਤਾਂ 'ਚ ਕਰੀਬ ਸੱਤ ਤੋਂ ਅੱਠ ਫੁੱਟ ਤੇ ਸੜਕਾਂ 'ਤੇ ਚਾਰ ਤੋਂ ਪੰਜ ਫੁੱਟ ਪਾਣੀ ਭਰਿਆ ਹੋਇਆ ਹੈ। ਕਪੂਰਥਲਾ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਵੀ ਕਈ ਥਾਈ ਹੁਣ ਵੀ ਚਾਰ ਤੋਂ ਪੰਜ ਫੁੱਟ ਤੱਕ ਪਾਣੀ ਹੈ। ਇਹੀ ਹਾਲ ਤਰਨਤਾਰਨ ਤੇ ਅੰਮ੍ਰਿਤਸਰ ਦਾ ਹੈ। ਗੁਰਦਾਸਪੁਰ ਤੇ ਪਠਾਨਕੋਟ ਪਾਣੀ ਘਟ ਗਿਆ ਹੈ। ਕੁਝ ਥਾਈ ਜ਼ਿੰਦਗੀ ਲੀਹ 'ਤੇ ਆਉਣ ਲੱਗੀ ਹੈ ਪਰ ਬਹੁਤੀ ਥਾਈ ਹਾਲਾਤ ਜਿਉਂ ਦੇ ਤਿਉਂ ਕਾਇਮ ਹਨ। ਲੋਕ ਹੁਣ ਵੀ ਘਰਾਂ ਦੀਆਂ ਛੱਤਾਂ ਤੇ ਉੱਚੀਆਂ ਥਾਵਾਂ ਤੋਂ ਇਲਾਵਾ ਰਾਹਤ ਕੈਂਪਾਂ 'ਚ ਆਸਰਾ ਲਈ ਬੈਠੇ ਹਨ।

# ਬੀਕਾਨੇਰ ਤੋਂ ਲਾਰੈਂਸ ਗੈਂਗ ਦੇ ਦੋ ਬਦਮਾਸ਼ ਗ੍ਰਿਫ਼ਤਾਰ



**ਜੈਪੁਰ:** ਰਾਜਸਥਾਨ ਦੇ ਬੀਕਾਨੇਰ 'ਚ ਪੁਲਿਸ ਨੇ ਲਾਰੈਂਸ ਬਿਸ਼ਨੋਈ ਗੈਂਗ ਦੇ ਦੋ ਬਦਮਾਸ਼ਾਂ ਸ਼ਰਵਣ ਸਿੰਘ ਤੇ ਰਾਜੇਸ਼ ਤਰੜ ਨੂੰ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਕੋਲੋਂ ਪੰਜ ਪਿਸਤੌਲ, ਇਕ ਮੈਗਜ਼ੀਨ ਤੇ 12 ਕਾਰਤੂਸ ਬਰਾਮਦ ਹੋਏ ਹਨ। ਦੋਵਾਂ ਬਦਮਾਸ਼ਾਂ 'ਤੇ 25-25 ਹਜ਼ਾਰ ਰੁਪਏ ਦਾ ਇਨਾਮ ਸੀ। ਵਧੀਕ ਪੁਲਿਸ ਸੁਪਰਡੈਂਟ ਸੌਰਭ ਤਿਵਾੜੀ ਨੇ ਦੱਸਿਆ ਕਿ ਐਤਵਾਰ ਨੂੰ ਸੂਚਨਾ ਮਿਲੀ ਕਿ ਦੋਵੇਂ ਬਦਮਾਸ਼ ਕਿਸੇ ਵੱਡੀ ਵਾਰਦਾਤ ਦੀ ਯੋਜਨਾ ਬਣਾ ਰਹੇ ਹਨ। ਦੋਵੇਂ ਲਾਰੈਂਸ ਦੇ ਭਰੋਸੇਯੋਗ ਹੈਰੀ ਬਾਕਸਰ ਦੇ ਸੰਪਰਕ 'ਚ ਸਨ। ਇਨ੍ਹਾਂ ਦੋਵਾਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਲਾਰੈਂਸ ਗੈਂਗ ਦੇ ਨੈੱਟਵਰਕ ਦਾ ਪਤਾ ਲਾਉਣ ਲਈ ਜਾਂਚ ਪੜਤਾਲ ਤੇਜ਼ ਕਰ ਦਿੱਤੀ ਗਈ ਹੈ।




# ਵੇਣੂ ਪ੍ਰਸਾਦ ਬਣੇ ਜੀ.ਐੱਸ.ਟੀ. ਅਪੀਲੀ ਟ੍ਰਿਬਿਊਨਲ ਦੇ ਮੈਂਬਰ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਦੇ ਸਪੈਸ਼ਲ ਚੀਫ ਸੈਕਟਰੀ ਰਹੇ ਸੇਵਾਮੁਕਤ ਆਈਏਐੱਸ ਅਧਿਕਾਰੀ ਏ ਵੇਣੂ ਪ੍ਰਸਾਦ ਜੀਐੱਸਟੀ ਅਪੀਲੀ ਟ੍ਰਿਬਿਊਨਲ ਦੇ ਮੈਂਬਰ ਬਣਾਏ ਗਏ ਹਨ। ਰਾਸ਼ਟਰਪਤੀ ਚੌਪਦੀ ਮੁਰਮੂ ਨੇ ਉਨ੍ਹਾਂ



ਦੀ ਨਿਯੁਕਤੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਵਿੱਤ ਮੰਤਰਾਲੇ ਵੱਲੋਂ ਜਾਰੀ ਨੋਟੀਫਿਕੇਸ਼ਨ ਮੁਤਾਬਕ ਏ ਵੇਣੂ ਪ੍ਰਸਾਦ ਨੂੰ ਚਾਰ ਸਾਲ ਜਾਂ 67 ਸਾਲ ਦੀ ਉਮਰ, ਜੋ ਵੀ ਪਹਿਲਾ ਹੋਵੇ ਦੇ ਆਧਾਰ 'ਤੇ ਜੀਐੱਸਟੀ ਦੀ ਅਪੀਲੀ ਟ੍ਰਿਬਿਊਨਲ ਦਾ ਮੈਂਬਰ ਨਿਯੁਕਤ ਕੀਤਾ ਗਿਆ ਹੈ। ਵੇਣੂ ਪ੍ਰਸਾਦ 31 ਜੁਲਾਈ 2023 ਨੂੰ ਸੇਵਾਮੁਕਤ ਹੋਏ ਸਨ। 1991 ਬੈਚ ਦੇ ਆਈਏਐੱਸ ਅਧਿਕਾਰੀ ਰਹੇ ਵੇਣੂ ਪ੍ਰਸਾਦ ਦੀ ਟੈਕਸ ਮਾਮਲਿਆਂ 'ਤੇ ਚੰਗੀ ਪਕੜ ਹੈ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

## ਮੋਦੀ ਦਾ ਪੰਜਾਬ ਦੌਰਾ...

(ਪਹਿਲੇ ਸਫ਼ੇ ਦਾ ਬਾਕੀ)

ਹੜ੍ਹ ਪੀੜਤਾਂ ਨੇ ਆਪਣੇ ਹੋਏ ਨੁਕਸਾਨ ਬਾਰੇ ਪੀਐਮ ਮੋਦੀ ਨੂੰ ਜਾਣੂ ਕਰਵਾਇਆ। ਮੋਦੀ ਨੇ ਕਿਹਾ ਕਿ 'ਧ੍ਰਾਂ ਦੀ ਦੂਜੀ ਕਿਸ਼ਤ ਅਤੇ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਦੀ ਅਗਾਊਂ ਕਿਸ਼ਤ ਜਾਰੀ ਕੀਤੀ ਜਾਵੇਗੀ। ਪ੍ਰਧਾਨ ਮੰਤਰੀ ਨੇ ਪੂਰੇ ਖੇਤਰ ਦੇ ਪੁਨਰਵਾਸ ਲਈ ਬਹੁ-ਪੱਖੀ ਪਹੁੰਚ 'ਤੇ ਜ਼ੋਰ ਦਿੱਤਾ - ਇਸ ਵਿੱਚ ਪ੍ਰਧਾਨ ਮੰਤਰੀ ਆਵਾਸ ਯੋਜਨਾ ਅਧੀਨ ਘਰਾਂ ਦੀ ਉਸਾਰੀ, ਰਾਸ਼ਟਰੀ ਰਾਜਮਾਰਗਾਂ ਦੀ ਮੁਰੰਮਤ, ਸਕੂਲਾਂ ਦੀ ਪੁਨਰ ਨਿਰਮਾਣ, ਫ੍ਹਾਂ ਤੋਂ ਰਾਹਤ ਅਤੇ ਪਸ਼ੂਆਂ ਲਈ ਮਿੰਨੀ ਕਿੱਟਾਂ ਦੀ ਵੰਡ ਸ਼ਾਮਲ ਹੋਵੇਗੀ।



### ਕਿਸਾਨਾਂ ਲਈ ਐਲਾਨੀ ਗਈ ਵਿਸ਼ੇਸ਼ ਸਹਾਇਤਾ

ਜਿਨ੍ਹਾਂ ਕੋਲ ਬਿਜਲੀ ਕੁਨੈਕਸ਼ਨ ਨਹੀਂ ਹਨ, ਉਨ੍ਹਾਂ ਨੂੰ ਸਹਾਇਤਾ ਮਿਲੇਗੀ। ਹੜ੍ਹਾਂ ਵਿੱਚ ਪ੍ਰਭਾਵਿਤ ਟਿਊਬਵੈੱਲਾਂ ਅਤੇ ਬੋਰਾਂ ਨੂੰ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ ਤਹਿਤ ਮੁੜ ਸੁਰਜੀਤ ਕੀਤਾ ਜਾਵੇਗਾ।

MNRE ਦੇ ਸਹਿਯੋਗ ਨਾਲ ਡੀਜ਼ਲ ਨਾਲ ਚੱਲਣ ਵਾਲੇ ਬੋਰ ਪੰਪਾਂ ਲਈ ਸੋਲਰ ਪੈਨਲਾਂ ਦੀ ਸਥਾਪਨਾ ਅਤੇ 'ਪ੍ਰਤੀ ਬੂੰਦ ਹੋਰ ਫਸਲ' ਦਿਸ਼ਾ-ਨਿਰਦੇਸ਼ਾਂ ਤਹਿਤ ਸੂਖਮ ਸਿੰਚਾਈ ਨੂੰ ਉਤਸ਼ਾਹਿਤ ਕੀਤਾ ਜਾਵੇਗਾ।

ਪੰਜਾਬ ਸਰਕਾਰ ਦੁਆਰਾ ਪ੍ਰਧਾਨ ਮੰਤਰੀ ਆਵਾਸ ਯੋਜਨਾ - ਗ੍ਰਾਮੀਣ ਅਧੀਨ ਸ਼ੁਰੂ ਕੀਤੇ ਗਏ "ਵਿਸ਼ੇਸ਼ ਪ੍ਰੋਜੈਕਟ" ਰਾਹੀਂ ਪੇਂਡੂ ਖੇਤਰਾਂ ਵਿੱਚ ਹੜ੍ਹ ਪ੍ਰਭਾਵਿਤ ਘਰਾਂ ਦੇ ਪੁਨਰ ਨਿਰਮਾਣ ਲਈ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਹੜ੍ਹਾਂ ਨਾਲ ਨੁਕਸਾਨੇ ਗਏ ਸਰਕਾਰੀ ਸਕੂਲਾਂ ਨੂੰ ਸਮੱਗਰ ਸਿੱਖਿਆ ਅਭਿਆਨ ਤਹਿਤ ਵਿੱਤੀ ਸਹਾਇਤਾ ਦਿੱਤੀ ਜਾਵੇਗੀ। ਜਲ ਸੰਚਯ ਜਨ ਭਾਗੀਦਾਰੀ ਪ੍ਰੋਗਰਾਮ ਤਹਿਤ, ਪੰਜਾਬ ਵਿੱਚ ਪਾਣੀ ਦੀ ਸੰਭਾਲ ਅਤੇ ਰੀਚਾਰਜ ਢਾਂਚਿਆਂ ਦੀ ਵਿਆਪਕ ਉਸਾਰੀ ਅਤੇ ਮੁਰੰਮਤ ਦਾ ਕੰਮ ਕੀਤਾ ਜਾਵੇਗਾ।

ਕੇਂਦਰ ਸਰਕਾਰ ਦੀ ਅੰਤਰ-ਮੰਤਰਾਲਾ ਟੀਮ ਪੰਜਾਬ ਦਾ ਦੌਰਾ ਕਰ ਰਹੀ ਹੈ। ਨੁਕਸਾਨ ਦਾ ਮੁਲਾਂਕਣ ਕਰਨ ਤੋਂ ਬਾਅਦ ਹੋਰ ਸਹਾਇਤਾ 'ਤੇ ਵਿਚਾਰ ਕੀਤਾ ਜਾਵੇਗਾ।

ਇਸ ਮੌਕੇ ਪੀਐਮ ਮੋਦੀ ਨਾਲ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ, ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ, ਬੀਜੇਪੀ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ, ਬੀਜੇਪੀ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ, ਆਦਿ ਹਾਜ਼ਰ ਸਨ। ਇਸ ਮੌਕੇ ਸੁਨੀਲ ਜਾਖੜ ਨਾਲ ਪੀਐਮ ਨੇ ਅੱਧਾ ਘੰਟਾ ਲੋਕਾਂ ਨੂੰ ਸੁਣਿਆ। ਇਸ ਮੌਕੇ ਲੋਕਾਂ ਨੇ ਪੀਐਮ ਨੂੰ ਸ਼ਿਕਾਇਤ ਕੀਤੀ ਕਿ ਸਾਨੂੰ 2023 ਦਾ ਮੁਆਵਜ਼ਾ ਅਜੇ ਤੱਕ ਨਹੀਂ ਮਿਲਿਆ।

### ਆਮ ਆਦਮੀ ਪਾਰਟੀ ਨੇ ਰਾਹਤ ਨੂੰ ਮਜ਼ਾਕ ਦੱਸਿਆ

ਪੰਜਾਬ ਆਮ ਆਦਮੀ ਪਾਰਟੀ ਦੇ ਮੁਖੀ ਅਮਨ ਅਰੋੜਾ ਨੇ ਕਿਹਾ ਕਿ ਸ਼ੁਰੂਆਤੀ ਅਨੁਮਾਨਾਂ ਅਨੁਸਾਰ ਹੜ੍ਹਾਂ ਨਾਲ 20,000 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਇਹ ਰਾਹਤ ਇਕ ਮਜ਼ਾਕ ਹੈ।ਪ੍ਰਧਾਨ ਮੰਤਰੀ ਨੇ ਪੰਜਾਬੀਆਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਿਆ ਹੈ। ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਤਾਂ ਪ੍ਰਧਾਨ ਮੰਤਰੀ ਨੇ ਕਿਹਾ ਹੈ ਕਿ 12,000 ਕਰੋੜ ਰੁਪਏ ਦਾ ਪੈਕੇਜ ਪਹਿਲਾਂ ਹੀ ਦਿੱਤਾ ਜਾ ਚੁੱਕਾ ਹੈ। ਇਸ 'ਤੇ ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਨੇ ਇਸ ਫੰਡ ਦੀ ਵਰਤੋਂ ਸੰਬੰਧੀ ਨਿਯਮਾਂ ਨੂੰ ਸਰਲ ਬਣਾਉਣ ਲਈ ਦਸ ਦਿਨ ਪਹਿਲਾਂ ਪ੍ਰਧਾਨ ਮੰਤਰੀ ਨੂੰ ਪੱਤਰ ਲਿਖਿਆ ਸੀ।



# ਅਗਾਊਂ ਜ਼ਮਾਨਤ ਪਟੀਸ਼ਨਾਂ ਲਈ ਤੈਅ ਕੀਤੇ ਜਾਣਗੇ ਨਵੇਂ ਨਿਯਮ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸੋਮਵਾਰ ਨੂੰ ਕਿਹਾ ਕਿ ਉਹ ਇਸ ਗੱਲ ਦੀ ਜਾਂਚ ਕਰੇਗੀ ਕਿ ਅਗਾਊਂ ਜ਼ਮਾਨਤ ਲਈ ਹਾਈ ਕੋਰਟ ਜਾਣ ਦਾ ਬਦਲ ਧਿਰਾਂ ਦੀ ਪਸੰਦ ਹੋਣਾ ਚਾਹੀਦਾ ਹੈ ਜਾਂ ਇਸ ਲਈ ਪਹਿਲਾਂ ਹੇਠਲੀ ਅਦਾਲਤ ਜਾਣਾ ਲਾਜ਼ਮੀ ਹੋਣਾ ਚਾਹੀਦਾ ਹੈ।ਕੋਰਟ ਨੇ ਰਜਿਸਟਰਾਰ ਜਨਰਲ ਦੇ ਜ਼ਰੀਏ ਕੇਰਲ ਹਾਈ ਕੋਰਟ ਨੂੰ ਨੋਟਿਸ ਜਾਰੀ ਕੀਤਾ ਤੇ ਇਸ ਮਾਮਲੇ 'ਚ ਸਹਿਯੋਗ ਲਈ ਸੀਨੀਅਰ ਵਕੀਲ ਸਿਧਾਰਥ ਲੂਥਰਾ ਨੂੰ ਨਿਆ ਮਿੱਤਰ (ਐਮਿਕਸ ਕਿਊਰੀ) ਨਿਯੁਕਤ ਕੀਤਾ ਹੈ। ਜਸਟਿਸ ਵਿਕਰਮ ਨਾਥ ਤੇ ਸੰਦੀਪ ਮਹਿਤਾ ਦੇ ਬੈਂਚ ਨੇ ਗੌਰ ਕੀਤਾ ਕਿ ਕੇਰਲ 'ਚ ਲੋਕ ਅਗਾਊਂ ਜ਼ਮਾਨਤ ਲਈ ਸੈਸ਼ਨ ਕੋਰਟ ਜਾਣ ਦੀ



ਬਜਾਏ ਹਾਈ ਕੋਰਟ ਦਾ ਸਿੱਧੇ ਰੁਖ਼ ਕਰ ਰਹੇ ਹਨ ਤੇ ਇਹ ਮੁੱਦਾ ਸਾਨੂੰ ਚਿੰਤਾ 'ਚ ਪਾ ਰਿਹਾ ਹੈ ਕਿ ਅਜਿਹਾ ਕਿਉਂ ਹੋ ਰਿਹਾ ਹੈ। ਇਸ ਨਾਲ ਹੇਠਲੀਆਂ ਅਦਾਲਤਾਂ 'ਚ ਜਿਹੜੇ ਤੱਥ ਰਿਕਾਰਡ ਹੋਣੇ ਚਾਹੀਦੇ ਹਨ, ਉਹ ਨਹੀਂ ਹੋ ਪਾ ਰਹੇ। ਅਦਾਲਤ ਨੇ ਕਿਹਾ ਕਿ ਪੁਰਾਣੀ ਆਈਪੀਸੀ ਤੇ ਭਾਰਤੀ ਨਾਗਰਿਕ ਸੁਰੱਖਿਆ ਕੋਡ (ਬੀਐੱਨਐੱਸਐੱਸ) 2023 'ਚ ਇਸ ਨੂੰ ਸ਼੍ਰੇਣੀਬੱਧ ਤਿਆਰ ਕੀਤਾ। ਗਿਆ ਹੈ। ਬੀਐੱਨਐੱਸਐੱਸ ਦੀ ਧਾਰਾ 482 ਗ੍ਰਿਫ਼ਤਾਰੀ ਦੇ ਖ਼ਦਸ਼ੇ ਵਾਲੇ ਹਰ ਵਿਅਕਤੀ ਨੂੰ ਜ਼ਮਾਨਤ ਲਈ ਨਿਰਦੇਸ਼ ਨਾਲ ਸਬੰਧਤ ਹੈ।

ਬੈਂਚ ਨੇ ਕਿਹਾ ਕਿ ਕੇਰਲ ਵਰਗੀ ਸਥਿਤੀ ਕਿਸੇ ਹੋਰ ਸੂਬੇ 'ਚ ਨਹੀਂ ਨਜ਼ਰ ਆਉਂਦੀ। ਅਸੀਂ ਗ਼ੌਰ ਕੀਤਾ ਹੈ ਕਿ ਉੱਥੇ ਅਗਾਊਂ ਜ਼ਮਾਨਤ ਪਟੀਸ਼ਨਾਂ 'ਤੇ ਸਿੱਧੇ ਸੁਣਵਾਈ ਹੋ ਰਹੀ ਹੈ।

## ਹਿੰਸਕ ਪ੍ਰਦਰਸ਼ਨ...

(ਪਹਿਲੇ ਸਫ਼ੇ ਦਾ ਬਾਕੀ)

ਸੀ ਕਿ ਅਸਤੀਫੇ ਤੋਂ ਬਾਅਦ ਹੀ ਸਥਿਤੀ ਵਿੱਚ ਸੁਧਾਰ ਹੋਵੇਗਾ। ਨੇਪਾਲ ਵਿੱਚ ਸੋਸ਼ਲ ਮੀਡੀਆ ਐਪਸ 'ਤੇ ਪਾਬੰਦੀ ਦਾ ਵਿਰੋਧ ਕਰ ਰਹੇ ਪ੍ਰਦਰਸ਼ਨਕਾਰੀਆਂ ਨੇ ਸਵੇਰੇ ਸਵੇਰੇ ਰਾਸ਼ਟਰਪਤੀ ਦੇ ਨਿੱਜੀ ਘਰ ਨੂੰ ਅੱਗ ਲਗਾ ਦਿੱਤੀ ਸੀ।ਦੇਸ਼ ਵਿੱਚ ਵਿਗੜਦੇ ਹਾਲਾਤ ਦੇ ਵਿਚਕਾਰ ਰਾਸ਼ਟਰਪਤੀ ਰਾਮਚੰਦਰ ਪੌਡੇਲ ਨੇ ਪ੍ਰਧਾਨ ਮੰਤਰੀ ਓਲੀ ਦਾ ਅਸਤੀਫਾ ਸਵੀਕਾਰ ਕਰ ਲਿਆ ਹੈ। ਪਰ ਬਾਅਦ ਵਿੱਚ ਖੁਦ ਵੀ ਅਸਤੀਫਾ ਦੇ ਦਿੱਤਾ। ਓਲੀ ਇਸ ਸਮੇਂ ਸੁਰੱਖਿਆ ਲਈ ਨੇਪਾਲੀ ਫੌਜ ਦੇ ਨਾਲ ਦੱਸੇ ਜਾਂਦੇ ਹਨ ਪਰ ਖਬਰਾਂ ਇਹ ਵੀ ਹਨ ਕਿ ਉਹ ਦੇ ਛਡ ਕੇ ਡੁਬਈ ਚਲੇ ਗਏ ਹਨ ਜਿਥੋਂ ਉਹ ਚੀਨ ਜਾਣਗੇ।

### ਇੰਟਰਨੈੱਟ ਮੀਡੀਆ ਪਲੇਟਫਾਰਮਾਂ ਦੇ ਵਿਰੁੱਧ ਨਹੀਂ: ਓਲੀ

ਇਸ ਤੋਂ ਪਹਿਲਾਂ ਕੇਪੀ ਸ਼ਰਮਾ ਓਲੀ ਨੇ ਕਿਹਾ ਕਿ ਮੈਨੂੰ ਜੈੱਨ-ਜ਼ੀ ਦੀ ਬਗ਼ਾਵਤ ਦੀ ਯੋਜਨਾ ਦੇ ਸੰਬੰਧ 'ਚ ਪਤਾ ਲੱਗਾ ਹੈ। ਅਸੀਂ ਪਲੇਟਫਾਰਮਾਂ ਜਾਂ ਇੰਟਰਨੈੱਟ ਮੀਡੀਆ ਦੇ ਵਿਰੁੱਧ ਨਹੀਂ ਹਾਂ, ਬਲਕਿ ਅਸੀਂ ਕਾਨੂੰਨ ਵਿਵਸਥਾ ਨੂੰ ਬਰਕਰਾਰ ਰੱਖਣਾ ਚਾਹੁੰਦੇ ਹਾਂ।


### ਪ੍ਰਦਰਸ਼ਨ ਹਿੰਸਾ ਵਿੱਚ ਕਿਵੇਂ ਬਦਲਿਆ?

ਓਲੀ ਸਰਕਾਰ 'ਤੇ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਦੇ ਆਪਣੇ ਵਾਅਦੇ ਨੂੰ ਪੂਰਾ ਨਾ ਕਰਨ ਦਾ ਦੋਸ਼ ਲਗਾਇਆ ਗਿਆ। ਨੌਜਵਾਨ ਬੇਰੁਜ਼ਗਾਰੀ, ਆਰਥਿਕ ਮੰਦੀ ਅਤੇ ਭ੍ਰਿਸ਼ਟਾਚਾਰ ਦੇ ਮੁੱਦਿਆਂ 'ਤੇ ਸਰਕਾਰ ਨੂੰ ਘੇਰਨਾ ਚਾਹੁੰਦੇ ਸਨ। ਸੋਮਵਾਰ ਨੂੰ ਹਜ਼ਾਰਾਂ ਨੌਜਵਾਨਾਂ ਨੇ ਕਾਠਮੰਡੂ ਵਿੱਚ ਸੰਸਦ ਭਵਨ ਦੇ ਸਾਹਮਣੇ ਵਿਰੋਧ ਪ੍ਰਦਰਸ਼ਨ ਕੀਤਾ। ਉਹ ਸਰਕਾਰ ਤੋਂ ਸੋਸ਼ਲ ਮੀਡੀਆ 'ਤੇ ਲੱਗੈ ਬੈਨ ਨੂੰ ਹਟਾਉਣ ਦੀ ਮੰਗ ਕਰ ਰਹੇ ਸਨ। ਇਨ੍ਹਾਂ ਵਿੱਚੋਂ ਕੁਝ ਲੋਕ ਸੰਸਦ ਕੰਪਲੈਕਸ ਵਿੱਚ ਦਾਖਲ ਹੋ ਗਏ, ਜਿਸ ਤੋਂ ਬਾਅਦ ਵਿਰੋਧ ਪ੍ਰਦਰਸ਼ਨ ਹਿੰਸਕ ਹੋ ਗਿਆ। ਪੁਲਿਸ ਨੇ ਭੀੜ ਨੂੰ ਖਿੰਡਾਉਣ ਲਈ ਵਾਟਰ ਕੈਨਨ, ਅੱਥਰੂ ਗੈਸ ਦੇ ਗੋਲੇ ਅਤੇ ਗੋਲੀਬਾਰੀ ਕੀਤੀ। ਪ੍ਰਦਰਸ਼ਨਕਾਰੀਆਂ ਦਾ ਕਹਿਣਾ ਹੈ ਕਿ ਨੇਤਾਵਾਂ ਦੇ ਬੱਚੇ ਭ੍ਰਿਸ਼ਟਾਚਾਰ ਰਾਹੀਂ ਕਮਾਏ ਪੈਸੇ ਦਾ ਆਨੰਦ ਮਾਣ ਰਹੇ ਹਨ।

ਨੇਪਾਲ ਸਰਕਾਰ ਵੱਲੋਂ ਦੇਸ਼ 'ਚ ਇੰਟਰਨੈੱਟ ਮੀਡੀਆ 'ਤੇ ਪਾਬੰਦੀ ਲਗਾਉਣ ਤੇ ਭ੍ਰਿਸ਼ਟਾਚਾਰ ਦੇ ਵਿਰੋਧ 'ਚ ਹਜ਼ਾਰਾਂ ਨੌਜਵਾਨਾਂ ਨੇ ਰਾਜਧਾਨੀ ਕਾਠਮਾਂਡੂ ਤੇ ਹੋਰਨਾਂ ਸ਼ਹਿਰਾਂ 'ਚ ਸੜਕਾਂ 'ਤੇ ਉਤਰ ਕੇ ਹਿੰਸਕ ਵਿਰੋਧ ਪ੍ਰਦਰਸ਼ਨ ਕੀਤੇ। ਜੈੱਨ-ਜ਼ੀ ਦੇ ਬੈਨਰ ਹੇਠ ਪ੍ਰਦਰਸ਼ਨਕਾਰੀਆਂ 'ਚ ਯੂਨੀਫਾਰਮ 'ਚ ਸਕੂਲੀ ਤੇ ਕਾਲਜ ਦੇ ਵਿਦਿਆਰਥੀ ਸ਼ਾਮਲ ਹਨ। ਸੁਰੱਖਿਆ ਮੁਲਾਜ਼ਮਾਂ ਤੇ ਪ੍ਰਦਰਸ਼ਨਕਾਰੀਆਂ ਵਿਚਾਲੇ ਸੰਘਰਸ਼ 'ਚ ਘੱਟ ਤੋਂ ਘੱਟ 22 ਲੋਕਾਂ ਦੀ ਮੌਤ ਹੋ ਗਈ ਹੈ, ਜਦਕਿ 250 ਤੋਂ ਵੱਧ ਜ਼ਖ਼ਮੀ ਹੈ। ਕਾਠਮਾਂਡੂ 'ਚ ਹਾਲਾਤ ਕਾਬੂ ਹੇਠ ਕਰਨ ਲਈ ਫ਼ੌਜ ਨੂੰ ਤਾਇਨਾਤ ਕਰ ਦਿੱਤਾ ਗਿਆ। ਹੈ। ਪ੍ਰਧਾਨ ਮੰਤਰੀ ਕੇਪੀ ਸ਼ਰਮਾ ਓਲੀ ਨੇ ਕੈਬਨਿਟ ਦੀ ਐਮਰਜੈਂਸੀ ਮੀਟਿੰਗ ਸੱਦ ਕੇ ਹਾਲਾਤ 'ਤੇ ਵਿਚਾਰ-ਵਟਾਂਦਰਾ ਕੀਤਾ। ਬਾਅਦ 'ਚ ਨੇਪਾਲ ਦੇ ਗ੍ਰਹਿ ਮੰਤਰੀ ਰਮੇਸ਼ ਲੇਖ ਨੇ ਹੰਗਾਮੇ ਦੀ ਨੈਤਿਕ ਜ਼ਿੰਮੇਵਾਰੀ ਲੈਂਦੇ ਹੋਏ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ।

### ਨੇਪਾਲ ਦੇ ਪ੍ਰਧਾਨ ਮੰਤਰੀ ਨੇ ਆਪਣੇ ਅਸਤੀਫ਼ੇ ਵਿੱਚ ਕੀ ਲਿਖਿਆ !

"ਮਾਨਯੋਗ ਰਾਸ਼ਟਰਪਤੀ, ਨੇਪਾਲ ਦੇ ਸੰਵਿਧਾਨ ਦੀ ਧਾਰਾ 76 (2) ਅਨੁਸਾਰ 31 ਅਸਦ 2081 ਬੀਸੀ ਨੂੰ ਨ ਮੰਤਰੀ ਨਿਯੁਕਤ ਹੋਣ ਤੋਂ ਬਾਅਦ ਤੇ ਦੇਸ਼ ਦੀ ਮੌਜੂਦਾ ਅਸਾਧਾਰਨ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ, ਮੈਂ ਅੱਜ ਤੋਂ ਸੰਵਿਧਾਨ ਦੀ ਧਾਰਾ 77 (1) (ਏ) ਅਨੁਸਾਰ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ, ਤਾਂ ਜੋ ਮੈਂ ਸੰਵਿਧਾਨ ਅਨੁਸਾਰ ਰਾਜਨੀਤਿਕ ਹੱਲ ਤੇ ਸਮੱਸਿਆਵਾਂ ਦੇ ਹੱਲ ਵੱਲ ਹੋਰ ਕਦਮ ਚੁੱਕ ਸਕਾਂ।"



ਕੇਪੀ ਸ਼ਰਮਾ ਓਲੀ 2015 ਵਿੱਚ ਪਹਿਲੀ ਵਾਰ ਨੇਪਾਲ ਦੇ ਪ੍ਰਧਾਨ ਮੰਤਰੀ ਬਣੇ। ਉਹ ਅਕਤੂਬਰ 2015 ਤੋਂ ਅਗਸਤ 2016 ਤੱਕ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਰਹੇ। ਇਸ ਤੋਂ ਬਾਅਦ, ਉਨ੍ਹਾਂ ਨੂੰ ਸਮਰਥਨ ਗੁਆਉਣ ਕਾਰਨ ਅਸਤੀਫ਼ਾ ਦੇਣਾ ਪਿਆ। ਓਲੀ 2018 ਵਿੱਚ ਦੂਜੀ ਵਾਰ ਪ੍ਰਧਾਨ ਮੰਤਰੀ ਬਣੇ। ਉਹ ਫਰਵਰੀ 2018 ਤੋਂ ਮਈ 2021 ਤੱਕ ਅਹੁਦੇ 'ਤੇ ਰਹੇ। ਓਲੀ ਨੂੰ ਦੁਬਾਰਾ ਅਸਤੀਫ਼ਾ ਦੇਣਾ ਪਿਆ। ਉਹ ਦੂਜੀ ਵਾਰ 3 ਸਾਲ 88 ਦਿਨ ਅਹੁਦੇ 'ਤੇ ਰਹੇ। ਓਲੀ ਜੁਲਾਈ 2024 ਤੋਂ ਨੌਂ ਸਤੰਬਰ 2025 ਤੱਕ ਤੀਜੀ ਵਾਰ ਪ੍ਰਧਾਨ ਮੰਤਰੀ ਰਹੇ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਅਕਾਲੀ ਦਲ ਹੜ੍ਹ ਪੀੜਤਾਂ ਨੂੰ ਦੇਵੇਗਾ 30 ਹਜ਼ਾਰ ਕੁਇੰਟਲ ਕਣਕ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸਰਕਾਰ ਦੀ ਲਾਪਰਵਾਹੀ ਕਰ ਕੇ ਪੰਜਾਬ ਦਾ ਵੱਡਾ ਨੁਕਸਾਨ ਹੋਇਆ ਹੈ। ਜੇਕਰ ਸਰਕਾਰ ਸਮੇਂ ਰਹਿੰਦੇ ਕਦਮ ਚੁੱਕਦੀ ਤਾਂ ਹੜ੍ਹਾਂ ਨਾਲ ਹੋਏ ਨੁਕਸਾਨ ਨੂੰ ਰੋਕਿਆ ਜਾ ਸਕਦਾ ਸੀ।

ਸੋਮਵਾਰ ਨੂੰ ਅਕਾਲੀ ਦਲ ਦੇ ਦਫ਼ਤਰ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੁਖਬੀਰ ਬਾਦਲ ਨੇ ਕਿਹਾ ਕਿ ਆਪ ਸਰਕਾਰ ਨੇ ਸੰਭਾਵਿਤ ਹੜ੍ਹਾਂ ਦੇ ਮੱਦੇਨਜ਼ਰ ਅਗੇਤੀ ਮੀਟਿੰਗ ਹੀ ਨਹੀਂ ਕੀਤੀ। ਹਰੇਕ ਸਾਲ ਬਰਸਾਤੀ ਮੌਸਮ ਤੋਂ ਪਹਿਲਾਂ ਮੀਟਿੰਗ ਕਰ ਕੇ ਸਬੰਧਤ ਵਿਭਾਗ ਆਪਣੀ ਰਣਨੀਤੀ ਤਿਆਰ ਕਰਦੇ ਹਨ। ਸੁਖਬੀਰ ਨੇ ਦੱਸਿਆ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਦੌਰੇ ਦੌਰਾਨ ਲੋਕਾਂ ਨੇ ਦੱਸਿਆ ਕਿ ਬੰਨ੍ਹਾਂ, ਬਰਸਾਤੀ ਨਾਲਿਆਂ ਦੀ ਕੋਈ ਸਫ਼ਾਈ ਨਹੀਂ ਕੀਤੀ ਗਈ। ਮਾਧੋਪੁਰ ਹੈੱਡਵਰਕਸ ਦੇ ਗੇਟਾਂ ਦੇ ਕਮਜ਼ੋਰ ਹੋਣ ਸਬੰਧੀ ਇੰਜੀਨੀਅਰਾਂ ਨੇ ਪਹਿਲਾਂ ਹੀ ਰਿਪੋਰਟ ਸਰਕਾਰ ਨੂੰ ਦਿੱਤੀ ਸੀ ਪਰ ਸਰਕਾਰ ਤੇ ਵਿਭਾਗ ਨੇ ਕੋਈ ਧਿਆਨ ਨਹੀਂ ਦਿੱਤਾ ਜਿਸ ਕਰ ਕੇ ਹੈਡਵਰਕਸ ਦਾ ਗੇਟ ਟੁੱਟ ਗਿਆ। ਪਿੰਡਾਂ, ਫਸਲਾਂ, ਇਮਾਰਤਾਂ ਦਾ ਵੱਡਾ ਨੁਕਸਾਨ ਹੋਇਆ ਪਰ ਉਹ ਪੰਜਾਬੀਆਂ ਅਤੇ ਪੰਥ ਦਾ ਸ਼ੁਕਰਗੁਜ਼ਾਰ ਹਨ ਕਿ ਨੌਜਵਾਨ ਅਤੇ ਲੋਕ ਇਸ ਸੰਕਟ ਸਮੇਂ ਖੁਦ ਅੱਗੇ ਆਏ ਹਨ।ਸੁਖਬੀਰ ਨੇ ਕਿਹਾ ਕਿ ਅੱਜ ਪਾਰਟੀ ਦੀ ਕੋਰ ਕਮੇਟੀ, ਹਲਕਾ ਇੰਚਾਰਜਾਂ ਅਤੇ ਪਾਰਟੀ ਦੇ ਸੀਨੀਅਰ ਆਗੂਆਂ ਦੀ ਮੀਟਿੰਗ ਵਿਚ ਫੈਸਲਾ ਕੀਤਾ ਗਿਆ ਹੈ ਕਿ ਅਕਾਲੀ ਦਲ ਹੜ੍ਹ ਪ੍ਰਭਾਵਿਤ ਹਲਕਿਆਂ ਵਿਚ 30 ਹਜ਼ਾਰ ਕੁਇੰਟਲ ਕਣਕ ਲੋੜਵੰਦਾਂ ਨੂੰ ਵੰਡੇਗਾ। ਇਸੇ ਤਰ੍ਹਾਂ ਇਕ ਲੱਖ ਏਕੜ ਲਈ ਕਣਕ ਦਾ ਬੀਜ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਪਸ਼ੂਆਂ ਲਈ 500 ਟਰੱਕ ਤੂੜੀ, 500 ਟਰੱਕ ਚਾਰੇ ਦਾ ਆਚਾਰ ਤੇ 500 ਫੌਗਿੰਗ ਮਸ਼ੀਨਾਂ ਦਿੱਤੀਆਂ ਜਾਣਗੀਆਂ। ਇਸੇ ਤਰ੍ਹਾਂ ਪਸ਼ੂਆਂ ਦੇ ਇਲਾਜ ਲਈ ਵੈਟਰਨਰੀ ਡਾਕਟਰਾਂ ਅਤੇ ਲੋਕਾਂ ਦੇ ਇਲਾਜ ਲਈ ਸ਼੍ਰੋਮਣੀ ਕਮੇਟੀ ਨੇ 125 ਮੈਡੀਕਲ ਟੀਮਾਂ ਦਾ ਗਠਨ ਕੀਤਾ ਹੈ। ਇਹ ਟੀਮਾਂ ਪਿੰਡਾਂ ਵਿਚ ਪੱਕੇ ਤੌਰ 'ਤੇ ਬੈਠਣਗੀਆਂ ਅਤੇ ਲੋਕਾਂ ਦਾ ਮੁਫ਼ਤ ਇਲਾਜ ਕੀਤਾ ਜਾਵੇਗਾ।



ਸੁਖਬੀਰ ਬਾਦਲ ਨੇ ਕਿਹਾ ਕਿ ਜਦੋਂ ਵੀ ਕਿਸੇ ਸੂਬੇ 'ਚ ਕੁਦਰਤੀ ਆਫ਼ਤ ਆਈ ਤਾਂ ਪੰਜਾਬੀਆਂ ਨੇ ਦਿਲ ਖੋਲ੍ਹ ਕੇ ਮਦਦ ਕੀਤੀ ਹੈ ਪਰ ਦੁਖ ਦੀ ਗੱਲ ਹੈ ਕਿ ਜਦੋਂ ਪੰਜਾਬ ਦਾ ਵੱਡਾ ਨੁਕਸਾਨ ਹੋਇਆ ਹੈ ਤਾਂ ਕਿਸੇ ਨੇ ਹਾਅ ਦਾ ਨਾਅਰਾ ਨਹੀਂ ਮਾਰਿਆ। ਉਨ੍ਹਾਂ ਸੂਬੇ ਦੇ ਕਾਰੋਬਾਰੀਆਂ ਨੂੰ ਇਸ ਬਿਪਤਾ ਵਿਚ ਲੋੜਵੰਦ ਲੋਕਾਂ ਦੀ ਮਦਦ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ 20 ਹਜ਼ਾਰ ਕਰੋੜ ਰੁਪਏ ਵਿਸ਼ੇਸ਼ ਪੈਕੇਜ ਦੇਣ ਦੀ ਮੰਗ ਕੀਤੀ ਹੈ। ਪੰਜਾਬ ਸਰਕਾਰ ਤੋਂ ਹੜ੍ਹ ਨਾਲ ਹੋਏ ਨੁਕਸਾਨ ਦੀ ਭਰਪਾਈ ਲਈ ਪ੍ਰਤੀ ਏਕੜ 50 ਹਜ਼ਾਰ ਰੁਪਏ, ਵਿਅਕਤੀ ਦੀ ਮੌਤ ਹੋਣ 'ਤੇ ਪਰਿਵਾਰਕ ਮੈਂਬਰ ਨੂੰ ਦਸ ਲੱਖ ਰੁਪਏ, ਪਸ਼ੂਆਂ ਦੀ ਮੌਤ ਹੋਣ 'ਤੇ ਪ੍ਰਤੀ ਪਸ਼ੂ ਇਕ ਲੱਖ ਰੁਪਏ ਅਤੇ ਠੇਕੇ ਦੇ ਆਧਾਰ 'ਤੇ ਖੇਤੀ ਕਰਨ ਵਾਲੇ ਵਿਅਕਤੀ ਨੂੰ ਸਹਾਇਤਾ ਰਾਸ਼ੀ ਦੇਣ ਦੀ ਮੰਗ ਕੀਤੀ ਹੈ।




# ਘੱਗਰ ਦਰਿਆ ਵਿਚ ਪਾਣੀ ਘਟਣ ਨਾਲ ਲੋਕਾਂ ਨੇ ਲਿਆ ਸੁੱਖ ਦਾ ਸਾਹ

**ਸੰਗਰੂਰ:** ਹਫ਼ਤੇ ਬਾਅਦ ਘੱਗਰ ਦਰਿਆ ਦੇ ਪਾਣੀ ਦੇ ਪੱਧਰ ਵਿਚ ਲਗਾਤਾਰ ਵਾਧੇ ਵਿਚ ਕੁਝ ਠਹਿਰਾਓ ਦਰਜ ਕੀਤਾ ਗਿਆ ਹੈ। ਐਤਵਾਰ ਰਾਤ ਤੋਂ ਸੋਮਵਾਰ ਸ਼ਾਮ ਤਕ ਘੱਗਰ ਦੇ ਪਾਣੀ ਦਾ ਪੱਧਰ ਲਗਭਗ 20 ਘੰਟਿਆਂ ਵਿੱਚ ਡੇਢ ਇੰਚ ਘੱਟ ਗਿਆ ਹੈ। ਪਾਣੀ ਦਾ ਪੱਧਰ 750.6 ਫੁੱਟ ਤਕ ਹੇਠਾਂ ਆ ਗਿਆ ਹੈ। ਬੇਸ਼ੱਕ, ਘੱਗਰ ਦਾ ਪਾਣੀ ਦਾ ਪੱਧਰ ਅਜੇ ਵੀ ਖ਼ਤਰੇ ਦੇ ਨਿਸ਼ਾਨ ਤੋਂ ਲਗਭਗ 2.6 ਫੁੱਟ ਉੱਪਰ ਹੈ, ਪਰ ਆਸਪਾਸ ਰਹਿਣ ਵਾਲੇ ਲੋਕਾਂ ਨੇ ਸੁੱਖ ਦਾ ਸਾਹ ਲਿਆ ਹੈ ਕਿਉਂਕਿ ਲਗਾਤਾਰ ਵਧ ਰਹੇ ਪਾਣੀ ਦੇ ਪੱਧਰ ਦੀ ਰਫ਼ਤਾਰ ਰੁਕ ਗਈ ਹੈ। ਜੇਕਰ ਕੁਝ ਦਿਨਾਂ ਤਕ ਮੀਂਹ ਨਾ ਪਿਆ ਤਾਂ ਘੱਗਰ ਵਿਚ ਪਾਣੀ ਦਾ ਪੱਧਰ ਹੇਠਾਂ ਜਾਣ ਦੀ ਸੰਭਾਵਨਾ ਹੈ। ਪਿਛਲੇ ਹਫ਼ਤੇ ਤੋਂ ਆਸਪਾਸ ਰਹਿਣ ਵਾਲੇ ਲੋਕ ਚਿੰਤਾ ਦੇ ਦੌਰ ਵਿੱਚੋਂ ਲੰਘ ਰਹੇ ਸਨ, ਕਿਉਂਕਿ ਘੱਗਰ ਲਗਾਤਾਰ ਵੱਧ ਰਿਹਾ ਸੀ। ਪਾਣੀ ਦਾ ਪੱਧਰ ਰੁਕਣ ਤੋਂ ਬਾਅਦ ਵੀ, ਪ੍ਰਸ਼ਾਸਨ ਅਤੇ ਕਿਸਾਨ ਘੱਗਰ ਦੇ ਕਿਨਾਰਿਆਂ ਨੂੰ ਮਜ਼ਬੂਤ ਕਰਨ ਅਤੇ ਕਟੌਤੀ ਦੀ ਸੰਭਾਵਨਾ ਤੋਂ ਬਚਣ ਵਿੱਚ ਲਗਾਤਾਰ ਲੱਗੇ ਹੋਏ ਹਨ।



ਜ਼ਿਕਰਯੋਗ ਹੈ ਕਿ ਸਾਲ 2023 ਦੌਰਾਨ ਜਦੋਂ ਘੱਗਰ ਨਦੀ ਦਾ ਪਾਣੀ ਦਾ ਪੱਧਰ 751.3 ਸੀ, ਤਾਂ ਫੂਲਦ ਨੇੜੇ ਕੰਢੇ 'ਤੇ ਇੱਕ ਪਾੜ ਪੈ ਗਿਆ ਸੀ, ਜਿਸ ਤੋਂ ਬਾਅਦ ਸਥਿਤੀ ਇੰਨੀ ਵਿਗੜ ਗਈ ਹੈ ਕਿ 56 ਥਾਵਾਂ 'ਤੇ ਪਾੜ ਪੈਣ ਕਾਰਨ 35 ਪਿੰਡ ਪਾਣੀ ਵਿੱਚ ਡੁੱਬ ਗਏ ਅਤੇ ਘੱਗਰ ਓਵਰਫਲੋ ਹੋ ਗਿਆ। 41448 ਏਕੜ ਫਸਲ ਪਾਣੀ ਦੀ ਭੇਟ ਚੜ੍ਹ ਗਈ। ਅਜਿਹੀ ਸਥਿਤੀ ਵਿੱਚ ਇਸ ਵਾਰ ਵੀ ਇਨ੍ਹਾਂ ਪਿੰਡਾਂ ਦੇ ਲੋਕਾਂ ਅਤੇ ਕਿਸਾਨਾਂ ਵਿੱਚ ਡਰ ਦਾ ਮਾਹੌਲ ਹੈ, ਕਿਉਂਕਿ ਪਿਛਲੇ ਕੁਝ ਦਿਨਾਂ ਤੋਂ ਘੱਗਰ ਦਾ ਪਾਣੀ ਦਾ ਪੱਧਰ ਲਗਾਤਾਰ ਵੱਧ ਰਿਹਾ ਸੀ। ਘੱਗਰ ਦਾ ਖ਼ਤਰੇ ਦਾ ਨਿਸ਼ਾਨ 748 ਫੁੱਟ ਹੈ, ਜਿਸ ਕਾਰਨ ਜ਼ਿਆਦਾ ਪਾਣੀ ਹੋਣ ਕਾਰਨ ਲੋਕਾਂ ਦੀਆਂ ਚਿੰਤਾਵਾਂ ਬਹੁਤ ਵੱਧ ਗਈਆਂ ਸਨ। ਸੋਮਵਾਰ ਨੂੰ ਯੂਨੀਵਰਸਿਟੀ ਕਾਲਜ ਮੂਨਕ ਦੇ ਪਿਛਲੇ ਪਾਸੇ ਘੱਗਰ ਨਦੀ ਦੇ ਕਿਨਾਰਿਆਂ ਵਿਚ ਲੀਕੇਜ ਸ਼ੁਰੂ ਹੋ ਗਈ ਸੀ, ਜਿਸ ਨੂੰ ਲੋਕਾਂ ਨੇ ਤੁਰੰਤ ਦੇਖਿਆ, ਫਿਰ ਉਨ੍ਹਾਂ ਨੇ ਤੁਰੰਤ ਮਿੱਟੀ ਦੀਆਂ ਬੋਰੀਆਂ ਪਾ ਕੇ ਪਾਣੀ ਦੀ ਲੀਕੇਜ ਨੂੰ ਰੋਕਣਾ ਅਤੇ ਬੰਨ੍ਹ ਦੇ ਕਟਾਅ ਨੂੰ ਰੋਕਣਾ ਸ਼ੁਰੂ ਕਰ ਦਿੱਤਾ। ਸਥਿਤੀ ਨੂੰ ਮੌਕੇ 'ਤੇ ਹੀ ਕਾਬੂ ਕਰ ਲਿਆ ਗਿਆ, ਜਿਸ ਕਾਰਨ ਪਾਣੀ ਦੀ ਤੇਜ਼ੀ ਨਾਲ ਲੀਕੇਜ ਨੂੰ ਰੋਕ ਦਿੱਤਾ ਗਿਆ। ਇਸ ਕੰਢੇ ਟਰੈਕਟਰਾਂ ਦੀ ਆਵਾਜਾਈ ਵੀ ਕੁਝ ਸਮੇਂ ਲਈ ਬੰਦ ਕਰ ਦਿੱਤੀ ਗਈ ਸੀ, ਕਿਉਂਕਿ ਟਰੈਕਟਰ - ਟਰਾਲੀਆਂ ਲੰਘਣ ਕਾਰਨ ਕੰਢੇ ਦੇ ਦੱਬਣ ਦੀ ਸੰਭਾਵਨਾ ਵੱਧ ਗਈ ਸੀ।

# ਕੁੜੀ ਦੁਬਈ ਤੋਂ ਰਾਤੋ-ਰਾਤ ਖ਼ਰੀਦ ਲਿਆਈ ਦੋ ਕਿਸ਼ਤੀਆਂ

**ਫਿਰੋਜ਼ਪੁਰ:** ਹਿਮਾਚਲ ਪ੍ਰਦੇਸ਼ ਦੇ ਬਨੀਪੋਤ (ਸਰਬੀ) ਵਿਖੇ ਮੈਡੀਟੇਸ਼ਨ ਐਂਡ ਵੈਲਨੈਸ ਸੈਂਟਰ ਚਲਾਉਣ ਵਾਲੀ ਮੀਰਾ ਹੜ੍ਹਾਂ ਵਿਚ ਫਸੇ ਲੋਕਾਂ ਵਾਸਤੇ ਕਿਸ਼ਤੀਆਂ ਅਤੇ ਹੋਰ ਸਮੱਗਰੀ ਲੈਕੇ ਸਰਹੱਦੀ ਜ਼ਿਲ੍ਹਾ ਫਿਰੋਜ਼ਪੁਰ ਪਹੁੰਚੀ ਹੈ।

ਇਸ ਸਬੰਧੀ ਮੀਰਾ ਨੇ ਦੱਸਿਆ ਕਿ ਜਦੋਂ ਓਸ ਨੇ ਖ਼ਬਰਾਂ ਚ ਪੰਜਾਬ ਦੇ ਹੜ੍ਹਾਂ ਸੰਬੰਧੀ ਸੁਣਿਆ ਤਾਂ ਉਸ ਤੋਂ ਦਰਦ ਵੇਖਿਆ ਨਹੀਂ ਗਿਆ।ਉਸ ਨੇ ਪਤਾ ਕੀਤਾ ਤਾਂ ਕਿਤੇ ਵੀ ਬੇੜੀਆਂ ਜਲਦੀ ਨਹੀਂ ਮਿਲ ਰਹੀਆਂ ਸਨ। ਉਹ ਸ੍ਰੀ ਅੰਮ੍ਰਿਤਸਰ ਸਾਹਿਬ ਪੁੱਜੀ, ਜਿਥੇ ਹਰਿਮੰਦਰ ਸਾਹਿਬ ਵਿਖੇ ਅਰਦਾਸ ਕਰਕੇ ਡੁਬਈ ਪਹੁੰਚ ਕੇ ਓਥੋਂ ਇੱਕ ਦਿਨ ਵਿੱਚ ਦੋ ਕਿਸ਼ਤੀਆਂ ਖਰੀਦ ਕੇ ਲਿਆਈ।

ਫ਼ਿਰੋਜ਼ਪੁਰ ਦੇ ਪਿੰਡ ਰਾਮਦ ਚੱਕ ਵਿਖੇ ਪੂਜ ਕੇ ਕਿਸ਼ਤੀਆਂ ਗਾਇਕ ਇੰਦਰਜੀਤ ਪਿੰਡ ਤੇ ਖਾਲਸਾ ਏਡ ਦੀ ਟੀਮ ਦੇ ਹਵਾਲੇ ਕਰ ਦਿੱਤੀਆਂ।

ਉਹ ਭੈਣਾਂ ਅਤੇ ਬੱਚਿਆਂ ਦੇ ਲਈ ਵੀ ਜ਼ਰੂਰੀ ਸਮਾਨ ਵੀ ਲੈਕੇ ਆਈ ਹੈ। ਇਸ ਤੋਂ ਇਲਾਵਾ ਦਵਾਈਆਂ ਵੀ ਨਾਲ ਲਿਆਂਦੀਆਂ ਹਨ ਜੋ ਲੋੜਵੰਦ ਲੋਕਾਂ ਨੂੰ ਦਿੱਤੀਆਂ ਹਨ। ਇਸ ਮੌਕੇ ਗਾਇਕ ਇੰਦਰਜੀਤ ਨਿੱਕੂ, ਯੁੱਧਵੀਰ ਮਾਣਕ, ਗਾਮਾ ਸਿੱਧੂ, ਅਵਤਾਰ ਭੁੱਲਰ, ਅਦਾਕਾਰਾ ਅਰਵਿੰਦਰ ਕੌਰ, ਪ੍ਰਭਜੋਤ ਸਿੰਘ, ਪ੍ਰਿੰਸ ਖਾਲਸਾ ਖਲਚੀਆਂ, ਹਰਸ਼ ਅਰੋੜਾ, ਆਰੀਅਨ, ਧਰਮਿੰਦਰ ਚੰਡੀਗੜ੍ਹ, ਰਮਨਦੀਪ ਕੌਰ, ਅਮਨਦੀਪ ਕੌਰ, ਦਲਜੀਤ ਸਿੰਘ ਮਹਾਲਮ, ਮੁੱਖਾ ਵਿਰਕ, ਅਮਨ ਬੋਪਾਰਾਏ, ਰਿਸ਼ੀ ਰਾਹੀ ਆਦਿ ਹਾਜ਼ਰ ਸਨ।

# ਹੜ੍ਹਾਂ ਕਾਰਨ ਪਾਵਰਕਾਮ ਨੂੰ ਹੋਇਆ 50 ਕਰੋੜ ਤੋਂ ਵੱਧ ਦਾ ਨੁਕਸਾਨ

**ਪਟਿਆਲਾ:** ਭਾਰੀ ਮੀਂਹ ਤੇ ਉਸ ਤੋਂ ਬਾਅਦ ਆਏ ਹੜ੍ਹਾਂ ਨੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਡ (ਪਾਵਰਕਾਮ) ਨੂੰ 50 ਕਰੋੜ ਰੁਪਏ ਤੋਂ ਵੱਧ ਨੁਕਸਾਨ ਹੋਇਆ ਹੈ ਜੋਕਿ ਜੋ ਪਾਣੀ ਹਟਣ ਤੋਂ ਬਾਅਦ ਹੋਰ ਵੀ ਵੱਧ ਸਕਦਾ ਹੈ। ਪੀਐਸਈਬੀ ਇੰਜੀਨੀਅਰਜ਼ ਐਸੋਸੀਏਸ਼ਨ ਦੇ ਜਨਰਲ ਸਕੱਤਰ ਅਜੈ ਪਾਲ ਸਿੰਘ ਅਟਵਾਲ ਨੇ ਦੱਸਿਆ ਕਿ ਲਗਾਤਾਰ ਮੀਂਹ ਅਤੇ ਹੜ੍ਹਾਂ ਨੇ ਪਾਵਰਕਾਮ ਨੂੰ ਹਿਲਾ ਕੇ ਰੱਖ ਦਿੱਤਾ ਹੈ। ਹਜ਼ਾਰਾਂ ਬਿਜਲੀ ਦੇ ਖੰਭੇ, ਸਪਲਾਈ ਲਾਈਨਾਂ ਅਤੇ ਟਰਾਂਸਫਾਰਮਰ ਬਰਬਾਦ ਹੋ ਗਏ ਹਨ। ਹਜ਼ਾਰਾਂ ਪਿੰਡਾਂ ਵਿੱਚ ਬਿਜਲੀ ਬੰਦ ਹੈ, ਜਦਕਿ 2300 ਟਰਾਂਸਫਾਰਮਰ ਅਤੇ ਕਰੀਬ 8 ਹਜ਼ਾਰ ਕਿਲੋਮੀਟਰ ਤਾਰਾਂ ਹੜ੍ਹ ਦੀ ਭੇਟ ਚੜ ਗਏ ਹਨ। ਅਟਵਾਲ ਨੇ ਦੱਸਿਆ ਕਿ ਸਰਹੱਦੀ ਇਲਾਕੇ ਸਭ ਤੋਂ ਵੱਧ ਪ੍ਰਭਾਵਿਤ ਹਨ, ਜਿੱਥੇ ਪਾਣੀ ਭਰਨ ਅਤੇ ਟੁੱਟੇ ਬੰਨਾਂ ਨੇ ਬਿਜਲੀ ਢਾਂਚੇ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਉਨ੍ਹਾਂ ਕਿਹਾ ਕਿ ਪਾਣੀ ਪੂਰੀ ਤਰ੍ਹਾਂ ਹਟਣ 'ਤੇ ਨੁਕਸਾਨ ਹੁਣ ਦੇ ਅੰਦਾਜ਼ੇ ਤੋਂ ਕਈ ਗੁਣਾ ਵੱਧ ਹੋ ਸਕਦਾ ਹੈ। ਅਧਿਕਾਰੀਆਂ ਨੇ ਕਿਹਾ ਕਿ ਹਾਲਾਂਕਿ ਨੁਕਸਾਨ ਭਾਰੀ ਹੈ, ਪਰ ਇੰਜੀਨੀਅਰਾਂ ਅਤੇ ਲੋਕਾਂ ਦੀ ਏਕਤਾ ਅਤੇ ਸੇਵਾ-ਭਾਵਨਾ ਨਾਲ ਪੰਜਾਬ ਇਸ ਸੰਕਟ 'ਤੇ ਕਾਬੂ ਪਾ ਲਵੇਗਾ। ਅਟਵਾਲ ਨੇ ਕਿਹਾ ਕਿ ਸਾਡਾ ਬਿਜਲੀ ਢਾਂਚਾ ਮੁੜ ਬਣ ਸਕਦਾ ਹੈ, ਪਰ ਇਸ ਮੁਸ਼ਕਲ ਵੇਲੇ ਦਿਖਾਈ ਏਕਤਾ ਅਤੇ ਸੇਵਾ ਦੀ ਭਾਵਨਾ ਅਮੁੱਲ ਹੈ।



## ਪੂਰੀ ਬਹਾਲੀ ਲਈ ਲੱਗੇਗਾ ਹਫਤਾ

ਖੇਤੀਬਾੜੀ 'ਤੇ ਵੀ ਇਸਦਾ ਵੱਡਾ ਅਸਰ ਪਿਆ ਹੈ। ਬਿਜਲੀ ਬੰਦ ਹੋਣ ਕਰਕੇ ਕਿਸਾਨਾਂ ਦੇ ਟਿਊਬਵੈੱਲ ਤੇ ਸਿੰਚਾਈ ਪ੍ਰਣਾਲੀਆਂ ਠੱਪ ਹੋ ਗਈਆਂ ਹਨ, ਜਿਸ ਕਾਰਨ ਹੜ੍ਹਾਂ ਨਾਲ ਖਰਾਬ ਹੋਈਆਂ ਫ਼ਸਲਾਂ ਦੀ ਹਾਲਤ ਹੋਰ ਖ਼ਰਾਬ ਹੋ ਰਹੀ ਹੈ।

ਇਸ ਮੁਸ਼ਕਲ ਘੜੀ ਵਿੱਚ ਵੀ ਪਾਵਰਕਾਮ ਦੇ 22 ਹਜ਼ਾਰ ਤੋਂ ਵੱਧ ਕਰਮਚਾਰੀ ਰਾਤ-ਦਿਨ ਮਿਹਨਤ ਕਰਕੇ ਬਿਜਲੀ ਸਪਲਾਈ ਬਹਾਲ ਕਰਨ ਵਿੱਚ ਲੱਗੇ ਹੋਏ ਹਨ। ਹਸਪਤਾਲਾਂ,ਪਾਣੀ ਸਪਲਾਈ ਪ੍ਰਣਾਲੀ ਅਤੇ ਰਾਹਤ ਕੈਂਪਾਂ ਨੂੰ ਤਰਜੀਹ ਦੇ ਕੇ ਬਿਜਲੀ ਦਿੱਤੀ ਜਾ ਰਹੀ ਹੈ, ਹਾਲਾਂਕਿ ਪਿੰਡਾਂ ਦਾ ਵੱਡਾ ਹਿੱਸਾ ਅਜੇ ਵੀ ਹਨੇਰੇ ਵਿੱਚ ਹੈ। ਇੰਜੀਨੀਅਰਾਂ ਨੇ ਦੱਸਿਆ ਕਿ ਜਿੱਥੇ ਟਰਾਂਸਫਾਰਮਰ ਤੇ ਲਾਈਨਾਂ ਅਜੇ ਵੀ ਪਾਣੀ ਹੇਠ ਹਨ, ਉੱਥੇ ਮੁਰੰਮਤ ਕਰਨਾ ਸੰਭਵ ਨਹੀਂ। ਸੁਰੱਖਿਆ ਕਾਰਨ, ਪਾਣੀ ਹਟਣ ਦੀ ਉਡੀਕ ਕਰਨੀ ਪੈਂਦੀ ਹੈ। ਇਸ ਕਰਕੇ ਪੂਰੀ ਬਹਾਲੀ ਵਿੱਚ ਕਈ ਹਫ਼ਤੇ ਲੱਗ ਸਕਦੇ ਹਨ।

# ਦਰਿਆਵਾਂ ਲਈ ਹੜ੍ਹ ਖੇਤਰ ਛੱਡਣਾ ਜ਼ਰੂਰੀ: ਸੀਚੇਵਾਲ

**ਸੁਲਤਾਨ ਪੁਰ ਲੋਧੀ:** ਰਾਜ ਸਭਾ ਮੈਂਬਰ ਤੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਹੜ੍ਹਾਂ ਤੋਂ ਨਿਜ਼ਾਤ ਪਾਉਣ ਲਈ ਸਾਨੂੰ ਕੁਦਰਤ ਦੇ ਨੇੜੇ ਜਾਣਾ ਪੈਣਾ ਤੇ ਦਰਿਆਵਾਂ ਲਈ ਹੜ੍ਹ ਖੇਤਰ ਛੱਡਣਾ ਪੈਣਾ ਹੈ। ਪਿਛਲੇ 29 ਦਿਨਾਂ ਤੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਜਾ ਕੇ ਮੋਹਰੇ ਹੋ ਕੇ ਪੀੜਤ ਲੋਕਾਂ ਦੀ ਬਾਂਹ ਫੜਨ ਵਾਲੇ ਸੰਤ ਸੀਚੇਵਾਲ ਨੇ ਕਿਹਾ ਕਿ ਸਾਨੂੰ ਆਲਮੀ ਪੱਧਰ 'ਤੇ ਜਲਵਾਯੂ ਵਿੱਚ ਆ ਰਹੀਆਂ ਤਬਦੀਲੀਆਂ ਦੇ ਮੱਦੇਨਜ਼ਰ ਆਪਣੀਆਂ ਫਸਲਾਂ ਤੈਅ ਕਰਨੀਆਂ ਪੈਣਗੀਆਂ। ਜਲਵਾਯੂ ਤਬਦੀਲੀ ਨਾਲ ਆਉਣ ਵਾਲੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਉਸਦੇ ਹਾਣ ਦਾ ਬਣਨਾ ਪਵੇਗਾ। ਉਨ੍ਹਾਂ ਕਿਹਾ ਕਿ ਵਿਕਾਸ ਦਾ ਮਾਡਲ ਜੋ ਪੇਸ਼ ਕੀਤਾ ਜਾ ਰਿਹਾ ਹੈ ਉਸ ਨੇ ਤਬਾਹੀ ਮਚਾਈ ਹੋਈ ਹੈ। ਇਸ ਵਿਕਾਸ ਦੇ ਮਾਡਲ ਨੇ ਜੰਗਲਾਂ ਅਤੇ ਪਹਾੜਾਂ ਦਾ ਉਜਾੜਾ ਕੀਤਾ ਹੈ।



ਸੰਤ ਸੀਚੇਵਾਲ ਨੇ ਕਿਹਾ ਕਿ ਦਰਿਆਵਾਂ ਕਿਨਾਰੇ ਸਭਿਅਤਾਵਾਂ ਵੱਸਣ ਦਾ ਇਹੀ ਵੱਡਾ ਕਾਰਨ ਸੀ ਕਿ ਦਰਿਆ ਆਪਣੇ ਨਾਲ ਵੱਡੀ ਪੱਧਰ 'ਤੇ ਉਪਜਾਊ ਮਿੱਟੀ ਲਿਆਂਦੇ ਹਨ। ਇਹੀ ਮਿੱਟੀ ਫਸਲਾਂ ਲਈ ਲਾਹੇਵੰਦ ਹੁੰਦੀ ਸੀ ਪਰ ਜਦੋਂ ਤੋਂ ਮਨੁੱਖ ਨੇ ਕੁਦਰਤ ਨਾਲ ਛੇੜ-ਛਾੜ ਕਰਨੀ ਸ਼ੁਰੂ ਕੀਤੀ ਹੋਈ ਉਦੋਂ ਤੋਂ ਹੀ ਮੁਸੀਬਤਾਂ ਵਿੱਚ ਘਿਰਦਾ ਜਾ ਰਿਹਾ ਹੈ।ਜ਼ਿਕਰਯੋਗ ਹੈ ਕਿ ਪੰਜਾਬ ਵਿੱਚ ਸਤਲੁਜ, ਬਿਆਸ, ਰਾਵੀ ਤੇ ਘੱਗਰ ਦੁਆਲੇ ਕੁਲ 900 ਕਿਲੋਮੀਟਰ ਲੰਮੇ ਧੁੱਸੀ ਬੰਨ੍ਹ ਹਨ। ਇਨ੍ਹਾਂ ਵਿੱਚੋਂ 226 ਕਿਲੋਮੀਟਰ ਸਤਲੁਜ, ਰਾਵੀ ਦਾ 164 ਕਿਲੋਮੀਟਰ, ਬਿਆਸ 104 ਕਿਲੋਮੀਟਰ ਅਤੇ ਘੱਗਰ ਲਗਭਗ 100 ਕਿਲੋਮੀਟਰ ਤੱਕ ਧੁੱਸੀ ਬੰਨ੍ਹ ਹਨ। ਇਸ ਤੋਂ ਇਲਾਵਾ ਛੋਟੀਆਂ ਨਦੀਆਂ ਅਤੇ ਚੋਆਂ ਦੇ ਦੁਆਲੇ ਵੀ 300 ਕਿਲੋਮੀਟਰ ਲੰਮੇ ਕੱਚੇ ਬੰਨ੍ਹ ਹਨ। ਦਰਿਆਵਾਂ ਦੇ ਇਹ ਬੰਨ੍ਹ 1950-60 ਦੇ ਦਹਾਕੇ ਦੌਰਾਨ ਬੱਝੇ ਸਨ ਤੇ ਇਸ ਵਾਰ ਪੰਜਾਬ ਵਿੱਚ ਆਏ ਪਾਣੀ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ।ਸੰਤ ਸੀਚੇਵਾਲ ਨੇ ਕਿਹਾ ਕਿ ਧੁੱਸੀ ਬੰਨ੍ਹਾਂ ਨੂੰ ਮਜ਼ਬੂਤ ਕਰਨ ਲਈ ਇੰਨ੍ਹਾਂ 'ਤੇ ਪੱਕੀਆਂ ਸੜਕਾਂ ਬਣਾਈਆਂ ਜਾਣ ਅਤੇ ਬੰਨ੍ਹਾਂ 'ਤੇ ਰੁੱਖ ਲਾਏ ਜਾਣ। ਹੜ੍ਹਾਂ ਤੋਂ ਬਚਣ ਲਈ ਕੁਦਰਤ ਦੇ ਨੇੜੇ ਜਾਣ ਦਾ ਸਭ ਤੋਂ ਸੌਖਾ ਤਰੀਕਾ ਇਹ ਹੈ ਕਿ ਆਪਣੇ ਖੇਤਾਂ ਵਿੱਚ ਜਾਂ ਮੋਟਰ 'ਤੇ ਘੱਟੋਂ ਘੱਟ ਪੰਜ ਰੁੱਖ ਲਾਏ ਜਾਣ। ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ 14 ਲੱਖ ਟਿਊਬਵੈੱਲ ਹਨ ਤੇ ਜੇ ਹਰ ਮੋਟਰ 'ਤੇ ਪੰਜ ਰੁੱਖ ਵੀ ਲੱਗ ਜਾਣ ਤਾਂ 70 ਲੱਖ ਰੁੱਖਾਂ ਦਾ ਵਾਧਾ ਹੋ ਸਕਦਾ ਹੈ, ਜਿਹੜੇ ਹੜ੍ਹਾਂ ਨੂੰ ਘਟਾਉਣ ਵਿੱਚ ਸਹਾਈ ਹੋਣਗੇ ਤੇ ਸਮੇਂ ਅਨੁਸਾਰ ਮੀਂਹ ਪੁਆਉਣ ਵਿੱਚ ਵੀ ਮੱਦਦਗਾਰ ਹੋਣਗੇ।

# ਹਾਈ ਕੋਰਟ ਨੇ ਸਰਕਾਰ ਨੂੰ ਹਲਫ਼ਨਾਮਾ ਦਾਖ਼ਲ ਕਰਨ ਲਈ ਦਿੱਤੀ ਮੋਹਲਤ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਹੜ੍ਹ ਪੀੜਤਾਂ ਨੂੰ ਰਾਹਤ ਤੇ ਉਨ੍ਹਾਂ ਦੇ ਮੁੜ ਵਸੇਬੇ ਸਬੰਧੀ ਜਨਹਿੱਤ ਪਟੀਸ਼ਨਾਂ 'ਤੇ ਸੁਣਵਾਈ ਕਰਦਿਆਂ ਸੂਬਾ ਸਰਕਾਰ ਨੂੰ ਹਲਫ਼ਨਾਮਾ ਦੇਣ ਲਈ ਮੋਹਲਤ ਦੇ ਦਿੱਤੀ ਹੈ। ਅਦਾਲਤ ਨੇ ਕਿਹਾ ਹੈ ਕਿ ਸੂਬਾ ਸਰਕਾਰ ਉਦੋਂ ਹੀ ਹਲਫ਼ਨਾਮਾ ਦਾਖ਼ਲ ਕਰੇ ਜਦੋਂ ਹੜ੍ਹ ਦੀ ਸਥਿਤੀ ਠੀਕ ਹੋ ਜਾਵੇਗੀ। ਇਸ ਲਈ ਅਦਾਲਤ ਨੇ ਛੇ ਹਫ਼ਤਿਆਂ ਦਾ ਸਮਾਂ ਦਿੱਤਾ ਹੈ। ਚੀਫ ਜਸਟਿਸ ਸ਼ੀਲ ਨਾਗੂ ਤੇ ਜਸਟਿਸ ਸੰਜੀਵ ਬੇਰੀ ਦੇ ਬੈਂਚ ਨੇ ਕਿਹਾ ਕਿ ਰਾਹਤ ਕਾਰਜਾਂ 'ਚ ਲੱਗੇ ਅਧਿਕਾਰੀ ਤੇ ਪਾਰਟੀਆਂ ਇਸ ਸਮੇਂ ਜ਼ਮੀਨ 'ਤੇ ਮੁਸ਼ਕਲ ਮਿਹਨਤ ਕਰ ਰਹੀਆਂ ਹਨ। ਜੇਕਰ ਅਦਾਲਤ ਇਸ ਵੇਲੇ ਨੋਟਿਸ ਜਾਰੀ ਕਰ ਕੇ ਸੂਬੇ ਤੋਂ ਜਵਾਬ ਮੰਗਦੀ ਹੈ ਤਾਂ ਕਈ ਅਧਿਕਾਰੀ ਰਾਹਤ ਕਾਰਜ ਛੱਡ ਕੇ ਕਾਗਜ਼ੀ ਜਵਾਬ ਤਿਆਰ ਕਰਨ 'ਚ ਲੱਗ ਜਾਣਗੇ। ਅਦਾਲਤ ਨੇ ਕਿਹਾ ਕਿ ਡਿਜ਼ਾਸਟਰ ਰਿਲੀਫ ਟੀਮਾਂ, ਫ਼ੌਜ ਤੇ ਪ੍ਰਸ਼ਾਸਨ ਪੂਰੀ ਤਾਕਤ ਨਾਲ ਕੰਮ ਕਰ ਰਹੇ ਹਨ। ਕਿਰਪਾ ਕਰ ਕੇ ਉਨ੍ਹਾਂ ਦੇ ਰਸਤੇ 'ਚ ਰੁਕਾਵਟ ਨਾ ਪਾਓ। ਅਜੇ ਸੰਕਟ ਦੀ ਘੜੀ ਹੈ, ਬਾਅਦ 'ਚ ਸੂਬੇ ਤੋਂ ਜਵਾਬ ਮੰਗਿਆ ਜਾਵੇਗਾ। ਚੀਫ ਜਸਟਿਸ ਨਾਗੂ ਨੇ ਕਿਹਾ ਕਿ ਜੇਕਰ ਤੁਸੀਂ ਚਾਹੁੰਦੇ ਹੋ ਕਿ ਰਾਹਤ ਤੇ ਬਚਾਅ ਕਾਰਜ ਰੁਕਣ ਨਾ ਤਾਂ ਅਸੀਂ ਨੋਟਿਸ ਜਾਰੀ ਕਰ ਸਕਦੇ ਹਾਂ ਪਰ ਇਸ ਦੀ ਜ਼ਿੰਮੇਵਾਰੀ ਵੀ ਤੁਹਾਨੂੰ ਲੈਣੀ ਪਵੇਗੀ।




# ਆਧਾਰ ਪਛਾਣ ਦਾ ਪ੍ਰਮਾਣ, ਨਾਗਰਿਕਤਾ ਦਾ ਨਹੀਂ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਨੂੰ ਇਕ ਵਾਰ ਮੁੜ ਬਿਹਾਰ 'ਚ ਵੋਟਰ ਸੂਚੀ ਦੀ ਵਿਸ਼ੇਸ਼ ਡੂੰਘੀ ਛਾਣ (ਐਸਆਈਆਰ) ਦੌਰਾਨ ਆਧਾਰ ਨੂੰ ਕੇਂਦਰਾਂ ਦੀ ਪਛਾਣ ਸਥਾਪਤ ਕਰਨ ਲਈ 12ਵੇਂ ਦਸਤਾਵੇਜ਼ ਦੇ ਰੂਪ 'ਚ ਸ਼ਾਮਲ ਕਰਨ ਦੇ ਨਿਰਦੇਸ਼ ਦਿੱਤੇ ਹਨ। ਨਾਲ ਹੀ ਇਸ ਜ਼ਾਰ ਫ਼ਰੀ ਦਿਸ਼ਾ-ਨਿਰਦੇਸ਼ ਜਾਰੀ ਕਰਨ ਨੂੰ ਕਿਹਾ ਹੈ। ਸੁਪਰੀਮ ਕੋਰਟ ਨੇ ਇਹ ਸਾਫ਼ ਕੀਤਾ ਹੈ ਕਿ ਆਧਾਰ ਦਾ ਇਸਤੇਮਾਲ ਸਿਰਫ਼ ਪਛਾਣ ਲਈ ਕੀਤਾ ਜਾਵੇਗਾ, ਇਹ ਨਾਗਰਿਕਤਾ ਦਾ ਦਸਤਾਵੇਜ਼ ਨਹੀਂ ਹੈ। ਨਾਰਰਿਕਤਾ ਪ੍ਰਮਾਣਤ ਕਰਨ ਲਈ ਦੂਜੇ ਦਸਤਾਵੇਚ ਦੇਣੇ ਪੈਣਗੇ। ਪਟੀਸ਼ਨ 'ਚ ਹੁਣ ਅਗਲੇ ਹਫ਼ਤੇ ਯਾਨੀ 15 ਸਤੰਬਰ ਨੂੰ ਮੁੜ ਸੁਣਵਾਈ ਹੋਵੇਗੀ।




ਸੁਪਰੀਮ ਕੋਰਟ ਨੇ ਸੋਮਵਾਰ ਨੂੰ ਬਿਹਾਰ ਐਸਆਈਆਰ 'ਤੇ ਸੁਣਵਾਈ ਦੌਰਾਨ ਚੋਣ ਕਮਿਸ਼ਨ ਨੂੰ ਇਹ ਨਿਰਦੇਸ਼ ਉਦੋਂ ਦਿੱਤਾ, ਜਦੋਂ ਪਟੀਸ਼ਨਰਾਂ ਨੇ ਦੋਸ਼ ਲਗਾਇਆ ਕਿ ਅਦਾਲਤ ਦੇ ਨਿਰਦੇਸ਼ ਤੋਂ ਬਾਅਦ ਵੀ ਬੂਥ ਲੈਵਲ ਅਫ਼ਸਰ (ਬੀਐੱਲਓ) ਆਧਾਰ ਨੂੰ ਦਸਤਾਵੇਜ਼ ਦੇ ਰੂਪ 'ਚ ਮਨਜ਼ੂਰ ਨਹੀਂ ਕਰ ਰਹ ਹਨ। ਕਮਿਸ਼ਨ ਨੇ ਇਸ ਦੌਰਾਨ ਕੋਰਟ ਨੂੰ ਦੱਸਿਆ ਕਿ ਡ੍ਰਾਫਟ ਸੂਚੀ 'ਚ ਸ਼ਾਮਲ 7.24 ਕਰੋੜ ਵੋਟਰਾਂ 'ਚੋਂ 99.6 ਫ਼ੀਸਦੀ ਨੇ ਆਪਣੇ ਦਸਤਾਵੇਜ਼ ਜਮ੍ਹਾਂ ਕਰ ਦਿੱਤੇ ਹਨ। ਇਸ ਹਾਲਤ 'ਚ ਆਧਾਰ ਨੂੰ 12ਵੇਂ ਦਸਤਾਵੇਜ਼ ਦੇ ਰੂਪ 'ਚ ਸ਼ਾਮਲ ਕਰਨ ਦੀ ਮੰਗ ਕਰਨ ਵਾਲਿਆਂ ਦਾ ਇਸ ਨਾਲਕੋਈ ਉਦੇਸ਼ ਪੂਰਾ ਨਹੀਂ ਹੋਵੇਗਾ। ਉਂਝ ਵੀ ਕਮਿਸ਼ਨ ਵੱਲੋਂ ਪਹਿਲਾਂ ਤੋਂ ਹੀ 11 ਦਸਤਾਵੇਜ਼ ਤੈਅ ਕੀਤੇ ਗਏ ਹਨ, ਜਿਹੜੇ ਗਿਣਤੀ ਫਾਰਮ ਨਾਲ ਜਮ੍ਹਾਂ ਕਰਨੇ ਪੈਂਦੇ ਹਨ।

ਚੋਣ ਕਮਿਸ਼ਨ ਵੱਲੋਂ ਆਧਾਰ ਦੀ ਦੁਰਵਰਤੋਂ ਦਾ ਮੁੱਦਾ ਚੁੱਕੇ ਜਾਣ 'ਤੇ ਜਸਟਿਸ ਸੂਰੀਆਕਾਂਤ ਤੇ ਜੋਯਮਾਲਿਆ ਬਾਗਚੀ ਦੇ ਬੈਂਚ ਨੇ ਸਾਫ਼ ਕੀਤਾ ਕਿ ਆਧਾਰ ਨਾਗਰਿਕਤਾ ਦਾ ਸਰਟੀਫਿਕੇਟ ਨਹੀਂ ਹੋਵੇਗਾ। ਇਹ ਸਿਰਫ਼ ਪਛਾਣ ਦੇ ਰੂਪ 'ਚ ਇਸਤੇਮਾਲ ਹੋਵੇਗਾ। ਵੋਟਰ ਸੂਚੀ 'ਚ ਸ਼ਾਮਲ ਕਰਨ ਲਈ ਦਿੱਤੇ ਗਏ ਆਧਾਰ ਕਾਰਡ ਦੀ ਅਸਲੀਅਤ ਦੀ ਕਮਿਸ਼ਨ ਜਾਂਚ ਕਰ ਸਕੇਗਾ। ਇਸ ਦੌਰਾਨ ਬੈਂਚ ਨੇ ਕਿਹਾ ਕਿ ਸਿਰਫ਼ ਅਸਲੀ ਨਾਗਰਿਕਾਂ ਨੂੰ ਹੀ ਵੋਟ ਦੀ ਇਜਾਜ਼ਤ ਹੋਵੇਗੀ। ਫ਼ਰਜ਼ੀ ਦਸਤਾਵੇਜ਼ਾਂ ਦੇ ਆਧਾਰ 'ਤੇ ਨਾਗਰਿਕਤਾ ਦਾ ਦਾਅਵਾ ਕਰਨ ਵਾਲਿਆਂ ਨੂੰ ਵੋਟਰ ਸੂਚੀ ਤੋਂ ਬਾਹਰ ਰੱਖਿਆ ਜਾਵੇਗਾ। ਕੋਰਟ ਨੇ ਆਪਣੇ ਨਿਰਦੇਸ਼ ਤੋਂ ਬਾਅਦ ਵੀ ਆਧਾਰ ਨੂੰ 12ਵੇਂ ਦਸਤਾਵੇਜ਼ ਦੇ ਰੂਪ 'ਚ ਨਾ ਮੰਨਣ ਦੇ ਮਾਮਲੇ 'ਚ ਕਮਿਸ਼ਨ ਤੋਂ ਸਪਸ਼ਟੀਕਰਨ ਮੰਗਿਆ ਹੈ।

ਜ਼ਿਕਰਯੋਗ ਹੈ ਕਿ ਬਿਹਾਰ 'ਚ ਚੋਣਾਂ ਤੋਂ ਪਹਿਲਾਂ ਕਰਵਾਏ ਜਾ ਰਹੇ ਐੱਸਆਈਆਰ 'ਤੇ ਵਿਰੋਧੀ ਪਾਰਟੀਆਂ ਸਵਾਲ ਖੜ੍ਹੇ ਕਰ ਰਹੀਆਂ ਹਨ। ਦੂਜੇ ਪਾਸੇ ਕਮਿਸ਼ਨ ਨੇ ਸਾਫ਼ ਕੀਤਾ ਹੈ ਕਿ ਉਹ ਐੱਸਆਈਆਰ ਤਹਿਤ ਅੰਤਿਮ ਵੋਟਰ ਸੂਚੀ ਦਾ ਪ੍ਰਕਾਸ਼ਨ 30 ਸਤੰਬਰ ਤੱਕ ਕਰ ਦੇਵੇਗਾ।

# ਮੁਕਾਬਲੇ 'ਚ ਲਸ਼ਕਰ ਦੇ ਪਾਕਿ ਕਮਾਂਡਰ ਸਣੇ ਦੋ ਅੱਤਵਾਦੀ ਢੇਰ

**ਸ੍ਰੀਨਗਰ:** ਕੁਲਗਾਮ ਵਿਚ ਸੋਮਵਾਰ ਨੂੰ ਸੁਰੱਖਿਆ ਬਲਾਂ ਨੇ ਇਕ ਮੁਕਾਬਲੇ ਵਿਚ ਲਸ਼ਕਰ-ਏ-ਤਇਬਾ ਦੇ ਪਾਕਿਸਤਾਨੀ ਕਮਾਂਡਰ ਰਹਿਮਾਨ ਭਾਈ ਸਣੇ ਦੋ ਅੱਤਵਾਦੀਆਂ ਨੂੰ ਮਾਰ ਦਿੱਤਾ। ਇਸ ਦੌਰਾਨ ਦੋ ਫ਼ੌਜੀ ਵੀ ਸ਼ਹੀਦ ਹੋ ਗਏ ਅਤੇ ਇਕ ਮੇਜਰ ਰੈਂਕ ਦਾ ਅਧਿਕਾਰੀ ਜ਼ਖ਼ਮੀ ਹੈ। ਮਾਰੇ ਗਏ ਅੱਤਵਾਦੀਆਂ ਦੇ ਹੋਰ ਸਾਥੀਆਂ ਵਿਰੁੱਧ ਵੀ ਸੁਰੱਖਿਆ ਬਲਾਂ ਨੇ ਮੁਹਿੰਮ ਜਾਰੀ ਰੱਖੀ ਹੋਈ ਹੈ। ਡੀਜੀਪੀ ਨਲਿਨ ਪ੍ਰਭਾਤ ਨੇ ਕੁਲਗਾਮ ਵਿਚ ਸਬੰਧਤ ਅਧਿਕਾਰੀਆਂ ਨਾਲ ਮੁਹਿੰਮ ਦਾ ਜਾਇਜ਼ਾ ਲਿਆ। ਇਸ ਤੋਂ ਪਹਿਲਾਂ ਅਗਸਤ 'ਚ ਕੁਲਗਾਮ ਦੇ ਅੱਖਾਲ ਵਿਚ 12 ਦਿਨ ਤੱਕ ਮੁਕਾਬਲਾ ਚੱਲਿਆ ਸੀ, ਜਿਸ ਵਿਚ ਦੋ ਫ਼ੌਜੀ ਸ਼ਹੀਦ ਹੋ ਗਏ ਸਨ।



ਸੁਰੱਖਿਆ ਬਲਾਂ ਨੂੰ ਆਪਣੇ ਤੰਤਰ ਤੋਂ ਪਤਾ ਲੱਗਾ ਸੀ ਕਿ ਅੱਤਵਾਦੀਆਂ ਦੀ ਇਕ ਟੋਲੀ ਕੁਲਗਾਮ ਦੇ ਗੁਡਰ ਖੇਤਰ ਵਿਚ ਆਪਣੇ ਕਿਸੇ ਸੰਪਰਕ ਸੂਤਰ ਨੂੰ ਮਿਲਣ ਆਈ ਹੋਈ ਹੈ। ਇਸ ਆਧਾਰ 'ਤੇ ਗੁਡਰ 'ਚ ਤਲਾਸ਼ੀ ਮੁਹਿੰਮ ਚਲਾਈ ਗਈ। ਅੱਤਵਾਦੀ ਪਿੰਡ ਦੇ ਬਾਹਰੀ ਕਿਨਾਰੇ 'ਤੇ ਇਕ ਬਾਗ਼ ਵਿਚ ਲੁਕੇ ਹੋਏ ਸਨ। ਅੱਤਵਾਦੀਆਂ ਨੇ ਜਵਾਨਾਂ ਨੂੰ ਬਾਗ਼ ਵੱਲ ਆਉਂਦੇ ਦੇਖ ਉਨ੍ਹਾਂ 'ਤੇ ਗੋਲੀਬਾਰੀ ਕਰ ਦਿੱਤੀ ਅਤੇ ਗ੍ਰਨੇਡ ਵੀ ਦਾਗੇ। ਜਵਾਨਾਂ ਨੇ ਵੀ ਜਵਾਬੀ ਫਾਇਰ ਕੀਤਾ।

ਮੁਕਾਬਲਾ ਸਵੇਰੇ ਸੱਤ ਵਜੇ ਸ਼ੁਰੂ ਹੋਇਆ ਅਤੇ ਪਹਿਲਾ ਅੱਤਵਾਦੀ ਲਗਪਗ ਸਵਾ ਅੱਠ ਵਜੇ ਮਾਰਿਆ ਗਿਆ। ਇਸ ਦੌਰਾਨ ਫ਼ੌਜ ਦਾ ਇਕ ਜੇਸੀਓ ਗੋਲੀ ਲੱਗਣ ਨਾਲ ਜ਼ਖ਼ਮੀ ਹੋ ਗਿਆ। ਹੋਰ ਜਵਾਨਾਂ ਨੇ ਉਨ੍ਹਾਂ ਉੱਥੋਂ ਕੱਢ ਕੇ ਇਲਾਜ ਲਈ ਸ੍ਰੀਨਗਰ ਸਥਿਤ 92 ਬੇਸ ਹਸਪਤਾਲ ਪਹੁੰਚਾਇਆ। ਅੱਤਵਾਦੀ ਦੇ ਮਾਰੇ ਜਾਣ ਦੇ ਲਗਪਗ ਦਾਈ ਘੰਟੇ ਬਾਅਦ ਤੱਕ ਗੋਲੀ ਨਾ ਚੱਲੀ ਤਾਂ ਸੁਰੱਖਿਆ ਬਲਾਂ ਨੂੰ ਲੱਗਾ ਕਿ ਹੋਰ ਅੱਤਵਾਦੀ ਉੱਥੋਂ ਭੱਜ ਗਏ ਹਨ ਜਾਂ ਮਾਰੇ ਗਏ ਹਨ। ਜਵਾਨਾਂ ਨੇ ਅੱਗੇ ਵੱਧ ਕੇ ਮਾਰੇ ਗਏ ਅੱਤਵਾਦੀ ਦੀ ਲਾਸ਼ ਨੂੰ ਕਬਜ਼ੇ ਵਿਚ ਲੈਣ ਦੀ ਕੋਸ਼ਿਸ਼ ਕੀਤੀ ਤਾਂ ਲੁਕੇ ਹੋਏ ਹੋਰ ਅੱਤਵਾਦੀਆਂ ਨੇ ਦੁਬਾਰਾ ਗੋਲੀਬਾਰੀ ਸ਼ੁਰੂ ਕਰ ਦਿੱਤੀ। ਇਸ ਵਿਚ ਮੇਜਰ ਸਮੇਤ ਦੋ ਜਵਾਨ ਜ਼ਖ਼ਮੀ ਹੋ ਗਏ। ਦੁਪਹਿਰ ਸਵਾ ਦੋ ਵਜੇ ਸੁਰੱਖਿਆ ਬਲਾਂ ਨੇ ਇਕ ਹੋਰ ਅੱਤਵਾਦੀ ਨੂੰ ਮਾਰ ਦਿੱਤਾ। ਉਸ ਤੋਂ ਬਾਅਦ ਉੱਥੇ ਫਿਰ ਕੁਝ ਦੇਰ ਲਈ ਗੋਲੀਬਾਰੀ ਬੰਦ ਹੋ ਗਈ। ਸੂਤਰਾਂ ਮੁਤਾਬਕ ਮੁਕਾਬਲਾ ਸਮਾਪਤ ਹੋ ਗਿਆ ਹੈ।ਦੋਵੇਂ ਅੱਤਵਾਦੀਆਂ ਦੀਆਂ ਲਾਸ਼ਾਂ ਤੇ ਉਨ੍ਹਾਂ ਦੇ ਹਥਿਆਰ ਸੁਰੱਖਿਆ ਬਲਾਂ ਨੇ ਆਪਣੇ ਕਬਜ਼ੇ ਵਿਚ ਲੈ ਲਏ ਹਨ। ਇਸ ਵਿਚਾਲੇ ਹਸਪਤਾਲ ਵਿਚ ਇਲਾਜ ਅਧੀਨ ਜੇਸੀਓ ਪ੍ਰਭਾਤ ਗੌੜ (ਉੱਤਰ ਪ੍ਰਦੇਸ਼) ਤੇ ਲਾਂਸ ਨਾਇਕ ਨਰਿੰਦਰ ਸਿੰਧੂ (ਕੈਥਲ ਹਰਿਆਣਾ) ਸ਼ਹੀਦ ਹੋ ਗਏ। ਉਧਰ, ਮਾਰੇ ਗਏ ਅੱਤਵਾਦੀਆਂ ਵਿਚ ਕ ਇਕ ਕੁਲਗਾਮ ਦੇ ਕੀਗਾਮ ਦਾ ਰਹਿਣ ਤਾਂ ਵਾਲਾ ਬਸ਼ੀਰ ਅਹਿਮਦ ਡਾਰ ਹੈ ਜਦਕਿ ਕ ਦੂਜਾ ਪਾਕਿਸਤਾਨ ਦਾ ਰਹਿਣ ਵਾਲਾ ਲਸ਼ਕਰ ਕਮਾਂਡਰ ਰਹਿਮਾਨ ਭਾਈ ਹੈ। ਰਹਿਮਾਨ 10 ਲੱਖ ਰੁਪਏ ਦਾ ਇਨਾਮੀ ਅੱਤਵਾਦੀ ਸੀ। ਇਸ ਵਿਚਾਲੇ, ਕੁਲਗਾਮ ਸਥਿਤ ਪੁਲਿਸ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਗੁਡਰ ਵਿਚ ਅੱਤਵਾਦ ਵਿਰੋਧੀ ਮੁਹਿੰਮ ਜਾਰੀ ਹੈ। ਮਾਰੇ ਗਏ ਅੱਤਵਾਦੀਆਂ ਦੇ ਸਾਥੀ ਆਲੇ-ਦੁਆਲੇ ਲੁਕੇ ਹੋਏ ਹਨ।

# ਹੜ੍ਹ ਪ੍ਰਭਾਵਿਤ ਖੇਤਰਾਂ ਲਈ ਰਵਾਨਾ ਕੀਤੀਆਂ ਸਪਰੇਅ ਮਸ਼ੀਨਾਂ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਲੋਕਾਂ ਨੂੰ ਬਿਮਾਰੀਆਂ ਤੋਂ ਬਚਾਉਣ ਲਈ 10 ਸਪਰੇਅ ਮਸ਼ੀਨਾਂ ਭੇਜੀਆਂ ਗਈਆਂ। ਇਸ ਸਬੰਧੀ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਜਿੱਥੇ ਹੜ੍ਹ ਪ੍ਰਭਾਵਿਤ ਇਲਾਕਿਆਂ ਅੰਦਰ ਰਾਹਤ ਕਾਰਜ ਲਗਾਤਾਰ ਚੱਲ ਰਹੇ ਹਨ, ਉੱਥੇ ਹੜ੍ਹਾਂ ਦੀ ਮਾਰ ਹੇਠ ਆਏ ਪਿੰਡਾਂ ਵਿਚ ਬਿਮਾਰੀਆਂ ਫੈਲਣ ਦੇ ਖਦਸ਼ੇ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਵੱਲੋਂ ਸਪਰੇਅ ਮਸ਼ੀਨਾਂ ਰਾਹੀਂ ਦਵਾਈ ਦਾ ਛਿੜਕਾਅ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਮਕਸਦ ਲਈ ਪ੍ਰਧਾਨ ਸਾਹਿਬ ਦੀਆਂ ਹਦਾਇਤਾਂ 'ਤੇ 10 ਸਪਰੇਅ ਮਸ਼ੀਨਾਂ ਸ਼੍ਰੋਮਣੀ ਕਮੇਟੀ ਦਫ਼ਤਰ ਤੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਲਈ ਭੇਜੀਆਂ ਗਈਆਂ ਹਨ ਅਤੇ ਅਗਲੇ ਦਿਨਾਂ ਵਿਚ ਹੋਰ ਮਸ਼ੀਨਾਂ ਵੀ ਭੇਜੀਆਂ ਜਾਣਗੀਆਂ। ਇਨ੍ਹਾਂ ਮਸ਼ੀਨਾਂ ਜ਼ਰੀਏ ਹਰ ਪਿੰਡ ਤੱਕ ਪਹੁੰਚ ਕਰ ਕੇ ਦਵਾਈ ਦਾ ਛਿੜਕਾਅ ਕੀਤਾ ਜਾਵੇਗਾ ਤਾਂ ਜੋ ਮੱਛਰ ਅਤੇ ਹੋਰ ਜ਼ਹਿਰੀਲੇ ਕੀੜਿਆਂ ਤੋਂ ਬਚਾਅ ਹੋ ਸਕੇ। ਇਨ੍ਹਾਂ ਸਪਰੇਅ ਮਸ਼ੀਨਾਂ ਦੀ ਸੇਵਾ ਜਲੰਧਰ ਦੀਆਂ ਸੰਗਤਾਂ ਵੱਲੋਂ ਕੀਤੀ ਗਈ ਹੈ, ਜਿਨ੍ਹਾਂ ਵਿਚ ਸਤਪਾਲ ਸਿੰਘ



ਮੁਲਤਾਨੀ ਰਿਚੀ ਟਰੈਵਲ, ਅਮਰਬੀਰ ਸਿੰਘ ਮੌਂਟੀ, ਗੁਰਦੀਪ ਸਿੰਘ ਰਾਵੀ, ਇੰਦਰਪ੍ਰੀਤ ਸਿੰਘ ਕਾਲੜਾ ਅਤੇ ਬੀਬੀ ਬਰਿੰਦਰ ਕੌਰ ਹੋਠੀ ਸ਼ਾਮਲ ਹਨ। ਉਨ੍ਹਾਂ ਰਾਹਤ ਕਾਰਜ ਵਿਚ ਸੇਵਾਵਾਂ ਵਿਚ ਸਹਿਯੋਗ ਕਰਨ ਵਾਲੀਆਂ ਸੰਗਤਾਂ ਦਾ ਧੰਨਵਾਦ ਵੀ ਕੀਤਾ।

# ਨਸ਼ੇੜੀ ਕੱਟ ਕੇ ਲੈ ਗਏ ਪੱਥਰਾਂ ਨੂੰ ਬੰਨ੍ਹਣ ਵਾਲੇ ਲੋਹੇ ਦੇ ਜਾਲ

**ਫ਼ਿਰੋਜ਼ਪੁਰ:** ਪੰਜਾਬ ਵਿਚ ਲਗਾਤਾਰ ਵੱਧ ਰਹੇ ਚਿੱਟੇ ਕਾਰਨ ਇਸ ਵਾਰ ਦੇ ਹੜ੍ਹਾਂ ਵਿਚ ਉਡਦਾ ਪੰਜਾਬ 'ਡੁੱਬਦਾ ਤੇ ਰੁੜ੍ਹਦਾ ਪੰਜਾਬ ਬਣਨ ਤੋਂ ਮਸਾਂ ਬਚਿਆ। ਹਿੰਦ ਪਾਕਿ ਕੌਮਾਂਤਰੀ ਸਰਹੱਦ ਦੇ ਕਰੀਬ ਦਰਿਆ ਸਤਲੁਜ ਦੇ 'ਹਬੀਬ ਕੇ' ਬੰਨ੍ਹ ਦੀਆਂ ਨੋਚਾਂ ਨੂੰ ਰੋਕਣ ਲਈ ਬਣਾਈਆਂ ਪੱਥਰਾਂ ਦੀਆਂ ਕੰਧਾਂ ਤੋਂ ਨਸ਼ੇਰੀਆਂ ਵੱਲੋਂ ਲੋਹੇ ਦੇ ਜਾਲ ਕੱਟ ਕੇ ਕਬਾੜੀਆਂ ਨੂੰ ਵੇਚ ਦਿੱਤੇ ਗਏ। ਇਸ ਦੇ ਚੱਲਦਿਆਂ ਬੰਨ੍ਹ ਦੀਆਂ ਨੋਚਾਂ 'ਤੇ ਸਿੱਧੇ ਟਕਰਾਉਣ ਵਾਲੇ ਤੇਜ਼ ਰਫਤਾਰ ਦਰਿਆ ਦੇ ਪਾਣੀ ਨੂੰ ਰੋਕਣ ਲਈ ਬਣਾਈ 'ਸੇਫਟੀ ਵਾਲ' ਤਾਂ ਪਹਿਲੋਂ ਹੀ ਥਾਂ-ਥਾਂ ਤੋਂ ਪਾਣੀ ਵਿਚ ਰੁੜ੍ਹ ਗਈ। ਹੁਣ ਬੰਨ੍ਹ ਦੀ ਸੇਫਟੀ ਵਾਲ ਦੀ ਬਜਾਏ ਸਿੱਧਾ ਬੰਨ੍ਹ ਦੇ ਕੋਲੋਂ ਜਦੋਂ ਪਾਣੀ ਘਾਰ ਪਾਉਣ ਲੱਗਾ ਤਾਂ ਪਿੰਡ ਹਬੀਬ ਕੇ ਵਾਸੀਆਂ ਵੱਲੋਂ ਵੇਖ ਲਿਆ ਗਿਆ। ਇਸ 'ਤੇ ਸਮਾਂ ਰਹਿੰਦਿਆਂ ਮਾਮਲਾ ਪ੍ਰਸ਼ਾਸਨਿਕ ਅਧਿਕਾਰੀਆਂ ਕੋਲ ਪਹੁੰਚਿਆ ਤਾਂ ਫੌਰੀ ਫੌਜ ਬੁਲਾ ਲਈ ਗਈ। ਅਜਿਹੇ ਵਿਚ ਪਿੰਡ ਵਾਸੀਆਂ ਵੱਲੋਂ ਵੀ ਕੀਤੀ ਗਈ ਅਪੀਲ ਤੋਂ ਪੰਜਾਬ ਭਰ ਤੋਂ ਅਤੇ ਰਾਜਸਥਾਨ ਹਰਿਆਣਾ ਤੱਕ ਤੋਂ ਆਈ ਸੰਗਤ ਨੇ ਹੰਭਲਾ ਮਾਰਦਿਆਂ ਬੰਨ੍ਹ ਨੂੰ ਟੁੱਟਣ ਤੋਂ ਬਚਾਅ ਲਿਆ।



ਜ਼ਿਕਰਯੋਗ ਹੈ ਕਿ ਹਬੀਬ ਕੇ ਬੰਨ੍ਹ 'ਤੇ ਜ਼ਿਆਦਾ ਨਾਜ਼ੁ ਥਾਵਾਂ 'ਤੇ ਬੰਨ੍ਹ ਦੀਆਂ ਪੱਥਰ ਨਾਲ ਬਣੀਆਂ ਨੋਚਾਂ ਨੂੰ ਹੋਰ ਸੈਫਟੀ ਦੇਣ ਦੇ ਮਕਸਦ ਨਾਲ ਬੰਨ੍ਹ ਦੀਆਂ ਨੋਚਾਂ ਦੇ ਅੱਗੇ ਪੱਥਰਾਂ ਨਾਲ ਬਣੀ ਸੇਫਟੀ ਵਾਲ ਬਣਾਈ ਗਈ ਸੀ। ਵੱਡੇ ਪੱਥਰਾਂ ਨੂੰ ਲੋਹੇ ਦੇ ਮਜ਼ਬੂਤ ਜਾਲਾਂ ਵਿਚ ਬੰਨ੍ਹ ਕੇ ਸੇਫਟੀ ਨੋਚਾਂ ਬਣਾਈਆਂ ਗਈਆਂ ਸਨ। ਉਨ੍ਹਾਂ ਨੋਚਾਂ ਦੇ ਪੱਥਰਾਂ ਨੂੰ ਆਪਸ ਵਿਚ ਮਜ਼ਬੂਤੀ ਨਾਲ ਬੰਨ੍ਹ ਕੇ ਰੱਖਣ ਵਾਲੇ ਲੋਹੇ ਦੇ ਜਾਲ ਨੂੰ ਨਸ਼ੇੜੀਆਂ ਵੱਲੋਂ ਕੱਟ ਕੇ ਵੇਚ ਦਿੱਤਾ ਗਿਆ। ਪਿੰਡ ਹਬੀਬ ਕੇ ਦੇ ਬੰਨ੍ਹ ਕੋਲ ਜਾ ਕੇ ਵੇਖਿਆ ਤਾਂ ਸੇਫਟੀ ਵਾਲ ਦਾ ਜਾਲ ਨਸ਼ੇੜੀਆਂ ਵੱਲੋਂ ਟੁੱਕ ਲਏ ਜਾਣ ਕਾਰਨ ਸੇਫਟੀ ਵਾਲ ਦੇ ਪੱਥਰ ਪਹਿਲੋਂ ਹੀ ਪਾਣੀ ਵਿਚ ਰੁੜ੍ਹ ਗਏ ਸਨ।ਹੁਣ ਤਾਂ ਮੁੱਖ ਬੰਨ੍ਹ ਦੀਆਂ ਨੋਚਾਂ ਤੋਂ ਵੀ ਕਈ ਜਗ੍ਹਾ ਲੋਹੇ ਦਾ ਜਾਲ ਕੱਟ ਕੇ ਨਸ਼ੇੜੀ ਲਿਜਾ ਚੁੱਕੇ ਹਨ।

## ਕਬਾੜੀਆਂ ਨੂੰ ਵੇਚੀ ਜਾ ਰਹੀ ਦੇਸ਼ ਦੀ ਸੁਰੱਖਿਆ

ਜਦੋਂ ਕਿਤੇ ਕਿਸੇ ਵੱਡੇ ਕੇਸ ਵਿਚ ਚੋਰੀ ਦਾ ਮਾਲ ਕਿਸੇ ਕਬਾੜੀਏ ਕੋਲੋਂ ਫੜਿਆ ਜਾਂਦਾ ਹੈ ਤਾਂ ਬੀਤੇ ਕਈ ਦਹਾਕਿਆਂ ਤੋਂ ਚੋਰੀ ਦਾ ਮਾਲ ਖਰੀਦਣ ਵਾਲੇ ਕਬਾੜੀਆਂ ਖ਼ਿਲਾਫ਼ ਪੁਲਿਸ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ ਰਹੀ ਹੈ।

ਇੱਥੋਂ ਤੱਕ ਕਿ ਪਿੰਡਾਂ ਵਿਚ ਕਿਸਾਨਾਂ ਦੀਆਂ ਮੋਟਰਾਂ ਤੋਂ ਸਟਾਰਟਰ ਅਤੇ ਸਬਮਰਸੀਬਲ ਮੋਟਰਾਂ ਦੀਆਂ ਤਾਰਾਂ ਆਦਿ ਚੋਰੀ ਕਰਦਿਆਂ ਕਿਸਾਨਾਂ ਵੱਲੋਂ ਫੜੇ ਜਾਂਦੇ ਚੋਰਾਂ ਵੱਲੋਂ ਫਿਰੋਜ਼ਪੁਰ ਸ਼ਹਿਰ ਦੇ ਕਬਾੜੀਆਂ ਦਾ ਨਾਂ ਲਏ ਜਾਣ ਦੇ ਬਾਵਜੂਦ ਪੁਲਿਸ ਵੱਲੋਂ ਕੋਈ ਕਾਰਵਾਈ ਨਹੀਂ ਹੁੰਦੀ ਰਹੀ ਹੈ।

ਪੁਲਿਸ ਵੱਲੋਂ ਭਾਵੇਂ ਸਟਾਰਟਰ, ਮੋਟਰਾਂ ਦੀਆਂ ਤਾਰਾਂ ਮਾਮੂਲੀ ਚੋਰੀ ਸਮਝੀ ਜਾਂਦੀ ਹੋਵੇ ਪਰ ਇਹੀ ਜਦੋਂ ਇਹ ਚੋਰੀ ਪੂਰੇ ਇਲਾਕੇ ਦੀ ਸੁਰੱਖਿਆ ਵਿਚ ਖੜੇ ਬੰਨ੍ਹ ਤੋਂ ਲੋਹੇ ਦਾ ਜਾਲ ਵੱਢ ਕੇ ਕੀਤੀ ਹੋਵੇ ਤਾਂ ਪੂਰਾ ਸ਼ਹਿਰ ਤਬਾਹ ਹੋ ਸਕਦਾ ਹੈ।

# ਲਿਟਰੇਰੀ ਫੋਰਮ ਅਤੇ ਸ਼ੁਗਲੀ ਯਾਦਗਾਰੀ ਟਰੱਸਟ ਨੇ ਕਰਵਾਇਆ ਸਾਹਿਤਕ ਸਮਾਗਮ






**ਜਲੰਧਰ:** ਜਲੰਧਰ ਲਿਟਰੇਰੀ ਫੋਰਮ ਅਤੇ ਗੁਰਮੀਤ ਸਿੰਘ ਸ਼ੁਗਲੀ ਯਾਦਗਾਰੀ ਟਰੱਸਟ ਵੱਲੋਂ ਸਾਂਝੇ ਤੌਰ 'ਤੇ ਦੇਸ਼ ਭਗਤ ਯਾਦਗਾਰ ਹਾਲ ਵਿਖੇ ਇੱਕ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਵਿਚ ਡਾ. ਜੱਸ ਮੰਡ ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ, ਜੋ ਕਿ ਕਈ ਕਿਤਾਬਾਂ ਦੇ ਲੇਖਕ ਹੋਣ ਦੇ ਨਾਲ ਕਾਲਮ ਨਵੀਸ ਅਤੇ ਚਿੱਤਰਕਾਰ ਵੀ ਹਨ। ਡਾ. ਮੰਡ ਨੇ ਅੰਟਾਰਕਟਿਕਾ ਬਾਰੇ ਆਪਣੇ ਪੀ.ਐੱਚ. ਡੀ ਥੀਸਿਸ ਬਾਰੇ ਸੰਖੇਪ ਵਿਚ ਗੱਲ ਕਰਨ ਤੋਂ ਬਾਅਦ ਆਪਣੀ ਕਿਤਾਬ 'ਦ ਸੀਕਰੇਟ ਆਫ਼ ਹੈਪੀਨੈੱਸ' ਦਾ ਜ਼ਿਕਰ ਕਰਦਿਆਂ ਕਿਹਾ ਕਿਇਸ ਵਿਚ ਉਨ੍ਹਾਂ ਖ਼ੁਸ਼ੀ ਦੇ ਵਿਗਿਆਨਕ ਪੱਖਾਂ ਨੂੰ ਉਭਾਰਿਆ ਹੈ। ਉਨ੍ਹਾਂ ਆਪਣੇ ਤਿੰਨ ਸਫ਼ਰਨਾਮਿਆਂ ਬਾਰੇ ਜਾਣਕਾਰੀ ਦਿੰਦੇ ਹੋਏ ਸਫ਼ਰਨਾਮੇ ਵਿਚੋਂ ਇੱਕ ਹਿੱਸਾ ਪੜ੍ਹ ਕੇ ਵੀ ਸੁਣਾਇਆ। ਇਸ ਤੋਂ ਪਹਿਲਾ ਸਮਾਗਮ ਦੀ ਪ੍ਰਧਾਨਗੀ ਕਰਦੇ ਹੋਏ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਉਨ੍ਹਾਂ ਦਾ ਉਪਰਾਲਾ ਹੈ ਕਿ ਇਹੋ ਜਿਹੇ ਸਮਾਗਮ ਇਸ ਸਥਾਨ 'ਤੇ ਵੱਧ ਤੋਂ ਵੱਧ ਕਰਵਾਏ ਜਾਣ। ਫੋਰਮ ਦੇ ਕਨਵੀਨਰ ਨਵਜੋਤ ਸਿੰਘ ਐਡਵੋਕੇਟ ਤੋਂ ਇਲਾਵਾ ਐਡਵੋਕੇਟ ਜੇ.ਪੀ ਸਿੰਘ ਨੇ ਲੇਖਕ ਅਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਬਾਰੇਜਾਣਕਾਰੀ ਦਿੱਤੀ। ਜੱਸ ਮੰਡ ਨਾਲ ਸਵਾਲ- ਜੁਆਬ ਦੇ ਸੈਸ਼ਨ ਵਿਚ ਬਲਬੀਰ ਪਰਵਾਨਾ, ਕੁਲਵੰਤ ਸਿੰਘ ਸੰਧੂ, ਮੱਖਣ ਮਾਨ, ਬੀਰ ਰਹੀਮ ਪੁਰੀ, ਸੁਰਿੰਦਰ ਕੁਮਾਰੀ ਕੋਛੜ, ਰਾਜੇਸ਼ ਥਾਪਾ, ਜਤਿੰਦਰ ਪੰਮੀ, ਮਿਹਰ ਮਲਿਕ, ਇਮਰਾਨ ਖ਼ਾਨ, ਅਜੇ ਟੰਡਨ, ਸੁਰਜੀਤ ਸਿੰਘ ਰਾਣਾ, ਪਰਵੀਨ ਚੋਪੜਾ, ਸਮਰਾਟ, ਗੁਲਸ਼ਨ ਜਿੰਦਲ, ਧਰੁਵ ਮੋਦਗਿਲ, ਪ੍ਰਦੀਪ ਤਲਵਾਰ, ਸੰਨ੍ਹੀ ਕੁਮਾਰ, ਸੁਰਿੰਦਰ ਸਿੰਘ ਸੈਣੀ ਅਤੇ ਹੋਰਨਾਂ ਨੇ ਹਿੱਸਾ ਲਿਆ। ਅੰਤ ਵਿਚ ਮੰਚ ਦੇ ਜਨਰਲ ਸਕੱਤਰ ਪਰਮਿੰਦਰ ਸਿੰਘ ਵਿਗ ਨੇ ਸਮੂਹ ਹਾਜ਼ਰੀਨ ਦਾ ਧੰਨਵਾਦ ਕਰਦੇ ਹੋਏ, ਭਰੋਸਾ ਦਿਵਾਇਆ ਦਿੱਤਾ ਕਿ ਮੰਚ ਵੱਲੋਂ ਅਜਿਹੇ ਸਾਹਿੱਤਿਕ ਸਮਾਗਮਾਂ ਦਾ ਆਯੋਜਨ ਨਿਰੰਤਰ ਕੀਤਾ ਜਾਵੇਗਾ।

## ਮੁਸਾਫ਼ਰਾਂ ਦਾ ਸਾਮਾਨ ਛੱਡ ਕੇ ਇੰਦੌਰ ਪੁੱਜਾ ਜਹਾਜ਼

**ਇੰਦੌਰ:** ਸਥਾਨਕ ਏਅਰਪੋਰਟ 'ਤੇ ਐਤਵਾਰ ਸ਼ਾਮ ਏਅਰ ਇੰਡੀਆ ਐਕਸਪ੍ਰੈੱਸ ਕਾਰਨ ਮੁਸਾਫ਼ਰਾਂ ਨੂੰ ਪਰੇਸ਼ਾਨੀ ਦਾ



ਸਾਹਮਣਾ ਕਰਨਾ ਪਿਆ। ਬੈਂਗਲੂਰੂ ਤੋਂ ਇੰਦੌਰ ਆਉਣ ਵਾਲੀ ਉਡਾਣ ਆਈਐਕਸ 2014 ਸਮੇਂ ਤੋਂ ਪਹਿਲਾਂ ਪੁੱਜੀ ਪਰ ਕਰੀਬ 20 ਯਾਤਰੀਆਂ ਦਾ ਲਗੇਜ ਉਥੇ ਛੱਡ ਦਿੱਤਾ। ਇਸ ਕਾਰਨ ਮੁਸਾਫ਼ਰ ਪਰੇਸ਼ਾਨ ਦਿੱਸੇ ਤੇ ਉਹ ਭਰਪਾਈ ਦੀ ਮੰਗ ਕਰ ਰਹੇ ਸਨ।

# ਭਾਸ਼ਾ ਵਿਭਾਗ ਵੱਲੋਂ ਸਰਵੋਤਮ ਪੁਸਤਕ ਪੁਰਸਕਾਰਾਂ ਦਾ ਐਲਾਨ

**ਪਟਿਆਲਾ:** ਪੰਜਾਬ ਸਰਕਾਰ ਵੱਲੋਂ ਭਾਸ਼ਾ ਵਿਭਾਗ, ਪੰਜਾਬ ਰਾਹੀਂ ਹਰ ਸਾਲ ਪੰਜਾਬੀ, ਹਿੰਦੀ ਅਤੇ ਉਰਦੂ ਭਾਸ਼ਾ ਦੀਆਂ ਪੁਸਤਕਾਂ ਨੂੰ ਪ੍ਰਦਾਨ ਕੀਤੇ ਜਾਣ ਵਾਲੇ ਸਰਵੋਤਮ ਪੁਸਤਕ ਪੁਰਸਕਾਰਾਂ ਤਹਿਤ ਵਿਭਾਗ ਵੱਲੋਂ ਪੰਜਾਬੀ ਭਾਸ਼ਾ ਦੇ ਸਰਵੋਤਮ ਪੰਜਾਬੀ ਪੁਸਤਕ ਪੁਰਸਕਾਰਾਂ (2025) ਦਾ ਐਲਾਨ ਕਰ ਦਿੱਤਾ ਗਿਆ ਹੈ। ਇਸ ਸਬੰਧੀ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਸ. ਜਸਵੰਤ ਸਿੰਘ ਜ਼ਫ਼ਰ, ਨੇ ਦੱਸਿਆ ਕਿ ਇਹ ਪੁਰਸਕਾਰ ਨਵੰਬਰ 2025 ਦੇ ਪਹਿਲੇ ਹਫ਼ਤੇ ਪੰਜਾਬੀ ਮਾਹ ਦੇ ਰਾਜ ਪੱਧਰੀ ਉਦਘਾਟਨੀ ਸਮਾਗਮ ਦੌਰਾਨ ਭਾਸ਼ਾ ਭਵਨ, ਪਟਿਆਲਾ ਵਿਖੇ ਪ੍ਰਦਾਨ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਪੁਰਸਕਾਰਾਂ ਲਈ ਪਿਛਲੇ ਸਾਲ ਦੌਰਾਨ ਛਪੀਆਂ ਪੁਸਤਕਾਂ ਦੀ ਸਰਵੋਤਮ ਪੰਜਾਬੀ ਪੁਸਤਕ ਪੁਰਸਕਾਰਾਂ ਲਈ ਮੰਗ ਕੀਤੀ ਗਈ ਸੀ ਅਤੇ ਵੱਖ-ਵੱਖ ਖੇਤਰਾਂ ਦੇ ਵਿਦਵਾਨ ਵਿਸ਼ਾ ਮਾਹਿਰਾਂ ਤੋਂ ਇਨ੍ਹਾਂ ਪੁਸਤਕਾਂ ਦਾ ਮੁਲਾਂਕਣ ਕਰਵਾਇਆ ਗਿਆ ਅਤੇ ਸਰਵੋਤਮ ਪੁਸਤਕਾਂ ਦੀ ਚੋਣ ਕੀਤੀ ਗਈ। ਇਸ ਪੁਰਸਕਾਰ 'ਚ ਇਨਾਮੀ ਰਾਸ਼ੀ 31,000/- ਦੇ ਨਾਲ-ਨਾਲ ਇਕ ਦੋਸ਼ਾਲਾ ਅਤੇ ਸਨਮਾਨ ਚਿੰਨ੍ਹ ਭੇਂਟ ਕੀਤਾ ਜਾਵੇਗਾ। ਦੱਸਣਯੋਗ ਹੈ ਕਿ ਇਹ ਪੁਰਸਕਾਰ ਸਾਲ 2024 'ਚ ਛਪੀਆਂ ਪੰਜਾਬੀ ਭਾਸ਼ਾ ਦੀਆਂ ਵੱਖ-ਵੱਖ ਵੰਨਗੀਆਂ ਨਾਲ ਸਬੰਧਤ 10 ਸਰਵੋਤਮ ਪੰਜਾਬੀ ਪੁਸਤਕਾਂ ਨੂੰ ਦਿੱਤੇ ਜਾਣਗੇ।




*ਸਰਵੋਤਮ ਪੰਜਾਬੀ ਪੁਸਤਕ ਪੁਰਸਕਾਰ ਜੇਤੂ ਪੁਸਤਕਾਂ ਦੇ ਸਰਵਰਕ*

ਇਨ੍ਹਾਂ ਪੁਰਸਕਾਰਾਂ ਲਈ ਵੱਖ-ਵੱਖ ਵਿਧਾਵਾਂ ਦੀਆਂ 273 ਕਿਤਾਬਾਂ ਪ੍ਰਾਪਤ ਹੋਈਆਂ ਸਨ।

ਐਲਾਨੇ ਗਏ ਸਰਵੋਤਮ ਪੰਜਾਬੀ ਪੁਸਤਕ ਪੁਰਸਕਾਰਾਂ ਤਹਿਤ ਭਾਈ ਵੀਰ ਸਿੰਘ ਪੁਰਸਕਾਰ (ਜੀਵਨੀ/ਸਵੈ-ਜੀਵਨੀ/ਯਾਦਾਂ/ਰੇਖਾ ਚਿੱਤਰ) ਗੁਰਿੰਦਰਜੀਤ ਦੀ ਪੁਸਤਕ 'ਬਰਫ਼ 'ਚ ਉੱਗੇ ਅਮਲਤਾਸ' ਨੂੰ, ਨਾਨਕ ਸਿੰਘ ਪੁਰਸਕਾਰ (ਨਾਵਲ) ਜਸਵੀਰ ਸਿੰਘ ਰਾਣਾ ਦੀ ਪੁਸਤਕ '70% ਪ੍ਰੇਮ ਕਥਾ' ਨੂੰ, ਪ੍ਰਿੰ ਸੁਜਾਨ ਸਿੰਘ ਪੁਰਸਕਾਰ (ਕਹਾਣੀ/ਮਿੰਨੀ ਕਹਾਣੀ ਸੰਗ੍ਰਹਿ) ਭਗਵੰਤ ਰਸੂਲਪੁਰੀ ਦੀ ਪੁਸਤਕ 'ਡਲਿਵਰੀ ਮੈਨ' ਨੂੰ, ਗੁਰਬਖ਼ਸ਼ ਸਿੰਘ ਪ੍ਰੀਤਲੜੀ ਪੁਰਸਕਾਰ (ਨਿਬੰਧ/ਸਫ਼ਰਨਾਮਾ/ਵਿਅੰਗ) ਡਾ. ਪਰਮਜੀਤ ਢੀਂਗਰਾ ਦੀ ਪੁਸਤਕ 'ਕਿਤਾਬ ਜੋ ਅਜੇ ਬਾਕੀ ਹੈ' ਨੂੰ, ਗਿਆਨੀ ਗੁਰਮੁਖ ਸਿੰਘ ਮੁਸਾਫਿਰ ਪੁਰਸਕਾਰ (ਕਵਿਤਾ) ਸ਼ਮੀਲ ਦੀ ਪੁਸਤਕ 'ਤੇਗ' ਨੂੰ, ਪ੍ਰੋ. ਗੁਰਦਿਆਲ ਸਿੰਘ ਪੁਰਸਕਾਰ (ਅਨੁਵਾਦ) ਸੁਭਾਸ਼ ਭਾਸਕਰ ਦੀ ਪੁਸਤਕ 'ਅਣਵੰਡਿਆ ਪੰਜਾਬ (ਡਾ. ਚੰਦਰ ਤ੍ਰਿਖਾ)' ਨੂੰ, ਐੱਮ.ਐੱਸ. ਰੰਧਾਵਾ ਪੁਰਸਕਾਰ (ਗਿਆਨ ਸਾਹਿਤ/ਸੰਪਾਦਨ) ਅਮੀਆ ਕੁੰਵਰ ਦੀ ਪੁਸਤਕ 'ਇਮਰੋਜ਼ਨਾਮਾ' ਨੂੰ, ਸ੍ਰੀ ਗੁਰੂ ਹਰਿਕ੍ਰਿਸ਼ਨ ਪੁਰਸਕਾਰ (ਬਾਲ ਸਾਹਿਤ) ਡਾ. ਇੰਦਰਪ੍ਰੀਤ ਸਿੰਘ ਧਾਮੀ ਦੀ ਪੁਸਤਕ 'ਸੁਪਨਸਾਜ਼' ਨੂੰ, ਡਾ. ਅਤਰ ਸਿੰਘ ਪੁਰਸਕਾਰ (ਆਲੋਚਨਾ) ਗੁਰਦੀਪ ਸਿੰਘ ਦੀ ਪੁਸਤਕ 'ਇਹ ਦੇਸ ਪੰਜਾਬ ਦੀ ਸਮਝ ਨਾਹੀਂ' ਨੂੰ ਅਤੇ ਭਾਈ ਕਾਨ੍ਹ ਸਿੰਘ ਨਾਭਾ ਪੁਰਸਕਾਰ (ਟੀਕਾਕਾਰੀ/ਕੋਸ਼ਕਾਰੀ/ਭਾਸ਼ਾ ਵਿਗਿਆਨ/ਵਿਆਕਰਣ/ਹਵਾਲਾ ਗ੍ਰੰਥ) ਜਗਤਾਰ ਸਿੰਘ ਸੋਖੀ ਦੀ ਪੁਸਤਕ 'ਪੰਜਾਬੀ ਸਮਾਨਾਰਥਕ ਕੋਸ਼' ਨੂੰ ਪ੍ਰਦਾਨ ਕੀਤੇ ਜਾਣਗੇ।

ਸ. ਜਸਵੰਤ ਸਿੰਘ ਜ਼ਫ਼ਰ ਨੇ ਦੱਸਿਆ ਕਿ ਵਿਭਾਗ ਵੱਲੋਂ ਹਰ ਸਾਲ ਦਿੱਤੇ ਜਾਣ ਵਾਲੇ ਵੱਖ-ਵੱਖ ਭਾਸ਼ਾਵਾਂ ਦੇ ਸਰਵੋਤਮ ਪੁਸਤਕ ਪੁਰਸਕਾਰ ਪੰਜਾਬੀ ਮਾਹ ਦੇ ਸਮਾਗਮਾਂ ਦੌਰਾਨ ਪ੍ਰਦਾਨ ਕਰ ਦਿੱਤੇ ਜਾਣਗੇ। ਬਾਕੀ ਰਹਿੰਦੇ ਹਿੰਦੀ, ਉਰਦੂ ਅਤੇ ਸੰਸਕ੍ਰਿਤ ਦੇ ਪੁਰਸਕਾਰਾਂ ਦਾ ਐਲਾਨ ਜਲਦ ਹੀ ਕਰ ਦਿੱਤਾ ਜਾਵੇਗਾ। ਉਨ੍ਹਾਂ ਸਾਰੇ ਪੁਰਸਕਾਰ ਜੇਤੂਆਂ ਨੂੰ ਵਧਾਈਆਂ ਦਿੱਤੀਆਂ ਅਤੇ ਪੰਜਾਬੀ ਭਾਸ਼ਾ ਦੇ ਪ੍ਰਚਾਰ ਪ੍ਰਸਾਰ ਲਈ ਇਸੇ ਤਰ੍ਹਾਂ ਨਿਰੰਤਰ ਯਤਨਸ਼ੀਲ ਰਹਿਣ ਦੀ ਅਪੀਲ ਕੀਤੀ।

# ਲੈਸਟਰ ਵਿਚ ਕੀਤਾ ਗਿਆ ਨਵੀਆਂ ਕਿਤਾਬਾਂ ਦਾ ਲੋਕ ਅਰਪਣ



**ਲੈਸਟਰ:** ਕਰਨੈਲ ਸਿੰਘ ਸ਼ੇਰਗਿੱਲ ਦੀ ਰਿਹਾਇਸ਼ ਵਿਖੇ ਰਿਲੀਜ਼ ਕੀਤੀਆਂ ਉਹਨਾਂ ਦੀਆਂ ਤਿੰਨ ਕਿਤਾਬਾਂ -ਮੈਮੋਰੀ ਲੇਨ(ਕਹਾਣੀਆਂ),ਪੰਦਰ੍ਹਵਾਂ ਲਾਲ ਕਰਾਸ-ਕਹਾਣੀ ਸੰਗ੍ਰਿਹ(ਚੌਥਾ ਐਡੀਸ਼ਨ) ਤੇ ਲੌਕਡਾਊਨ ਇੰਫਿਨਿਟੀ (ਨਾਵਲ) ਇੱਕ ਹੋਰ ਸਾਹਿਤਕਾਰ ਡਾ ਜਸਵੰਤ ਸਿੰਘ ਬਿਲਖੂ ਦੀ ਕਿਤਾਬ-ਹਾਸਿਆਂ ਦਾ ਗੁਲਦਸਤਾ ਵੀ ਰਲੀਜ਼ ਕੀਤੀ ਗਈ। ਲ ਡਾ ਕਰਨੈਲ ਸਿੰਘ ਸ਼ੇਰਗਿੱਲ ਉੱਚ ਸਿੱਖਿਆ ਪ੍ਰਾਪਤ ਮੈਡੀਕਲ ਸਪੈਸ਼ਲਿਸਟ ਵਜੋਂ ਜਿਥੇ ਡਾਕਟਰੀ ਕਿੱਤੇ ਨਾਲ ਜੁੜਿਆ ਹੋਇਆ ਹੈ,ਉੱਥੇ ਉਹ ਬਰਤਾਨਵੀ ਪੰਜਾਬੀ ਸਾਹਿਤ ਦਾ ਇੱਕ ਸਥਾਪਤ ਲੇਖਕ ਵੀ ਹੈ ਲ ਉਹ ਸਥਾਪਿਤ ਕਵੀ,ਕਹਾਣੀਕਾਰ ਦੇ ਨਾਵਲਕਾਰ ਹੈ ਲ ਉਸ ਨੇ ਪੰਜਾਬੀ ਵਿੱਚ ਮਨੁੱਖੀ ਰੋਗਾਂ ਸਬੰਧੀ ਵੀ ਕਿਤਾਬਾਂ ਲਿਖੀਆਂ ਤੇ ਪ੍ਰਕਾਸ਼ਿਤ ਕੀਤੀਆਂ ਹਨ ਲ ਕਵਿਤਾ ਅਤੇ ਕਹਾਣੀ ਦੇ ਖੇਤਰ ਵਿੱਚ ਉਹ ਇੱਕ ਜਾਣਿਆ ਪਛਾਣਿਆ ਨਾਂ ਹੈ ਞਆਪਣਾ ਪਲੇਠਾ ਨਾਵਲ ਲਾਕਡਾਊਨ ਅਲਫਾ ਉਹਨਾਂ ਨੇ 2022 ਵਿੱਚ ਪ੍ਰਕਾਸ਼ਿਤ ਕੀਤਾ,ਜਿਸ ਦੀ ਚਰਚਾ ਸਾਹਿਤਿਕ ਹਲਕਿਆਂ ਵਿੱਚ ਖੂਬ ਹੋਈ ਹੈ ਲ ਹੁਣ ਉਹਨਾਂ ਦਾ ਦੂਜਾ ਨਾਵਲ ਲਾਕਡਾਊਨ ਇੰਫਿਨਿਟੀ ਛਪ ਕੇ ਆਇਆ ਹੈ ਜੋ ਲੋਕਡਾਊਨ ਅਲਫਾ ਦਾ ਹੀ ਵਿਸਥਾਰ ਹੈ ਲ ਡਾ.ਸ਼ੇਰਗਿੱਲ ਮਨੁੱਖੀ ਸੁਭਾਅ ਤੇ ਵਿਹਾਰ ਦੀਆਂ ਦਾਰਸ਼ਨਿਕ ਰਮਜਾਂ ਨੂੰ ਸਮਝਣ ਵਾਲਾ ਕਵੀ ਹੈ ਲ ਉਹ ਕਵਿਤਾ ਦੇ ਸਿਰਜਣੇ ਵਰਤਾਰੇ ਨਾਲ ਜੁੜਦਾ ਹੈ ਤਾਂ ਮਨੁੱਖੀ ਹੋਂਦ ਦੇ ਸਵਾਲਾਂ ਤੋਂ ਲੈ ਕੇ ਸਮਾਜਿਕ ਵਿਹਾਰ ਦੀਆਂ ਪਰਤਾਂ ਨੂੰ ਕਾਵਿ-ਬਿੰਬਾਂ ਵਿੱਚ ਪੇਸ਼ ਕਰਨ ਦੀ ਸਮਰਥਾ ਰੱਖਦਾ ਹੈ ਲ ਉਹ ਕਵਿਤਾ ਵਿੱਚ ਵਿਚਾਰ ਅਤੇ ਕਾਵਿਕਤਾ ਦਾ ਸੁਮੇਲ ਸਮਕਾਲੀ ਪੰਜਾਬੀ ਕਵਿਤਾ ਦਾ ਹਾਸਿਲ ਹੈ ਲ ਉਹ ਕਵਿਤਾਵਾਂ ਰਾਹੀਂ ਪਾਠਕਾਂ ਨਾਲ ਸਿਰਫ ਵਿਚਾਰਾਂ ਦੀ ਸਾਂਝ ਹੀ ਨਹੀਂ ਪਾਉਂਦਾ ਬਲਕਿ ਆਪਣੀ ਕਾਵਿਕ ਭਾਸ਼ਾ ਵਿੱਚ ਪਾਠਕਾਂ ਨੂੰ ਕੀਲਣ ਦੀ ਸਮਰੱਥਾ ਵੀ ਰੱਖਦਾ ਹੈ ਲ ਕਵਿਤਾ ਨਾਵਲ ਅਤੇ ਕਹਾਣੀ ਦੇ ਖੇਤਰ ਵਿੱਚ ਉਹਨਾਂ ਦੇ ਪ੍ਰਕਾਸ਼ਿਤ ਹੁਣ ਤੱਕ ਦੇ ਸਾਰੇ ਦਸਤਾਵੇਜਾਂ ਨੂੰ ਪਾਠਕਾਂ ਵੱਲੋਂ ਭਰਪੂਰ ਹੁੰਗਾਰਾ ਦਿੱਤਾ ਜਾ ਰਿਹਾ ਹੈ ਲ ਪ੍ਰਸਿੱਧ ਪੰਜਾਬੀ ਪ੍ਰਵਾਸੀ ਸਾਹਿਤਕਾਰ ਵਜੋਂ ਹੁਣ ਉਹ ਕਿਸੇ ਜਾਣ ਪਹਿਚਾਣ ਦਾ ਮੁਹਤਾਜ ਨਹੀਂ ਰਿਹਾ ਲ ਮੈਮੋਰੀ ਲੇਨ ਡਾਕਟਰ ਕਰਨੈਲ ਸਿੰਘ ਸ਼ੇਰਗਿੱਲ ਦਾ ਦੂਜਾ ਕਹਾਣੀ ਸੰਗ੍ਰਹਿ ਹੈ ਜੋ ਉਹਨਾਂ ਦੇ ਕਿੱਤੇ ਨਾਲ ਸੰਬੰਧਿਤ ਹੈ। ਕਰਨੈਲ ਨੂੰ ਲਿਖਣ ਦੀ ਚੇਟਕ ਵਿਦਿਆਰਥੀ ਜੀਵਨ ਵੇਲੇ ਹੀ ਲੱਗ ਗਈ ਸੀ ਞਡਾਕਟਰ ਕਰਨੈਲ ਦੀ ਕਹਾਣੀਆਂ ਦੀ ਕਿਤਾਬ ਪੰਦਰ੍ਹਵਾਂ ਲਾਲ ਕਰਾਸ ਦੀ ਪਹਿਲਾਂ "ਚਰਚਾ" ਰਸਾਲੇ ਵਿੱਚ ਖੂਬ ਚਰਚਾ ਹੋਈ ਸੀ ਲ ਕਿਸੇ ਵੇਲੇ ਡਾਕਟਰ ਕਰਨੈਲ ਨੇ ਯੂਕੇ ਦੇ ਸ਼ਹਿਰ ਲੈਸਟਰ ਵਿੱਚ ਪੰਜਾਬੀ ਅਕੈਡਮੀ ਲੈਸਟਰ ਵੱਲੋਂ ਵਿਸ਼ਵ ਪੰਜਾਬੀ ਕਾਨਫਰੰਸ ਕਰਵਾਈ ਸੀ ਜਿਸ ਵਿੱਚ ਦੁਨੀਆਂ ਭਰ ਦੇ ਲੇਖਕਾਂ ਨੂੰ ਸੱਦਿਆ ਗਿਆ ਸੀ। ਪਰਚੇ ਪੜੇ ਗਏ ਸਨ ਲ ਇਹਨਾਂ ਦਾ ਅੰਮ੍ਰਿਤਸਰ ਆਉਣ ਜਾਣ ਲੱਗਿਆ ਰਹਿੰਦਾ ਹੈ ਲ ਇਹ ਵੀ ਪਤਾ ਲੱਗਿਆ ਹੈ ਕਿ ਕਰਨੈਲ ਦੀ ਕਵਿਤਾ ਦੀ ਕਿਤਾਬ ਹੁਣ ਮੈਂ ਅਜਨਬੀ ਨਹੀਂ ਵੀ ਛਪੀ ਹੈ ਲ ਉਸ ਪਿੱਛੋਂ ਕਵਿਤਾ ਦੀ ਦੂਜੀ ਕਿਤਾਬ ਕੌਣ ਸੂਤਰਧਾਰ ਆਈ ਲ ਇਸ ਵਿਚਲੀ ਕਵਿਤਾ ਸਮਾਜਿਕ ਦੂਰੀ ਪੜ੍ਹ ਕੇ ਤਾਂ ਅਥਰੂ ਸੰਭਾਲਣੇ ਔਖੇ ਹੋ ਜਾਂਦੇ ਹਨ ਲ ਪੰਦਰ੍ਹਵਾਂ ਲਾਲ ਕਰਾਸ ਡਾਕਟਰ ਕਰਨੈਲ ਦੇ ਕਹਾਣੀ ਸੰਗ੍ਰਹਿ ਦਾ ਚੌਥਾ ਐਡੀਸ਼ਨ ਛਪ ਚੁੱਕਿਆ ਹੈ ਜਿਸ ਵਿੱਚ 11 ਕਹਾਣੀਆਂ ਹਨ ਲ ਇਹ ਕਹਾਣੀਆਂ ਕਥਾ ਸਾਹਿਤ ਵਾਲਿਆਂ ਲਈ ਪ੍ਰੇਰਨਾ ਬਣ ਸਕਦੀਆਂ ਹਨ, ਕਿਉਂਕਿ ਇਹਨਾਂ ਕਹਾਣੀਆਂ ਦੀ ਜੁਗਤ ਮਨੋਵਿਗਿਆਨਿਕ ਹੈ ਲ ਆਪਣੇ ਦੇਸ਼ ਨਾਲ ਡਾਕਟਰ ਸਾਹਿਬ ਦਾ ਦਿਲ ਦਾ ਰਿਸ਼ਤਾ ਹੈ ਤੇ ਹੁਣ ਪਰਵਾਸ ਨਾਲ ਦਿਮਾਗ ਦਾ ਰਿਸ਼ਤਾ ਬਣਿਆ ਹੋਇਆ ਹੈ ਲ ਆਪਣੇ ਪਲੇਠੇ ਨਾਵਲ ਲਾਕਡਾਊਨ ਅਲਫਾ ਲਿਖ ਕੇ ਉਸ ਨੇ ਅਣਛੋਏ ਵਿਸ਼ੇ ਨੂੰ ਨਾਵਲ ਦੀ ਸਮਗਰੀ ਵਿੱਚ ਪੇਸ਼ ਕਰ ਦਿੱਤਾ ਹੈ। ਕਰੋਨਾ ਵਾਇਰਸ ਦਾ ਦੁਨੀਆ ਤੇ ਫੈਲਾਓ ਤੇ ਮਨੁੱਖੀ ਜ਼ਿੰਦਗੀ ਦੀ ਬਰਬਾਦੀ ਦਾ ਨਜ਼ਾਰਾ ਮਨੁੱਖਤਾ ਨੇ ਅੱਖੀ ਵੇਖਿਆ ਤੇ ਹੰਡਾਇਆ ਜਿਸ ਦੇ ਮਾਰੂ ਅਸਰਾਂ ਤੇ ਕਾਬੂ ਪਾਉਣ ਲਈ ਲਾਕਡਾਊਨ ਵਰਗੇ ਪ੍ਰਤੀਬੰਧ ਲਾਏ ਗਏ ਲ ਡਾਕਟਰ ਕਰਨੈਲ ਕਰੋਨਾ ਵਾਇਰਸ ਅਤੇ ਲੋਕਡਾਊਨ ਵਰਗੇ ਸੰਕਲਪਾਂ ਨੂੰ ਮਨੁੱਖੀ ਰਿਸ਼ਤਿਆਂ ਨਾਲ ਜੋੜ ਕੇ ਅਨੋਖੀ ਕਿਸਮ ਦਾ ਬਿਰਤਾਂਤ ਸਿਰਜਦਾ ਹੈ ਤੇ ਨਾਵਲੀ ਬਿਰਤਾਂਤ ਵਿੱਚ ਪੇਸ਼ ਕਰਦਾ ਹੈ ਲ ਉਹਨਾਂ ਦੀ ਕਵਿਤਾ ਤੇ ਨਾਵਲ ਨੂੰ ਤਾਂ ਪਾਠਕਾਂ ਨੇ ਹੁੰਗਾਰਾ ਦਿੱਤਾ ਹੀ ਹੈ ਪਰ ਉਸ ਤੋਂ ਕਿਤੇ ਵੱਧ ਉਸ ਦੀ ਕਹਾਣੀ ਨੂੰ ਪਾਠਕਾਂ ਵੱਲੋਂ ਬਹੁਤ ਸਲਾਹਿਆ ਤੇ ਨਵਾਜਿਆ ਗਿਆ ਹੈ ਲ ਡਾਇਸਪੋਰਾ ਤੇ ਪਰਵਾਸ ਵਾਲੇ ਪਹਿਲੇ ਅਰਥ ਹੁਣ ਨਹੀਂ ਰਹੇ ਲ ਉਹਨਾਂ ਦੀਆਂ ਕਹਾਣੀਆਂ ਦੇ ਪੱਤਰ ਪ੍ਰਵਾਸੀ/ਵਿਦੇਸ਼ੀ ਧਰਤੀ ਤੇ ਪਾਸਾਰ ਕਰਦੇ ਨਜ਼ਰ ਆਉਂਦੇ ਹਨ ਲ ਲੇਖਕ ਨੇ ਇਹਨਾਂ ਪਾਤਰਾਂ ਦੀ ਮਾਨਸਿਕਤਾ ਨੂੰ ਨੇੜੇਂ ਸਮਝਣ ਦੀ ਕੋਸ਼ਿਸ਼ ਕੀਤੀ ਹੈ ਲ ਨਾਵਲ ਲਾਕਡਾਊਨ ਇੰਫਿਨਿਟੀ ਪਹਿਲਾਂ ਵਾਲੇ ਨਾਵਲ ਦੀ ਤਰ੍ਹਾਂ ਆਵਾਸ ਤੇ ਪ੍ਰਵਾਸ ਦੀ ਗਾਥਾ ਹੈ ਉਥੇ ਮਨੁੱਖੀ ਰੀਝਾਂ ਨੂੰ ਵਿਗਿਆਨਿਕ ਪੱਧਰ ਤੇ ਨਾਵਲੀ ਰੂਪ ਚ ਲੈ ਆਂਦਾ ਹੈ ਲ ਕੁੱਲ ਮਿਲਾ ਕੇ ਤੱਤ ਰੂਪ ਵਿੱਚ ਜੇ ਕਹਿਣਾ ਹੋਵੇ ਤਾਂ ਡਾ.ਕਰਨੈਲ ਸਿੰਘ ਸ਼ੇਰਗਿੱਲ ਇੱਕ ਅਤੀ ਸੰਵੇਦਨਸ਼ੀਲ ਮਨੁੱਖ ਅਤੇ ਬਹੁਪੱਖੀ ਲੇਖਕ ਹੈ,ਜਿਨਾਂ ਅੰਦਰ ਸਾਹਿਤ ਸਿਰਜਣਾ ਦੇ ਬੀਜ ਲਗਾਤਾਰ ਪੁੰਗਰਦੇ ਰਹਿੰਦੇ ਹਨ ਲ ਸਾਹਿਤ ਜਗਤ ਨੂੰ ਉਹਨਾਂ ਤੋਂ ਹੋਰ ਵੀ ਵੱਡੀਆਂ ਆਸਾਂ ਹਨ ਲ ਉਹਨਾਂ ਦੇ ਨਿਵਾਸ ਤੇ ਰਿਲੀਜ਼ ਕੀਤੀਆਂ ਤਿੰਨ ਕਿਤਾਬਾਂ ਮੌਕੇ ਕਿਰਪਾਲ ਸਿੰਘ ਪੂਨੀ ਕਵੈਂਟਰੀ ਵਾਲੇ ਤੇ ਡਾ.ਜਸਵੰਤ ਸਿੰਘ ਬਿਲਖੂ ਵਿਅੰਗ ਲੇਖਕ ਵੀ ਹਾਜ਼ਰ ਸਨ।

ਪੰਜਾਬ ਟਾਈਮਜ਼

13 ਸਤੰਬਰ, ਸ਼ਨਿਚਰਵਾਰ

# ਮੋਦੀ ਦਾ ਪੰਜਾਬ ਦੌਰਾ

ਲਗਪਗ ਦੋ ਹਫ਼ਤੇ ਹੜ੍ਹਾਂ ਵਿਚ ਬੁਰੀ ਤਰ੍ਹਾਂ ਡੁੱਬੇ ਰਹੇ ਪੰਜਾਬ ਨੂੰ, ਜਦੋਂ ਹੜ੍ਹਾਂ ਤੋਂ ਰਾਹਤ ਮਿਲਣੀ ਸ਼ੁਰੂ ਹੋਈ ਤਾਂ ਪ੍ਰਧਾਨ ਮੰਤਰੀ ਮੋਦੀ ਵੀ ਉੱਤਰ ਚੁੱਕੇ ਪਾਣੀਆਂ ਦਾ ਹਵਾਈ ਸਰਵੇਖਣ ਕਰਨ ਅਤੇ ਕੇਂਦਰੀ ਰਾਹਤ ਦਾ ਪੈਕੇਜ ਲੈ ਕੇ ਗੁਰਦਾਸਪੁਰ ਪਹੁੰਚ ਗਏ। ਉਨ੍ਹਾਂ ਨੇ ਪੰਜਾਬ ਦੇ ਹੜ੍ਹ ਪੀੜਤਾਂ ਲਈ 1600 ਕਰੋੜ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਖਾਤੇ ਵਿਚ ਪਹਿਲਾਂ ਹੀ ਐਸ.ਡੀ.ਆਰ.ਐਫ. ਫੰਡ ਦੇ 12 ਹਜ਼ਾਰ ਕਰੋੜ ਮੌਜੂਦ ਹਨ। ਇਸ ਤੋਂ ਇਲਾਵਾ ਮ੍ਰਿਤਕਾਂ ਦੇ ਪਰਿਵਾਰਾਂ ਨੂੰ 2-2 ਲੱਖ ਦੀ ਵਿੱਤੀ ਮਦਦ ਅਤੇ ਜ਼ਖ਼ਮੀਆਂ ਦੇ ਪਰਿਵਾਰਾਂ ਨੂੰ 50-50 ਹਜ਼ਾਰ ਰੁਪਏ ਮਿਲਣਗੇ। ਇਹ ਸਾਰੇ ਐਲਾਨ ਪ੍ਰਧਾਨ ਮੰਤਰੀ ਨੇ ਹੜ੍ਹ ਪੀੜਤਾਂ ਨਾਲ ਮੁਲਕਾਤ ਕਰਕੇ ਉਨ੍ਹਾਂ ਦਾ ਦੁੱਖ ਸੁਣਨ ਤੋਂ ਬਾਅਦ ਕੀਤੇ। ਹੜ੍ਹ ਪੀੜਤਾਂ ਨੇ ਆਪਣੇ ਹੋਏ ਨੁਕਸਾਨ ਬਾਰੇ ਪੀਐਮ ਮੋਦੀ ਨੂੰ ਜਾਣੂ ਕਰਵਾਇਆ। ਪਰ ਨਾਲ ਹੀ ਸ਼ਿਕਾਇਤ ਵੀ ਕੀਤੀ ਕਿ 2023 ਵਿਚ ਆਏ ਹੜ੍ਹਾਂ ਦੇ ਨੁਕਸਾਨ ਦਾ ਮੁਆਵਜ਼ਾ ਉਨ੍ਹਾਂ ਨੂੰ ਅਜੇ ਤੱਕ ਵੀ ਨਹੀਂ ਮਿਲਿਆ।

ਪ੍ਰਧਾਨ ਮੰਤਰੀ ਨੇ ਕਿਸਾਨਾਂ ਨੂੰ ਭਰੋਸਾ ਦਿਵਾਇਆ ਕਿ ਕਿਸਾਨ ਸਨਮਾਨ ਨਿਧੀ ਦੀ ਅਗਾਊਂ ਕਿਸ਼ਤ ਜਾਰੀ ਕੀਤੀ ਜਾਵੇਗੀ। ਪ੍ਰਧਾਨ ਮੰਤਰੀ ਨੇ ਪੂਰੇ ਖੇਤਰ ਦੇ ਪੁਨਰਵਾਸ ਲਈ ਬਹੁ-ਪੱਖੀ ਪਹੁੰਚ 'ਤੇ ਜ਼ੋਰ ਦਿੱਤਾ - ਇਸ ਵਿਚ ਪ੍ਰਧਾਨ ਮੰਤਰੀ ਆਵਾਸ ਯੋਜਨਾ ਅਧੀਨ ਘਰਾਂ ਦੀ ਉਸਾਰੀ, ਰਾਸ਼ਟਰੀ ਰਾਜਮਾਰਗਾਂ ਦੀ ਮੁਰੰਮਤ, ਸਕੂਲਾਂ ਦਾ ਪੁਨਰ ਨਿਰਮਾਣ, ਅਤੇ ਪਸ਼ੂਆਂ ਲਈ ਮਿੰਨੀ ਕਿੱਟਾਂ ਦੀ ਵੰਡ ਵੀ ਸ਼ਾਮਲ ਹੋਵੇਗੀ। ਕਿਸਾਨਾਂ ਲਈ ਐਲਾਨੀ ਗਈ ਵਿਸ਼ੇਸ਼ ਸਹਾਇਤਾ ਵਿਚ ਕੁੱਝ ਹੋਰ ਨੁਕਤੇ ਵੀ ਹਨ। ਜਿਨ੍ਹਾਂ ਕੋਲ ਬਿਜਲੀ ਕੁਨੈਕਸ਼ਨ ਨਹੀਂ ਹਨ, ਉਨ੍ਹਾਂ ਨੂੰ ਵਿਸ਼ੇਸ਼ ਸਹਾਇਤਾ ਮਿਲੇਗੀ। ਹੜ੍ਹਾਂ ਵਿਚ ਪ੍ਰਭਾਵਿਤ ਟਿਊਬਵੈੱਲਾਂ ਅਤੇ ਬੋਰਾਂ ਨੂੰ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ ਤਹਿਤ ਮੁੜ ਸੁਰਜੀਤ ਕੀਤਾ ਜਾਵੇਗਾ। ਡੀਜ਼ਲ ਨਾਲ ਚੱਲਣ ਵਾਲੇ ਬੋਰ ਪੰਪਾਂ ਲਈ ਸੋਲਰ ਪੈਨਲਾਂ ਦੀ ਸਥਾਪਨਾ ਅਤੇ 'ਪ੍ਰਤੀ ਬੂੰਦ ਹੋਰ ਫਸਲ' ਦਿਸ਼ਾ-ਨਿਰਦੇਸ਼ਾਂ ਤਹਿਤ ਸੂਖਮ ਸਿੰਚਾਈ ਨੂੰ ਉਤਸ਼ਾਹਿਤ ਕੀਤਾ ਜਾਵੇਗਾ।

ਪੰਜਾਬ ਸਰਕਾਰ ਦੁਆਰਾ ਪ੍ਰਧਾਨ ਮੰਤਰੀ ਆਵਾਸ ਯੋਜਨਾ - ਗ੍ਰਾਮੀਣ ਅਧੀਨ ਸ਼ੁਰੂ ਕੀਤੇ ਗਏ "ਵਿਸ਼ੇਸ਼ ਪ੍ਰੋਜੈਕਟ" ਰਾਹੀਂ ਪੇਂਡੂ ਖੇਤਰਾਂ ਵਿਚ ਹੜ੍ਹ ਪ੍ਰਭਾਵਿਤ ਘਰਾਂ ਦੇ ਪੁਨਰ-ਨਿਰਮਾਣ ਲਈ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਹੜ੍ਹਾਂ ਨਾਲ ਨੁਕਸਾਨੇ ਗਏ ਸਰਕਾਰੀ ਸਕੂਲਾਂ ਨੂੰ ਸਮੱਗਰ ਸਿੱਖਿਆ ਅਭਿਆਨ ਤਹਿਤ ਵਿੱਤੀ ਸਹਾਇਤਾ ਦਿੱਤੀ ਜਾਵੇਗੀ। ਜਲ ਸੰਚਯ ਜਨ ਭਾਗੀਦਾਰੀ ਪ੍ਰੋਗਰਾਮ ਤਹਿਤ, ਪੰਜਾਬ ਵਿਚ ਪਾਣੀ ਦੀ ਸੰਭਾਲ ਅਤੇ ਰੀਚਾਰਜ ਢਾਂਚਿਆਂ ਦੀ ਵਿਆਪਕ ਉਸਾਰੀ ਅਤੇ ਮੁਰੰਮਤ ਦਾ ਕੰਮ ਕੀਤਾ ਜਾਵੇਗਾ।

ਦੂਸਰੇ ਪਾਸੇ ਕੇਂਦਰ ਸਰਕਾਰ ਦੀ ਅੰਤਰ-ਮੰਤਰਾਲਾ ਟੀਮ ਵੀ ਇਨ੍ਹਾਂ ਦਿਨਾਂ ਵਿਚ ਪੰਜਾਬ ਦਾ ਦੌਰਾ ਕਰ ਰਹੀ ਹੈ। ਇਸ ਟੀਮ ਵਲੋਂ ਨੁਕਸਾਨ ਦਾ ਮੁਲਾਂਕਣ ਕਰਨ ਤੋਂ ਬਾਅਦ ਹੋਰ ਸਹਾਇਤਾ 'ਤੇ ਵਿਚਾਰ ਕੀਤਾ ਜਾਵੇਗਾ। ਇਸ ਮੌਕੇ ਪ੍ਰਧਾਨ ਮੰਤਰੀ ਮੋਦੀ ਨਾਲ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ, ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ, ਬੀਜੇਪੀ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ, ਬੀਜੇਪੀ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਆਦਿ ਵੀ ਹਾਜ਼ਰ ਸਨ।

ਪਰ ਪੰਜਾਬ ਜਿੰਨੇ ਵੱਡੇ ਸੰਕਟ ਵਿਚੀਂ ਗੁਜ਼ਰ ਰਿਹਾ ਹੈ, ਜਾਂ ਤਾਂ ਪ੍ਰਧਾਨ ਮੰਤਰੀ ਅਤੇ ਪੰਜਾਬ ਦੇ ਭਾਜਪਾ ਆਗੂਆਂ ਨੂੰ ਉਸਦਾ ਪੂਰਾ ਪਤਾ ਨਹੀਂ ਹੈ ਅਤੇ ਜਾਂ ਫੇਰ ਅਜੇ ਵੀ ਜਾਣ ਬੁੱਝ ਕੇ ਅੱਖਾਂ ਮੀਟੀਆਂ ਜਾ ਰਹੀਆਂ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਐਲਾਨੀਆਂ ਗਈਆਂ ਰਾਹਤਾਂ ਨੂੰ ਪੰਜਾਬ ਨਿਗੂਣੀਆਂ ਸਮਝਦਾ ਹੈ। ਇਸੇ ਕਰਕੇ ਇਨ੍ਹਾਂ ਐਲਾਨਾਂ ਤੋਂ ਤੁਰੰਤ ਬਾਅਦ ਪੰਜਾਬ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਆਗੂਆਂ ਵਲੋਂ ਤਿੱਖੇ ਪ੍ਰਤੀਕਰਮ ਸਾਹਮਣੇ ਆਏ ਹਨ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸੂਬੇ ਲਈ 1600 ਕਰੋੜ ਰੁਪਏ ਦੇ ਹੜ੍ਹ ਰਾਹਤ ਪੈਕੇਜ ਨੂੰ "ਬਹੁਤ ਹੀ ਘੱਟ" ਕਰਾਰ ਦਿੰਦੇ ਹੋਏ, ਇਸ ਨੂੰ ਊਠ ਦੇ ਮੂੰਹ ਵਿਚ ਜੀਰੇ ਦੇ ਸਮਾਨ ਦੱਸਿਆ ਹੈ। ਵੜਿੰਗ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਪ੍ਰਧਾਨ ਮੰਤਰੀ ਤੋਂ ਬਹੁਤ ਉਮੀਦਾਂ ਸਨ, ਪਰ ਉਨ੍ਹਾਂ ਨੇ ਸਾਰਿਆਂ ਨੂੰ ਬੁਰੀ ਤਰ੍ਹਾਂ ਨਿਰਾਸ਼ ਕੀਤਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਵਿਨਾਸ਼ਕਾਰੀ ਨੁਕਸਾਨ ਲਈ 1600 ਕਰੋੜ ਰੁਪਏ ਮੂੰਗਫਲੀ ਦੇ ਦਾਣਿਆਂ ਵਾਂਗ ਵੀ ਨਹੀਂ ਹਨ। ਕੇਂਦਰ ਵਿਚ ਭਾਜਪਾ ਦੇ ਪਿਛਲੇ ਗਿਆਰਾਂ ਸਾਲਾਂ ਦੇ ਸ਼ਾਸਨ ਦੌਰਾਨ ਪੰਜਾਬ ਨੂੰ ਵਿਤਕਰਾ ਸਿਰਫ਼ ਇਸ ਲਈ ਝੱਲਣਾ ਪਿਆ ਹੈ, ਕਿਉਂਕਿ ਸੂਬਾ ਭਗਵਾ ਪਾਰਟੀ ਦੇ ਨਾਲ ਨਹੀਂ ਚੱਲਿਆ ਹੈ।

ਆਮ ਆਦਮੀ ਪਾਰਟੀ ਪੰਜਾਬ ਦੇ ਮੁਖੀ ਅਮਨ ਅਰੋੜਾ ਨੇ ਕਿਹਾ "ਸ਼ੁਰੂਆਤੀ ਅਨੁਮਾਨਾਂ ਅਨੁਸਾਰ ਹੀ ਹੜ੍ਹਾਂ ਨਾਲ 20,000 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਪ੍ਰਧਾਨ ਮੰਤਰੀ ਨੇ ਪੰਜਾਬੀਆਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਿਆ ਹੈ।" ਉਨ੍ਹਾਂ ਕਿਹਾ ਕਿ ਬਾਰਾਂ ਹਜ਼ਾਰ ਕਰੋੜ ਰੁਪਏ ਦੀ ਜਿਹੜੀ ਰਾਸ਼ੀ ਪੰਜਾਬ ਸਰਕਾਰ ਕੋਲ ਪਹਿਲਾਂ ਹੀ ਪਈ ਹੋਣ ਦੀ ਗੱਲ ਪ੍ਰਧਾਨ ਮੰਤਰੀ ਕਰ ਰਹੇ ਹਨ ਇਸ ਬਾਰੇ ਅਸਲੀਅਤ ਇਹ ਹੈ ਕਿ ਇਸਨੂੰ ਖਰਚਣ ਉਤੇ ਤਰ੍ਹਾਂ-ਤਰ੍ਹਾਂ ਦੀਆਂ ਪਾਬੰਦੀਆਂ ਹਨ ਜਿਨ੍ਹਾਂ ਬਾਰੇ ਮੁੱਖ ਮੰਤਰੀ ਸਾਹਿਬ ਪਹਿਲਾਂ ਹੀ ਪ੍ਰਧਾਨ ਮੰਤਰੀ ਸਾਹਿਬ ਨੂੰ ਪੱਤਰ ਲਿਖ ਚੁੱਕੇ ਹਨ।

ਪੰਜਾਬ ਦੀ ਫ਼ਿਤਰਤ ਹੈ ਕਿ ਇਹ ਬੁਰੀ ਤੋਂ ਬੁਰੀ ਮੁਸੀਬਤ ਵਿਚੋਂ ਵੀ ਸਾਬਤ-ਸਬੂਤ ਨਿਕਲ ਆਉਣ ਦੀ ਸ਼ਕਤੀ ਰੱਖਦਾ ਹੈ। ਕਿਸੇ ਅੱਗੇ ਹੱਥ ਅੱਡਣਾ ਇਸਦਾ ਸੁਭਾਅ ਨਹੀਂ ਹੈ। ਦੇਸ਼ ਵਿਦੇਸ਼ ਵਿਚ ਵਸਦੇ ਪੰਜਾਬੀ ਸਪੂਤਾਂ ਨੇ, ਸਾਧੂਆਂ ਸੰਤਾਂ ਅਤੇ ਹੋਰ ਮੋਹਤਬਰਾਂ ਸਮੇਤ ਪੰਜਾਬੀ ਗਾਇਕਾਂ ਅਤੇ ਫਿਲਮ ਅਦਾਕਾਰਾਂ ਨੇ ਜਿਸ ਤ੍ਰਰਾਂ ਖੁਲ੍ਹ ਕੇ ਮਾਲੀ ਸਹਾਇਤਾ ਅਤੇ ਹੋਰ ਲੋੜੀਂਦਾ ਸਮਾਨ ਭੇਜਿਆ ਹੈ, ਉਹ ਬੇਮਿਸਾਲ ਹੈ। ਜਿਸ ਉਤੇ ਪੰਜਾਬ ਜਿੰਨਾ ਮਾਣ ਕਰੇ ਥੋੜ੍ਹਾ ਹੈ। ਪੰਜਾਬ ਨੂੰ ਹੁਣ ਕਿਸੇ ਵੀ ਚੀਜ਼ ਦੀ ਕੋਈ ਕਮੀ ਨਹੀਂ ਹੈ। ਪਰ ਹੁਣ ਸਵਾਲ ਏਨਾ ਹੀ ਹੈ ਕਿ ਸਾਰੇ ਦੇਸ਼ ਦਾ ਪੇਟ ਭਰਨ ਵਾਲਾ ਪੰਜਾਬ, ਸਭ ਤੋਂ ਅੱਗੇ ਹੋ ਕੇ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਨ ਲਈ ਹਮੇਸ਼ਾ ਤਤਪਰ ਰਹਿਣ ਵਾਲਾ ਪੰਜਾਬ, ਦੇਸ਼ ਦੀ ਸਲਾਮਤੀ ਲਈ ਮਰ ਮਿਟਣ ਵਾਲਾ ਪੰਜਾਬ ਹੁਣ ਜਦੋਂ ਖੁਦ ਮੁਸੀਬਤ ਵਿਚ ਹੈ ਤਾਂ ਦੇਸ਼ ਉਸ ਲਈ ਕੀ ਕਰ ਰਿਹਾ ਹੈ?

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਹੜ੍ਹਾਂ 'ਚ ਸੇਵਾਦਾਰ!

ਦਿਨ-ਰਾਤ ਹੀ ਸੇਵਾ ਵਿਚ ਮਘਨ ਹੋਏ, ਦਰਦ ਜਿਨ੍ਹਾਂ ਨੂੰ ਹੜ੍ਹਾਂ ਦੇ ਮਾਰਿਆਂ ਦਾ।
ਮੱਦਦ ਕਰਦਿਆਂ ਦਿਸਦੇ ਨੇ ਕਈ ਭਾਵੇਂ, ਮਕਸਦ ਇਕ ਹੀ ਨਹੀਂ ਹੈ ਸਾਰਿਆਂ ਦਾ।
ਸੰਕਟ ਸਮੇਂ ਵੀ ਸ਼ੋਹਰਤਾਂ ਚਾਹੁਣ ਜਿਹੜੇ, ਪਤਾ ਲੱਗ ਜਾਂਦਾ ਝੱਲ ਖਿਲਾਰਿਆਂ ਦਾ।
ਬਿਨਾਂ ਫੋਟੋ ਖਿਚਵਾਇਆਂ ਜੋ ਡਟੇ ਹੋਏ, ਕਰੀਏ ਸ਼ੁਕਰੀਆ ਗੁਰੂ ਸਵਾਰਿਆਂ ਦਾ।
ਕਰੋ 'ਫੰਡ' ਇਕੱਠਾ ਕਈ ਕਹਿਣ ਕਾਹਲੇ, ਜਿਨ੍ਹਾਂ ਲੁੱਟਣ ਦੀ ਆਦਤ ਨਾ ਛੱਡਣੀ ਜੀ।
'ਬੀਅ ਵੋਟਾਂ' ਦੇ ਬੀਜਦੇ ਸਿਆਸਤੀ ਵੀ, 'ਫਸਲ' ਜਿਨ੍ਹਾਂ ਸਤਾਈ ਵਿਚ ਵੱਢਣੀ ਜੀ!

# ਇਹ ਸਧਾਰਨ ਹੜ੍ਹ ਨਹੀਂ ਸਰਕਾਰੀ ਅਪਰਾਧ ਹੈ!

ਇਹ ਸਿਰਫ ਹੜ੍ਹ ਨਹੀਂ ਮਨੁੱਖਤਾ ਖ਼ਿਲਾਫ ਅਪਰਾਧ ਹੈ ਅਤੇ ਇਸ ਅਪਰਾਧ ਦੀਆਂ ਦੋਸ਼ੀ ਸਰਕਾਰਾਂ ਤੇ ਹੁਣ ਤੱਕ ਦੇ ਦੋਸ਼ੀ ਅਧਿਕਾਰੀਆਂ ਨੂੰ ਸਖ਼ਤ ਸਜ਼ਾਵਾਂ ਨਿਸ਼ਚਿਤ ਹੋਣੀਆਂ ਚਾਹੀਦੀਆਂ ਹਨ। ਜੇਕਰ ਪੰਜਾਬ ਇਸ ਵੇਲੇ ਭਿਆਨਕ ਤਰਾਸਦੀ ਦੇ ਦੌਰ ਵਿਚੋਂ ਗੁਜ਼ਰ ਰਿਹਾ ਹੈ ਤਾਂ ਇਸ ਲਈ ਹੁਣ ਤੱਕ ਦੇ ਚੁਣੇ ਹੋਏ ਸੱਤਾਧਾਰੀ ਅਤੇ ਅਧਿਕਾਰੀ ਜ਼ਿੰਮੇਵਾਰ ਹਨ। ਭ੍ਰਿਸ਼ਟ ਰਾਜਨੀਤੀ ਨੇ ਇਸ ਧਰਤੀ ਨੂੰ ਉਹ ਜ਼ਖ਼ਮ ਦਿੱਤੇ ਹਨ ਜਿਨ੍ਹਾਂ ਦਾ ਇਲਾਜ ਵੀ ਇਸ ਤਰਾਸਦੀ ਵਿਚ ਫਸੇ ਪਰਿਵਾਰਾਂ ਨੂੰ ਮਰ ਕੇ ਕਰਨਾ ਪਵੇਗਾ।



ਮਦਨਦੀਪ ਸਿੰਘ
ਫੋਨ: 85918-59124

ਮੌਜੂਦਾ ਸਮੇਂ ਮਨੁੱਖੀ ਮੌਤਾਂ ਦੇ ਅੰਕੜੇ ਹਰ ਦਿਨ ਵਧ ਰਹੇ ਹਨ, ਸੈਂਕੜੇ ਪਰਿਵਾਰ ਆਪਣੇ ਪਿਆਰੇ ਗੁਆ ਬੈਠੇ ਹਨ। ਡੰਗਰਾਂ ਦੀਆਂ ਮੌਤਾਂ ਨੇ ਭਵਿੱਖ ਨੂੰ ਹੋਰ ਮੁਸ਼ਕਲ ਬਣਾ ਦਿੱਤਾ ਹੈ। ਹਰੇ-ਭਰੇ ਖੇਤ ਡੁੱਬ ਚੁੱਕੇ ਹਨ। ਲੱਖਾਂ ਏਕੜ ਫ਼ਸਲ ਬਰਬਾਦ ਹੋ ਚੁੱਕੀ ਹੈ ਅਤੇ ਕਿਸਾਨ ਆਪਣੀ ਸਾਲ ਭਰ ਦੀ ਮਿਹਨਤ ਇਕ ਪਲ ਵਿਚ ਖਤਮ ਹੁੰਦੀ ਦੇਖ ਕੇ ਹੱਕੇ-ਬੱਕੇ ਰਹਿ ਗਏ ਹਨ। ਡੇਢ ਹਜ਼ਾਰ ਤੋਂ ਵੱਧ ਪਿੰਡ, ਕਾਰਾਂ, ਟਰੈਕਟਰ, ਟਰੱਕ ਅਤੇ ਹੋਰ ਵਾਹਨ ਪਾਣੀ ਵਿਚ ਡੁੱਬ ਕੇ ਤਬਾਹ ਹੋ ਗਏ ਹਨ। ਇਹ ਸਿਰਫ਼ ਵਾਹਨਾਂ ਦਾ ਨੁਕਸਾਨ ਨਹੀਂ, ਸਗੋਂ ਕਿਸਾਨੀ ਅਤੇ ਵਪਾਰਕ ਗਤੀਵਿਧੀਆਂ ਦੇ ਲੰਬਾ ਸਮਾਂ ਰੁਕਣ ਦਾ ਪ੍ਰਤੀਕ ਹੈ, ਜਿਸ ਨਾਲ ਪੰਜਾਬ ਦੀ ਅਰਥ-ਵਿਵਸਥਾ ਨੂੰ ਗੰਭੀਰ ਝਟਕਾ ਲੱਗਿਆ ਹੈ।

ਇਹ ਤਰਾਸਦੀ ਸਿਰਫ਼ ਕੁਦਰਤੀ ਕਹਿਰ ਦਾ ਨਤੀਜਾ ਨਹੀਂ ਹੈ। ਹੜ੍ਹ ਇਕ ਕੁਦਰਤੀ ਘਟਨਾ ਹੋ ਸਕਦੀ ਹੈ, ਪਰ ਉਸਨੂੰ ਮਨੁੱਖੀ ਦ੍ਰਿਸ਼ਟੀਕੋਣ ਨਾਲ ਸੰਭਾਲਿਆ ਜਾ ਸਕਦਾ ਹੈ। ਪੰਜਾਬ ਵਿਚ ਹਰ ਸਾਲ ਆਉਣ ਵਾਲੇ ਹੜ੍ਹਾਂ ਦੇ ਪਿੱਛੇ ਸਭ ਤੋਂ ਵੱਡਾ ਕਾਰਨ ਨਾਕਸ ਇੰਤਜ਼ਾਮ, ਭ੍ਰਿਸ਼ਟਾਚਾਰ ਅਤੇ ਅਣ-ਮੁਨੱਖੀ ਰਾਜਨੀਤੀ ਹੈ। ਜੇ ਸਰਕਾਰਾਂ ਆਪਣੀ ਜ਼ਿੰਮੇਵਾਰੀ ਸਮਝਦੀਆਂ ਅਤੇ ਹੜ੍ਹ ਪ੍ਰਬੰਧਨ ਲਈ ਸੁਧਰੇ ਹੋਏ ਪ੍ਰਬੰਧ ਕਰਦੀਆਂ ਤਾਂ ਇਹ ਤਰਾਸਦੀ ਇਸ ਹੱਦ ਤੱਕ ਕਦੇ ਨਾ ਵਧਦੀ।

ਹੜ੍ਹ ਤੋਂ ਬਚਾਅ ਲਈ ਦਰਿਆਵਾਂ ਦੀ ਆਧੁਨਿਕ ਤਕਨੀਕ ਨਾਲ ਸਾਂਭ-ਸੰਭਾਲ, ਨਹਿਰਾਂ ਦੀ ਸਫ਼ਾਈ, ਚੋਆਂ ਉੱਤੇ ਮਾਫੀਆ ਦੇ ਕਬਜ਼ਿਆਂ ਨੂੰ ਉਸਾਰੀਆਂ ਕਰਨ ਤੋਂ ਰੋਕਣਾ, ਬੰਨ੍ਹਾਂ ਨੂੰ ਪੱਕਾ ਕਰਨਾ ਅਤੇ ਬਰਸਾਤੀ ਸੀਜ਼ਨ ਤੋਂ ਪਹਿਲਾਂ ਮੁਰੰਮਤ ਕਰਨੀ, ਅਤੇ ਨਵੇਂ ਪਾਣੀ ਦੇ ਰਾਹ ਬਣਾਉਣ ਵਰਗੇ ਕਦਮ ਫੈਸਲੇ ਉੱਤੇ ਅਮਲ ਕਰਨਾ ਲਾਜ਼ਮੀ ਹੁੰਦੇ ਹਨ। ਪਰੰਤੂ ਇਹ ਸਭ ਕੰਮ ਕਾਗਜ਼ਾਂ 'ਤੇ ਹੀ ਦਿਖਾਈ ਦਿੰਦੇ ਹਨ। ਹਕੀਕਤ ਵਿਚ ਪੈਸੇ ਦੀ ਬੇਦਰਦੀ ਨਾਲ ਲੁੱਟ-ਖਸੁੱਟ ਹੁੰਦੀ ਹੈ।

ਹੜ੍ਹ ਪ੍ਰਬੰਧਨ ਦੇ ਨਾਂਅ 'ਤੇ ਕਈ ਪ੍ਰੋਜੈਕਟ ਸ਼ੁਰੂ ਕੀਤੇ ਜਾਂਦੇ ਹਨ, ਪਰ ਉਨ੍ਹਾਂ ਦੇ ਬਜਟਾਂ ਦਾ ਵੱਡਾ ਹਿੱਸਾ ਭ੍ਰਿਸ਼ਟ ਅਧਿਕਾਰੀਆਂ ਅਤੇ ਸਿਆਸਤਦਾਨਾਂ ਦੀਆਂ ਜੇਬਾਂ ਵਿਚ ਚਲਾ ਜਾਂਦਾ ਹੈ। ਜਿਸ ਕਾਰਨ ਨਾ ਤਾ ਬੰਨ੍ਹ ਮਜ਼ਬੂਤ ਬਣਦੇ ਹਨ, ਨਾ ਹੀ ਪਾਣੀ ਦੇ ਰਾਹ ਖੁੱਲ੍ਹੇ ਕੀਤੇ ਜਾਂਦੇ ਹਨ ਤੇ ਨਾ ਹੀ ਰਾਹ ਨਵੇਂ ਬਣਾਏ ਜਾਂਦੇ ਹਨ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਜਦੋਂ ਵੱਡਾ ਮੀਂਹ ਪੈਂਦਾ ਹੈ, ਪਾਣੀ ਦੀ ਭਿਆਨਕ ਲਹਿਰ ਰਸਤੇ ਨਾ ਹੋਣ ਕਾਰਨ ਪਿੰਡਾਂ ਅਤੇ ਸ਼ਹਿਰਾਂ ਵੱਲ ਵਗ ਤੁਰਦੀ ਤੇ ਪਿੰਡ-ਸ਼ਹਿਰ 'ਚ ਵਸਦੇ ਲੋਕ ਡੁੱਬ ਜਾਂਦੇ ਹਨ, ਉਨ੍ਹਾਂ ਦਾ ਕਾਰੋਬਾਰ ਬਰਬਾਦ ਹੋ ਜਾਂਦਾ ਹੈ ਘਰ ਨਸ਼ਟ ਹੋ ਜਾਂਦੇ ਹਨ ਤੇ ਮਿਹਨਤ ਪਾਣੀ ਵਿਚ ਰੁੜ੍ਹ ਜਾਂਦੀ ਹੈ।

ਪੰਜਾਬ ਦੇ ਕਈ ਇਲਾਕਿਆਂ ਵਿਚ ਹੜ੍ਹ ਬਚਾਅ ਦੀਆਂ ਯੋਜਨਾਵਾਂ ਸਾਲਾਂ ਤੋਂ ਅਧੂਰੀਆਂ ਪਈਆਂ ਹਨ। ਦਰਿਆਵਾਂ ਦੇ ਕੰਢੇ ਬੰਨ੍ਹਾਂ ਨੂੰ ਮਜ਼ਬੂਤ ਕਰਨ ਲਈ ਸਰਕਾਰਾਂ ਵੱਲੋਂ ਹਰੇਕ ਸਾਲ ਵੱਡੇ ਐਲਾਨ ਕੀਤੇ ਜਾਂਦੇ ਹਨ, ਪਰ ਹਕੀਕਤ ਇਹ ਹੈ ਕਿ ਉਹ ਐਲਾਨ ਸਿਰਫ਼ ਅਖ਼ਬਾਰਾਂ ਦੀਆਂ ਸੁਰਖੀਆਂ ਤੱਕ ਹੀ ਸੀਮਿਤ ਰਹਿੰਦੇ ਹਨ। ਪੁਰਾਣੇ ਬੰਨ੍ਹਾਂ ਦੀ ਮੁਰੰਮਤ ਵੀ ਢੰਗ ਨਾਲ ਨਹੀਂ ਕੀਤੀ ਜਾਂਦੀ, ਜਿਸ ਕਰਕੇ ਉਹ ਪਹਿਲੇ ਹੀ ਤੂਫ਼ਾਨੀ ਮੀਂਹ ਨਾਲ ਟੁੱਟ ਜਾਂਦੇ ਹਨ। ਜਿੱਥੇ ਇਹ ਬੰਨ੍ਹ ਟੁੱਟਦੇ ਹਨ, ਓਥੇ ਤਬਾਹੀ ਦੀ ਲਹਿਰ ਸਭ ਕੁਝ ਬਹਾ ਲੈ ਜਾਂਦੀ ਹੈ।

ਇਸ ਤਰਾਸਦੀ ਦਾ ਸਭ ਤੋਂ ਦੁੱਖਦਾਈ ਪੱਖ ਇਹ ਹੈ ਕਿ ਇਸਨੂੰ ਰੋਕਿਆ ਜਾ ਸਕਦਾ ਸੀ। ਪਰੰਤੂ ਰਾਜਨੀਤਕ ਆਗੂ ਅਤੇ ਪ੍ਰਸ਼ਾਸਨ ਇਸ ਬਾਰੇ ਕਦੇ ਵੀ ਬਹੁਤੇ ਗੰਭੀਰ ਨਹੀਂ ਦਿਖਾਈ ਦਿੰਦੇ। ਜਿੱਥੇ ਉਨ੍ਹਾਂ ਨੂੰ ਵੋਟਾਂ ਮਿਲਣ ਦੀ ਸੰਭਾਵਨਾ ਹੁੰਦੀ ਹੈ, ਓਥੇ ਉਹ ਦਿਖਾਵੇ ਲਈ ਰਾਹਤ ਸਮੱਗਰੀ ਵੰਡਣ ਜਾਂ ਮੌਕਾ ਵੇਖਣ ਜਾਂਦੇ ਹਨ। ਪਰ ਜਿੱਥੇ ਲੋਕ ਬੇਸਹਾਰਾ ਹਨ ਅਤੇ ਜ਼ਿੰਦਾ ਰਹਿਣ ਲਈ ਸੰਘਰਸ਼ ਕਰ ਰਹੇ ਹਨ, ਓਥੇ ਸਰਕਾਰੀ ਮਸ਼ੀਨਰੀ ਦੀ ਗੈਰਹਾਜ਼ਰੀ ਸਾਫ਼ ਦਿਖਾਈ ਦਿੰਦੀ ਹੈ।

ਇਹ ਸਿਰਫ਼ ਪ੍ਰਸ਼ਾਸਨਿਕ ਨਾਕਾਮੀ ਨਹੀਂ ਹੈ, ਸਗੋਂ ਇਹ ਮਨੁੱਖਤਾ ਦੇ ਖਿਲਾਫ਼ ਇਕ ਵੱਡਾ ਅਪਰਾਧ ਹੈ। ਜਦੋਂ ਸਰਕਾਰ ਅਤੇ ਸਿਆਸਤਦਾਨ ਆਪਣੀਆਂ ਜ਼ਿੰਮੇਵਾਰੀਆਂ ਭੁੱਲ ਜਾਂਦੇ ਹਨ ਅਤੇ ਸਿਰਫ਼ ਸਿਆਸੀ ਲਾਭ ਲਈ ਕੰਮ ਕਰਦੇ ਹਨ, ਤਾਂ ਉਸਦਾ ਨਤੀਜਾ ਇਹੋ ਜਿਹਾ ਹੁੰਦਾ ਹੈ ਕਿ ਆਮ ਲੋਕਾਂ ਦੀ ਜ਼ਿੰਦਗੀ ਅਤੇ ਮਿਹਨਤ ਦੀ ਕਮਾਈ ਪਾਣੀ ਵਿਚ ਵਹਿ ਜਾਂਦੀ ਹੈ। ਹੜ੍ਹ ਤੋਂ ਬਚਾਅ ਲਈ ਵਿਗਿਆਨਕ ਅਤੇ ਤਕਨੀਕੀ ਹੱਲ ਮੌਜੂਦ ਹਨ, ਪਰ ਉਨ੍ਹਾਂ ਨੂੰ ਲਾਗੂ ਕਰਨ ਲਈ ਇਮਾਨਦਾਰੀ ਅਤੇ ਦੂਰਦਰਸ਼ੀ ਸੋਚ ਦੀ ਲੋੜ ਹੈ, ਜੋ ਅਫ਼ਸੋਸ ਨਾਲ ਪੰਜਾਬ ਦੇ ਰਾਜਨੀਤਕ ਗਲਿਆਰਿਆਂ ਵਿਚ ਨਜ਼ਰ ਨਹੀਂ ਆਉਂਦੀ।

ਪੰਜਾਬ ਦੀ ਇਹ ਤਰਾਸਦੀ ਸਿਰਫ਼ ਅੰਕੜਿਆਂ ਦੀ ਖੇਡ ਨਹੀਂ ਹੈ। ਹਰ ਮੌਤ ਦੇ ਪਿੱਛੇ ਇਕ ਪਰਿਵਾਰ ਦੀ ਕਹਾਣੀ ਹੈ। ਹਰੇਕ ਡੁੱਬਿਆ ਦੁਧਾਰੂ ਪਸ਼ੂ ਕਿਸੇ ਕਿਸਾਨ ਦੀ ਉਮੀਦ ਸੀ। ਹਰ ਏਕੜ ਫਸਲ ਦੇ ਨਾਲ ਕਿਸਾਨ ਦਾ ਭਵਿੱਖ ਜੁੜਿਆ ਸੀ। ਮੀਂਹ ਤਾਂ ਰੁਕ ਜਾਵੇਗਾ ਪਰੰਤੂ ਜਦੋਂ ਅਸੀਂ ਲੱਖਾਂ ਏਕੜ ਫਸਲ ਬਰਬਾਦ ਹੋਣ ਦੀ ਗੱਲ ਕਰਦੇ ਹਾਂ, ਤਾਂ ਇਸਦਾ ਅਰਥ ਹੈ ਕਿ ਹਜ਼ਾਰਾਂ ਪਰਿਵਾਰਾਂ ਦੇ ਭਵਿੱਖ ਉੱਤੇ ਲੰਬੇ ਸਮੇਂ ਲਈ ਕਹਿਰ ਵਰ੍ਹਨਾ ਹੈ। ਇਸ ਹਾਲਾਤ ਵਿਚ ਕਿਸਾਨ ਨਾ ਸਿਰਫ਼ ਕਰਜ਼ਿਆਂ ਦੇ ਬੋਝ ਹੇਠ ਆ ਜਾਂਦੇ ਹਨ, ਸਗੋਂ ਕਈ ਵਾਰੀ ਨਿਰਾਸ਼ਾ ਵਿਚ ਖੁਦਕੁਸ਼ੀ ਦੇ ਰਾਹ 'ਤੇ ਵੀ ਤੁਰ ਪੈਂਦੇ ਹਨ।

ਇਸ ਤਰਾਸਦੀ ਨੂੰ ਸਿਰਫ਼ ਮੀਂਹ ਜਾਂ ਕੁਦਰਤ ਦੇ ਖਿਲਾਫ਼ ਲੜਾਈ ਮੰਨ ਕੇ ਨਹੀਂ ਛੱਡਿਆ ਜਾ ਸਕਦਾ। ਇਸਦੇ ਪਿੱਛੇ ਜੋ ਮਨੁੱਖੀ ਕਾਰਨ ਹਨ, ਉਨ੍ਹਾਂ ਨੂੰ ਸਮਝਣਾ ਅਤੇ ਉਨ੍ਹਾਂ ਦਾ ਹੱਲ ਲੱਭਣਾ ਬਹੁਤ ਜ਼ਰੂਰੀ ਹੈ। ਜਦ ਤੱਕ ਭ੍ਰਿਸ਼ਟਾਚਾਰ ਖ਼ਤਮ ਨਹੀਂ ਹੁੰਦਾ ਅਤੇ ਹੜ੍ਹ ਪ੍ਰਬੰਧਨ ਲਈ ਸੱਚੀ ਨਿਭਾਈ ਨਹੀਂ ਹੁੰਦੀ, ਤਦ ਤੱਕ ਇਹ ਤਬਾਹੀਆਂ ਹਰ ਸਾਲ ਵਾਪਰਦੀਆਂ ਰਹਿਣਗੀਆਂ। ਪੰਜਾਬ ਦੇ ਲੋਕਾਂ ਨੂੰ ਇਸ ਪ੍ਰਸ਼ਨ ਨੂੰ ਸਿਰਫ਼ ਪ੍ਰਾਕ੍ਰਿਤਿਕ ਕਹਿਰ ਨਹੀਂ, ਸਗੋਂ ਰਾਜਨੀਤਕ ਅਤੇ ਪ੍ਰਸ਼ਾਸਨਿਕ ਅਪਰਾਧ ਦੇ ਤੌਰ 'ਤੇ ਦੇਖਣਾ ਚਾਹੀਦਾ ਹੈ ਅਤੇ ਆਪਣੀ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ।

ਜੇ ਅਸੀਂ ਹੁਣ ਵੀ ਨਹੀਂ ਜਾਗੇ ਤਾਂ ਹਰ ਸਾਲ ਇਹੀ ਕਹਾਣੀ ਦੁਹਰਾਈ ਜਾਵੇਗੀ—ਮਨੁੱਖੀ ਮੌਤਾਂ ਦੇ ਅੰਕੜੇ ਵਧਦੇ ਜਾਣਗੇ, ਡੰਗਰਾਂ ਦੀਆਂ ਲਾਸ਼ਾਂ ਖੇਤਾਂ ਵਿਚ ਸੜਦੀਆਂ ਰਹਿਣਗੀਆਂ, ਅਤੇ ਕਿਸਾਨ ਆਪਣੀਆਂ ਫਸਲਾਂ ਦੇ ਨਾਲ ਆਪਣੀਆਂ ਉਮੀਦਾਂ ਵੀ ਪਾਣੀ ਵਿਚ ਡੁੱਬਦੀਆਂ ਵੇਖਦੇ ਰਹਿਣਗੇ। ਇਹ ਸਮਾਂ ਸਿਆਸੀ ਦਿਖਾਵੇ ਤੋਂ ਪਰੇ ਹੋ ਕੇ ਹਕੀਕੀ ਹੱਲ ਲੱਭਣ ਦਾ ਹੈ, ਨਹੀਂ ਤਾਂ ਪੰਜਾਬ ਦੀ ਇਹ ਤਰਾਸਦੀ ਹਰੇਕ ਸਾਲ ਹੋਰ ਡਰਾਉਣਾ ਰੂਪ ਧਾਰਨ ਕਰਦੀ ਰਹੇਗੀ। ਹਰ ਸਾਲ ਪੰਜਾਬ ਇਸ ਤਰਾਸਦੀ ਦਾ ਸ਼ਿਕਾਰ ਹੁੰਦਾ ਹੈ। ਪਿੰਡਾਂ ਦੇ ਪਿੰਡ ਡੁੱਬ ਜਾਂਦੇ ਹਨ, ਫਸਲਾਂ ਬਰਬਾਦ ਹੋ ਜਾਂਦੀਆਂ ਹਨ, ਘਰ ਢਹਿ ਜਾਂਦੇ ਹਨ, ਮਨੁੱਖੀ ਜਾਨਾਂ ਚਲੀਆਂ ਜਾਂਦੀਆਂ ਹਨ, ਪਸ਼ੂ ਮਾਰੇ ਜਾਂਦੇ ਹਨ। ਇਸ ਵਾਰ ਵੀ 43 ਮੌਤਾਂ ਹੋ ਚੁੱਕੀਆਂ ਹਨ ਹਾਲੇ ਪਸ਼ੂਆਂ ਬਾਰੇ ਕੋਈ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ ਚਾਰ ਲੱਖ ਏਕੜ ਤੋਂ ਵੱਧ ਫਸਲ ਬਰਬਾਦ ਹੋ ਗਈ ਹੈ, ਅਗਲੀ ਬਿਜਾਈ ਦੀ ਕੋਈ ਗਰੰਟੀ ਨਹੀਂ ਹੈ। ਸੈਲਾਬੀ ਜ਼ਮੀਨ ਕਦੋਂ ਫ਼ਸਲਾਂ ਤੇ ਰਹਿਣ ਯੋਗ ਹੋਵੇਗੀ ਇਸ ਬਾਰੇ ਹਾਲੇ ਕੁਝ ਨਹੀਂ ਕਿਹਾ ਜਾ ਸਕਦਾ। ਬਿਮਾਰੀਆਂ ਦੀ ਗੰਭੀਰ ਘੇਰਾਬੰਦੀ ਦਾ ਖ਼ਤਰਾ ਵੀ ਬਣਿਆ ਹੋਇਆ ਹੈ।

ਹੜ੍ਹਾਂ ਦੇ ਕਾਰਨਾਂ ਅਤੇ ਹੜ੍ਹਾਂ ਦੇ ਹੱਲ ਬਾਰੇ ਗੰਭੀਰ ਚਰਚਾ ਵੱਲ ਕੋਈ ਧਿਆਨ ਨਹੀਂ ਦੇ ਰਿਹਾ। ਪਿਛਲੇ ਕਈ ਦਹਾਕਿਆਂ ਤੋਂ ਪੰਜਾਬੀ ਇਸ ਜਵਾਬ ਦੀ ਉਡੀਕ ਕਰ ਰਹੇ ਹਨ ਕਿ ਆਖਰ ਮੀਂਹਾਂ ਦੇ ਹਰੇਕ ਮੌਸਮ ਵਿਚ ਉਨ੍ਹਾਂ ਦੇ ਡੁੱਬਣ ਦਾ ਕਾਰਨ ਕੀ ਹੈ? ਪੰਜਾਬ ਹਰ ਸਾਲ ਮੀਂਹ ਦੇ ਪਾਣੀ ਵਿਚ ਡੁੱਬ ਜਾਂਦਾ ਹੈ। ਖਾਸ ਕਰਕੇ ਪਹਾੜਾਂ ਤੋਂ ਲੱਖਾਂ ਕਿਊਸਿਕ ਪਾਣੀ ਜਦੋਂ ਹੇਠਾਂ ਪੰਜਾਬ ਵੱਲ ਨੂੰ ਆਉਂਦਾ ਹੈ ਅਤੇ ਪੰਜਾਬ ਸਰਕਾਰ ਦੀ ਕੋਈ ਤਿਆਰੀ ਨਹੀਂ ਹੁੰਦੀ ਤਾਂ ਲੋਕ ਡੁੱਬ ਜਾਂਦੇ ਹਨ। ਜਿੰਨਾ ਲੋਕਾਂ ਦਾ ਨੁਕਸਾਨ ਹੁੰਦਾ ਹੈ ਸਰਕਾਰਾਂ ਉਸਦੀ ਭਰਪਾਈ ਨਹੀਂ ਕਰਦੀਆਂ। ਬੜੀ ਮੁਸ਼ਕਿਲ ਨਾਲ ਜੂਝਦੇ ਹੋਏ ਲੋਕ ਪੈਰ ਸਿਰ ਆਉਂਦੇ ਹਨ ਤੇ ਅਗਲਾ ਮੀਂਹ ਆਉਣ ਦਾ ਸੀਜ਼ਨ ਮੁੜ ਤਿਆਰ ਹੋ ਜਾਂਦਾ ਹੈ ਤੇ ਮੁੜ ਡੋਬ ਦਿੰਦਾ ਹੈ।

ਮੈਂ ਪਿਛਲੇ ਦਿਨਾਂ ਤੋਂ ਲਗਾਤਾਰ ਹੜ੍ਹਾਂ ਨੂੰ ਲੈ ਕੇ ਇਸ ਖਿੱਤੇ ਦੇ ਮਾਹਿਰਾਂ ਨਾਲ ਟੈਲੀਵਿਜ਼ਨ ਪ੍ਰੋਗਰਾਮ ਕਰਦਾ ਆ ਰਿਹਾ ਸੀ ਅਤੇ ਉਨ੍ਹਾਂ ਨਾਲ ਇਸ ਦੇ ਹੱਲ ਬਾਰੇ ਚਰਚਾ ਵੀ ਕੀਤੀ। ਮਾਹਿਰਾਂ ਦੀ ਰਾਏ ਮੁਤਾਬਕ ਇਸ ਮੁੱਦੇ ਨੂੰ ਹੱਲ ਕਰਨ ਲਈ ਐਸੀ ਰਣਨੀਤੀ ਦੀ ਲੋੜ ਹੈ ਜੋ ਤਕਨੀਕੀ ਤੌਰ 'ਤੇ ਮਜ਼ਬੂਤ ਹੋਵੇ, ਪ੍ਰਕਿਰਤਕ ਤੱਤਾਂ ਨਾਲ ਸਹਿਯੋਗ ਕਰਦੀ ਹੋਵੇ ਅਤੇ ਲੰਬੇ ਸਮੇਂ ਲਈ ਟਿਕਾਊ ਹੋਵੇ। ਪੰਜਾਬ ਦੀ ਭੂਗੋਲਿਕ ਸਥਿਤੀ ਇਸ ਗੱਲ ਨੂੰ ਹੋਰ ਵੀ ਗੰਭੀਰ ਬਣਾ ਦਿੰਦੀ ਹੈ ਕਿਉਂਕਿ ਇੱਥੇ ਦੇ ਬਹੁਤ ਸਾਰੇ ਦਰਿਆ ਪਹਾੜਾਂ 'ਚੋਂ ਨਿਕਲਦੇ ਹਨ ਅਤੇ ਬਾਰਸ਼ ਦੇ ਮੌਸਮ ਵਿਚ ਉਨ੍ਹਾਂ ਵਿਚ ਅਚਾਨਕ ਵੱਧ ਪਾਣੀ ਆਉਣ ਨਾਲ ਹੜ੍ਹਾਂ ਦਾ ਖ਼ਤਰਾ ਕਾਫ਼ੀ ਵਧ ਜਾਂਦਾ ਹੈ।

ਇਸ ਸੰਕਟ ਨਾਲ ਨਿਪਟਣ ਲਈ ਸਭ ਤੋਂ ਪਹਿਲਾਂ ਦਰਿਆਵਾਂ ਦੇ ਚੈਨਲਾਂ ਨੂੰ ਸੁਧਾਰਨ ਦੀ ਲੋੜ ਹੈ। ਪਾਣੀ ਦੀ ਤੇਜ਼ ਰਵਾਨਗੀ ਨੂੰ ਨਿਯੰਤਰਿਤ ਕਰਨ ਲਈ Desliting and dredging ਵਰਗੀਆਂ ਤਕਨੀਕਾਂ ਨਾਲ ਦਰਿਆ ਦੇ ਪੱਧਰ ਨੂੰ ਸੰਭਾਲਿਆ ਜਾ ਸਕਦਾ ਹੈ। ਹਾਲਾਂਕਿ ਇਹ ਤਕਨੀਕਾਂ ਕਾਫ਼ੀ ਮਹਿੰਗੀਆਂ ਹੁੰਦੀਆਂ ਹਨ, ਪਰੰਤੂ ਹਰੇਕ ਸਾਲ ਹਜ਼ਾਰਾਂ ਕਰੋੜ ਰੁਪਏ ਦਾ ਹੜ੍ਹਾਂ ਕਾਰਨ ਨੁਕਸਾਨ ਵੀ ਹੁੰਦਾ ਹੈ ਅਤੇ ਜੇ ਉਸ ਨੁਕਸਾਨ ਦਾ ਹਿਸਾਬ ਲਾਇਆ ਜਾਵੇ ਤਾਂ ਇਹ ਤਕਨੀਕਾਂ ਉਸ ਨੁਕਸਾਨ ਦੇ ਮੁਕਾਬਲੇ ਮਹਿੰਗੀਆਂ ਨਹੀਂ ਹਨ। ਜਿਹੜੇ ਖੇਤਰ ਸਭ ਤੋਂ ਵੱਧ ਪ੍ਰਭਾਵਤ ਹੁੰਦੇ ਹਨ, ਉੱਥੇ ਇਨ੍ਹਾਂ ਨੂੰ ਲਾਗੂ ਕਰਨਾ ਬਹੁਤ ਜ਼ਰੂਰੀ ਹੈ।

ਇਸੇ ਤਰ੍ਹਾਂ, ਪਹਾੜੀ ਢਲਾਨਾਂ ਅਤੇ ਚੋਆਂ ਤੇ ਦਰਿਆਵਾਂ ਦੇ ਕਿਨਾਰਿਆਂ 'ਤੇ ਚੈੱਕ ਡੈਮ ਬਣਾਉਣੇ ਵੀ ਪ੍ਰਭਾਵਸ਼ਾਲੀ ਹੱਲ ਹੈ। ਇਹ ਚੈੱਕ ਡੈਮ ਪਾਣੀ ਦੀ ਗਤੀ ਨੂੰ ਘਟਾਉਂਦੇ ਹਨ ਅਤੇ ਨਦੀਆਂ/ ਦਰਿਆਵਾਂ ਦੇ ਬੈੱਡ ਨੂੰ ਸਥਿਰ ਰੱਖਦੇ ਹਨ, ਜਿਸ ਨਾਲ ਮਿੱਟੀ ਦੀ ਕਟਾਈ ਰੁਕਦੀ ਹੈ ਅਤੇ ਹੜ੍ਹ ਦਾ ਪਾਣੀ ਹੌਲੀ-ਹੌਲੀ ਹੇਠਾਂ ਆਉਂਦਾ ਹੈ। ਇਸ ਨਾਲ ਪ੍ਰਭਾਵਤ ਖੇਤਰਾਂ ਵਿਚ ਹੜ੍ਹ ਦੇ ਨੁਕਸਾਨ ਨੂੰ ਘਟਾਇਆ ਜਾ ਸਕਦਾ ਹੈ। ਜਿੱਥੇ ਨਦੀਆਂ ਨਾਲੇ ਸੁੱਕੇ ਜਾਂ ਬਹੁਤ ਪਤਲੇ ਹੋਣ, ਉੱਥੇ ਛੋਟੇ-ਛੋਟੇ ਡੈਮ ਜਾਂ ਪ੍ਰਾਕ੍ਰਿਤਿਕ ਰੁਕਾਵਟਾਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ, ਜਿਵੇਂ ਕਿ ਲੱਕੜਾਂ ਵਰਤ ਕੇ ਪਾਣੀ ਦੇ ਵਹਾਅ ਨੂੰ ਹੌਲੀ ਕੀਤਾ ਜਾ ਸਕਦਾ ਹੈ। ਇਹ ਪ੍ਰਕ੍ਰਿਤਿਕ ਤਰੀਕੇ ਘੱਟ ਖਰਚ ਵਾਲੇ ਹੁੰਦੇ ਹਨ ਅਤੇ ਲੰਬੇ ਸਮੇਂ ਲਈ ਲਾਭਦਾਇਕ ਸਿੱਧ ਹੁੰਦੇ ਹਨ।

ਸ਼ਹਿਰੀ ਇਲਾਕਿਆਂ ਵਿਚ ਹੜ੍ਹ ਦੇ ਖ਼ਤਰੇ ਨੂੰ ਘਟਾਉਣ ਲਈ ਇੰਫਰਾਸਟਰਕਚਰ ਦੀ ਵਰਤੋਂ ਬਹੁਤ ਮਹੱਤਵਪੂਰਨ ਹੈ। ਸ਼ਹਿਰਾਂ ਵਿਚ permeable pavements, green spaces ਅਤੇ ਛੋਟੇ ਪਾਣੀ ਸੰਗ੍ਰਹਿ ਕੇਂਦਰ ਬਣਾ ਕੇ ਬਾਰਿਸ਼ ਦੇ ਪਾਣੀ ਨੂੰ observe ਕੀਤਾ ਜਾ ਸਕਦਾ ਹੈ। ਇਸ ਨਾਲ ਨਾ ਸਿਰਫ਼ ਹੜ੍ਹ ਦੇ ਪਾਣੀ ਨੂੰ ਸੰਭਾਲਿਆ ਜਾ ਸਕਦਾ ਹੈ ਸਗੋਂ ਪਾਣੀ ਦੀ ਕਮੀ ਦੇ ਸਮੇਂ ਇਹ ਸੰਗ੍ਰਹਿ ਕੀਤਾ ਪਾਣੀ ਵਰਤੋਂ ਵਿਚ ਵੀ ਲਿਆਇਆ ਜਾ ਸਕਦਾ ਹੈ। ਇੱਕ ਹੋਰ ਮਹੱਤਵਪੂਰਨ ਪੱਖ ਸਾਂਝਾ ਹੜ੍ਹ ਪ੍ਰਬੰਧਨ (Integrated Flood Management - IFM) ਹੈ। ਇਹ ਇੱਕ ਸਮੂਹਿਕ ਪ੍ਰਣਾਲੀ ਹੈ ਜਿਸ ਵਿਚ ਪਾਣੀ ਅਤੇ ਜ਼ਮੀਨ ਦੇ ਉਪਯੋਗ ਨੂੰ ਜੋੜ ਕੇ ਯੋਜਨਾਬੱਧ ਢੰਗ ਨਾਲ ਕੰਮ ਕੀਤਾ ਜਾਂਦਾ ਹੈ। ਇਸ ਵਿਚ ਸਰਕਾਰੀ ਵਿਭਾਗਾਂ, ਤਕਨੀਕੀ ਮਾਹਿਰਾਂ ਅਤੇ ਸਥਾਨਕ ਲੋਕਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੁੰਦੀ ਹੈ। ਇਸ ਪ੍ਰਣਾਲੀ ਤਹਿਤ ਛੱਪੜਾਂ ਅਤੇ ਦਲਦਲ ਦੀ ਮੁੜ ਸਥਾਪਨਾ, ਐਮਰਜੈਂਸੀ ਤਿਆਰੀ, ਸ਼ਹਿਰੀ ਅਤੇ ਪਿੰਡ ਪੱਧਰ 'ਤੇ ਯੋਜਨਾਬੱਧ ਵਿਕਾਸ, ਅਤੇ ਹੜ੍ਹ ਦੇ ਖ਼ਤਰੇ ਨੂੰ ਘਟਾਉਣ ਲਈ ਕੁਦਰਤੀ ਅਤੇ ਤਕਨੀਕੀ ਦੋਵੇਂ ਤਰੀਕਿਆਂ ਦੀ ਵਰਤੋਂ ਕੀਤੀ ਜਾਂਦੀ ਹੈ।

ਪੰਜਾਬ ਵਿਚ ਹੜ੍ਹ ਨਾਲ ਨਿਪਟਣ ਦੀ ਯੋਜਨਾ ਸਿਰਫ਼ ਮਨੁੱਖ-ਨਿਰਮਿਤ ਢਾਂਚਿਆਂ ਤੱਕ ਸੀਮਿਤ ਨਹੀਂ ਰਹਿਣੀ ਚਾਹੀਦੀ। ਇਹ ਇੱਕ ਮਿਲੀ-ਜੁਲੀ ਪ੍ਰਣਾਲੀ ਹੋਣੀ ਚਾਹੀਦੀ ਹੈ ਜਿਸ ਵਿਚ ਕੁਦਰਤੀ ਹੱਲ ਨੂੰ ਵੀ ਸ਼ਾਮਲ ਕੀਤਾ ਜਾਵੇ। ਜਦੋਂ ਤਕਨੀਕੀ ਸਾਧਨ, ਕੁਦਰਤੀ ਤਰੀਕੇ ਅਤੇ ਸਥਾਨਕ ਲੋਕਾਂ ਦੀ ਭਾਗੀਦਾਰੀ ਇਕੱਠੇ ਕੰਮ ਕਰਦੇ ਹਨ, ਤਦੋਂ ਹੀ ਪਹਾੜੀ ਮੀਂਹ ਦੇ ਪਾਣੀ ਤੋਂ ਪੰਜਾਬ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਬਚਾਇਆ ਜਾ ਸਕਦਾ ਹੈ। ਇਸ ਵਿਚ ਕੋਈ ਕਿੰਤੂ-ਪ੍ਰੰਤੂ ਨਹੀਂ ਕਿ ਇਹ ਕਾਰਜ ਮੁਸ਼ਕਿਲ ਚੁਣੌਤੀ ਹੈ ਪ੍ਰੰਤੂ ਇਸ ਤੋਂ ਬਗੈਰ ਕੋਈ ਹੱਲ ਨਹੀਂ ਹੈ ਅਤੇ ਇਸ ਲਈ ਖਾਸ ਕਰਕੇ ਕਿਸਾਨ ਜਥੇਬੰਦੀਆਂ ਅਤੇ ਆਮ ਲੋਕਾਂ ਨੂੰ ਲਾਮਬੰਦੀ ਕਰਨੀ ਪਵੇਗੀ ਤਾਂ ਕਿ ਸਰਕਾਰਾਂ ਉੱਤੇ ਜ਼ੋਰ ਪਾ ਕੇ ਇਸ ਪਾਸੇ ਵੱਲ ਅਮਲ 'ਚ ਲਿਆਂਦਾ ਜਾ ਸਕੇ।

# ਉਮਰ ਖ਼ਾਲਿਦ ਅਤੇ ਹੋਰ ਕਾਰਕੁਨਾਂ ਨੂੰ ਜ਼ਮਾਨਤ ਤੋਂ ਇਨਕਾਰ ਦੇ ਮਾਇਨੇ

***ਉਮਰ ਖ਼ਾਲਿਦ ਅਤੇ ਹੋਰ ਕਾਰਕੁਨਾਂ ਦੀ ਜ਼ਮਾਨਤ ਦੀ ਅਰਜ਼ੀ ਰੱਦ ਕੀਤੇ ਜਾਣ ਨਾਲ ਭਾਰਤੀ ਨਿਆਂਪ੍ਰਣਾਲੀ ਦੀ ਨਿਰਪੱਖਤਾ ਸਵਾਲਾਂ ਦੇ ਘੇਰੇ 'ਚ ਆ ਗਈ ਹੈ। ਇਸ ਅਦਾਲਤੀ ਫ਼ੈਸਲੇ ਦੇ ਪ੍ਰਗਟਾਵੇ ਦੀ ਆਜ਼ਾਦੀ ਦੇ ਨਾਗਰਿਕ ਹੱਕਾਂ ਅਤੇ ਜਮਹੂਰੀ ਸਪੇਸ ਉੱਪਰ ਪੈਣ ਵਾਲੇ ਅਸਰਾਂ ਦੀ ਚਰਚਾ ਸਾਡੇ ਕਾਲਮ-ਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਇਸ ਲੇਖ ਵਿਚ ਕੀਤੀ ਹੈ।-ਸੰਪਾਦਕ॥***

3 ਸਤੰਬਰ, 2025 ਨੂੰ ਦਿੱਲੀ ਹਾਈ ਕੋਰਟ ਵੱਲੋਂ ਜੇ.ਐਨ.ਯੂ. ਦੇ ਪੀਐਚ.ਡੀ. ਸਕਾਲਰ ਉਮਰ ਖ਼ਾਲਿਦ ਦੀ ਜ਼ਮਾਨਤ ਦੀ ਅਰਜ਼ੀ ਛੇਵੀਂ ਵਾਰ ਰੱਦ ਕਰ ਦਿੱਤੀ ਗਈ। ਇਸੇ ਤਰ੍ਹਾਂ ਨੌਂ ਹੋਰ ਵਿਦਿਆਰਥੀਆਂ ਅਤੇ ਕਾਰਕੁਨਾਂ ਨੂੰ ਵੀ ਜ਼ਮਾਨਤ ਨਹੀਂ ਦਿੱਤੀ ਗਈ। ਇਹ ਸਾਰੇ ਮੁਸਲਮਾਨ ਹਨ ਅਤੇ ਇਨ੍ਹਾਂ ਨੂੰ ਸੀ.ਏ.ਏ. (ਨਾਗਰਿਕਤਾ ਸੋਧ ਕਾਨੂੰਨ) ਵਿਰੁੱਧ ਦੇਸ਼-ਵਿਆਪੀ ਲੋਕ ਅੰਦੋਲਨ ਸਮੇਂ ਦਿੱਲੀ 'ਚ ਹੋਈ ਹਿੰਸਾ 'ਚ ਸ਼ਾਮਲ ਹੋਣ ਦੇ ਇਲਜ਼ਾਮ ਲਗਾ ਕੇ ਜੇਲ੍ਹ 'ਚ ਡੱਕਿਆ ਹੋਇਆ ਹੈ।

ਜੇ.ਐਨ.ਯੂ. ਦਾ ਸਾਬਕਾ ਵਿਦਿਆਰਥੀ ਆਗੂ ਉਮਰ ਖ਼ਾਲਿਦ ਸਤੰਬਰ 2020 ਤੋਂ ਜੇਲ੍ਹ ਵਿਚ ਹੈ। ਪੁਲਿਸ ਨੇ ਇਲਜ਼ਾਮ ਲਗਾਇਆ ਕਿ ਫਰਵਰੀ 2020 'ਚ ਉੱਤਰ-ਪੂਰਬੀ ਦਿੱਲੀ 'ਚ ਜੋ ਫਿਰਕੂ ਹਿੰਸਾ ਹੋਈ, ਉਹ ਉਸ 'ਵੱਡੀ ਸਾਜ਼ਿਸ਼'

**ਬੂਟਾ ਸਿੰਘ ਮਹਿਮੂਦਪੁਰ**

ਦੇ ਯੋਜਨਾਘਾੜਿਆਂ ਵਿਚੋਂ ਇਕ ਸੀ। ਜਦਕਿ ਉਹ ਓਦੋਂ ਮੁੰਬਈ ਵਿਚ ਸੀ। ਇਸੇ ਤਰ੍ਹਾਂ ਸ਼ਰਜੀਲ ਇਮਾਮ ਵੀ ਹੋਣਹਾਰ ਵਿਦਵਾਨ ਹੈ, ਉਹ ਤਾਂ ਉਸ ਤੋਂ ਪਹਿਲਾਂ ਹੀ ਜੇਲ੍ਹ 'ਚ ਬੰਦ ਸੀ ਜਦੋਂ ਹਿੰਸਾ ਹੋਈ। ਉਸ ਨੂੰ ਜਨਵਰੀ 2020 'ਚ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਸਦੀ ਜ਼ਮਾਨਤ ਦੀ ਅਰਜ਼ੀ ਦੋ ਵਾਰ ਰੱਦ ਕੀਤੀ ਗਈ ਹੈ; ਇਸੇ ਤਰ੍ਹਾਂ ਮੀਰਾਨ ਹੈਦਰ ਅਪ੍ਰੈਲ 2020 'ਚ ਗ੍ਰਿਫ਼ਤਾਰ ਅਤੇ ਉਸਦੀ ਜ਼ਮਾਨਤ ਦੀ ਅਰਜ਼ੀ ਹਾਈ ਕੋਰਟ ਵੱਲੋਂ ਚਾਰ ਵਾਰ ਰੱਦ ਕੀਤੀ ਗਈ ਹੈ; ਤਸਲੀਮ ਅਹਿਮਦ ਜੂਨ 2020 'ਚ ਗ੍ਰਿਫ਼ਤਾਰ ਅਤੇ ਉਸਦੀ ਜ਼ਮਾਨਤ ਦੀ ਅਰਜ਼ੀ ਤਿੰਨ ਵਾਰ ਰੱਦ ਕੀਤੀ ਗਈ ਹੈ; ਅਤਹਰ ਖ਼ਾਨ ਜੁਲਾਈ 2020 'ਚ ਗ੍ਰਿਫ਼ਤਾਰ ਅਤੇ ਉਸਦੀ ਜ਼ਮਾਨਤ ਦੀ ਅਰਜ਼ੀ ਦੋ ਵਾਰ ਰੱਦ ਕੀਤੀ ਗਈ ਹੈ; ਖ਼ਾਲਿਦ ਸੈਫ਼ੀ ਮਾਰਚ 2020 'ਚ ਗ੍ਰਿਫ਼ਤਾਰ ਅਤੇ ਉਸ ਜ਼ਮਾਨਤ ਦੀ ਅਰਜ਼ੀ ਦੋ ਵਾਰ ਰੱਦ ਕੀਤੀ ਗਈ ਹੈ; ਗੁਲਫ਼ਿਸ਼ਾ ਫ਼ਾਤਿਮਾ ਅਪ੍ਰੈਲ 2020 'ਚ ਗ੍ਰਿਫ਼ਤਾਰ ਅਤੇ ਉਸਦੀ ਜ਼ਮਾਨਤ ਦੀ ਅਰਜ਼ੀ ਦੋ ਵਾਰ ਰੱਦ ਕੀਤੀ ਗਈ ਹੈ; ਸ਼ਿਫ਼ਾ ਉਰ ਰਹਮਾਨ ਅਪ੍ਰੈਲ 2020 'ਚ ਗ੍ਰਿਫ਼ਤਾਰ ਅਤੇ ਉਸਦੀ ਜ਼ਮਾਨਤ ਦੀ ਅਰਜ਼ੀ ਦੋ ਵਾਰ ਰੱਦ ਕੀਤੀ ਗਈ ਹੈ; ਅਤੇ ਸਲੀਮ ਖ਼ਾਨ ਜੂਨ 2020 'ਚ ਗ੍ਰਿਫ਼ਤਾਰ ਅਤੇ ਉਸਦੀ ਜ਼ਮਾਨਤ ਦੀ ਅਰਜ਼ੀ ਵੀ ਦੋ ਵਾਰ ਰੱਦ ਕੀਤੀ ਗਈ ਹੈ।

ਨਵੰਬਰ 2019 'ਚ ਮੋਦੀ ਵਜ਼ਾਰਤ ਵੱਲੋਂ ਐੱਨ.ਆਰ.ਸੀ. (ਨਾਗਰਿਕਾਂ ਦਾ ਕੌਮੀ ਰਜਿਸਟਰ) ਬਣਾਇਆ ਗਿਆ ਅਤੇ ਇਸੇ ਸਾਲ ਦਸੰਬਰ 'ਚ ਵਿਵਾਦਪੂਰਨ ਸੀ.ਏ.ਏ. ਪਾਸ ਕੀਤਾ ਗਿਆ। ਇਸ ਕਾਨੂੰਨੀ ਕਵਾਇਦ ਦਾ ਮਨੋਰਥ ਮੁਸਲਮਾਨ ਭਾਈਚਾਰੇ ਨੂੰ ਨਾਗਰਿਕਤਾ ਦੇ ਹੱਕ ਤੋਂ ਵਿਰਵਾ ਕਰਕੇ ਬਹੁਗਿਣਤੀ ਦੇ ਬੋਲਬਾਲੇ ਵਾਲੇ ਰਾਜ ਦੇ ਰਹਿਮੋ-ਕਰਮ ਦੇ ਮੁਹਤਾਜ ਬਣਾਉਣਾ ਸੀ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਭਾਸ਼ਣਾਂ ਵਿਚ ਵਾਰ-ਵਾਰ ਬੰਗਲਾਦੇਸ਼ੀ ਪ੍ਰਵਾਸੀਆਂ ਨੂੰ ਮੁਲਕ ਨੂੰ ਚਿੰਬੜੀ ਸਿਉਂਕ ਕਹਿਣ ਤੋਂ ਹੁਕਮਰਾਨ ਧਿਰ ਦਾ ਇਰਾਦਾ ਜ਼ਾਹਰ ਹੋ ਗਿਆ ਸੀ। ਸੀ.ਏ.ਏ. ਦਰਅਸਲ ਮੁਸਲਮਾਨ ਘੱਟਗਿਣਤੀ ਵਿਰੁੱਧ ਸੇਧਤ ਫਿਰਕੂ ਹਮਲਾ ਸੀ ਜੋ ਫਿਰਕੂ ਪਾਲਾਬੰਦੀ ਦੇ ਹਿੰਦੂਤਵੀ ਪ੍ਰੋਜੈਕਟ ਦਾ ਹਿੱਸਾ ਸੀ।

ਇਸ ਫਿਰਕੂ ਕਾਨੂੰਨ ਵਿਰੁੱਧ ਪੂਰੇ ਮੁਲਕ ਵਿਚ ਜ਼ੋਰਦਾਰ ਲੋਕ-ਅੰਦੋਲਨ ਉੱਠਿਆ। ਦਿੱਲੀ ਵਿਚ ਸ਼ਾਹੀਨ ਬਾਗ਼ ਅਤੇ ਹੋਰ ਥਾਵਾਂ ਉੱਪਰ ਲਗਾਤਾਰ ਹੋ ਰਹੇ ਵਿਆਪਕ ਵਿਰੋਧ-ਪ੍ਰਦਰਸ਼ਨਾਂ ਤੋਂ ਬੌਖਲਾਈ ਭਾਜਪਾ ਸਰਕਾਰ ਨੇ ਜ਼ਹਿਰੀਲਾ ਬਿਰਤਾਂਤ ਘੜ ਕੇ ਅੰਦੋਲਨ ਨੂੰ ਬਦਨਾਮ ਕਰਨ ਲਈ ਪੂਰੀ ਪ੍ਰਚਾਰ ਮਸ਼ੀਨਰੀ ਝੋਕ ਦਿੱਤੀ। ਅੰਦੋਲਨਕਾਰੀਆਂ ਨੂੰ ਭੜਕਾ ਕੇ ਅੰਦੋਲਨ ਨੂੰ ਤੋੜਨ ਲਈ ਪੁਲਿਸ ਦੀ ਮੱਦਦ ਨਾਲ ਜਨੂੰਨੀ ਭੀੜਾਂ ਕੋਲੋਂ ਹਿੰਸਕ ਹਮਲੇ ਕਰਵਾਏ ਗਏ। ਅੰਦੋਲਨ ਦੀਆਂ ਆਗੂ ਟੀਮਾਂ ਨੇ ਹਕੂਮਤ ਦੇ ਇਰਾਦੇ ਬੁੱਝ ਲਏ ਸਨ। ਉਨ੍ਹਾਂ ਵੱਲੋਂ ਕਿਸੇ ਵੀ ਤਰ੍ਹਾਂ ਦੀ ਭੜਕਾਹਟ ਤੋਂ ਬਚ ਕੇ ਇਨ੍ਹਾਂ ਤਮਾਮ ਘਿਣਾਉਣੀਆਂ ਸਾਜ਼ਿਸ਼ਾਂ ਨੂੰ ਨਾਕਾਮ ਬਣਾਉਂਦੇ ਹੋਏ ਵੱਖ-ਵੱਖ ਪੱਕੇ ਮੋਰਚੇ ਜਾਰੀ ਰੱਖੇ ਗਏ। ਟਰੰਪ ਦੀ ਭਾਰਤ ਫੇਰੀ ਮੌਕੇ ਸੰਘੀ ਲਾਣੇ ਵੱਲੋਂ ਅੰਦੋਲਨ ਨੂੰ ਖਿੰਡਾਉਣ ਦੀ ਡੂੰਘੀ ਸਾਜ਼ਿਸ਼ ਨੂੰ ਅੰਜਾਮ ਦਿੱਤਾ ਗਿਆ ਤਾਂ ਜੋ ਇਨ੍ਹਾਂ ਅੰਦੋਲਨਾਂ ਉੱਪਰ ਆਲਮੀ ਮੀਡੀਆ ਦੀ ਨਜ਼ਰ ਨਾ ਪਵੇ। ਭਾਜਪਾ ਆਗੂ ਕਪਿਲ ਮਿਸ਼ਰੇ, ਕੇਂਦਰੀ ਮੰਤਰੀ ਅਨੁਰਾਗ ਠਾਕੁਰ, ਪਰਵੇਸ਼ ਸਾਹਿਬ ਸਿੰਘ ਵਰਮਾ ਅਤੇ ਹੋਰ ਜਾਣੇ-ਪਛਾਣੇ ਸੰਘੀ ਚਿਹਰਿਆਂ ਵੱਲੋਂ ਦਿੱਲੀ ਦੇ ਪੁਲਿਸ ਅਧਿਕਾਰੀਆਂ ਦੀ ਮੌਜੂਦਗੀ 'ਚ ਭੜਕਾਊ ਭਾਸ਼ਣਾਂ ਅਤੇ ਨਾਅਰਿਆਂ ਨਾਲ ਹਜੂਮ ਨੂੰ ਅੰਦੋਲਨਕਾਰੀਆਂ ਉੱਪਰ ਹਮਲੇ ਕਰਨ ਲਈ ਉਕਸਾ ਕੇ ਮਾਹੌਲ ਤਿਆਰ ਕੀਤਾ ਗਿਆ। ਫਿਰ, ਪੁਲਿਸ ਦੀ ਸੁਰੱਖਿਆ ਹੇਠ ਮੁਜਰਿਮ ਗਰੋਹਾਂ ਵੱਲੋਂ ਪੂਰਬ-ਉੱਤਰ ਦਿੱਲੀ 'ਚ ਮੁਸਲਮਾਨਾਂ ਦੇ ਰਿਹਾਇਸ਼ੀ ਇਲਾਕਿਆਂ ਅਤੇ ਉਨ੍ਹਾਂ ਦੇ ਕਾਰੋਬਾਰਾਂ ਨੂੰ ਨਿਸ਼ਾਨਾ ਬਣਾਇਆ ਗਿਆ। ਇਸ ਗਿਣੀ-ਮਿੱਥੀ ਹਿੰਸਾ ਵਿਚ 53 ਲੋਕ ਮਾਰੇ ਗਏ ਅਤੇ ਸੈਂਕੜੇ ਜ਼ਖ਼ਮੀ ਹੋਏ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਮੁਸਲਿਮ ਭਾਈਚਾਰੇ ਦੇ ਸਨ।

ਦਿੱਲੀ ਪੁਲਿਸ ਨੇ ਇਸ ਹਿੰਸਕ ਘਟਨਾਕ੍ਰਮ ਦੀ ਨਿਰਪੱਖ ਜਾਂਚ ਕਰਨ ਦੀ ਬਜਾਏ ਸੱਤਾਧਾਰੀ ਭਾਜਪਾ ਦੇ ਇਸ਼ਾਰੇ 'ਤੇ ਉਨ੍ਹਾਂ ਮੁਸਲਮਾਨ ਲੜਕੇ-ਲੜਕੀਆਂ ਅਤੇ ਹੋਰ ਕਾਰਕੁਨਾਂ ਨੂੰ ਹੀ ਝੂਠੇ ਕੇਸਾਂ 'ਚ ਫਸਾਉਣ ਦੀ ਮੁਹਿੰਮ ਵਿੱਢ ਦਿੱਤੀ, ਜੋ ਸ਼ਾਂਤਮਈ ਅੰਦੋਲਨ ਵਿਚ ਸਰਗਰਮ ਭੂਮਿਕਾ ਨਿਭਾ ਰਹੇ ਸਨ। ਭਾਜਪਾ ਦੇ ਅਤੇ ਹੋਰ ਹਿੰਦੂਤਵ ਹਮਾਇਤੀ ਆਗੂਆਂ ਦੀ ਜੱਗ ਜ਼ਾਹਰ ਹਿੰਸਾ ਅਤੇ ਭੜਕਾਊ ਭਾਸ਼ਣਾਂ ਨੂੰ ਉੱਕਾ ਹੀ ਨਜ਼ਰ-ਅੰਦਾਜ਼ ਕਰਕੇ ਪੁਲਿਸ ਅਧਿਕਾਰੀਆਂ ਨੇ ਸਾਰੀ ਤਾਕਤ ਉਨ੍ਹਾਂ ਨੌਜਵਾਨ ਕਾਰਕੁਨਾਂ, ਵਿਦਿਆਰਥੀਆਂ ਤੇ ਹੋਰ ਇਨਸਾਫ਼ਪਸੰਦਾਂ ਵਿਰੁੱਧ ਝੂਠੇ ਕੇਸ ਘੜਨ ਉੱਪਰ ਝੋਕ ਦਿੱਤੀ, ਜਿਨ੍ਹਾਂ ਇਸ ਫਿਰਕੂ ਪੱਖਪਾਤੀ ਕਾਨੂੰਨ ਖ਼ਿਲਾਫ਼ ਅਵਾਜ਼ ਉਠਾਈ ਸੀ। ਪੁਲਿਸ ਅਧਿਕਾਰੀਆਂ ਦੇ ਫਿਰਕੂ ਰਵੱਈਏ ਤੋਂ ਓਦੋਂ ਹੀ ਇਹ ਸਪਸ਼ਟ ਹੋ ਗਿਆ ਸੀ ਕਿ ਹੁਕਮਰਾਨ ਧਿਰ ਦੇ ਫਾਸ਼ੀਵਾਦੀ ਰਾਜਨੀਤਕ ਏਜੰਡੇ ਅਨੁਸਾਰ ਭੀਮਾ-ਕੋਰੇਗਾਓਂ ਕਥਿਤ ਸਾਜ਼ਿਸ਼ ਕੇਸ ਦੀ ਤਰਜ਼ 'ਤੇ ਇਕ ਹੋਰ 'ਸਾਜ਼ਿਸ਼ ਕੇਸ' ਘੜਿਆ ਜਾ ਰਿਹਾ ਹੈ ਜਿਸ ਨੂੰ ਹਥਿਆਰ ਬਣਾ ਕੇ ਹਕੂਮਤ ਦੇ ਫਿਰਕੂ ਹਮਲੇ ਦਾ ਵਿਰੋਧ ਕਰਨ ਵਾਲੇ ਧਰਮਨਿਰਪੱਖ ਕਾਰਕੁਨਾਂ, ਖ਼ਾਸ ਕਰਕੇ ਜ਼ਹੀਨ ਲੜਕੇ-ਲੜਕੀਆਂ ਵਿਰੁੱਧ ਵਰਤਿਆ ਜਾਵੇਗਾ। ਆਪਣੇ ਸੰਵਿਧਾਨਕ ਅਤੇ ਜਮਹੂਰੀ ਹੱਕ ਦਾ ਇਸਤੇਮਾਲ ਕਰਕੇ ਫਾਸ਼ੀਵਾਦੀ ਫਿਰਕੂ ਕਾਨੂੰਨ ਵਿਰੁੱਧ ਪੁਰਅਮਨ ਆਵਾਜ਼ ਉਠਾਉਣ ਵਾਲਿਆਂ ਉੱਪਰ ਹਿੰਸਕ ਯੋਜਨਾਘਾੜੇ ਹੋਣ ਦਾ ਠੱਪਾ ਲਗਾ ਕੇ ਯੂ.ਏ.ਪੀ.ਏ. (ਗੈਰ-ਕਾਨੂੰਨੀ ਕਾਰਵਾਈਆਂ (ਰੋਕੂ) ਕਾਨੂੰਨ) ਅਤੇ ਇੰਡੀਅਨ ਪੀਨਲ ਕੋਡ ਦੀਆਂ ਸੰਗੀਨ ਧਾਰਾਵਾਂ ਲਗਾ ਕੇ ਕੇਸ ਦਰਜ ਕੀਤੇ ਗਏ ਤਾਂ ਜੋ ਉਨ੍ਹਾਂ ਨੂੰ ਅਣਮਿੱਥੇ ਸਮੇਂ ਲਈ ਬਿਨਾਂ ਜ਼ਮਾਨਤ ਜੇਲ੍ਹਾਂ ਵਿਚ ਸਾੜਿਆ ਜਾ ਸਕੇ। ਪੜ੍ਹੀਆਂ-ਲਿਖੀਆਂ ਮੁਸਲਮਾਨ ਲੜਕੀਆਂ ਨੂੰ ਉਚੇਚਾ ਨਿਸ਼ਾਨਾ ਬਣਾਇਆ ਗਿਆ ਕਿ ਉਨ੍ਹਾਂ ਨੇ ਸੜਕਾਂ 'ਤੇ ਆ ਕੇ ਹਕੂਮਤੀ ਨੀਤੀਆਂ ਦਾ ਵਿਰੋਧ ਕਰਨ ਦੀ ਜ਼ੁਅਰਤ ਕਿਵੇਂ ਕੀਤੀ।

ਉਮਰ ਖ਼ਾਲਿਦ ਅਤੇ ਹੋਰ ਲੜਕੇ-ਲੜਕੀਆਂ ਇਸੇ ਬਦਲਾਖ਼ੋਰੀ ਦਾ ਸਾਹਮਣਾ ਕਰ ਰਹੇ ਹਨ। ਪੰਜ ਸਾਲ ਤੋਂ ਵੱਧ ਸਮੇਂ ਤੋਂ ਉਹ ਵਿਚਾਰ-ਅਧੀਨ ਕੈਦੀ ਵਜੋਂ ਕੈਦ ਹਨ। ਹਿੰਸਾ 'ਚ ਉਨ੍ਹਾਂ ਦੀ ਸਿੱਧੀ ਸ਼ਮੂਲੀਅਤ ਦਾ ਕੋਈ ਠੋਸ ਸਬੂਤ ਪੇਸ਼ ਨਹੀਂ ਕੀਤਾ ਗਿਆ। ਇਸ ਦੀ ਬਜਾਏ ਭਾਸ਼ਣਾਂ, ਵੱਟਸਐਪ ਗਰੁੱਪਾਂ ਅਤੇ ਜਮਹੂਰੀ ਵਿਰੋਧ ਦੇ ਸੱਦਿਆਂ ਨੂੰ 'ਸਾਜ਼ਿਸ਼' ਵਜੋਂ ਪੇਸ਼ ਕੀਤਾ ਗਿਆ ਹੈ। ਸੰਗੀਨ ਜੁਰਮਾਂ ਦੇ ਕੇਸਾਂ ਵਿਚ ਵੀ ਜ਼ਮਾਨਤ ਨੂੰ ਮੁਲਜ਼ਮ ਦਾ ਹੱਕ ਪ੍ਰਵਾਨਤ ਹੈ। ਇੱਥੇ ਸੱਤਾ ਦੀ ਤਾਕਤ ਦੇ ਜ਼ੋਰ ਇਹ ਹੱਕ ਖੋਹ ਕੇ ਇਸ ਸਥਾਪਤ ਬੁਨਿਆਦੀ ਕਾਨੂੰਨੀ ਸਿਧਾਂਤ ਦੀ ਸਰੇਆਮ ਉਲੰਘਣਾ ਕੀਤੀ ਗਈ ਹੈ ਜੋ ਕਹਿੰਦਾ ਹੈ ਕਿ 'ਜੇਲ੍ਹ ਅਪਵਾਦ ਹੈ, ਜ਼ਮਾਨਤ ਨਿਯਮ ਹੈ।' ਆਲਮ ਇਹ ਹੈ ਕਿ ਜੇਲ੍ਹ ਨਿਯਮ ਹੈ, ਅਤੇ ਜ਼ਮਾਨਤ ਅਪਵਾਦ!

ਦਹਿਸ਼ਤਗਰਦੀ ਨਾਲ ਨਜਿੱਠਣ ਦੇ ਨਾਂ ਹੇਠ ਬਣਾਇਆ ਯੂ.ਏ.ਪੀ.ਏ. ਭਾਰਤ ਦੇ ਸਭ ਤੋਂ ਸਿਰਕੱਢ, ਵਿਸ਼ੇਸ਼ ਜਾਬਰ ਕਾਨੂੰਨ ਹੈ। ਇਹ ਕਾਨੂੰਨ ਦਰਅਸਲ ਹਾਸ਼ੀਏ 'ਤੇ ਧੱਕੇ ਹਿੱਸਿਆਂ ਅਤੇ ਉਨ੍ਹਾਂ ਦੇ ਹਿਤਾਂ ਲਈ ਸੰਘਰਸ਼ ਕਰਨ ਵਾਲਿਆਂ ਦੀ ਆਵਾਜ਼ ਨੂੰ ਕੁਚਲਣ ਲਈ ਗਿਣ-ਮਿੱਥ ਕੇ ਬਣਾਇਆ ਗਿਆ, ਜਿਸ ਦੀਆਂ ਕਈ ਜਾਬਰ ਧਾਰਾਵਾਂ ਨੂੰ ਹੁਣ ਆਮ ਫ਼ੌਜਦਾਰੀ ਨਿਆਂਪ੍ਰਣਾਲੀ ਵਿਚ ਸ਼ਾਮਲ ਕਰਕੇ ਇਨ੍ਹਾਂ ਨੂੰ ਆਮ ਬਣਾ ਲਿਆ ਗਿਆ ਹੈ। ਇਸ ਦੀ ਕਾਨੂੰਨੀ ਵਿਵਸਥਾ ਦੋਸ਼ੀਆਂ ਲਈ ਜ਼ਮਾਨਤ ਲੈਣਾ ਲਗਭਗ ਅਸੰਭਵ ਬਣਾ ਦਿੰਦੀ ਹੈ। ਧਾਰਾ 43(ਡੀ) (5) ਅਦਾਲਤ ਨੂੰ ਇਹ ਇਜਾਜ਼ਤ ਦਿੰਦੀ ਹੈ ਕਿ ਜੇ ਦੋਸ਼ 'ਪਹਿਲੀ ਨਜ਼ਰੇ ਸਹੀ' ਜਾਪਦੇ ਹੋਣ, ਭਾਵੇਂ ਸਾਬਤ ਨਾ ਹੋਏ ਹੋਣ, ਤਾਂ ਵੀ ਜ਼ਮਾਨਤ ਤੋਂ ਇਨਕਾਰ ਕੀਤਾ ਜਾ ਸਕਦਾ ਹੈ। ਦਰ ਅਸਲ, ਇਸਦਾ ਮਤਲਬ ਇਹ ਹੈ ਕਿ ਜੇ ਪੁਲਿਸ ਲੰਮੀ-ਚੌੜੀ ਚਾਰਜਸ਼ੀਟ ਪੇਸ਼ ਕਰ ਦੇਵੇ ਜਿਸ 'ਚ ਅਟਕਲਾਂ, ਇਸ਼ਾਰਾ ਮਾਤਰ ਸੰਬੰਧ ਅਤੇ ਅੰਦਾਜ਼ੇ ਹੀ ਹੋਣ, ਤਾਂ ਵੀ ਦੋਸ਼ੀ ਨੂੰ ਬੇਮਿਆਦੀ ਸਮੇਂ ਲਈ ਬਿਨਾਂ ਮੁਕੱਦਮਾ ਚਲਾਏ ਜੇਲ੍ਹ 'ਚ ਰੱਖਿਆ ਜਾ ਸਕਦਾ ਹੈ। ਜੇ.ਐਨ.ਯੂ., ਜਾਮੀਆ ਮਿਲੀਆ, ਦਿੱਲੀ ਯੂਨੀਵਰਸਿਟੀ ਆਦਿ ਨਾਲ ਸੰਬੰਧਤ ਜ਼ਹੀਨ ਵਿਦਿਆਰਥੀ ਕਾਰਕੁਨਾਂ ਵਿਰੁੱਧ ਇਸ ਕਾਨੂੰਨ ਦੀ ਸਰੇਆਮ ਪੱਖਪਾਤੀ ਅਤੇ ਫਿਰਕੂ ਵਰਤੋਂ ਭਾਰਤੀ ਹਾਕਮ ਜਮਾਤ ਦੀ ਜਾਬਰ ਮਨਸ਼ਾ ਦੀ ਬੇਹੱਦ ਉੱਘੜਵੀਂ ਮਿਸਾਲ ਹੈ।




ਨਿਆਂਪ੍ਰਣਾਲੀ ਤੋਂ ਸੰਵਿਧਾਨਕ ਅਜ਼ਾਦੀਆਂ ਦੀ ਰੱਖਿਆ ਕਰਨ ਅਤੇ ਸਟੇਟ ਦੀਆਂ ਮਨਮਾਨੀਆਂ 'ਤੇ ਰੋਕ ਲਾਉਣ ਦੀ ਉਮੀਦ ਕੀਤੀ ਜਾਂਦੀ ਹੈ। ਪਰ 2014 'ਚ ਭਾਜਪਾ ਦੇ ਸੱਤਾ 'ਚ ਆਉਣ ਤੋਂ ਬਾਅਦ ਭਾਰਤ ਦੀ ਨਿਆਂ ਪ੍ਰਣਾਲੀ ਵੱਲੋਂ ਨਿਆਂਸ਼ਾਸਤਰ ਨੂੰ ਦਰਕਿਨਾਰ ਕਰਕੇ ਬਹੁਤ ਸਾਰੇ ਫ਼ੈਸਲੇ ਸੁਣਾਏ ਗਏ ਅਤੇ ਸੁਣਾਏ ਜਾ ਰਹੇ ਹਨ, ਜੋ ਉਲਟਾ ਸੱਤਾ ਦੀਆਂ ਮਨਮਾਨੀਆਂ ਉੱਪਰ ਕਾਨੂੰਨੀ ਮੋਹਰ ਲਾਉਂਦੇ ਹਨ। ਚਰਚਾ ਅਧੀਨ ਕੇਸ 'ਚ ਵੀ ਹਾਈ ਕੋਰਟ ਨੇ ਆਜ਼ਾਦਾਨਾ ਜਾਂਚ ਕਰਨ ਦੀ ਬਜਾਏ ਸਰਕਾਰੀ ਪੱਖ ਵੱਲੋਂ ਪੇਸ਼ ਕੀਤੇ ਝੂਠੇ ਬਿਰਤਾਂਤ ਨੂੰ ਪੂਰੀ ਤਰ੍ਹਾਂ ਸਹੀ ਮੰਨਿਆ ਅਤੇ ਬਚਾਅ ਪੱਖ ਵੱਲੋਂ ਪੇਸ਼ ਕੀਤੇ ਠੋਸ ਤੱਥਾਂ ਤੇ ਕਾਨੂੰਨੀ ਦਲੀਲਾਂ ਨੂੰ ਇਕਤਰਫ਼ਾ ਤੌਰ 'ਤੇ ਰੱਦ ਕਰਨ ਦਾ ਪੱਖਪਾਤੀ ਵਤੀਰਾ ਦਿਖਾਇਆ।

ਸਰਸਰੀ ਝਾਤ ਮਾਰਿਆਂ ਹੀ ਇਹ ਸਮਝਿਆ ਜਾ ਸਕਦਾ ਹੈ ਕਿ ਕਥਿਤ 'ਵੱਡੀ ਸਾਜ਼ਿਸ਼' ਦਾ ਇਹ ਪੂਰਾ ਕੇਸ ਅਟਕਲਾਂ, ਕਲਪਿਤ ਨਤੀਜਿਆਂ ਅਤੇ ਰਾਜਨੀਤਿਕ ਮਨੋਰਥ 'ਤੇ ਆਧਾਰਤ ਹੈ, ਜਿਸ ਦਾ ਨਿਸ਼ਾਨਾ ਮੁਸਲਮਾਨ ਭਾਈਚਾਰੇ ਦੀ ਜਨਤਕ ਸ਼ਮੂਲੀਅਤ ਵਾਲੇ ਸੀ.ਏ.ਏ. ਵਿਰੋਧੀ ਅੰਦੋਲਨ ਨੂੰ ਜੁਰਮ ਕਰਾਰ ਦੇਣਾ ਹੈ। ਅੰਦੋਲਨ ਵਿਚ ਮੁਲਜ਼ਮਾਂ ਦੀ ਭੂਮਿਕਾ ਨੂੰ ਅਸਲੀ ਹਿੰਸਾ ਨਾਲ ਜੋੜਨ ਵਾਲੇ ਕੋਈ ਠੋਸ ਸਬੂਤ ਪੇਸ਼ ਨਹੀਂ ਕੀਤੇ ਗਏ ਕਿਉਂਕਿ ਅਜਿਹੇ ਕੋਈ ਸਬੂਤ ਹੈ ਹੀ ਨਹੀਂ। ਵਟਸਐਪ ਗਰੁੱਪ ਅਤੇ ਮੈਸੇਜ ਸਿਰਫ਼ ਵਿਰੋਧ-ਪ੍ਰਦਰਸ਼ਨਾਂ ਦੇ ਤਾਲ-ਮੇਲ ਨੂੰ ਦਿਖਾਉਂਦੇ ਹਨ, ਸਾਜ਼ਿਸ਼ ਨੂੰ ਨਹੀਂ। ਕਥਿਤ 'ਗੁਪਤ ਮੀਟਿੰਗਾਂ' ਦਾ ਆਧਾਰ ਸਿਰਫ਼ ਅਗਿਆਤ ਅਤੇ ਗ਼ੈਰ-ਭਰੋਸੇਯੋਗ ਗਵਾਹ ਹਨ, ਜਿਨ੍ਹਾਂ ਦੀ ਗਵਾਹੀ ਹੋਰ ਕੇਸਾਂ 'ਚ ਪਹਿਲਾਂ ਹੀ ਰੱਦ ਹੋ ਚੁੱਕੀ ਹੈ।

ਵਿਰੋਧ ਪ੍ਰਦਰਸ਼ਨ ਦਸੰਬਰ 'ਚ ਸ਼ੁਰੂ ਹੋ ਗਏ ਸਨ ਜਦਕਿ ਟਰੰਪ ਦੀ 24 ਅਤੇ 25 ਫਰਵਰੀ ਦੀ ਗੁਜਰਾਤ ਤੇ ਦਿੱਲੀ ਫੇਰੀ ਦਾ ਅਧਿਕਾਰਕ ਐਲਾਨ 11 ਫਰਵਰੀ ਨੂੰ ਕੀਤਾ ਗਿਆ। ਇਹ ਤੱਥ ਹੀ ਪੁਲਿਸ ਦੀ 'ਵੱਡੀ ਸਾਜ਼ਿਸ਼' ਦੀ ਝੂਠੀ ਕਹਾਣੀ ਨੂੰ ਬੇਪਰਦ ਕਰਨ ਲਈ ਕਾਫ਼ੀ ਹੈ, ਪਰ ਬੈਂਚ ਦੇ ਜੱਜਾਂ ਨੇ ਜ਼ਮਾਨਤ ਦਾ ਫ਼ੈਸਲਾ ਕਰਨ ਸਮੇਂ ਤੱਥਾਂ ਦੀ ਬਜਾਏ ਪੁਲਿਸ ਦੀ ਮਨਘੜਤ ਕਹਾਣੀ ਨੂੰ ਅੱਖਾਂ ਮੀਟ ਕੇ ਅਤੇ ਪਰਖ-ਪੜਤਾਲ ਕੀਤੇ ਬਿਨਾਂ ਹੀ ਸੱਚ ਮੰਨ ਲਿਆ।

ਬੈਂਚ ਨੇ ਸਰਕਾਰੀ ਪੱਖ ਦੀ ਇਹ ਮਨਘੜਤ ਕਹਾਣੀ ਮੰਨ ਲਈ ਕਿ ਵਿਰੋਧ ਪ੍ਰਦਰਸ਼ਨ ਸਾਜ਼ਿਸ਼ੀ ਹਿੰਸਾ 'ਚ ਬਦਲ ਦਿੱਤੇ ਗਏ, ਜਦਕਿ ਇਹ ਟਿੱਪਣੀ ਜ਼ਮਾਨਤ ਦੇ ਸੰਬੰਧ 'ਚ ਗ਼ੈਰਪ੍ਰਸੰਗਿਕ ਸੀ। ਗੁਲਫ਼ਿਸ਼ਾ ਫ਼ਾਤਿਮਾ ਆਦਿ ਮਾਮਲਿਆਂ 'ਚ ਇਹ ਦਾਅਵਾ ਕੀਤਾ ਗਿਆ ਕਿ ਉਨ੍ਹਾਂ ਨੇ ਪ੍ਰਦਰਸ਼ਨਕਾਰੀਆਂ ਨੂੰ ਲਾਲ ਮਿਰਚ ਪਾਊਡਰ, ਬੋਤਲਾਂ ਆਦਿ ਇਕੱਠੀਆਂ ਕਰਨ ਲਈ ਕਿਹਾ, ਪਰ ਇਸ ਦੀ ਹਮਾਇਤ 'ਚ ਕੋਈ ਬਰਾਮਦਗੀ, ਫੋਰੈਂਸਿਕ ਸਬੂਤ, ਇੱਥੋਂ ਤੱਕ ਕਿ ਕੋਈ ਵੀਡੀਓ ਵੀ ਪੇਸ਼ ਨਹੀਂ ਕੀਤੀ ਗਈ। ਇਸਦੇ ਬਾਵਜੂਦ ਉਹ ਇਕੱਲੀ ਔਰਤ ਹੈ ਜੋ ਸਾਢੇ ਪੰਜ ਸਾਲ ਤੋਂ ਜੇਲ੍ਹ 'ਚ ਸੜ ਰਹੀ ਹੈ, ਕਿਉਂਕਿ ਹੁਕਮਰਾਨ ਧਿਰ ਚਾਹੁੰਦੀ ਹੈ ਕਿ ਇਸ ਕੇਸ ਨੂੰ ਖ਼ੌਫ਼ਨਾਕ ਮਿਸਾਲ ਬਣਾ ਦਿੱਤਾ ਜਾਵੇ ਤਾਂ ਜੋ ਔਰਤਾਂ, ਖ਼ਾਸ ਕਰਕੇ ਮੁਸਲਮਾਨ ਘੱਟਗਿਣਤੀ ਨਾਲ ਸੰਬੰਧਤ, ਵੱਡੇ ਤੋਂ ਵੱਡੇ ਅਨਿਆਂ ਵਿਰੁੱਧ ਆਵਾਜ਼ ਉਠਾਉਣ ਦੀ ਜ਼ੁਅਰਤ ਨਾ ਕਰਨ। ਇਸੇ ਤਰ੍ਹਾਂ, ਸ਼ਰਜੀਲ ਇਮਾਮ ਅਤੇ ਉਮਰ ਖ਼ਾਲਿਦ ਦੇ ਭਾਸ਼ਣਾਂ ਵਿਚ ਕੁਝ ਵੀ ਹਿੰਸਾ ਭੜਕਾਊ ਨਹੀਂ। ਉਹ ਸਾਫ਼ ਤੌਰ 'ਤੇ ਸ਼ਾਂਤਮਈ ਅਤੇ ਫਿਰਕੂ ਸਦਭਾਵਨਾ ਦਾ ਸੱਦਾ ਦਿੰਦੇ ਹਨ। ਸਾਜ਼ਿਸ ਲਈ ਮੈਸੇਜ ਦਾ ਆਦਾਨ-ਪ੍ਰਦਾਨ ਜਾਂ ਮੀਟਿੰਗ ਆਦਿ ਇਕ ਵੀ ਸਬੂਤ ਨਹੀਂ। ਫਿਰ ਵੀ ਅਦਾਲਤ ਨੇ ਉਨ੍ਹਾਂ ਨੂੰ ਸਿਰਫ਼ ਅਟਕਲਾਂ ਦੇ ਆਧਾਰ 'ਤੇ ਸਾਜ਼ਿਸ਼ ਨਾਲ ਜੋੜ ਦਿੱਤਾ।

ਨਿਆਂਇਕ ਰਵੱਈਏ 'ਚ ਪੱਖਪਾਤ ਸਾਫ਼ ਨਜ਼ਰ ਆ ਰਿਹਾ ਹੈ। ਯੂ.ਏ.ਪੀ.ਏ. ਲਗਾ ਕੇ ਜੇਲ੍ਹ 'ਚ ਸਾੜੇ ਜਾ ਰਹੇ ਇਨ੍ਹਾਂ ਸ਼ਾਂਤਮਈ ਅੰਦੋਲਨਕਾਰੀਆਂ ਦੇ ਉਲਟ, ਹੁਕਮਰਾਨ ਪਾਰਟੀ ਦੇ ਉਹ ਆਗੂ ਜਿਨ੍ਹਾਂ ਨੇ ਖੁੱਲ੍ਹੇਆਮ ਹਿੰਸਾ ਲਈ ਉਕਸਾਉਣ ਵਾਲੇ ਨਾਅਰੇ ਦਿੱਤੇ- ਅਨੁਰਾਗ ਠਾਕੁਰ ਨੇ ਸਰੇਆਮ ਨਾਅਰਾ ਲਾਇਆ ਸੀ 'ਦੇਸ਼ ਕੇ ਗ਼ਦਾਰੋਂ ਕੋ, ਗੋਲੀ ਮਾਰੋ ਸਾਲੋਂ ਕੋ'- ਉਨ੍ਹਾਂ ਦੀ ਕੋਈ ਜਵਾਬਦੇਹੀ ਨਹੀਂ। ਉਹ ਨਾ ਸਿਰਫ਼ ਬੇਖ਼ੌਫ਼ ਹੋ ਕੇ ਆਜ਼ਾਦੀ ਨਾਲ ਘੁੰਮ ਰਹੇ ਹਨ, ਸਗੋਂ ਉੱਚ ਹਕੂਮਤੀ ਅਹੁਦਿਆਂ ਨਾਲ ਨਿਵਾਜ਼ੇ ਗਏ ਹਨ। ਭਗਵਾ ਦਹਿਸ਼ਤਵਾਦੀਆਂ ਦੇ ਲਾਈਵ ਨਫ਼ਰਤ ਭੜਕਾਊ ਬਿਆਨ ਮੀਡੀਆ ਵਿਚ ਪ੍ਰਸਾਰਤ ਹੁੰਦੇ ਰਹੇ ਅਤੇ ਪੂਰੀ ਦੁਨੀਆ ਨੇ ਦੇਖੇ। ਗੋਪਾਲ ਸ਼ਰਮਾ ਨੇ ਪੁਲਿਸ ਦੀ ਮੌਜੂਦਗੀ 'ਚ ਜਾਮੀਆ ਮਿਲੀਆ ਯੂਨੀਵਰਸਿਟੀ ਦੇ ਅੰਦੋਲਨਕਾਰੀ ਵਿਦਿਆਰਥੀਆਂ ਉੱਪਰ ਗੋਲੀ ਚਲਾਈ ਅਤੇ ਭੜਕਾਊ ਨਾਅਰੇ ਲਾਏ। ਕਪਿਲ ਗੁੱਜਰ ਨੇ ਸ਼ਾਹੀਨ ਬਾਗ਼ ਦੀਆਂ ਔਰਤਾਂ ਉੱਪਰ ਗੋਲੀ ਚਲਾਈ ਅਤੇ ਹਿੰਦੂ ਰਾਸ਼ਟਰ ਪੱਖੀ ਨਾਅਰੇ ਲਾਏ। ਦਿੱਲੀ ਪੁਲਿਸ ਨੇ ਇਨ੍ਹਾਂ ਦੀ ਮੁਜਰਿਮ ਭੂਮਿਕਾ ਦੇ ਤਮਾਮ ਵੀਡੀਓ ਸਬੂਤਾਂ ਤੋਂ ਮੂੰਹ ਫੇਰ ਕੇ ਝੂਠੀ ਕਹਾਣੀ ਘੜੀ। ਬਾਅਦ ਵਿਚ ਕਪਿਲ ਗੁੱਜਰ ਨੂੰ ਤਰੱਕੀ ਦੇ ਕੇ ਭਾਜਪਾ 'ਚ ਸ਼ਾਮਲ ਕਰ ਲਿਆ ਗਿਆ। ਜੇ ਦਿੱਲੀ ਹਾਈਕੋਰਟ ਦੇ ਜਸਟਿਸ ਐੱਸ. ਮੁਰਲੀਧਰਨ ਨੇ ਕਪਿਲ ਮਿਸ਼ਰੇ ਵਿਰੁੱਧ ਐਕਸ਼ਨ ਲੈਣ 'ਚ ਦਿੱਲੀ ਪੁਲਿਸ ਦੀ ਪੱਖਪਾਤੀ ਭੂਮਿਕਾ ਉੱਪਰ ਸਵਾਲ ਉਠਾਏ ਤਾਂ ਉਸਦਾ ਤਬਾਦਲਾ ਕਰ ਦਿੱਤਾ ਗਿਆ। ਅਦਾਲਤਾਂ ਨੇ ਜਾਂਚ ਕਰਤਾਵਾਂ ਨੂੰ ਇਹ ਸਵਾਲ ਵੀ ਨਹੀਂ ਕੀਤਾ ਕਿ ਹਿੰਦੂ ਭੀੜਾਂ ਵੱਲੋਂ ਹਥਿਆਰਾਂ ਨਾਲ ਲੈਸ ਹੋ ਕੇ ਹਿੰਸਾ, ਸਾੜਫੂਕ ਅਤੇ ਕਤਲੋਗ਼ਾਰਤ ਨੂੰ ਅੰਜਾਮ ਦੇਣ ਦੇ ਬਾਵਜੂਦ ਉਨ੍ਹਾਂ ਦੀ ਭੂਮਿਕਾ ਅਤੇ ਹਥਿਆਰਾਂ ਦੀ ਜਾਂਚ ਕਿਉਂ ਨਹੀਂ ਕੀਤੀ ਗਈ। ਸੰਬੰਧਤ ਜੱਜਾਂ ਵੱਲੋਂ ਬਿਨਾਂ ਦੋਸ਼ ਸਾਬਤ ਕੀਤੇ ਸ਼ਾਂਤਮਈ ਕਾਰਕੁਨਾਂ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰਨਾ ਭਾਰਤ ਦੀ ਨਿਆਂ ਪ੍ਰਣਾਲੀ ਦੇ ਹਾਕਮ ਜਮਾਤ ਪੱਖੀ ਖਾਸੇ ਅਤੇ ਨਿਆਂਇਕ ਫ਼ੈਸਲੇ ਲੈਣ ਸਮੇਂ ਦੋਹਰੇ ਮਿਆਰਾਂ ਨੂੰ ਉਜਾਗਰ ਕਰਦਾ ਹੈ।

ਦਿੱਲੀ ਹਾਈਕੋਰਟ ਵੱਲੋਂ ਉਮਰ ਤੇ ਹੋਰਾਂ ਨੂੰ ਜ਼ਮਾਨਤ ਦੇਣ ਤੋਂ ਇਨਕਾਰ, 2021 ਦੇ ਉਸ ਫ਼ੈਸਲੇ ਦੇ ਉਲਟ ਹੈ ਜਿਸ 'ਚ ਉਨ੍ਹਾਂ ਦੇ ਸਹਿ-ਮੁਲਜ਼ਮਾਂ ਦੇਵਾਂਗਨਾ ਕਲਿਤਾ, ਨਤਾਸ਼ਾ ਨਰਵਾਲ ਅਤੇ ਆਸਿਫ਼ ਇਕਬਾਲ ਤਨਹਾ ਨੂੰ ਜ਼ਮਾਨਤ ਦਿੱਤੀ ਗਈ ਸੀ। ਉਸ ਵੇਲੇ ਅਦਾਲਤ ਨੇ ਸਾਫ਼ ਮੰਨਿਆ ਸੀ ਕਿ ਦਿੱਲੀ ਪੁਲਿਸ ਨੇ ਸੰਵਿਧਾਨ ਵੱਲੋਂ ਮਿਲੇ ਵਿਰੋਧ ਦੇ ਹੱਕ ਅਤੇ ਦਹਿਸ਼ਤਗਰਦੀ ਦਰਮਿਆਨ ਦੀ ਲਕੀਰ ਧੁੰਦਲੀ ਕਰ ਦਿੱਤੀ ਹੈ ਅਤੇ ਜੇਕਰ ਭੜਕਾਊ ਭਾਸ਼ਣ ਜਾਂ ਸੜਕਾਂ ਦੇ ਰੋਸ ਪ੍ਰਦਰਸ਼ਨ ਸੱਚ ਵੀ ਹਨ ਤਾਂ ਵੀ ਉਨ੍ਹਾਂ ਨੂੰ ਦਹਿਸ਼ਤਗਰਦੀ ਨਹੀਂ ਕਿਹਾ ਜਾ ਸਕਦਾ। ਪਰ ਮੌਜੂਦਾ ਬੈਂਚ ਨੇ ਇਸ ਤਰਕ ਨੂੰ ਨਹੀਂ ਮੰਨਿਆ ਅਤੇ ਨਾ ਹੀ ਪਹਿਲਾਂ ਜ਼ਮਾਨਤ ਲੈ ਚੁੱਕੇ ਦੋਸ਼ੀਆਂ ਦੇ ਕੇਸਾਂ ਨਾਲ ਇਨ੍ਹਾਂ ਦੀ ਤੁਲਨਾ ਕਰਨ ਦੀ ਕੋਈ ਲੋੜ ਸਮਝੀ। ਪੁਲਿਸ ਅਧਿਕਾਰੀ ਤਾਂ ਸੰਘ ਦੀ ਸ਼ਾਖਾ ਬਣ ਕੇ ਕੰਮ ਕਰ ਰਹੇ ਹਨ, ਪਰ ਸਵਾਲ ਇਹ ਹੈ ਕਿ ਉਪਰੋਕਤ ਹਿੰਸਾ ਭੜਕਾਊ ਆਗੂਆਂ ਦੀ ਯੋਜਨਾਬੱਧ ਭੂਮਿਕਾ ਨੂੰ ਨਜ਼ਰ ਅੰਦਾਜ਼ 'ਚ ਨਿਆਂਪ੍ਰਣਾਲੀ ਦੀ ਐਨੀ ਦਿਲਚਸਪੀ ਕਿਉਂ ਹੈ।

ਹਾਈਕੋਰਟ ਦਾ ਇਹ ਫ਼ੈਸਲਾ ਨਿਰਪੱਖ ਮੁਕੱਦਮੇ ਦੀ ਪ੍ਰਕਿਰਿਆ ਰਾਹੀਂ ਦੋਸ਼ੀ ਸਾਬਤ ਹੋਣ ਤੱਕ ਮੁਲਜ਼ਮ ਦੇ ਬੇਗੁਨਾਹ ਹੋਣ ਦੀ ਧਾਰਨਾ ਦਾ ਮਜ਼ਾਕ ਬਣਾ ਦੇਣ ਅਤੇ ਗੰਭੀਰ ਉਲੰਘਣਾ ਦੀ ਮਿਸਾਲ ਹੈ। ਇਨ੍ਹਾਂ ਕਾਰਕੁਨਾਂ ਨੂੰ ਪੰਜ ਸਾਲ ਤੋਂ ਵੱਧ ਸਮੇਂ ਤੱਕ ਬਿਨਾਂ ਮੁਕੱਦਮੇ ਦੇ ਜੇਲ੍ਹ 'ਚ ਰੱਖ ਕੇ ਮੁਕੱਦਮੇ ਦੀ ਪ੍ਰਕਿਰਿਆ ਨੂੰ ਹੀ ਸਜ਼ਾ 'ਚ ਬਦਲ ਦਿੱਤਾ ਗਿਆ ਹੈ। ਭਾਵੇਂ ਭਵਿੱਖ 'ਚ ਉਹ ਬਰੀ ਹੋ ਜਾਣ, ਪਰ ਜੇਲ੍ਹ 'ਚ ਬੀਤੇ ਸਾਲ ਕਦੇ ਉਨ੍ਹਾਂ ਨੂੰ ਵਾਪਸ ਨਹੀਂ ਮਿਲ ਸਕਦੇ। ਨਿਆਂਪਾਲਿਕਾ ਵੱਲੋਂ ਸਬੂਤਾਂ ਦੀ ਪਰਖ ਕੀਤੇ ਬਿਨਾਂ ਹੀ ਜ਼ਮਾਨਤ ਨਾ ਦੇਣਾ ਤਾਨਾਸ਼ਾਹ ਹਕੂਮਤ ਦੇ ਹੱਥ ਮਜ਼ਬੂਤ ਕਰਦਾ ਹੈ ਜਿਨ੍ਹਾਂ ਵੱਲੋਂ ਨਿਆਂਇਕ ਪ੍ਰਕਿਰਿਆ ਨੂੰ ਅਸਹਿਮਤੀ ਦੇ ਖ਼ਿਲਾਫ਼ ਬਦਲਾ-ਲਊ ਹਥਿਆਰ ਬਣਾ ਕੇ ਵਰਤਿਆ ਜਾ ਰਿਹਾ ਹੈ।

ਜਦੋਂ ਮੁਲਕ ਵਿਚ ਤਾਨਾਸ਼ਾਹ ਰਾਜ ਤਹਿਤ ਸਿਲਸਿਲੇਵਾਰ ਤਰੀਕੇ ਨਾਲ ਜਮਹੂਰੀ ਸਪੇਸ ਖ਼ਤਮ ਕੀਤੀ ਜਾ ਰਹੀ ਹੈ ਤਾਂ ਉੱਚ ਅਦਾਲਤਾਂ ਦੇ ਅਜਿਹੇ ਪੱਖਪਾਤੀ ਫ਼ੈਸਲੇ ਹੁਕਮਰਾਨਾਂ ਦਾ ਹੱਥ ਵਟਾਉਣ ਵਾਲੇ ਹਨ। ਨਿਆਂ ਨਿਰਪੱਖ ਨਹੀਂ, ਇਹ ਸੱਤਾ ਵੱਲੋਂ ਚੋਣਵੇਂ ਰੂਪ 'ਚ ਵਰਤਿਆ ਜਾਣ ਵਾਲਾ ਹਥਿਆਰ ਹੈ। ਦਿੱਲੀ ਹਾਈ ਕੋਰਟ ਦਾ ਇਨ੍ਹਾਂ ਕਾਰਕੁਨਾਂ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਮਹਿਜ਼ ਕਾਨੂੰਨੀ ਫ਼ੈਸਲਾ ਨਹੀਂ ਹੈ - ਇਹ ਰਾਜਨੀਤਕ ਸੰਕੇਤ ਹੈ। ਇਹ ਉਸ ਪ੍ਰਬੰਧ ਦੇ ਆਮ ਹੋ ਜਾਣ ਨੂੰ ਦਰਸਾਉਂਦਾ ਹੈ ਜਿੱਥੇ ਅਸਹਿਮਤੀ ਨੂੰ ਜੁਰਮ ਬਣਾ ਦਿੱਤਾ ਗਿਆ ਹੈ, ਨਿਆਂਇਕ ਸੁਤੰਤਰਤਾ ਨਾਲ ਸਮਝੌਤਾ ਕੀਤਾ ਗਿਆ ਹੈ ਅਤੇ ਮੌਲਿਕ ਅਧਿਕਾਰਾਂ ਨੂੰ ਸੱਤਾ ਦੇ ਹਿੱਤਾਂ ਦੇ ਅਧੀਨ ਕਰ ਦਿੱਤਾ ਗਿਆ ਹੈ।

ਸੀ.ਏ.ਏ.-ਐੱਨ.ਆਰ.ਸੀ. ਵਿਰੁੱਧ ਅੰਦੋਲਨ ਹਾਲੀਆ ਵਰ੍ਹਿਆਂ ਦਾ ਸਭ ਤੋਂ ਵੱਡਾ ਲੋਕ-ਅੰਦੋਲਨ ਸੀ, ਜਿਸ ਵਿਚ ਦੱਬੇ-ਕੁਚਲੇ ਹਿੱਸਿਆਂ, ਖ਼ਾਸ ਕਰਕੇ ਘੱਟਗਿਣਤੀ ਮੁਸਲਮਾਨ ਭਾਈਚਾਰੇ ਦੀਆਂ ਔਰਤਾਂ, ਵਿਦਿਆਰਥੀਆਂ ਅਤੇ ਆਮ ਨਿਆਂਪਸੰਦ ਨਾਗਰਿਕਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ ਅਤੇ ਇੰਝ ਸੰਵਿਧਾਨਕ ਹੱਕਾਂ ਪ੍ਰਤੀ ਜਾਗਰੂਕਤਾ ਅਤੇ ਜਮਹੂਰੀ, ਧਰਮਨਿਰਪੱਖ ਮੁੱਲਾਂ ਦੀ ਰਾਖੀ ਲਈ ਗੰਭੀਰਤਾ ਦੀ ਨਿਵੇਕਲੀ ਮਿਸਾਲ ਕਾਇਮ ਕੀਤੀ। ਨਾਗਰਿਕਾਂ ਦੇ ਹਕੂਮਤ ਦੀਆਂ ਮਨਮਾਨੀਆਂ ਵਿਰੁੱਧ ਅੰਦੋਲਨ ਕਰਨ ਦੇ ਜਮਹੂਰੀ ਹੱਕ ਨੂੰ ਜੁਰਮ ਕਰਾਰ ਦੇ ਕੇ ਅਤੇ ਆਗੂ ਕਾਰਕੁਨਾਂ ਨੂੰ ਬਿਨਾਂ ਕਿਸੇ ਜੁਰਮ ਦੇ ਮੁਜਰਿਮ ਬਣਾ ਕੇ ਭਾਰਤੀ ਰਾਜ ਨੇ ਸਮੁੱਚੇ ਭਾਰਤੀ ਲੋਕਾਂ ਨੂੰ ਦਹਿਸ਼ਤ ਪਾਊ ਸੰਦੇਸ਼ ਦਿੱਤਾ ਹੈ ਕਿ ਅਸਹਿਮਤੀ ਨੂੰ ਦੇਸ਼-ਧ੍ਰੋਹ, ਸਰਕਾਰ ਵਿਰੁੱਧ ਸਾਜ਼ਿਸ਼ ਜਾਂ ਦਹਿਸ਼ਤਗਰਦੀ ਦੇ ਬਰਾਬਰ ਜੁਰਮ ਮੰਨਿਆ ਜਾਵੇਗਾ। ਸੱਤਾ ਦੇ ਖ਼ੌਫ਼ ਦਾ ਇਹ ਮਾਹੌਲ ਜਮਹੂਰੀ ਵਿਰੋਧ 'ਚ ਜਨਤਕ ਹਿੱਸੇਦਾਰੀ ਦੇ ਹੌਸਲੇ ਤੋੜਨ ਅਤੇ ਨਾਗਰਿਕ ਸਮਾਜ ਨੂੰ ਗਿਣ-ਮਿੱਥੇ ਕਮਜ਼ੋਰ ਕਰਨ ਦੇ ਫਾਸ਼ੀਵਾਦੀ ਮਨੋਰਥ ਨਾਲ ਬਣਾਇਆ ਗਿਆ ਹੈ। ਇਹ ਕੁਝ ਕਾਰਕੁਨਾਂ ਦੀ ਵਿਅਕਤੀਗਤ ਆਜ਼ਾਦੀ ਦਾ ਨਹੀਂ, ਇਹ ਜਮਹੂਰੀ ਵਿਰੋਧ ਅਤੇ ਅਸਹਿਮਤੀ ਦੇ ਭਵਿੱਖ ਦਾ ਸਵਾਲ ਹੈ। ਇਸ ਮਨੋਰਥ ਨੂੰ ਸਮਝਕੇ ਭਾਰਤ ਦੇ ਲੋਕਾਂ ਨੂੰ ਇਸ ਵਿਰੁੱਧ ਡੱਟਣ ਦੀ ਅਹਿਮੀਅਤ ਨੂੰ ਪਛਾਨਣਾ ਹੋਵੇਗਾ।

# ਗੱਦੀ ਹਥਿਆਉਣ ਲਈ ਕਾਨੂੰਨਾਂ ਨੂੰ ਹਥਿਆਰ ਵਜੋਂ ਵਰਤਣਾ ਖ਼ਤਰਨਾਕ

ਭਾਰਤੀ ਸੰਵਿਧਾਨ ਵਿਚ 130ਵੀਂ ਸੋਧ ਕਰਨ ਲਈ ਭਾਰਤ ਸਰਕਾਰ ਵਲੋਂ ਪਾਰਲੀਮੈਂਟ ਵਿਚ ਬਿੱਲ ਪੇਸ਼ ਕੀਤਾ ਗਿਆ, ਜਿਸਨੂੰ ਹਾਲ ਦੀ ਘੜੀ ਵਿਚਾਰ ਕਰਨ ਲਈ ਸੰਯੁਕਤ ਪਾਰਲੀਮਾਨੀ ਕਮੇਟੀ ਹਵਾਲੇ ਕੀਤਾ ਗਿਆ। ਇਹ ਸੋਧ ਬਹੁਤ ਅਹਿਮ ਹੈ, ਕਿਉਂਕਿ ਇਸ ਸੋਧ ਅਧੀਨ ਕਿਸੇ ਇਹੋ ਜਿਹੇ ਮੰਤਰੀ (ਪ੍ਰਧਾਨ ਮੰਤਰੀ, ਮੁੱਖ ਮੰਤਰੀ ਸਮੇਤ) ਨੂੰ ਹਟਾਇਆ ਜਾ ਸਕਦਾ ਜੋ ਕਿਸੇ ਅਪਰਾਧਕ ਦੋਸ਼ ਵਿਚ ਗ੍ਰਿਫ਼ਤਾਰ ਹੋ ਜਾਏ ਅਤੇ ਜਿਸ ਲਈ ਉਸਨੂੰ ਪੰਜ ਸਾਲ ਜਾਂ ਉਸ ਤੋਂ ਵੱਧ ਕੈਦ ਹੋ ਸਕਦੀ ਹੈ ਜਾਂ ਜਿਹੜਾ ਤੀਹ ਦਿਨ ਜੇਲ੍ਹ 'ਚ ਰਿਹਾ ਹੋਵੇ।



**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**

ਉਪਰੋਕਤ 30 ਦਿਨਾਂ ਦੀ ਜੇਲ੍ਹ ਸ਼ਰਤ ਅਧੀਨ ਨਿਸ਼ਚਿਤ ਰੂਪ 'ਚ ਜਾਂਚ ਪੂਰੀ ਨਹੀਂ ਹੋਏਗੀ ਅਤੇ ਨਾ ਹੀ ਕੋਈ ਦੋਸ਼ ਪੱਤਰ, ਨਾ ਕੋਈ ਮੁੱਕਦਮਾ, ਅਤੇ ਨਾ ਹੀ ਕੋਈ ਦੋਸ਼ ਸਿੱਧ ਹੋ ਸਕੇਗਾ। ਫਿਰ ਵੀ 31ਵੇਂ ਦਿਨ ਸੰਬੰਧਿਤ ਮੰਤਰੀ, ਮੁੱਖ ਮੰਤਰੀ, ਪ੍ਰਧਾਨ ਮੰਤਰੀ ਨੂੰ 'ਅਪਰਾਧੀ' ਦੱਸ ਕੇ ਉਸਨੂੰ ਉਸਦੇ ਅਹੁਦੇ ਤੋਂ ਹਟਾ ਦਿੱਤਾ ਜਾਏਗਾ। ਪਰ ਇਥੇ ਸਵਾਲ ਪੈਦਾ ਹੁੰਦਾ ਹੈ ਕਿ ਕੀ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਕੋਈ ਪੁਲਿਸ ਅਧਿਕਾਰੀ ਗ੍ਰਿਫ਼ਤਾਰ ਕਰਨ ਦੀ ਹਿੰਮਤ ਕਰ ਸਕਦਾ ਹੈ? ਇਹ ਬਿੱਲ/ਕਾਨੂੰਨ ਵਿਚ ਪ੍ਰਧਾਨ ਮੰਤਰੀ ਨੂੰ ਸ਼ਾਮਲ ਕਰਨਾ ਕੀ ਹਾਸੋਹੀਣਾ ਨਹੀਂ?

ਭਾਰਤ ਦੇ ਸੰਵਿਧਾਨ ਦੀ ਧਾਰਾ 368 ਅਨੁਸਾਰ ਪਾਰਲੀਮੈਂਟ ਨੂੰ ਸੰਵਿਧਾਨਕ ਹੱਕ ਹੈ ਕਿ ਉਹ ਸੰਵਿਧਾਨ ਵਿਚ ਸੋਧ ਪਾਸ ਕਰ ਸਕਦਾ ਹੈ। ਧਾਰਾ 368 ਦੀ ਉਪ-ਨਿਯਮ 2 ਅਨੁਸਾਰ, ਸੋਧ ਦੀ ਪ੍ਰਕਿਰਿਆ ਬਿੱਲ ਪੇਸ਼ ਕਰਕੇ ਕੀਤੀ ਜਾਂਦੀ ਹੈ। ਫਿਰ ਇਹ ਬਿੱਲ ਦੋਹਾਂ ਸਦਨਾਂ ਲੋਕ ਸਭਾ ਅਤੇ ਰਾਜ ਸਭਾ ਵਿਚ ਕੁੱਲ ਮੈਂਬਰਾਂ ਦੇ ਬਹੁਮਤ ਨਾਲ ਜਾਂ ਉਸ ਸਦਨ ਵਿਚ ਹਾਜ਼ਰ ਮੈਂਬਰਾਂ ਵਿਚੋਂ ਘੱਟੋ-ਘੱਟ ਦੋ-ਤਿਹਾਈ ਮੈਂਬਰਾਂ ਵਲੋਂ ਦਿੱਤੀ ਸਹਿਮਤੀ ਨਾਲ ਪਾਸ ਹੋ ਜਾਂਦਾ ਹੈ ਅਤੇ ਫਿਰ ਰਾਸ਼ਟਰਪਤੀ ਕੋਲ ਭੇਜਿਆ ਜਾਂਦਾ ਹੈ ਅਤੇ ਜੇਕਰ ਰਾਸ਼ਟਰਪਤੀ ਸਹਿਮਤੀ ਦੇ ਦਿੰਦੇ ਹਨ ਤਾਂ ਉਸਦੇ ਬਾਅਦ ਸੰਵਿਧਾਨ ਵਿਚਲੀ ਇਹ ਸੋਧ ਪਾਸ ਹੋ ਜਾਂਦੀ ਹੈ।

ਆਉ ਵੇਖੀਏ ਕਿ ਕੀ ਮੌਜੂਦਾ ਸਰਕਾਰ ਕੋਲ ਇਹ ਬਿੱਲ ਪਾਸ ਕਰਾਉਣ ਲਈ ਬਹੁਮਤ ਹੈ? ਮੌਜੂਦਾ ਹਾਕਮਾਂ ਭਾਜਪਾ ਅਤੇ ਸਹਿਯੋਗੀ ਪਾਰਟੀਆਂ ਕੋਲ ਇਸ ਸਮੇਂ ਇਹ ਬਿੱਲ ਪਾਸ ਕਰਾਉਣ ਲਈ ਪੂਰੀ ਸੰਖਿਆ ਨਹੀਂ ਹੈ। ਲੋਕ ਸਭਾ ਵਿਚ ਕੁੱਲ 543 ਵਿਚੋਂ ਰਾਜਗ ਦੇ 293 ਮੈਂਬਰ ਹਨ ਅਤੇ ਰਾਜ ਸਭਾ ਵਿਚ 245 ਮੈਂਬਰਾਂ ਵਿਚੋਂ 133 ਮੈਂਬਰ ਹਨ। ਜੇਕਰ ਦੋਹਾਂ ਸਦਨਾਂ ਦੇ ਸਾਰੇ ਮੈਂਬਰ ਸਦਨ 'ਚ ਹਾਜ਼ਰ ਹੋਣ ਅਤੇ ਵੋਟ ਪਾਉਣ ਤਾਂ ਵੀ ਇਹ ਸੰਖਿਆ ਦੋ-ਤਿਹਾਈ ਨਹੀਂ ਹੋ ਸਕਦੀ।

ਭਾਰਤੀ ਜਨਤਾ ਪਾਰਟੀ ਇਸ ਬਿੱਲ ਨੂੰ ਸੰਵਿਧਾਨਕ ਅਤੇ ਸਿਆਸੀ ਨੈਤਿਕਤਾ ਦਾ ਪ੍ਰਤੀਕ ਬਣਾ ਕੇ ਪ੍ਰਚਾਰ ਕਰ ਰਹੀ ਹੈ, ਖ਼ਾਸ ਤੌਰ 'ਤੇ ਉਸ ਵੇਲੇ ਜਦੋਂ ਕਿ ਬਿਹਾਰ 'ਚ ਚੋਣਾਂ ਸਿਰ 'ਤੇ ਹਨ ਅਤੇ ਮਸ਼ੀਨਾਂ ਨਾਲ ਵੋਟਾਂ ਦੀ ਚੋਰੀ ਲਈ ਉਸ ਉਤੇ ਦੇਸ਼-ਵਿਆਪੀ ਦੋਸ਼ ਲੱਗ ਰਹੇ ਹਨ। ਭਾਜਪਾ ਕਹਿੰਦੀ ਹੈ ਕਿ ਕੀ ਕਿਸੇ ਭ੍ਰਿਸ਼ਟ ਮੰਤਰੀ ਨੂੰ ਹਟਾਉਣ ਤੋਂ ਵੱਡਾ ਕੋਈ ਹੋਰ ਚੰਗਾ ਕੰਮ ਹੋ ਸਕਦਾ ਹੈ? ਕੀ ਕੋਈ ਮੰਤਰੀ ਜਾਂ ਮੁੱਖ ਮੰਤਰੀ ਜੇਲ੍ਹ ਵਿਚੋਂ ਰਾਜ ਪ੍ਰਬੰਧ ਚਲਾ ਸਕਦਾ ਹੈ? ਜਿਵੇਂ ਅਰਵਿੰਦ ਕੇਜਰੀਵਾਲ ਮੁੱਖ ਮੰਤਰੀ ਦਿੱਲੀ ਸਰਕਾਰ ਚਲਾਉਣ ਦੀ ਕੋਸ਼ਿਸ਼ ਕਰਦਾ ਰਿਹਾ, ਹਾਲਾਂਕਿ ਉਸ ਉੱਤੇ ਗੰਭੀਰ ਭ੍ਰਿਸ਼ਟਾਚਾਰ ਦੇ ਦੋਸ਼ ਸਨ। ਭਾਜਪਾ ਦਾ ਕਹਿਣਾ ਹੈ ਕਿ ਜਿਹੜੇ ਲੋਕ ਇਸ ਬਿੱਲ ਲਈ ਹਾਮੀ ਭਰਦੇ ਹਨ, ਉਹ ਸੱਚੇ ਦੇਸ਼ ਭਗਤ ਹਨ ਅਤੇ ਰਾਸ਼ਟਰਵਾਦੀ ਹਨ। ਜੋ 'ਨਾਂਹ' ਕਹਿੰਦੇ ਹਨ, ਉਹ ਰਾਸ਼ਟਰ ਵਿਰੋਧੀ ਜਾਣੀ ਸ਼ਹਿਰੀ ਨਕਸਲੀ ਜਾਂ ਪਾਕਿਸਤਾਨੀ ਏਜੰਟ ਹਨ।

ਨਰੇਂਦਰ ਮੋਦੀ ਪ੍ਰਧਾਨ ਮੰਤਰੀ ਅਤੇ ਗ੍ਰਿਹ ਮੰਤਰੀ ਅਮਿਤ ਸ਼ਾਹ ਨੇ ਇਸ ਸੰਘਰਸ਼ ਦੀ ਸ਼ੁਰੂਆਤ ਕਰ ਦਿੱਤੀ ਹੈ ਅਤੇ ਇਸ ਨੂੰ ਪੂਰੇ ਜੋਸ਼ ਨਾਲ ਪ੍ਰਚਾਰਨਾ ਸ਼ੁਰੂ ਕਰ ਦਿੱਤਾ ਹੈ। ਪਾਰਲੀਮੈਂਟਰੀ ਸਾਂਝੀ ਕਮੇਟੀ ਇਸ ਮੁੱਦੇ ਨੂੰ ਇੱਕ ਰਾਸ਼ਟਰ ਇੱਕ ਚੋਣ ਉਤੇ ਬਣੀ ਕਮੇਟੀ ਵਾਂਗਰ ਬਿਹਾਰ (2025) ਅਤੇ ਅਸਾਮ, ਕੇਰਲ, ਤਾਮਿਲਨਾਡੂ ਅਤੇ ਪੱਛਮੀ ਬੰਗਾਲ (2026) 'ਚ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਤੱਕ ਜੀਉਂਦਿਆਂ ਰੱਖ ਸਕਦੀ ਹੈ। ਇਸਦਾ ਹਾਕਮ ਧਿਰ ਨੂੰ ਫ਼ਾਇਦਾ ਹੋਏਗਾ?

ਅੰਗਰੇਜ਼ੀ ਦੇ ਪ੍ਰਸਿੱਧ ਅਖ਼ਬਾਰ ਇੰਡੀਅਨ ਐਕਸਪ੍ਰੈਸ ਨੇ 22 ਅਗਸਤ 2025 ਨੂੰ ਇੱਕ ਰਿਪੋਰਟ ਛਾਪੀ ਹੈ। ਅਖ਼ਬਾਰ ਨੇ ਲਿਖਿਆ ਹੈ ਕਿ 2014 ਤੋਂ ਹੁਣ ਤੱਕ 12 ਵਿਰੋਧੀ ਦਲ ਦੇ ਮੰਤਰੀਆਂ ਨੂੰ ਬਿਨਾਂ ਜ਼ਮਾਨਤ ਦੇ ਹਿਰਾਸਤ ਵਿਚ ਰੱਖਿਆ ਗਿਆ ਅਤੇ ਕਈਆਂ ਨੂੰ ਤਾਂ ਮਹੀਨਿਆਂ ਤੱਕ ਜੇਲ੍ਹ 'ਚ ਤੁੜਿਆ ਗਿਆ। ਇੱਕ ਹੋਰ ਰਿਪੋਰਟ ਇਹ ਵੀ ਦਸਦੀ ਹੈ ਕਿ 2014 ਤੋਂ ਬਾਅਦ ਤੋਂ ਹੁਣ ਤੱਕ ਗੰਭੀਰ ਦੋਸ਼ਾਂ ਦਾ ਸਾਹਮਣਾ ਕਰ ਰਹੇ 25 ਨੇਤਾ, ਜੋ ਵੱਖੋ-ਵੱਖਰੀਆਂ ਪਾਰਟੀਆਂ ਨਾਲ ਸੰਬੰਧਤ ਸਨ ਭਾਜਪਾ ਵਿਚ ਸ਼ਾਮਲ ਹੋਏ ਅਤੇ ਉਨ੍ਹਾਂ ਵਿਚੋਂ 23 ਨੂੰ ਦੋਸ਼ਾਂ ਤੋਂ ਵੀ ਮੁਕਤ ਕਰ ਦਿੱਤਾ ਗਿਆ। ਉਪਰੋਂ ਸੱਚਾਈ ਇਹ ਵੀ ਹੈ ਕਿ 2014 ਤੋਂ ਬਾਅਦ ਤੋਂ ਹੁਣ ਤੱਕ ਕਿਸੇ ਵੀ ਕੇਂਦਰ ਜਾਂ ਕਿਸੇ ਸੂਬੇ ਦੇ ਕਿਸੇ ਭਾਜਪਾ ਮੰਤਰੀ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ।

ਐਸੋਸੀਏਸ਼ਨ ਡੈਮੋਕਰੇਟਿਕ ਰਿਫਾਰਮਜ਼ (ਏ.ਡੀ.ਆਰ.) ਦੀ ਰਿਪੋਰਟ ਅਨੁਸਾਰ ਦੇਸ਼ ਭਰ ਵਿਚ 302 ਮੰਤਰੀ (ਲਗਭਗ 47%) ਆਪਣੇ




ਵੱਲੋਂ ਦਿੱਤੇ ਹਲਫ਼ਨਾਮਿਆਂ ਵਿਚ ਆਪਣੇ ਆਪ ਉਤੇ ਅਪਰਾਧਕ ਕੇਸ ਹੋਣ ਦੀ ਗੱਲ ਮੰਨ ਚੁੱਕੇ ਹਨ। ਇਨ੍ਹਾਂ ਵਿਚੋਂ 174 ਮੰਤਰੀ ਇਹੋ ਜਿਹੇ ਹਨ, ਜਿਨ੍ਹਾਂ ਉਤੇ ਹੱਤਿਆ, ਬਲਾਤਕਾਰ ਅਤੇ ਅਗਵਾ ਜਿਹੇ ਗੰਭੀਰ ਦੋਸ਼ ਹਨ। ਕੇਂਦਰ ਸਰਕਾਰ ਦੇ 72 ਮੰਤਰੀਆਂ ਵਿਚੋਂ 29 (40%) ਨੇ ਅਪਰਾਧਕ ਕੇਸ ਹੋਣ ਦੀ ਗੱਲ ਮੰਨੀ ਹੈ। ਏ.ਡੀ.ਆਰ. ਨੇ 27 ਰਾਜਾਂ 3 ਕੇਂਦਰ ਸ਼ਾਸ਼ਤ ਪ੍ਰਦੇਸ਼ ਅਤੇ ਕੇਂਦਰ ਸਰਕਾਰ ਦੇ ਕੁੱਲ 643 ਮੰਤਰੀਆਂ ਦੇ ਹਲਫੀਆ ਬਿਆਨਾਂ ਦਾ ਵਿਸ਼ਲੇਸ਼ਣ ਕੀਤਾ ਹੈ। ਇਹ ਰਿਪੋਰਟ 2020 ਤੋਂ 2025 ਦੌਰਾਨ ਹੋਈਆਂ ਚੋਣਾਂ ਦੌਰਾਨ ਦਾਖ਼ਲ ਕੀਤੇ ਗਏ ਹਲਫ਼ਨਾਮਿਆਂ ਤੋਂ ਹਾਸਲ ਕੀਤੀ ਹੈ।

ਰਿਪੋਰਟ ਦਸਦੀ ਹੈ ਕਿ ਭਾਜਪਾ ਦੇ 336 ਮੰਤਰੀਆਂ ਵਿਚੋਂ 136 ਉਤੇ, ਅਪਰਾਧਕ ਕੇਸ ਹਨ, ਜਿਨ੍ਹਾਂ ਵਿਚੋਂ 88 'ਤੇ ਗੰਭੀਰ (ਬਲਾਤਕਾਰ ਅਤੇ ਅਗਵਾ ਜਿਹੇ) ਦੋਸ਼ ਹਨ। ਕਾਂਗਰਸ ਦੇ 61 ਵਿਚੋਂ 45 'ਤੇ ਕੇਸ ਹਨ ਅਤੇ 18 'ਤੇ ਗੰਭੀਰ ਦੋਸ਼ ਹਨ। ਡੀ.ਐਮ.ਕੇ. ਦੇ 31 ਵਿਚੋਂ 27 ਮੰਤਰੀ ਆਰੋਪੀ ਹਨ ਜਿਸਦੇ 14 ਮੰਤਰੀਆਂ 'ਤੇ ਗੰਭੀਰ ਦੋਸ਼ ਹਨ। ਟੀ.ਐਮ.ਸੀ. ਦੇ 40 ਵਿਚੋਂ 13 'ਤੇ ਕੇਸ ਹਨ ਤੇ 8 'ਤੇ ਗੰਭੀਰ ਕੇਸ ਹਨ। ਤੇਲਗੂ ਦੇਸ਼ਮ ਪਾਰਟੀ ਦੇ 23 ਵਿਚੋਂ 22 'ਤੇ ਦੋਸ਼ ਹਨ, ਜਿਨ੍ਹਾਂ ਵਿਚੋਂ 22 ਮੰਤਰੀ ਗੰਭੀਰ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ। ਆਮ ਆਦਮੀ ਪਾਰਟੀ ਦੇ 16 ਵਿਚੋਂ 11 ਮੰਤਰੀ ਆਰੋਪੀ ਹਨ ਜਿਨ੍ਹਾਂ ਵਿਚੋਂ 5 'ਤੇ ਗੰਭੀਰ ਦੋਸ਼ ਹਨ। ਹੁਣ ਜਦੋਂ ਕੇਂਦਰ ਸਰਕਾਰ 130 ਵੀਂ ਸੋਧ ਲਿਆ ਰਹੀ ਹੈ ਤਾਂ ਕੀ ਉਹ ਇਨ੍ਹਾਂ ਮੰਤਰੀਆਂ ਜਾਂ ਮੁੱਖ ਮੰਤਰੀਆਂ ਖ਼ਿਲਾਫ਼ ਕਾਰਵਾਈ ਕਰੇਗੀ? ਉਨ੍ਹਾਂ ਨੂੰ ਜੇਲ੍ਹ ਭੇਜੇਗੀ ਆਪਣਿਆਂ ਸਮੇਤ।

ਦੇਸ਼ ਵਿਚ ਭਾਜਪਾ ਦਾ ਗ੍ਰਾਫ਼ ਪਿਛਲੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਲਗਾਤਾਰ ਘਟ ਰਿਹਾ ਹੈ। ਦੇਸ਼ ਭਰ 'ਚ ਕਿਸਾਨ, ਖੇਤ ਮਜ਼ਦੂਰ, ਬੇਰੁਜ਼ਗਾਰ, ਇੱਕਮੁੱਠ ਹੋ ਕੇ ਉਸ ਵਿਰੁੱਧ ਮੁਹਿੰਮ ਚਲਾ ਰਹੇ ਹਨ। ਹਾਕਮ ਦੀਆਂ ਨਿੱਜੀਕਰਨ, ਨੀਤੀਆਂ ਨੂੰ ਭੰਡ ਰਹੇ ਹਨ। ਲੋਕ ਹਿਤੈਸ਼ੀ ਯੋਜਨਾਵਾਂ ਨੂੰ ਗੁੱਠੇ ਲਗਾਇਆ ਜਾ ਰਿਹਾ ਹੈ ਤਾਂ ਲੋਕਾਂ 'ਚ ਗੁੱਸਾ ਹੈ। ਹਾਕਮ ਇਸ ਗੁੱਸੇ ਨੂੰ ਭਾਂਪ ਰਿਹਾ ਹੈ ਅਤੇ ਹਰ ਹੀਲਾ ਵਰਤ ਕੇ ਦੇਸ਼ ਦੀ ਗੱਦੀ ਹੱਥੋਂ ਨਹੀਂ ਜਾਣ ਦੇਣਾ ਚਾਹੁੰਦਾ।

ਦੇਸ਼ ਵਿਚ 21 ਰਾਜਾਂ 'ਚ ਭਾਜਪਾ ਤੇ ਉਸਦੇ ਹਿਮਾਇਤੀ ਕਾਬਜ਼ ਹਨ ਅਤੇ ਕਾਂਗਰਸ ਸਿਰਫ਼ ਤਿੰਨਾਂ ਸੂਬਿਆਂ ਝਾਰਖੰਡ, ਕਰਨਾਟਕ ਅਤੇ ਹਿਮਾਚਲ 'ਚ ਕਾਬਜ਼ ਹੈ ਅਤੇ ਜੰਮੂ-ਕਸ਼ਮੀਰ 'ਚ ਉਮਰ ਅਬਦੁੱਲਾ, ਪੱਛਮੀ ਬੰਗਾਲ 'ਚ ਮਮਤਾ ਬੈਨਰਜੀ ਅਤੇ ਪੰਜਾਬ 'ਚ ਆਮ ਆਦਮੀ ਪਾਰਟੀ ਦਾ ਸ਼ਾਸ਼ਨ ਹੈ। ਪਰ ਭਾਜਪਾ ਉਪਰ-ਥੱਲੇ ਸਾਰੇ ਸੂਬਿਆਂ 'ਚ ਆਪ ਸ਼ਾਸ਼ਨ ਚਾਹੁੰਦੀ ਹੈ ਅਤੇ ਦੇਸ਼ 'ਚ ਹਿੰਦੀ, ਹਿੰਦੂ, ਹਿੰਦੋਸਤਾਨ ਦਾ ਏਜੰਡਾ ਲਾਗੂ ਕਰਨ ਲਈ ਯਤਨਸ਼ੀਲ ਹੈ। ਇਸੇ ਕਰਕੇ 'ਇੱਕ ਦੇਸ਼ ਇੱਕ ਚੋਣ' ਦਾ ਨਾਹਰਾ ਉਸ ਵੱਲੋਂ ਲਗਾਇਆ ਜਾ ਰਿਹਾ ਹੈ ਅਤੇ ਇਸੇ ਕਰਕੇ ਪੂਰੇ ਦੇਸ਼ ਵਿਚੋਂ ਵਿਰੋਧੀ ਧਿਰ ਦਾ ਨਾਮੋ-ਨਿਸ਼ਾਨ ਮਿਟਾਉਣ ਦਾ ਉਸਨੇ ਟੀਚਾ ਮਿਥਿਆ ਹੈ। ਇਸੇ ਕਰਕੇ ਸੰਵਿਧਾਨਕ ਸੋਧਾਂ ਨਾਲ ਸੰਵਿਧਾਨ ਬਦਲ ਕੇ, ਸਮੁੱਚੀ ਤਾਕਤ ਆਪਣੇ ਹੱਥ ਕਰਨਾ ਉਪਰਲੇ ਹਾਕਮਾਂ ਦਾ ਵੱਡਾ ਸੁਪਨਾ ਹੈ।

ਕੇਂਦਰ ਸਰਕਾਰ ਵੱਲੋਂ ਆਪਣੇ 11 ਸਾਲ ਦੇ ਕਾਰਜਕਾਲ 'ਚ ਸਾਰੇ ਕਾਨੂੰਨਾਂ ਜਿਨ੍ਹਾਂ 'ਚ ਤਿੰਨ ਫੌਜਦਾਰੀ ਕਾਨੂੰਨ, ਚਾਰ ਕਿਰਤ ਕੋਡ, ਯੂ.ਏ.ਪੀ.ਏ. ਅਫਸਪਾ, ਪਬਲਿਕ ਸਕਿਓਰਿਟੀ ਐਕਟ ਅਤੇ ਅਜਿਹੇ ਹੋਰ ਕਾਨੂੰਨਾਂ ਨੂੰ ਹਥਿਆਰ ਦੀ ਤਰ੍ਹਾਂ ਵਰਤਿਆ ਗਿਆ ਹੈ, ਇਥੋਂ ਤੱਕ ਕਿ ਜੀ.ਐਸ.ਟੀ. ਘਟਾ ਕੇ ਉਸ ਦੀਆਂ ਦਰਾਂ ਦੇ ਹੀ ਰਹਿਣ ਦਿੱਤੀਆਂ ਗਈਆਂ ਹਨ ਤਾਂ ਕਿ ਲੋਕਾਂ ਨੂੰ ਖੁਸ਼ ਕੀਤਾ ਜਾ ਸਕੇ ਤੇ ਵੋਟਾਂ ਪ੍ਰਾਪਤ ਕੀਤੀਆਂ ਜਾ ਸਕਣ। ਨਵੇਂ ਅਪਰਾਧਕ ਕਾਨੂੰਨ ਅਧੀਨ ਕੋਈ ਵੀ ਪੁਲਿਸ ਅਧਿਕਾਰੀ ਕਿਸੇ ਵੀ ਵਿਅਕਤੀ ਨੂੰ ਵਰੰਟ ਦੇ ਨਾਲ ਜਾਂ ਵਰੰਟ ਦੇ ਬਿਨਾਂ ਹੀ ਗ੍ਰਿਫ਼ਤਾਰ ਕਰ ਸਕਦਾ ਹੈ। ਜੇਕਰ ਉਸਦੇ ਖ਼ਿਲਾਫ਼ ਇਹ ਉਚਿਤ ਸ਼ੱਕ ਹੋਵੇ ਕਿ ਉਸਨੇ ਕੋਈ ਅਪਰਾਧ ਕੀਤਾ ਹੈ। ਦੇਸ਼ ਦੀ ਸੁਪਰੀਮ ਕੋਰਟ ਦੇ ਮਾਣਯੋਗ ਜੱਜ ਕ੍ਰਿਸ਼ਨ ਆਇਰ ਦੇ ਇਸ ਕਥਨ ਦੇ ਬਾਵਜੂਦ ਕਿ ਜ਼ਮਾਨਤ ਨਿਯਮ ਹੈ, ਜੇਲ੍ਹ ਬੁਰਾਈ ਹੈ, ਹੇਠਲੀਆਂ ਅਦਾਲਤਾਂ ਜ਼ਮਾਨਤ ਦੇਣ ਤੋਂ ਅਕਸਰ ਪਰਹੇਜ਼ ਕਰਦੀਆਂ ਹਨ। ਹਾਈ ਕੋਰਟਾਂ 'ਚ ਪਹਿਲੀ ਸੁਣਵਾਈ 'ਚ ਜ਼ਮਾਨਤ ਨਹੀਂ ਮਿਲਦੀ ਅਤੇ ਸਰਕਾਰ ਨੂੰ ਕਿਸੇ ਨਾ ਕਿਸੇ ਬਹਾਨੇ ਇਸ ਮਾਮਲੇ ਨੂੰ ਖਿਚਣ ਦਾ ਮੌਕਾ ਮਿਲ ਜਾਂਦਾ ਹੈ, ਇਹੋ ਜਿਹੇ ਹਾਲਤਾਂ 'ਚ 60 ਤੋਂ 90 ਦਿਨਾਂ ਬਾਅਦ ਜ਼ਮਾਨਤ ਮਿਲਦੀ ਹੈ। ਸਿੱਟਾ ਇਹ ਨਿਕਲਦਾ ਹੈ ਕਿ ਕਿਸੇ ਵੀ ਕੇਸ 'ਚ ਫਸੇ ਵਿਅਕਤੀ ਲਈ ਸੁਪਰੀਮ ਕੋਰਟ ਹੀ ਸਹਾਰਾ ਬਣਦੀ ਹੈ ਅਤੇ ਜ਼ਮਾਨਤ ਦਿੰਦੀ ਹੈ। ਇਸੇ ਕਰਕੇ ਵੱਡੀ ਗਿਣਤੀ 'ਚ ਕੇਸ ਉਥੇ ਹੀ ਜਾਂਦੇ ਹਨ।

ਸੁਪਰੀਮ ਕੋਰਟ ਤੱਕ ਜਦੋਂ ਤੱਕ ਮੰਤਰੀ, ਮੁੱਖ ਮੰਤਰੀ ਆਪਣੀਆਂ ਅਪੀਲਾਂ, ਦਲੀਲਾਂ ਲੈ ਕੇ ਪੁੱਜਣਗੇ, ਉਦੋਂ ਤੱਕ ਸੰਵਿਧਾਨ ਦੀ 130ਵੀਂ ਸੋਧ ਅਧੀਨ ਹਾਕਮ, ਆਪਣੇ ਵਿਰੋਧੀਆਂ ਨੂੰ ਬਦਨਾਮ ਵੀ ਕਰ ਚੁੱਕੇ ਹੋਣਗੇ ਅਤੇ ਆਪਣੀ ਹੈਂਕੜ ਵੀ ਪੁਗਾ ਚੁੱਕੇ ਹੋਣਗੇ। ਸੋ ਸਪੱਸ਼ਟ ਹੈ ਕਿ ਇਹ ਬਿੱਲ ਵਿਰੋਧੀਆਂ 'ਚ ਇੱਕ ਵੱਡਾ ਡਰ ਪੈਦਾ ਕਰਨ ਦਾ ਹਥਿਆਰ ਬਣ ਗਿਆ ਹੈ।

'ਇੰਡੀਆ' ਗਠਜੋੜ ਅਤੇ ਤ੍ਰਿਣਮੂਲ ਕਾਂਗਰਸ ਉਤੇ ਇਹ ਹਥਿਆਰ ਵਰਤੇ ਜਾਣ ਦਾ ਡਰ ਹੈ, ਕਿਉਂਕਿ ਹਾਕਮ, ਹਿੰਦੋਸਤਾਨ ਨੂੰ ਕਾਂਗਰਸ ਮੁਕਤ ਕਰਨਾ ਚਾਹੁੰਦੇ ਹਨ ਅਤੇ ਤ੍ਰਿਣਮੂਲ ਕਾਂਗਰਸ ਦੀ ਸ਼ਕਤੀਸ਼ਾਲੀ ਮੁੱਖ ਮੰਤਰੀ ਨੂੰ ਹਰ ਹੀਲੇ ਖੂੰਜੇ ਲਾਉਣਾ ਚਾਹੁੰਦੇ ਹਨ। ਇੰਡੀਆ ਗੱਠਜੋੜ ਤੇ ਤ੍ਰਿਣਮੂਲ ਕਾਂਗਰਸ ਅਸਾਨੀ ਨਾਲ ਪਾਰਲੀਮੈਂਟ ਵਿਚ ਆਪਣੇ ਮੈਂਬਰਾਂ ਦੀ ਤਾਕਤ ਦਿਖਾ ਕੇ ਇਸ ਬਿੱਲ ਨੂੰ ਪਾਸ ਹੋਣ ਤੋਂ ਰੋਕ ਸਕਦੇ ਹਨ। ਹਾਲਾਂਕਿ ਰਾਜਗ (ਭਾਜਪਾ ਦੇ ਸਹਿਯੋਗੀ) ਸਰਕਾਰ ਨੂੰ ਭਰੋਸਾ ਹੈ ਕਿ ਉਹ ਬਿੱਲ ਨੂੰ ਪਾਸ ਕਰਵਾਉਣ ਲਈ ਕੋਈ ਨਾ ਕੋਈ ਹੱਲ ਕੱਢ ਹੀ ਲੈਣਗੇ।

ਹੋ ਸਕਦਾ ਹੈ ਕਿ ਉਸ ਕੋਲ ਦੋਨਾਂ ਸਦਨਾਂ ਵਿਚ ਕੁਝ ਵਿਰੋਧੀ ਦਲਾਂ ਜਾਂ ਸੰਸਦ ਮੈਂਬਰਾਂ ਨੂੰ ਆਪਣੇ ਪੱਖ 'ਚ ਕਰਨ ਦਾ ਕੋਈ ਢੰਗ ਹੋਵੇ। ਜਾਂ ਹੋ ਸਕਦਾ ਹੈ ਕਿ ਉਸ ਕੋਲ ਕੁਝ ਵਿਰੋਧੀ ਸੰਸਦ ਮੈਂਬਰਾਂ ਨੂੰ ਗਾਇਬ ਕਰਨ ਦੀ ਤਰਕੀਬ ਹੋਵੇ ਅਤੇ ਬਿੱਲ ਪਾਸ ਕਰਵਾਉਣ ਲਈ ਕੋਈ ਵੱਡੀ ਯੋਜਨਾ ਹੋਵੇ ਜਾਂ ਫਿਰ ਉਸ ਕੋਲ ਕੋਈ ਅਜਿਹੀ ਰਣਨੀਤੀ ਹੋਵੇ ਜੋ ਸਮਝ ਤੋਂ ਪਰ੍ਹੇ ਹੋਵੇ।

ਪਰ ਇਹੋ ਜਿਹਾ ਬਿੱਲ, ਕਾਨੂੰਨ ਬਣ ਜਾਣਾ ਰਾਸ਼ਟਰ ਹਿੱਤ ਵਿਚ ਨਹੀਂ ਹੈ। ਗੱਦੀ ਹਥਿਆਉਣ ਲਈ ਕਾਨੂੰਨਾਂ ਨੂੰ ਹਥਿਆਰ ਵਜੋਂ ਵਰਤਣਾ ਲੋਕਤੰਤਰ ਦੀਆਂ ਜੜ੍ਹਾਂ 'ਚ ਤੇਲ ਦੇਣ ਸਮਾਨ ਹੈ ਅਤੇ ਡਿਕਟੇਟਰਾਨਾ ਰੁਚੀਆਂ ਨੂੰ ਅੱਗੇ ਵਧਾਉਣ ਦੇ ਤੁਲ ਹੈ। ਜੇਕਰ ਇਹ ਬਿੱਲ ਪਾਸ ਹੋ ਜਾਂਦਾ ਹੈ ਤਾਂ ਭਾਰਤ ਵੀ ਬੇਲਾਰੂਸ, ਬੰਗਲਾਦੇਸ਼, ਕੰਬੋਡੀਆ, ਕੈਮਰੂਨ, ਕਾਂਗੋ (ਡੀ.ਆਰ.ਸੀ), ਮਿਆਂਮਾਰ, ਨਿਕਾਰਾਗੁਆ, ਪਾਕਿਸਤਾਨ, ਰੂਸ, ਰਿਵਾਂਡਾ, ਯੁਗਾਂਡਾ, ਵੈਨਜ਼ੁਏਲਾ, ਜਾਂਬੀਆ ਅਤੇ ਜ਼ਿੰਬਾਬਵੇ ਦੀ ਕਤਾਰ ਵਿਚ ਹੋ ਜਾਏਗਾ, ਜੋ ਆਮ ਤੌਰ 'ਤੇ ਵਿਰੋਧੀ ਨੇਤਾਵਾਂ ਨੂੰ ਜੇਲ੍ਹ ਵਿਚ ਸੁੱਟ ਦਿੰਦੇ ਹਨ।

# ਕਤਲ ਦੇ ਪਿੱਛੇ ਅਮਰੀਕੀ ਪੁਲਿਸ ਦੀ ਮਾਨਸਿਕਤਾ

ਕੁਝ ਦਿਨ ਪਹਿਲਾਂ ਆਈ ਇਹ ਵੀਡੀਓ ਵਾਰ-ਵਾਰ ਦਿਮਾਗ ਵਿਚ ਘੁੰਮ ਰਹੀ ਹੈ। ਘਟਨਾ ਜੁਲਾਈ ਦੀ ਹੈ ਜਦੋਂ ਅਮਰੀਕਾ ਵਿਚ ਲਾਸ ਏਂਜਲਸ ਵਿਚ 35 ਸਾਲ ਦਾ ਗੁਰਪ੍ਰੀਤ ਸਿੰਘ ਸੜਕ ਵਿਚਕਾਰ ਗਤਕਾ ਖੇਡ ਰਿਹਾ ਸੀ ਜਿਸਨੂੰ ਪੁਲਿਸ ਨੇ ਰੋਕਣ ਦੀ ਕੋਸ਼ਿਸ਼ ਕੀਤੀ ਅਤੇ ਜਦ ਉਹ ਨਾ ਰੁਕਿਆ ਤਾਂ ਪੁਲਿਸ ਨੇ ਉਸਨੂੰ ਗੋਲੀ ਮਾਰੀ ਜਿਸ ਨਾਲ ਉਸਦੀ ਮੌਤ ਹੋ ਗਈ। ਅਗਸਤ ਮਹੀਨੇ ਪੁਲਿਸ ਦੇ ਕੈਮਰੇ ਵਿਚ ਇਸ ਘਟਨਾ ਦੀ ਰਿਕਾਰਡ ਹੋਈ ਵੀਡੀਓ ਨਸ਼ਰ ਹੋਈ ਤੇ ਉਸ ਤੋਂ

**ਗੁਰਪ੍ਰੀਤ ਸਿੰਘ**

ਬਾਅਦ ਇਹ ਖ਼ਬਰ ਕੁਝ ਦਿਨ ਸੋਸ਼ਲ ਮੀਡੀਆ 'ਤੇ ਘੁੰਮਦੀ ਰਹੀ ਹੈ। ਇਸ ਘਟਨਾ ਉਪਰ ਆਏ ਪ੍ਰਤੀਕਰਮ ਪ੍ਰੇਸ਼ਾਨ ਕਰਨ ਵਾਲੇ ਹਨ।

ਜ਼ਿਆਦਾਤਰ ਪੋਸਟਾਂ ਹੇਠ ਬਹੁਤੀਆਂ ਟਿੱਪਣੀਆਂ ਇਸ ਵਿਅਕਤੀ ਦੇ ਖ਼ਿਲਾਫ਼ ਹੀ ਸਨ। ਇਨ੍ਹਾਂ ਟਿੱਪਣੀਆਂ ਵਿਚ ਮੋਟੇ ਤੌਰ 'ਤੇ ਇਸ ਤਰ੍ਹਾਂ ਦੀਆਂ ਗੱਲਾਂ ਸਨ- "ਆਪਣੇ ਕੀਤੇ ਦਾ ਫਲ ਮਿਲ ਗਿਆ", "ਹਵਾਖੋਰੀ ਕਰਦਾ ਸੀ, ਚੰਗਾ ਹੋਇਆ", "ਪੰਜਾਬ ਸਮਝੀ ਬੈਠਾ ਸੀ", "ਲਗਦਾ ਭੰਗ ਜ਼ਿਆਦਾ ਪੀ ਲਈ" ਅਤੇ ਕਈ ਤਾਂ "ਪੁਲਿਸ ਨੇ ਬਿਲਕੁਲ ਸਹੀ ਕੀਤਾ" ਆਖ ਕੇ ਪੁਲਿਸ ਦੀ ਪਿੱਠ ਥਾਪੜਨ ਤੱਕ ਪਹੁੰਚ ਗਏ। ਆਪੂੰ ਬਣੇ ਧਰਮ ਦੇ ਠੇਕੇਦਾਰਾਂ ਨੇ ਜੱਗੋਂ ਤੇਰ੍ਹਵੀਂ ਗੱਲ ਹੀ ਕਰਨੀ ਹੁੰਦੀ ਆ। ਉਨ੍ਹਾਂ ਨੇ ਇੱਕ ਮਨੁੱਖ ਦੇ ਕਤਲ ਉਪਰ ਹਮਦਰਦੀ ਜ਼ਾਹਿਰ ਕਰਨ ਦੀ ਥਾਂ ਆਪਣੀ ਰੀਲ ਚਲਾਈ ਕਿ, "ਇਹ ਜੋ ਕਰ ਰਿਹਾ ਉਹ ਗਤਕਾ ਨਹੀਂ ਹੈ, ਇਹ ਸਿੱਖਾਂ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਹੈ।"

ਉਹ ਜੋ ਕਰ ਰਿਹਾ ਸੀ ਉਹ ਬਿਲਕੁਲ ਗਲਤ ਸੀ, ਪਰ ਉਸ ਗਲਤੀ ਦੀ ਸਜ਼ਾ ਮੌਤ ਬਿਲਕੁਲ ਵੀ ਨਹੀਂ ਹੈ। ਵੀਡੀਓ ਵਿਚ ਪ੍ਰਤੱਖ ਦਿਸ ਰਿਹਾ ਹੈ ਕਿ ਪੁਲਿਸ ਉਸਨੂੰ ਅਰਾਮ ਨਾਲ ਕਾਬੂ ਕਰ ਸਕਦੀ ਸੀ। ਪੁਲਿਸ-ਪ੍ਰਸ਼ਾਸਨ ਨੂੰ ਕਾਨੂੰਨ ਦੇ ਨਾਮ ਹੇਠ ਇਉਂ ਕਿਸੇ ਨੂੰ ਕਤਲ ਕਰਨ ਦੀ ਬਿਲਕੁਲ ਵੀ ਇਜਾਜ਼ਤ ਨਹੀਂ ਹੋਣੀ ਚਾਹੀਦੀ। ਪੁਲਿਸ ਦਾ ਇਸ ਤਰ੍ਹਾਂ ਸ਼ਰ੍ਹੇਆਮ ਕਿਸੇ ਨੂੰ ਮਾਰ ਦੇਣਾ ਫਿਕਰਮੰਦੀ ਵਾਲਾ ਵਿਸ਼ਾ ਹੈ। ਇਹ ਗੱਲ ਵੀ ਆਖੀ ਜਾ ਰਹੀ ਹੈ ਕਿ ਉਸਦੀ ਮਾਨਸਿਕ ਹਾਲਤ ਠੀਕ ਨਹੀਂ ਸੀ। ਵੀਡੀਓ ਦੇਖ ਕੇ ਵੀ ਲਗਦਾ ਹੈ ਕਿ ਉਸਦੀ ਮਾਨਸਿਕ ਹਾਲਤ ਸਹੀ ਨਹੀਂ ਹੈ। ਜੇ ਉਸਦੀ ਮਾਨਸਿਕ ਹਾਲਤ ਸਹੀ ਵੀ ਹੋਵੇ ਤਾਂ ਵੀ ਇਹ ਕਤਲ ਬਿਲਕੁਲ ਵੀ ਬਰਦਾਸ਼ਤ ਕਰਨ ਯੋਗ ਨਹੀਂ ਹੈ। ਕਿਸੇ ਵੀ ਜਮਹੂਰੀ ਪ੍ਰਬੰਧ ਲਈ ਮੌਤ ਦੀ ਸਜ਼ਾ ਬਹੁਤ ਵੱਡੀ ਸਜ਼ਾ ਹੈ ਅਤੇ ਉਸਦੇ ਲਈ ਦੋਸ਼ ਵੀ ਬਹੁਤ ਸੰਗੀਨ ਹੋਣਾ ਚਾਹੀਦਾ ਹੈ। ਹਵਾ ਵਿਚ ਤਲਵਾਰ ਲਹਿਰਾਉਣ ਦਾ ਜੁਰਮ ਮੌਤ ਦਾ ਹੱਕਦਾਰ ਬਿਲਕੁਲ ਵੀ ਨਹੀਂ ਹੈ।

ਪੁਲਿਸ ਦੀ ਕਾਰਗੁਜ਼ਾਰੀ ਦੇ ਮਾਮਲੇ ਵਿਚ ਅਮਰੀਕਾ ਕੋਈ ਸੱਭਿਅਕ ਮੁਲਕ ਨਹੀਂ ਹੈ। ਇਥੋਂ ਦੀ ਪੁਲਿਸ ਨਸਲੀ ਵਿਤਕਰੇ, ਝੂਠੇ ਗ੍ਰਿਫ਼ਤਾਰੀਆਂ, ਕੁੱਟਮਾਰ ਅਤੇ ਲੋਕਾਂ ਨੂੰ ਮਾਰਨ ਜਿਹੇ ਮਾਮਲਿਆਂ ਵਿਚ ਮੋਹਰੀ ਹੈ। ਅਮਰੀਕੀ ਪੁਲਿਸ ਬਾਰੇ ਮੌਜੂਦਾ ਅੰਕੜੇ ਪੰਜਾਬ ਦਾ ਕਾਲਾ ਦੌਰ ਚੇਤੇ ਕਰਵਾਉਂਦੇ ਹਨ। ਹਰ ਸਾਲ ਅਮਰੀਕਾ ਦੀ ਪੁਲਿਸ ਕਰੀਬ



1300-1500 ਲੋਕਾਂ ਨੂੰ ਕਤਲ ਕਰਦੀ ਹੈ। ਗੋਰੇ ਲੋਕਾਂ ਦੇ ਮੁਕਾਬਲੇ ਕਾਲਿਆਂ ਅਤੇ ਪ੍ਰਵਾਸੀਆਂ ਖ਼ਿਲਾਫ਼ ਪੁਲਿਸ ਦੀਆਂ ਕਾਰਵਾਈਆਂ 3 ਗੁਣਾ ਹਨ। ਜਦਕਿ ਅਮਰੀਕਾ ਦੀ ਅਬਾਦੀ ਵਿਚ ਕਾਲੇ ਲੋਕਾਂ ਦੀ ਗਿਣਤੀ ਕਰੀਬ 14 ਫੀਸਦੀ ਹੈ ਤੇ ਕਰੀਬ ਇੰਨੇ ਕੁ ਹੀ ਪ੍ਰਵਾਸੀ ਹਨ। 2020 ਵਿਚ ਅਮਰੀਕੀ ਪੁਲਿਸ ਨੇ ਜਾਰਜ ਫਲਾਇਡ ਨਾਮ ਦੇ ਇੱਕ ਕਾਲੇ ਵਿਅਕਤੀ ਨੂੰ ਗ੍ਰਿਫ਼ਤਾਰ ਕਰਨ ਮੌਕੇ ਮਾਰ ਦਿੱਤਾ ਸੀ ਜਿਸ ਮਗਰੋਂ ਲੰਬਾ ਸਮਾਂ ਅਮਰੀਕੀ ਪੁਲਿਸ ਦੇ ਨਸਲੀ ਵਿਤਕਰੇ ਅਤੇ ਇਸਨੂੰ ਦਿੱਤੀਆਂ ਅੰਨ੍ਹੀਆਂ ਤਾਕਤਾਂ ਖ਼ਿਲਾਫ਼ ਲੋਕਾਂ ਨੇ ਸੜਕਾਂ ਮੱਲੀ ਰੱਖੀਆਂ ਸਨ। ਪਿਛਲੇ ਕਈ ਸਾਲਾਂ ਵਿਚ ਅਮਰੀਕੀ ਪੁਲਿਸ ਜਿੰਨਾ ਵਿਰੋਧ ਸ਼ਾਇਦ ਹੀ ਕਿਸੇ ਹੋਰ ਮੁਲਕ ਦੀ ਪੁਲਿਸ ਦਾ ਹੋਇਆ ਹੋਵੇ। (ਹੋਰ ਜਾਣਕਾਰੀ ਲਈ ਕੁੱਝ ਰਿਪੋਰਟਾਂ ਟਿੱਪਣੀਆਂ ਵਿਚ ਦੇ ਰਿਹਾਂ)।

ਇਨ੍ਹਾਂ ਟਿੱਪਣੀਆਂ ਪਿੱਛੇ ਇੱਕ ਵੱਡਾ ਕਾਰਨ ਅਮਰੀਕਾ ਵਰਗੇ ਮੁਲਕਾਂ ਅੱਗੇ ਕੋਡੇ ਹੋ ਜਾਣ ਵਾਲੀ ਮਾਨਸਿਕਤਾ ਹੈ - ਕਿ ਉਹ ਵੱਧ ਸਿਆਣੇ ਤੇ ਸੱਭਿਅਕ ਹਨ ਤੇ ਜੋ ਕੁਝ ਕਰਦੇ ਹਨ ਸਹੀ ਹੀ ਕਰਦੇ ਹਨ। ਸਿੱਖ ਚਿੰਤਕ ਵੀ ਕੈਨੇਡਾ, ਅਮਰੀਕਾ, ਇੰਗਲੈਂਡ ਤੇ ਸੰਯੁਕਤ ਰਾਸ਼ਟਰ ਵਰਗੇ ਅਦਾਰਿਆਂ ਤੋਂ ਆਪਣੇ ਰਾਜਸੀ ਹਿੱਤਾਂ ਦੀ ਰਾਖੀ ਤੇ ਸਗੋਂ ਉਸ ਵਿਚ ਮਦਦ ਦੀ ਉਮੀਦ ਰੱਖਦੇ ਹਨ। ਇਸ ਕਰਕੇ ਉਹ ਵੀ ਆਮ ਤੌਰ 'ਤੇ ਇਨ੍ਹਾਂ ਮੁਲਕਾਂ ਦੀਆਂ ਹਕੂਮਤਾਂ ਦੇ ਲੋਕ-ਵਿਰੋਧੀ ਪੈਂਤੜਿਆਂ ਉਪਰ ਚੁੱਪ ਰਹਿੰਦੇ ਹਨ। ਇਸ ਕਰਕੇ ਬਹੁਤ ਥੋੜ੍ਹੀਆਂ ਸਿੱਖ ਸੰਸਥਾਵਾਂ ਨੇ ਹੀ ਇਸ ਘਟਨਾ ਦਾ ਨੋਟਿਸ ਲਿਆ ਹੈ। ਗੁਰਪ੍ਰੀਤ ਸਿੰਘ ਦੇ ਖ਼ਿਲਾਫ਼ ਟਿੱਪਣੀਆਂ ਕਰਨ ਵਾਲਿਆਂ ਵਿਚ ਹਰ ਤਰ੍ਹਾਂ ਦੇ ਲੋਕ ਸਨ - ਸਿੱਖ, ਹੋਰ ਧਰਮਾਂ ਦੇ ਲੋਕ, ਨਾਸਤਿਕ, ਭਾਰਤੀ, ਗੈਰ-ਭਾਰਤੀ। ਲਗਭਗ ਸਭ ਦੀਆਂ ਟਿੱਪਣੀਆਂ ਵਿਚ ਇਹੀ ਸੋਚ ਝਲਕਦੀ ਹੈ ਕਿ ਅਮਰੀਕਾ ਵਾਲੇ ਸਭ ਤੋਂ ਵੱਧ ਸਿਆਣੇ ਹਨ, ਉਹ ਜੋ ਵੀ ਕਰਦੇ ਹਨ ਸਹੀ ਹੀ ਕਰਦੇ ਹਨ - ਅਤੇ ਹੁੱਲੜਬਾਜ਼ੀ ਦੀ ਸਜ਼ਾ ਮੌਤ ਹੀ ਹੋਣੀ ਚਾਹੀਦੀ ਹੈ!

ਅਜਿਹੀਆਂ ਟਿੱਪਣੀਆਂ ਕਰਨ ਵਾਲੇ ਸੋਚਣ ਜੇ ਭਲਾਂ ਇਸ ਤਰ੍ਹਾਂ ਦੀ ਘਟਨਾ ਪੰਜਾਬ ਜਾਂ ਭਾਰਤ ਵਿਚ ਹੋਈ ਹੁੰਦੀ ਤਾਂ ਕੀ ਫੇਰ ਵੀ ਉਨ੍ਹਾਂ ਦਾ ਇਹੀ ਪ੍ਰਤੀਕਰਮ ਹੁੰਦਾ?

ਇਸ ਤਰ੍ਹਾਂ ਜੇ ਗੁਰਪ੍ਰੀਤ ਸਿੰਘ ਦੀ ਥਾਂ ਕੋਈ ਅਮਰੀਕੀ ਗੋਰਾ ਸੜਕ ਉਪਰ ਕਿਸੇ ਹਥਿਆਰ ਨਾਲ ਹੁੱਲੜਬਾਜ਼ੀ ਕਰ ਰਿਹਾ ਹੁੰਦਾ ਤਾਂ ਵੀ ਪੁਲਿਸ ਨੇ ਐਵੇਂ ਹੀ ਗੋਲੀ ਮਾਰਨੀ ਸੀ?

ਬਿਲਕੁਲ ਵੀ ਨਹੀਂ, ਸਗੋਂ ਇਸ ਤਰ੍ਹਾਂ ਦੀਆਂ ਅਨੇਕਾਂ ਖ਼ਬਰਾਂ ਮਿਲ ਜਾਣਗੀਆਂ ਜਿੱਥੇ ਤੇਜ਼ਧਾਰ ਹਥਿਆਰ ਲਹਿਰਾਉਣ ਦੀ ਗੱਲ ਤਾਂ ਛੱਡੋ ਸਗੋਂ ਲੋਕਾਂ ਨੂੰ ਚਾਕੂ ਮਾਰਨ ਵਾਲੇ ਜਾਂ ਬੰਦੂਕਾਂ ਲੈ ਕੇ ਘੁੰਮ ਰਹੇ ਗੋਰਿਆਂ ਨੂੰ ਵੀ ਪੁਲਿਸ ਨੇ ਬਿਨਾਂ ਮਾਰੇ ਕਾਬੂ ਕਰ ਲਿਆ ਸੀ। ਅਜਿਹਾ ਹੀ ਇਸ ਮਾਮਲੇ ਵਿਚ ਵੀ ਕੀਤਾ ਜਾ ਸਕਦਾ ਸੀ, ਪਰ ਕਾਲਿਆਂ ਅਤੇ ਪਰਵਾਸੀਆਂ ਨੂੰ ਗੋਲੀ ਮਾਰਨਾ ਅਮਰੀਕਾ ਪੁਲਿਸ ਨੂੰ ਵੱਧ ਪਸੰਦ ਹੈ। ਅਮਰੀਕਾ ਦੇ ਥੋੜ੍ਹੇ ਮੀਡੀਆ ਅਦਾਰਿਆਂ ਨੇ ਇਸ ਘਟਨਾ ਦਾ ਜ਼ਿਕਰ ਕੀਤਾ ਹੈ ਤੇ ਉਨ੍ਹਾਂ ਵਿਚੋਂ ਵੀ ਕਈਆਂ ਨੇ ਇਹ ਕਿਹਾ ਕਿ 'ਇਸ ਘਟਨਾ ਨੇ ਪੁਲਿਸ ਦੀਆਂ ਤਾਕਤਾਂ ਅਤੇ ਸੱਭਿਆਚਾਰਕ ਵਖਰੇਵਿਆਂ ਬਾਰੇ ਫੇਰ ਵਿਵਾਦ ਛੇੜ ਦਿੱਤਾ ਹੈ।' ਮੀਡੀਆ ਵਿਚ ਇਸ ਤਰ੍ਹਾਂ ਦੀ ਰਿਪੋਰਟਿੰਗ ਤੋਂ ਬਾਅਦ ਇਸ ਮਸਲੇ ਦੀ ਉਚ-ਪੱਧਰੀ ਜਾਂਚ ਸ਼ੁਰੂ ਹੋ ਗਈ ਹੈ ਜਿਸ ਵਿਚ ਪੁਲਿਸ ਦੀ ਕਾਰਵਾਈ ਜਾਇਜ਼ ਜਾਂ ਨਾਜਾਇਜ਼ ਹੋਣ ਦਾ ਫੈਸਲਾ ਕੀਤਾ ਜਾਵੇਗਾ। ਪਰ ਅਮਰੀਕਾ ਅੱਗੇ ਕੋਡੇ ਹੋਏ ਸਾਡੇ ਸਿਆਣਿਆਂ ਨੇ ਅਮਰੀਕੀ ਪੁਲਿਸ ਨੂੰ ਕਦੋਂ ਦਾ ਬਰੀ ਕਰ ਦਿੱਤਾ ਹੈ!

# ਪੰਜਾਬ ਵਿਚ ਹੜ੍ਹਾਂ ਦਾ ਪ੍ਰਕੋਪ – ਸਥਾਈ ਹੱਲ ਸਮੇਂ ਦੀ ਲੋੜ

ਪੰਜਾਬ ਦੇ ਜੰਮਿਆਂ ਨੂੰ ਅੱਜ ਕੱਲ੍ਹ ਇੱਕ ਹੋਰ ਮੁਸੀਬਤ ਨਾਲ ਸਿੱਝਣਾ ਪੈ ਰਿਹਾ ਹੈ। ਬਾਰਸ਼ਾਂ ਕਾਰਨ ਪੰਜਾਬ, ਹੜ੍ਹਾਂ ਦੀ ਮਹਾਂ ਤਰਾਸਦੀ ਦਾ ਸ਼ਿਕਾਰ ਹੋਇਆ ਹੈ। ਸਾਲ 2023 ਵਿਚ ਵੀ ਇਸੇ ਤਰ੍ਹਾਂ ਪੰਜਾਬ ਦਾ ਵੱਡਾ ਹਿੱਸਾ ਹੜ੍ਹਾਂ ਦੀ ਮਾਰ ਹੇਠ ਆਇਆ ਸੀ।

ਵਾਤਾਵਰਨ ਵਿਚ ਹੋ ਰਹੀ ਤਬਦੀਲੀ ਕਾਰਨ ਪਹਾੜਾਂ ਅਤੇ ਮੈਦਾਨਾਂ ਵਿਚ ਪੈਂਦੇ ਮੁਸਲਾਧਾਰ ਮੀਂਹ ਅਤੇ ਬੱਦਲ ਫਟਣ ਦੀਆਂ ਮਨੁੱਖੀ ਕੰਟਰੋਲ ਤੋਂ ਬਾਹਰ ਵਾਪਰਦੀਆਂ ਕੁਦਰਤੀ ਘਟਨਾਵਾਂ ਮੁੱਖ ਤੌਰ ਤੇ ਹੜ੍ਹਾਂ ਦਾ ਕਾਰਨ ਬਣ ਰਹੀਆਂ ਹਨ।

ਬਰਸਾਤਾਂ ਦੇ ਚੁਮਾਸੇ ਵਿਚ ਹੜ੍ਹ ਆਉਣ ਦੇ ਦੋ ਮੁੱਖ ਕਾਰਨ ਹੁੰਦੇ ਹਨ। ਇੱਕ ਜਦੋਂ ਸਣੇ ਪਹਾੜਾਂ ਦੇ ਪੰਜਾਬ ਦੀ ਧਰਤੀ ਉੱਤੇ ਵੀ ਬਹੁਤ ਵੱਡੇ ਪੱਧਰ 'ਤੇ ਬਰਸਾਤ ਹੋਵੇ, ਜਿਵੇਂ 1955, 1988 ਅਤੇ 1993 ਦੇ ਸਾਲਾਂ ਵਿਚ ਹੋਈ ਸੀ। ਸੰਨ

ਕਾਹਨ ਸਿੰਘ ਪੰਨੂ

1955 ਦੇ ਤਿੰਨ, ਚਾਰ ਅਤੇ ਪੰਜ ਅਕਤੂਬਰ ਨੂੰ ਪੰਜਾਬ ਵਿਚ ਲਗਾਤਾਰ ਹੋਈ ਬਰਸਾਤ ਨੇ ਵੱਡੇ ਪੱਧਰ ਤੇ ਤਬਾਹੀ ਮਚਾਈ ਸੀ। ਲੋਕਾਂ ਦੇ ਯਾਦ ਹੈ ਕਿ ਜਗਰਾਵਾਂ ਦੇ ਇਲਾਕੇ ਤੋਂ ਤੁਰਿਆ ਦਰਿਆਨੁਮਾ ਪਾਣੀ ਜਦੋਂ ਫਰੀਦਕੋਟ ਜ਼ਿਲ੍ਹੇ ਦੇ ਕੋਟਕਪੂਰਾ ਦੇ ਇਲਾਕੇ 'ਚ ਪਹੁੰਚਿਆ ਤਾਂ ਇਸ ਦੀ ਛੱਲ ਦੋ ਗਜ਼ ਉੱਚੀ ਸੀ ਅਤੇ ਇਹ ਪਾਣੀ, ਜੋ ਵੀ ਰਸਤੇ 'ਚ ਆਇਆ, ਉਸ ਨੂੰ ਆਪਣੇ ਨਾਲ ਵਹਾ ਕੇ ਲੈ ਗਿਆ। ਲੋਕਾਂ ਵਿਚ ਕਹਾਵਤ ਬਣੀ ਸੀ ਕਿ 'ਪਾਣੀ ਆ ਗਿਆ ਮੱਲ੍ਹ ਮਲੂਕੇ, ਕੁੱਤੇ ਚੰਦ ਭਾਨ ਦੇ ਕੂਕੇ'। ਭਾਵੇਂ ਕਿ ਮੱਲ੍ਹ ਮਲੂਕੇ ਤੋਂ ਚੰਦ ਭਾਨ ਦੀ ਦੂਰੀ 11 ਕਿਲੋਮੀਟਰ ਦੀ ਸੀ, ਪਰ ਫਿਰ ਵੀ ਹੜ੍ਹ ਦੇ ਪਾਣੀ ਦੀ ਸਰਸ਼ਰਾਹਟ ਇੰਨੀ ਉੱਚੀ ਸੀ ਕਿ 11 ਕਿਲੋਮੀਟਰ ਦੂਰ ਕੁੱਤਿਆਂ ਨੂੰ ਪਤਾ ਚੱਲ ਗਿਆ ਸੀ। 1947 ਦੇ ਸਤੰਬਰ ਹੜ੍ਹ ਤੋਂ ਬਾਅਦ 1955 ਦਾ ਅਜਿਹਾ ਹੜ੍ਹ ਸੀ ਜੋ ਪੰਜਾਬ ਦੇ ਦਰਿਆਵਾਂ ਉਤੇ ਡੈਮ ਬਣਨ ਤੋਂ ਪਹਿਲਾਂ ਆਇਆ ਸੀ ਅਤੇ ਇਸਨੇ ਬਹੁਤ ਵੱਡੇ ਪੱਧਰ ਤੇ ਜਾਨੀ ਅਤੇ ਮਾਲੀ ਤਬਾਹੀ ਕੀਤੀ ਸੀ।

1955 ਦੇ ਹੜ੍ਹਾਂ ਤੋ ਬਾਅਦ ਪੰਜਾਬ ਸਰਕਾਰ ਨੇ ਸਰਦਾਰ ਪਰਤਾਪ ਸਿੰਘ ਕੈਰੋਂ, ਮੁੱਖ ਮੰਤਰੀ ਦੀ ਅਗਵਾਈ ਵਿਚ ਬਹੁਤ ਵੱਡੀ ਪੂੰਜੀ ਖਰਚ ਕੇ ਵੱਡੇ ਪੱਧਰ ਤੇ ਪੰਜਾਬ ਵਿਚ ਡਰੇਨਾਂ ਕੱਢੀਆਂ ਸਨ ਅਤੇ ਦਰਿਆਵਾਂ 'ਤੇ ਧੁੱਸੀ ਬੰਨ੍ਹ ਬਣਾਏ ਸਨ।

ਕਿਉਂਕਿ ਪੰਜਾਬ ਦਾ ਸਾਰਾ ਖਿੱਤਾ ਇਸ ਦੇ ਚਾਰ ਦਰਿਆਵਾਂ- ਰਾਵੀ, ਬਿਆਸ, ਸਤਲੁਜ ਅਤੇ ਘੱਗਰ ਦਾ ਬੇਸਿਨ ਹੈ, ਇਸ ਲਈ ਪੰਜਾਬ ਦੇ ਕੁਦਰਤੀ ਪਾਣੀ ਦੇ ਵਹਾਅ ਦੇ ਸਾਰੇ ਸਰੋਤ-ਨਾਲੇ, ਡਰੇਨਾਂ, ਚੋਆਂ, ਰਾਉ ਆਦਿ ਅਲੱਗ-ਅਲੱਗ ਭੂਗੋਲਿਕ ਸਥਿਤੀ ਅਨੁਸਾਰ ਕਿਸੇ ਇੱਕ ਜਾਂ ਦੂਜੇ ਦਰਿਆ ਵਿਚ ਜਾ ਕੇ ਡਿੱਗਦੇ ਹਨ। ਮੌਸਮੀ ਤਬਦੀਲੀਆਂ ਕਾਰਨ ਪੰਜਾਬ ਦੇ ਦਰਿਆਵਾਂ ਦਾ ਪਹਾੜੀ ਕੈਚਮੈਂਟ ਏਰੀਆ- ਜੋ ਹਿਮਾਚਲ ਅਤੇ ਜੰਮੂ ਦੀਆਂ ਉੱਚੀਆਂ ਪਹਾੜੀਆਂ ਵਿਚ ਪੈਂਦਾ ਹੈ- ਉਥੇ ਕਈ ਵਾਰ ਇਕਦਮ ਬਹੁਤ ਜ਼ਿਆਦਾ ਮੀਂਹ ਪੈ ਜਾਣ ਕਾਰਨ ਦਰਿਆਵਾਂ ਵਿਚ ਇਕਦਮ ਅਥਾਹ ਪਾਣੀ ਆ ਜਾਂਦਾ ਹੈ। 28 ਅਗਸਤ 2025 ਨੂੰ ਜੰਮੂ 'ਚ 380 ਮਿਲੀਮੀਟਰ ਬਰਸਾਤ ਇੱਕੋ ਦਿਨ ਵਿਚ ਹੋਈ ਜਿਸ ਨਾਲ ਰਾਵੀ ਦਰਿਆ ਪੂਰੇ ਉਫਾਨ 'ਤੇ ਆ ਗਿਆ। ਦੱਸਣਯੋਗ ਹੈ ਕਿ ਪੰਜਾਬ ਵਿਚ ਸਾਰੇ ਸਾਲ ਵਿਚ ਔਸਤ 550 ਮਿਲੀਮੀਟਰ ਬਰਸਾਤ ਪੈਂਦੀ ਹੈ। ਦੂਜੇ ਪਾਸੇ ਕਈ ਵਾਰ ਇਕਦਮ ਅਣਕਿਆਸੀ ਬਰਸਾਤ ਹੋ ਜਾਂਦੀ ਹੈ, ਜਿਸ ਨੂੰ ਬੱਦ.ਲ ਫੱਟਣਾ ਵੀ ਕਿਹਾ ਜਾਂਦਾ ਹੈ, ਜਿਵੇਂ ਕਿ ਹਿਮਾਚਲ ਦੇ ਕੁੱਲੂ ਸ਼ਹਿਰ ਨੇੜੇ ਅਗਸਤ ਮਹੀਨੇ ਕਈ ਵੇਰ ਹੋਇਆ ਜਿਸ ਨਾਲ ਬਿਆਸ ਦਰਿਆ ਵਿਚ ਬੇਤਹਾਸ਼ਾ ਪਾਣੀ ਆਇਆ। ਦੋਵੇਂ ਹਾਲਾਤਾਂ ਵਿਚ ਇੱਕਦਮ ਡਿੱਗਿਆ ਅਸਮਾਨੀ ਦਿਓ ਰੂਪੀ ਪਾਣੀ ਦਾ ਗੁਬਾਰਾ ਪਹਾੜੀ ਗਾਰ ਤੇ ਪੱਥਰਾਂ ਆਦਿ ਨੂੰ ਧੱਕਦਾ ਹੋਇਆ ਦਰਿਆਵਾਂ ਰਾਹੀਂ ਡੈਮਾਂ 'ਚ ਪਹੁੰਚ ਜਾਂਦਾ ਹੈ, ਉਥੋਂ ਫਲੱਡ ਗੇਟ ਖੋਲ੍ਹੇ ਜਾਣ 'ਤੇ ਪੰਜਾਬ ਦੇ ਮੈਦਾਨੀ ਖੇਤਰਾਂ ਵਿਚ ਪ੍ਰਵੇਸ਼ ਕਰਦਾ ਹੈ ਅਤੇ ਦਰਿਆਵਾਂ ਦੇ ਧੁੱਸੀ ਬੰਨਾਂ ਅਤੇ ਕੰਢਿਆਂ ਨੂੰ ਤੋੜਦਾ ਹੋਇਆ ਆਪਣੀ ਗਤੀ ਭਰਪੂਰ ਤਾਕਤ ਨਾਲ ਰਸਤੇ ਵਿਚ ਆਉਂਦੇ ਹਰੇਕ ਢਾਂਚੇਂ ਅਤੇ ਰੋਕ ਨੂੰ ਵਹਾ ਕੇ ਲੈ ਜਾਂਦਾ ਹੈ।

ਪੰਜਾਬ ਦੇ ਦਰਿਆਵਾਂ ਦੇ ਕੁਦਰਤੀ ਵਹਾਅ ਦੀ ਸਾਇੰਸ:

ਦਰਿਆਵਾਂ ਵਿਚ ਸਦੀਆਂ ਤੋਂ ਵਗਦਾ ਪਾਣੀ ਕੁਦਰਤ ਦੇ ਅਸੂਲਾਂ ਅਨੁਸਾਰ ਚੱਲਦਾ ਹੈ। ਸਤਲੁਜ ਦਰਿਆ ਵਿਚ ਵਗਦੇ ਪਾਣੀ ਦੀ ਪਿਛਲੀ ਸਾਇੰਸ ਨੂੰ ਦੇਖਿਆ ਜਾਣਾ ਦਰੁਸਤ ਹੋਵੇਗਾ। ਸੰਨ 1926 ਵਿਚ ਸਤਲੁਜ ਵੈਲੀ ਪ੍ਰੋਜੈਕਟ ਬਣਾਇਆ ਗਿਆ ਸੀ, ਜਿਸ ਦੇ ਨਿਵਾਣਾਂ ਅਤੇ ਦੂਰੀ ਸਬੰਧੀ ਅੰਕੜੇ ਉਪਲੱਬਧ ਹਨ ਜੋ ਕਿ ਇਸ ਤਰ੍ਹਾਂ ਹਨ:

**ਲੜੀ ਨੰ. ਸਤਲੁਜ ਦਰਿਆ ਦੇ ਗੇਜ ਸਟੇਸ਼ਨ ਸਮੁੰਦਰੀ ਤਲ ਤੋਂ ਉਚਾਈ**

(ਫੁੱਟਾਂ ਵਿਚ) ਸਮੁੰਦਰ ਤੋਂ ਦੂਰੀ

(ਮੀਲਾਂ ਵਿਚ) ਨਿਵਾਣ ਦਾ ਪੱਧਰ

1 ਰੋਪੜ ਹੈਡਵਰਕਸ

(ਸੰਨ 1878) 860 1180 0

2 ਫਲੌਰ 762 1125 1.78 ਫੁੱਟ ਪ੍ਰਤੀ ਮੀਲ

3 ਹਰੀਕੇ ਹੈਡਵਰਕਸ

(ਸੰਨ 1955) 664 1060 1.50 ਫੁੱਟ ਪ੍ਰਤੀ ਮੀਲ

4 ਫਿਰੋਜਪੁਰ ਹੈਡਵਰਕਸ 628 1028 1.12 ਫੁੱਟ ਪ੍ਰਤੀ ਮੀਲ

5 ਸੁਲੇਮਾਨਕੀ ਹੈਡਵਰਕਸ (ਪਾਕਿ) (ਸੰਨ 1928) 555 950 1.00 ਫੁੱਟ ਪ੍ਰਤੀ ਮੀਲ

ਉੱਪਰ ਦੱਸੇ ਅੰਕੜਿਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਰੋਪੜ ਹੈਡਵਰਕਸ ਤੋਂ ਫਲੌਰ ਦੇ ਪੁੱਲ ਤੱਕ 55 ਮੀਲ ਦੀ ਦੂਰੀ ਤੱਕ ਸਤਲੁਜ ਦਰਿਆ ਦੀ ਨਿਵਾਣ 1.78 ਫੁੱਟ ਪ੍ਰਤੀ ਮੀਲ ਹੈ ਅਤੇ ਇਸ ਤੋਂ ਅੱਗੇ ਹਰੀਕੇ ਹੈਡਵਰਕ ਤੱਕ ਇਹ ਨਿਵਾਣ 1.50 ਫੁੱਟ ਪ੍ਰਤੀ ਮੀਲ ਹੈ।

ਇਸੇ ਤਰ੍ਹਾਂ ਹਰੀਕੇ ਤੋਂ ਫਿਰੋਜ਼ਪੁਰ ਹੈਡਵਰਕਸ ਤੱਕ



32 ਮੀਲ ਵਿਚ ਇਹ ਨਿਵਾਣ 1.1 ਫੁੱਟ ਪ੍ਰਤੀ ਮੀਲ ਹੈ ਅਤੇ ਉਸ ਤੋਂ ਹੇਠਾਂ ਹੁਸੈਨੀਵਾਲਾ ਹੈਡਵਰਕਸ ਤੋਂ ਸੁਲੇਮਾਨਕੀ ਹੈਡਵਰਕਸ (ਪਾਕਿਸਤਾਨ) ਤੱਕ 78 ਮੀਲ ਦੀ ਦੂਰੀ ਤੇ ਇਹ ਨਿਵਾਣ ਲਗਭਗ 1.00 ਫੁੱਟ ਪ੍ਰਤੀ ਮੀਲ ਹੈ। ਸ਼ਪਸ਼ਟ ਹੈ ਕਿ ਪੰਜਾਬ ਵਿਚ ਦਰਿਆਵਾਂ ਦਾ ਨਿਵਾਣ/ਢਲਾਣ ਬਹੁਤ ਘੱਟ ਹੋਣ ਕਾਰਨ ਇਨ੍ਹਾਂ ਵਿਚ ਹੜ੍ਹ ਦੇ ਪਾਣੀ ਦਾ ਵਹਾਅ ਹਮੇਸ਼ਾ ਇੱਕ ਚੁਣੌਤੀ ਬਣਿਆ ਰਹਿੰਦਾ ਹੈ।

**ਦਰਿਆਵਾਂ ਵਿਚ ਰੇਤਾ-ਇੱਕ ਚੁਣੌਤੀ-ਇੱਕ ਮੌਕਾ:**

ਜਦੋਂ ਇੱਕ ਡੈਮ/ ਹੈਡਵਰਕਸ ਤੋਂ ਨਿਕਲ ਕੇ ਦਰਿਆ ਦਾ ਪਾਣੀ ਦੂਜੇ ਹੈਡਵਰਕਸ ਵੱਲ ਚਲਦਾ ਹੈ ਤਾਂ ਇਹ ਆਪਣੀ ਤਾਕਤ ਨਾਲ ਦਰਿਆ ਦੀ ਮਿੱਟੀ ਵੀ ਆਪਣੇ ਨਾਲ ਖੋਰ ਕੇ ਲੈ ਜਾਂਦਾ ਹੈ (**ਰਣਟਰੋਗਰਣਸਸੋਨਿ**) ਅਤੇ ਅਗਲੇ ਹੈਡਵਰਕਸ ਤੋਂ ਪਹਿਲਾਂ ਜਦੋਂ ਇਸ ਪਾਣੀ ਦੀ ਸਪੀਡ ਘਟਦੀ ਹੈ ਤਾਂ ਦਰਿਆ ਦਾ ਇਹ ਪਾਣੀ ਮਿੱਟੀ ਨੂੰ ਉੱਥੇ ਛੱਡ ਦਿੰਦਾ ਹੈ (**ਅਚਚਰਣ-ਟੋਨਿ**)। ਇਸ ਤਰ੍ਹਾਂ ਹੇਠਲੇ ਹੈਡਵਰਕਸ ਦੇ ਗੇਟਾਂ ਤੋਂ ਪਹਿਲਾਂ ਬਣੀ ਝੀਲ ਵਿਚ ਮਿੱਟੀ/ਗਾਰ ਜਮ੍ਹਾਂ ਹੁੰਦੀ ਰਹਿੰਦੀ ਹੈ ਅਤੇ ਹੌਲੀ-ਹੌਲੀ ਇਹ ਅਜਿਹੇ ਹੈਡਵਰਕਸ ਤੋਂ ਉੱਪਰ ਵਾਲੇ ਪਾਸੇ ਨੂੰ ਦਰਿਆ ਵਿਚ ਜਮ੍ਹਾਂ ਹੋਣਾ ਸ਼ੁਰੂ ਹੋ ਜਾਂਦੀ ਹੈ। ਇੱਕ ਸਮੇਂ ਤੋਂ ਬਾਅਦ ਇਨ੍ਹਾਂ ਦੋਨਾਂ ਹੈਡਵਰਕਸ ਦੇ ਖਿੱਤੇ ਵਿਚਕਾਰ ਹੇਠਲੇ ਹੈਡਵਰਕਸ ਤੋਂ ਪਹਿਲਾਂ ਜਮਾਂ ਹੋਈ ਮਿੱਟੀ ਅਤੇ ਉੱਪਰਲੇ ਹੈਡਵਰਕਸ ਤੋਂ ਹੇਠਲੇ ਪਾਸੇ ਵੱਲ ਚੁੱਕੀ ਹੋਈ ਮਿੱਟੀ ਇਕ ਬਰਾਬਰ 'ਤੇ ਆ ਜਾਂਦੀ ਹੈ ਅਤੇ ਦਰਿਆ ਦਾ ਇਹ ਹੀ ਉਹ ਹਿੱਸਾ ਹੁੰਦਾ ਹੈ ਜਿੱਥੇ ਹਰੇਕ ਹੜ੍ਹ ਦੇ ਸਮੇਂ ਦਰਿਆਵਾਂ ਦੇ ਧੁੱਸੀ ਬੰਨ ਟੁੱਟਦੇ ਹਨ, ਕਿਉਂਕਿ ਇਨ੍ਹਾਂ ਥਾਵਾਂ ਤੇ ਦਰਿਆ ਦੇ ਪਾਣੀ ਲੰਘਣ ਲਈ ਲੋੜੀਂਦੀ ਡੂੰਘਾਈ ਨਹੀਂ ਬਚਦੀ।

ਸਤਲੁਜ ਦਰਿਆ ਦਾ ਨੰਗਲ ਡੈਮ 'ਤੋਂ ਛੱਡਿਆ ਪਾਣੀ ਅਨੰਦਪੁਰ ਸਾਹਿਬ ਨੇੜਲੇ ਇਲਾਕੇ ਵਿਚ ਆਪਣਾ ਰੇਤਾ ਛੱਡ ਦਿੰਦਾ ਹੈ ਜਿੱਥੇ ਦਰਿਆ ਦਾ ਤਲਾ ਉੱਚਾ ਹੋ ਜਾਣ ਕਾਰਨ ਅਤੇ ਹਿਮਾਚਲ ਵੱਲੋਂ ਆਉਦੇ ਸਵਾਂ ਨਦੀ ਦੇ ਪਾਣੀ ਕਾਰਨ ਇਲਾਕੇ ਨੂੰ ਹੜ੍ਹ ਦੀ ਮਾਰ ਦਾ ਸਾਹਮਣਾ ਕਰਨਾ ਪੈਂਦਾ ਹੈ।

ਰੋਪੜ ਹੈਡਵਰਕਸ ਤੋਂ ਛੱਡਿਆ ਦਰਿਆ ਸਤਲੁਜ ਦਾ ਪਾਣੀ ਫਿਲੋਰ ਤੱਕ ਦਰਿਆ ਦੀ ਮਿੱਟੀ ਖੋਰਦਾ ਹੈ ਅਤੇ ਫਲੋਰ ਤੋਂ ਗਿੱਦੜਪਿੰਡੀ ਤੋਂ ਕੁਝ ਕਿਲੋਮੀਟਰ ਉੱਪਰ ਤੱਕ ਸਾਂਤ ਚਲਦਾ ਹੈ ਪਰ ਗਿੱਦੜਪਿੰਡੀ ਅਤੇ ਯੂਸਫਪੁਰ ਪਿੰਡ ਨੇੜੇ ਆਪਣੇ ਪਾਣੀ ਨਾਲ ਲਿਆਂਦੀ ਮਿੱਟੀ ਨੂੰ ਦਰਿਆ ਦੀ ਸਤਹਿ 'ਤੇ ਛੱਡਦਾ ਹੋਇਆ ਹਰੀਕੇ ਪਹੁੰਚਦਾ ਹੈ। ਗਿੱਦੜ ਪਿੰਡੀ ਦੇ ਇਲਾਕੇ ਵਿਚ ਇਸ ਤਰ੍ਹਾਂ ਛੱਡੀ ਮਿੱਟੀ ਕਾਰਨ ਉਚਾ ਹੋਇਆ ਦਰਿਆ ਦਾ ਤਲ ਇਸ ਇਲਾਕੇ ਵਿਚ ਹੜ੍ਹਾਂ ਦਾ ਕਾਰਨ ਬਣਦਾ ਹੈ। ਦੇਖਿਆ ਜਾ ਸਕਦਾ ਹੈ ਕਿ ਗਿੱਦੜ ਪਿੰਡੀ ਵਾਲੇ ਰੇਲਵੇ ਪੁੱਲ ਦੇ ਹੇਠਾਂ ਪਿਛਲੇ 50 ਸਾਲਾਂ ਵਿਚ 20 ਫੁੱਟ ਦੇ ਕਰੀਬ ਰੇਤਾ ਜਮਾ ਹੋਇਆ ਹੈ।

ਇਸੇ ਤਰ੍ਹਾਂ ਗੋਇੰਦਵਾਲ ਸਾਹਿਬ ਦੇ ਪੁਲ ਅਤੇ ਘਰਕਾ, ਮੁੰਡਾ ਪਿੰਡ ਦੇ ਨੇੜਲੇ ਇਲਾਕੇ ਵਿਚ ਵਗਦੇ ਬਿਆਸ ਦਰਿਆ ਵਿਚ ਕਈ ਫੁੱਟ ਤੱਕ ਹਰੀਕੇ ਹੈਡਵਰਕਸ ਬਣਨ ਤੋਂ ਬਾਅਦ, ਰੇਤ ਜਮਾ ਹੋਈ ਹੈ ਜੋ ਕਿ ਭਾਰੀ ਬਰਸਾਤਾਂ ਵਿਚ ਪੋਂਗ ਡੈਮ ਵਿਚੋਂ ਛੱਡੇ ਪਾਣੀ ਕਰਨ ਤਬਾਹੀ ਦਾ ਮੰਜਰ ਬਣਦੀ ਹੈ।

ਫਿਰੋਜ਼ਪੁਰ ਹੈਡਵਰਕਸ ਜੋ ਕਿ ਸੰਨ 1928 ਵਿਚ ਬਣਾਇਆ ਗਿਆ ਸੀ, ਦੀ ਪਾਣੀ ਭੰਡਾਰਨ ਸਮਰੱਥਾ 24,000 ਏਕੜ ਫੁੱਟ (ਇੱਕ ਏਕੜ ਵਿਚ ਇੱਕ ਫੁੱਟ ਪਾਣੀ ਖੜਾ ਕੀਤਾ ਜਾਵੇ ਤਾਂ ਇੱਕ ਏਕੜ ਫੁੱਟ ਬਣਦਾ ਹੈ) ਰੱਖੀ ਗਈ ਸੀ। ਪਰ ਲਗਾਤਾਰ ਗਾਰ/ਰੇਤ ਦੇ ਜਮ੍ਹਾਂ ਹੋਣ ਕਾਰਨ ਅੱਜ ਕੱਲ ਇਸਦੀ ਪਾਣੀ ਭੰਡਾਰਨ ਦੀ ਸਮਰੱਥਾ ਘੱਟ ਕੇ ਕੇਵਲ 5000 ਏਕੜ ਫੁੱਟ ਦੇ ਕਰੀਬ ਹੀ ਰਹਿ ਗਈ ਹੈ। ਇਸੇ ਤਰ੍ਹਾਂ ਹਰੀਕੇ ਹੈਡਵਰਕਸ ਜੋ 1955 ਵਿਚ ਬਣਾਇਆ ਗਿਆ ਸੀ ਅਤੇ ਇਸਦੀ ਪਾਣੀ ਭੰਡਾਰ ਕਰਨ ਦੀ ਸਮਰੱਥਾ 67,900 ਏਕੜ ਫੁੱਟ ਰੱਖੀ ਗਈ ਸੀ, ਲਗਾਤਾਰ ਗਾਰ ਜਮ੍ਹਾਂ ਹੋਣ ਕਾਰਨ ਲਗਭਗ 10,000 ਏਕੜ ਫੁੱਟ ਰਹਿ ਗਈ ਹੈ।

**ਦਰਿਆ ਅਤੇ ਡੈਮ:**

ਭਾਰੀ ਬਰਸਾਤਾਂ ਸਮੇਂ ਸਤਲੁਜ ਦਰਿਆ ਤੇ ਬਣੇ ਭਾਖੜਾ ਡੈਮ, ਬਿਆਸ ਦਰਿਆ 'ਤੇ ਬਣੇ ਪੌਂਗ ਡੈਮ ਅਤੇ ਰਾਵੀ ਦਰਿਆ 'ਤੇ ਬਣੇ ਰਣਜੀਤ ਸਾਗਰ ਡੈਮ ਵੱਲੋਂ ਫਾਲਤੂ ਪਾਣੀ ਦਰਿਆਵਾਂ ਵੱਲ ਛੱਡਿਆ ਜਾਂਦਾ ਹੈ। ਕਿਉਂਕਿ ਅਣਕਿਆਸੀਆਂ ਭਾਰੀ ਬਰਸਾਤਾਂ ਸਮੇਂ ਜੇਕਰ ਡੈਮਾਂ ਵੱਲੋਂ ਪਰੋਟੋਕੋਲ ਮੁਤਾਬਕ ਪਾਣੀ ਨਾ ਛੱਡਿਆ ਜਾਵੇ ਤਾਂ ਡੈਮ ਟੁੱਟਣ ਦਾ ਖਤਰਾ ਖੜਾ ਹੋ ਜਾਂਦਾ ਹੈ, ਜੋ ਵੱਡੀ ਤਬਾਹੀ ਦਾ ਕਾਰਨ ਬਣ ਸਕਦਾ ਹੈ।

1947, 1955, 1988 ਅਤੇ 1993 ਦੇ ਹੜਾਂ ਦੌਰਾਨ ਦਰਿਆਵਾਂ ਵਿਚ ਹੈਡ ਵਰਕਸ/ ਡੈਮਾਂ ਵੱਲੋਂ ਛੱਡੇ ਗਏ ਪਾਣੀ ਦੀ ਮਿਕਦਾਰ ਤੋਂ ਮੌਜੂਦਾ ਸਮੇਂ ਹੜਾਂ ਨਾਲ ਹੋ ਰਹੀ ਤਬਾਹੀ ਬਾਰੇ ਤਸਵੀਰ ਸਾਹਮਣੇ ਆ ਜਾਂਦੀ ਹੈ। ਸਤੰਬਰ 1947 ਵਿਚ ਪਈ ਭਾਰੀ ਬਰਸਾਤ ਕਰਕੇ 26 ਸਤੰਬਰ ਨੂੰ ਸਤਲੁਜ ਦਰਿਆ ਦੇ ਰੋਪੜ ਹੈਡਵਰਕਸ ਤੋਂ 4.90 ਲੱਖ ਕਿਊਸਿਕ ਪਾਣੀ ਹੇਠਾਂ ਵੱਲ ਲੰਘਿਆ ਜੋ ਕਿ ਦੋ ਦਿਨਾਂ ਬਾਅਦ 28 ਸਤੰਬਰ, 1947 ਨੂੰ ਫਿਰੋਜ਼ਪੁਰ ਹੈਡ ਵਰਕਸ ਤੋਂ ਲੰਘਣ ਵੇਲੇ 6.36 ਲੱਖ ਕਿਊਸਿਕ ਹੋ ਗਿਆ ਅਤੇ ਸੁਲੇਮਾਨਕੀ ਹੈਡਵਰਕ ਤੋਂ 30 ਸਤੰਬਰ ਨੂੰ 7.38 ਲੱਖ ਕਿਊਸਿਕ ਪਾਣੀ ਲੰਘਿਆ। ਰੋਪੜ ਹੈਡਵਰਕ ਤੋਂ ਲੰਘੇ ਪਾਣੀ ਤੋਂ ਬਾਅਦ ਫਿਰੋਜਪੁਰ ਅਤੇ ਸੁਲੇਮਾਨਕੀ ਹੈਡਵਰਕਸ ਤੇ ਪਾਣੀ ਵਧਣ ਦਾ ਕਾਰਨ ਸਤਲੁਜ ਦੇ ਪਾਣੀ ਵਿਚ ਹਰੀਕੇ ਵਿਖੇ ਬਿਆਸ ਦੇ ਪਾਣੀ ਦਾ ਰਲਣਾ ਅਤੇ ਮੀਂਹ ਕਾਰਨ ਹੇਠਲੇ ਇਲਾਕਿਆਂ ਵਿਚ ਵਧੇ ਪਾਣੀ ਦਾ ਦਰਿਆ ਵਿਚ ਨਦੀਆਂ-ਨਾਲਿਆਂ ਰਾਹੀ ਪੈਣਾ ਸੀ।

1955 ਦੇ ਅਕਤੂਬਰ ਮਹੀਨੇ ਵਿਚ ਆਏ ਹੜ੍ਹਾਂ ਤੋਂ ਪਹਿਲਾਂ ਕਿਉਂਕਿ ਹਰੀਕੇ ਹੈਡਵਰਕਸ ਬਣ ਚੁੱਕਿਆ ਸੀ। ਇਸ ਲਈ ਸਤਲੁਜ ਅਤੇ ਬਿਆਸ ਦਰਿਆ ਦਾ 8.00 ਲੱਖ ਕਿਊਸਿਕ ਪਾਣੀ ਇਕੱਠਾ ਹੋ ਕੇ ਇਸ ਹੈਡਵਰਕਸ ਤੋਂ 2 ਅਕਤੂਬਰ ਨੂੰ ਲੰਘਿਆ ਜੋ ਕਿ ਅੱਗੇ ਹੋਰ ਲੋਕਲ ਪਾਣੀ ਦੇ ਜਮਾ ਹੋ ਜਾਣ ਕਾਰਨ ਫਿਰੋਜ਼ਪੁਰ ਹੈਡ ਵਰਕਸ ਤੋਂ 9 ਲੱਖ ਕਿਊਸਿਕ ਪਾਣੀ ਦਾ ਲੰਘਾਅ ਹੋਇਆ।

ਸੰਨ 1988 ਦੇ ਹੜਾਂ ਦੌਰਾਨ ਰੋਪੜ ਹੈਡਵਰਕਸ ਤੋਂ ਮਿਤੀ 26 ਸਤੰਬਰ ਨੂੰ 4.78 ਲੱਖ ਕਿਊਸਿਕ ਪਾਣੀ ਲੰਘਿਆ ਜੋ ਕਿ ਹਰੀਕੇ ਹੈਡਵਰਕਸ ਤੋਂ ਮਿਤੀ 28 ਸਤੰਬਰ ਨੂੰ ਲੰਘਣ ਸਮੇਂ 5.74 ਲੱਖ ਕਿਊਸਿਕ ਹੋ ਗਿਆ ਅਤੇ ਫਿਰੋਜ਼ਪੁਰ ਹੈਡਵਰਕਸ ਤੱਕ ਇਹ ਮਿਤੀ 29 ਸਤੰਬਰ ਨੂੰ 9.00 ਲੱਖ ਕਿਊਸਿਕ ਹੋ ਗਿਆ। ਇਸੇ ਤਰ੍ਹਾਂ ਸੰਨ 1993 ਦੇ ਹੜ੍ਹਾਂ ਦੌਰਾਨ ਵੀ ਰੋਪੜ ਹੈਡਵਰਕਸ ਤੋਂ ਲਗਭਗ 4.00 ਲੱਖ ਕਿਊਸਿਕ ਪਾਣੀ ਲੰਘਿਆ ਸੀ।

ਭਾਵੇਂ ਕਿ 1988 ਤੇ 1993 ਵਿਚ ਦਰਿਆਵਾਂ ਵਿਚੋਂ ਲੰਘਣ ਵਾਲਾ ਪਾਣੀ 1947 ਅਤੇ 1955 ਤੋਂ ਘੱਟ ਸੀ ਪਰ ਫਿਰ ਵੀ 1988 ਅਤੇ 1993 ਵਾਲੇ ਹੜ੍ਹਾਂ ਨੇ ਵਿਆਪਕ ਤਬਾਹੀ ਕੀਤੀ ਕਿਉਂਕਿ ਇਸ ਸਮੇਂ ਦੌਰਾਨ ਦਰਿਆਵਾਂ ਵਿਚ ਗਾਰ/ ਰੇਤਾ ਜਮਾਂ ਹੋਣ ਨਾਲ ਦਰਿਆਵਾਂ ਦੀ ਪਾਣੀ ਨੂੰ ਵਗਾਉਣ ਦੀ ਸਮਰੱਥਾ ਘੱਟ ਗਈ ਸੀ।

ਹੁਣ ਹਾਲਾਤ ਇਹ ਹੈ ਕਿ ਸਤਲੁਜ ਅਤੇ ਬਿਆਸ ਦਰਿਆ ਵਿਚ ਜੇਕਰ 1.5 ਲੱਖ ਕਿਊਸਿਕ ਪਾਣੀ ਵੀ ਛੱਡਿਆ ਜਾਵੇ ਤਾਂ ਇਹ ਹੇਠਲੇ ਪਾਸੇ ਭਿਆਨਕ ਤਬਾਹੀ ਕਰਦਾ ਹੈ।

**ਇਲਾਜ:**

ਜਦੋਂ ਬਿਮਾਰੀ ਦੀ ਪਛਾਣ ਹੋ ਜਾਵੇ ਤਾਂ ਇਸ ਦਾ ਇਲਾਜ ਸੌਖਾ ਹੋ ਜਾਂਦਾ ਹੈ। ਪਰ ਜੇਕਰ ਇਲਾਜ ਕਰਨ ਵਾਲਾ ਡਾਕਟਰ ਹੀ ਇਲਾਜ ਨਾ ਕਰਦਾ ਹੋਵੇ ਤਾਂ ਬਿਮਾਰੀ ਦਿਨੋ ਦਿਨ ਭਿਆਨਕ ਰੂਪ ਅਖਤਿਆਰ ਕਰਦੀ ਹੈ।

'ਹਰੇਕ ਚਾਰਾਗਰ (ਡਾਕਟਰ) ਕੋ ਚਾਰਾਗਰੀ ਸੇ ਗੁਰੇਜ਼ ਥਾ,
ਵਰਨਾ ਯੇ ਜੋ ਹਮਾਰੇ ਦੁੱਖ ਥੇ ਯੇ ਲਾ-ਦਵਾ (ਬੇਇਲਾਜ) ਨਾ ਥੇ'

ਸਾਰੀ ਦੁਨੀਆ ਵਿਚ ਹੜ ਪ੍ਰਬੰਧਨ ਦਾ ਕਾਰਗਰ ਤਰੀਕਾਕਾਰ ਦਰਿਆਵਾਂ ਦਾ ਤਲ ਪੱਧਰ ਸਾਫ ਰੱਖਣਾ ਤੇ ਧੁੱਸੀ ਬੰਧਾਂ ਦੀ ਸਾਂਭ-ਸੰਭਾਲ ਤੇ ਨਿਰਭਰ ਕਰਦਾ ਹੈ। ਇੱਕ ਅਨੁਮਾਨ ਅਨੁਸਾਰ ਜੇਕਰ ਦਰਿਆਵਾਂ 'ਤੇ ਕੋਈ ਡੈਮ ਜਾਂ ਕੋਈ ਹੋਰ ਢਾਂਚਾ ਨਾ ਬਣਿਆ ਹੋਵੇ ਤਾਂ ਵੀ ਹਰੇਕ ਸਾਲ ਕੁੱਝ ਇੰਚਾਂ ਤੱਕ ਰੇਤ/ਮਿੱਟੀ ਪੈ ਕੇ 50-60 ਸਾਲਾਂ ਵਿਚ ਦਰਿਆ ਦਾ ਤਲਾ ਉੱਚਾ ਹੋਣ ਕਾਰਨ ਹੜ੍ਹਾਂ ਦੀ ਸਥਿਤੀ ਬਣ ਜਾਂਦੀ ਹੈ ਪਰ ਦਰਿਆਵਾਂ ਤੇ ਡੈਮ, ਹੈਡਵਰਕਸ ਅਤੇ ਹੋਰ ਢਾਂਚਿਆਂ ਦੇ ਬਣਨ ਤੋਂ ਬਾਅਦ ਤਾਂ ਮਿੱਟੀ ਇਕੱਠੀ ਹੋਣ ਦਾ ਵਰਤਾਰਾ ਬਹੁਤ ਵੱਧ ਜਾਂਦਾ ਹੈ।

ਸਿੰਧ ਘਾਟੀ ਦੀ ਸੱਭਿਅਤਾ ਅਤੇ ਦਰਿਆਵਾਂ ਵਿਚ ਮਿੱਟੀ:

ਅੱਜ ਤੋਂ 5 ਹਜਾਰ ਸਾਲ ਪਹਿਲਾਂ ਦਰਿਆਵਾਂ ਕੰਢੇ ਪੰਜਾਬ ਵਿਚ ਘੁੱਗ ਵਸਦੀ ਸਿੰਧ ਘਾਟੀ ਦੀ ਸਭਿਅਤਾ ਸ਼ੁਰੂ ਹੋਈ ਸੀ। ਜੋਹਨ ਮਾਰਸ਼ਲ, ਪ੍ਰਸਿੱਧ ਪੁਰਾਤੱਤਵ ਵਿਗਿਆਨੀ ਵੱਲੋਂ ਇਸ ਸੱਭਿਅਤਾ ਦਾ ਰਾਵੀ ਦਰਿਆ 'ਤੇ ਵਸਿਆ ਮਹਿੰਦਜੋਦੜੋ ਸ਼ਹਿਰ 1930 ਵਿਚ ਲੱਭਿਆ ਗਿਆ ਅਤੇ ਪਾਇਆ ਗਿਆ ਕਿ ਜਦੋਂ ਇਹ ਸ਼ਹਿਰ ਵੱਸਿਆ ਸੀ ਤਾਂ ਇਹ ਦਰਿਆ 'ਤੋਂ 6-7 ਫੁੱਟ ਉੱਚਾ ਸੀ। ਪਰ 1300 ਸਾਲ ਬਾਅਦ ਜਦੋਂ ਇਸ ਸਭਿਆਤਾ ਦਾ ਖਾਤਮਾ ਹੋਇਆ ਤਾਂ ਖੁਦਾਈ ਤੋਂ ਪਤਾ ਲੱਗਿਆ ਕਿ ਘਰਾਂ ਦੀਆਂ ਨੀਹਾਂ ਲਗਭਗ 7 ਵਾਰੀ ਨਵੇਂ ਸਿਰੇ ਤੋਂ ਉੱਚੇ ਚੱਕ ਕੇ ਸਥਾਪਿਤ ਕੀਤੀਆਂ ਗਈਆਂ ਸਨ। 1930 ਵਿਚ ਖੁਦਾਈ ਸਮੇਂ ਪਤਾ ਲੱਗਿਆ ਕਿ ਮੌਜੂਦਾ ਸਮੇਂ ਰਾਵੀ ਦਰਿਆ ਇਸ ਸ਼ਹਿਰ ਤੋਂ 50 ਫੁੱਟ ਉੱਚਾ ਵਗ ਰਿਹਾ ਸੀ। ਜਿਸ ਦਾ ਮਤਲਬ ਹੈ ਕਿ 5000 ਸਾਲਾਂ ਵਿਚ ਦਰਿਆ ਰਾਵੀ ਵਿਚ 50 ਫੁੱਟ ਤੱਕ ਪਹਾੜਾਂ ਤੋਂ ਆਇਆ ਰੇਤਾ ਵਿਛਣ ਕਾਰਨ ਇਹ ਇੰਨਾ ਉੱਚਾ ਹੋ ਗਿਆ ਸੀ। ਭਾਵੇਂ ਕਿ ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਕੀ ਦਰਿਆ ਕੰਢੇ ਘੁੱਗ ਵਸਦੀ ਇਹ ਸਭਿਅਤਾ ਕਿਹੜੇ ਕਾਰਨਾਂ ਕਰਕੇ ਖਤਮ ਹੋਈ ਪਰ ਇੱਕ ਗੱਲ ਸਪੱਸ਼ਟ ਹੈ ਕਿ ਦਰਿਆਵਾਂ ਵਿਚ ਮਿੱਟੀ ਚੜਨ ਕਾਰਨ ਇਸ ਸਭਿਅਤਾ ਨੂੰ ਹੜ੍ਹਾਂ ਦੀ ਬਹੁਤ ਵੱਡੀ ਮਾਰ ਸਹਿਣੀ ਪਈ ਸੀ।

ਇਸ ਲਈ ਲੋੜ ਹੈ ਕਿ ਪੰਜਾਬ ਦੇ ਸਣੇ ਘੱਗਰ ਚਾਰੇ ਦਰਿਆਵਾਂ ਦੀ ਲਗਾਤਾਰ ਸਾਫ ਸਫਾਈ ਅਤੇ ਸਾਂਭ ਸੰਭਾਲ ਦਾ ਪ੍ਰੋਜੈਕਟ ਬਣਾ ਕੇ ਕੰਮ ਕੀਤਾ ਜਾਵੇ। ਇਨ੍ਹਾਂ ਵਿਚੋਂ ਸਾਲਾਂ ਦੀ ਇਕੱਠੀ ਹੋਈ ਗਾਰ/ਮਿੱਟੀ ਕੱਢ ਕੇ ਇਨ੍ਹਾਂ ਦੀ ਕੁਦਰਤੀ ਸਤਹਿ ਅਤੇ ਵਹਾਅ ਨੂੰ ਬਹਾਲ ਕੀਤਾ ਜਾਵੇ ਅਤੇ ਇਸ ਨੂੰ ਲਗਾਤਾਰ ਬਹਾਲ ਰੱਖਿਆ ਜਾਵੇ।

ਇਨ੍ਹਾਂ ਦਰਿਆਵਾਂ ਦੇ ਬੰਧਾਂ ਨੂੰ ਮਜਬੂਤ ਕਰਕੇ ਦਰਿਆਵਾਂ ਦੀ ਚੈਨੇਲਾਈਜੇਸ਼ਨ ਕੀਤੀ ਜਾਵੇ।

ਇਹ ਵੀ ਜਰੂਰੀ ਹੈ ਕਿ ਇਨ੍ਹਾਂ ਦਰਿਆਵਾਂ ਵਿਚ ਖੇਤੀ ਕਰਦੇ ਕਿਸਾਨਾਂ ਨੂੰ ਸਫੈਦੇ ਜਾਂ ਪਾਪੂਲਰ ਵਰਗੇ ਜੰਗਲਾਤੀ ਦਰਖਤਾਂ ਦੀ ਖੇਤੀ ਕਰਨ ਤੋਂ ਰੋਕਿਆ ਜਾਵੇ ਤਾਂ ਜੋ ਪਾਣੀ ਦੇ ਵਹਾਅ ਵਿਚ ਕੋਈ ਰੋਕ ਟੋਕ ਨਾ ਆਵੇ।

**ਵੱਡੇ ਫੰਡਾਂ ਦੀ ਜ਼ਰੂਰਤ:**

ਉਕਤ ਕੰਮਾਂ ਲਈ ਬਹੁਤ ਵੱਡੀ ਰਕਮ ਦੀ ਜਰੂਰਤ ਪਵੇਗੀ ਜੋ ਕਿ ਪੰਜਾਬ ਸਰਕਾਰ ਅਤੇ ਭਾਰਤ ਸਰਕਾਰ ਵੱਲੋਂ ਹਰੇਕ ਸਾਲ ਸਹੀ ਸਮੇਂ ਉਪਲਬਧ ਕਰਾਉਣੀ ਬਣਦੀ ਹੈ।

ਭਾਖੜਾ ਬਿਆਸ ਮੈਨੇਜਮੈਂਟ ਬੋਰਡ ਜੋ ਕਿ ਭਾਖੜਾ ਤੇ ਪੋਂਗ ਡੈਮ ਦੇ ਰੱਖ-ਰਖਾਵ ਦਾ ਜਿੰਮੇਵਾਰ ਹੈ ਅਤੇ ਇਸ ਰੱਖ ਰਖਾਅ ਲਈ ਉਹ ਮੈਂਬਰ ਸਟੇਟਾਂ (ਪੰਜਾਬ, ਹਰਿਆਣਾ ਅਤੇ ਰਾਜਸਥਾਨ) ਨੂੰ ਪਾਣੀ ਅਤੇ ਮੁਫਤ ਬਿਜਲੀ ਦੇ ਕੇ ਉਨ੍ਹਾਂ ਤੋਂ ਹਿੱਸੇ ਅਨੁਸਾਰ ਡੈਮਾਂ 'ਤੇ ਹੁੰਦੇ ਖਰਚੇ ਲਈ ਰਕਮ ਪ੍ਰਾਪਤ ਕਰਦਾ ਹੈ। ਕਿਉਂਕਿ ਡੈਮਾਂ ਤੋਂ ਹੇਠਾਂ ਵਗਦੇ ਦਰਿਆਵਾਂ ਦਾ ਰੱਖ-ਰਖਾਅ ਵੀ ਡੈਮਾਂ ਦਾ ਹੀ ਇੱਕ ਅਟੁੱਟ ਹਿੱਸਾ ਹੈ, ਇਸ ਲਈ ਸਤਲੁਜ ਅਤੇ ਬਿਆਸ ਦਰਿਆ ਦੇ ਮੁਕੰਮਲ ਰੱਖ-ਰਖਾਅ ਲਈ ਹਰਿਆਣਾ ਅਤੇ ਰਾਜਸਥਾਨ 'ਤੋਂ ਉਨ੍ਹਾਂ ਨੂੰ ਦਿੱਤੀ ਜਾ ਰਹੀ ਮੁਫਤ ਬਿਜਲੀ ਤੇ ਸੈੱਸ ਲਗਾ ਕੇ ਰਕਮ ਪ੍ਰਾਪਤ ਕਰਕੇ ਬੋਰਡ ਵੱਲੋਂ ਪੰਜਾਬ ਸਰਕਾਰ ਨੂੰ ਦਰਿਆਵਾਂ ਦੀ ਸਾਂਭ-ਸੰਭਾਲ ਲਈ ਦੇਣੀ ਚਾਹੀਦੀ ਹੈ। ਕਿਉਂਕਿ ਦਰਿਆਵਾਂ ਦੇ ਪਾਣੀ ਦਾ ਨਿਯੰਤਰਣ ਸਿਰਫ ਡੈਮਾਂ 'ਤੇ ਕਰਕੇ ਹੀ ਜਿੰਮੇਵਾਰੀ ਖਤਮ ਨਹੀ ਹੋ ਜਾਂਦੀ ਸਗੋਂ ਡੈਮਾਂ 'ਤੋਂ ਛੱਡੇ ਜਾਂਦੇ ਪਾਣੀ ਕਾਰਨ ਪੈਦਾ ਹੋਈ ਹੜ੍ਹਾਂ ਦੀ ਸਮੱਸਿਆ ਨੂੰ ਵੀ ਨਿਯੰਤਰਣ ਕਰਨਾ ਇਸੇ ਜਿੰਮੇਵਾਰੀ ਦਾ ਅਨਿੱਖੜਵਾਂ ਹਿੱਸਾ ਹੈ। ਜੇਕਰ ਦੂਜੀਆਂ ਸਟੇਟਾਂ ਹਰੇਕ ਸਾਲ ਮੁਫਤ ਬਿਜਲੀ ਲੈਂਦੀਆਂ ਹਨ ਤਾਂ ਉਹਨਾਂ ਦੀ ਜਿੰਮੇਵਾਰੀ ਹੈ ਕਿ ਉਹ ਇਨ੍ਹਾਂ ਡੈਮਾਂ ਕਾਰਨ ਪੈਦਾ ਹੋਏ ਹੜ੍ਹਾਂ ਨੂੰ ਨਿਯੰਤਰਣ ਕਰਨ ਲਈ ਵੀ ਜਿੰਮੇਵਾਰੀ ਨਿਭਾਉਣ।

**ਡੈਮਾਂ ਦੇ ਪਾਣੀ ਛੱਡਣ ਦੇ ਪਰੋਟੋਕੋਲ ਦਾ ਮੁੜ ਮੁਲਾਕਣ:**

ਪੰਜਾਬ ਦੇ ਡੈਮਾਂ ਨੂੰ ਭਰਨ, ਸਿੰਚਾਈ ਅਤੇ ਬਿਜਲੀ ਲੋੜਾਂ ਦੀ ਪੂਰਤੀ ਲਈ ਪਾਣੀ ਛੱਡਣ ਅਤੇ ਹੜਾਂ ਸਮੇਂ ਪਾਣੀ ਨੂੰ ਨਿਯੰਤਰਣ ਕਰਨ ਦਾ ਇੱਕ ਪਰੋਟੋਕੋਲ ਬਣਿਆ ਹੋਇਆ ਹੈ ਜੋ ਕਿ ਕਾਫੀ ਪੁਰਾਣਾ ਹੈ। ਮੌਜੂਦਾ ਦੌਰ ਵਿਚ ਵਾਤਾਵਰਣ ਵਿਚ ਆ ਰਹੀਆਂ ਤਬਦੀਲੀਆਂ ਕਾਰਨ ਦਰਿਆਵਾਂ ਵਿਚ ਅਚਾਨਕ ਆਉਂਦੇ ਪਾਣੀ ਦੀ ਮਿਕਦਾਰ ਅਤੇ ਵੇਗ ਕਾਰਨ ਪਰੋਟੋਕੋਲ ਦਾ ਮੁੜ ਮੁਲਾਕਣ ਕਰਨਾ ਬਣਦਾ ਹੈ।

**ਤੱਤ ਸਾਰ:**

ਹੜ੍ਹਾਂ ਦੀ ਸਮੱਸਿਆ ਦਾ ਹੱਲ ਕੀਤਾ ਜਾ ਸਕਦਾ ਹੈ। ਇਸ ਸਭ ਕੁਝ ਲਈ ਮਜਬੂਤ ਰਾਜਨੀਤਿਕ ਇਰਾਦੇ ਵੱਡੇ ਫੰਡਾਂ ਦਾ ਪ੍ਰਬੰਧ ਕਰਨਾ ਬਹੁਤ ਜਰੂਰੀ ਹੈ, ਨਹੀਂ ਤਾਂ ਆਉਣ ਵਾਲੇ ਸਾਲਾਂ ਵਿਚ ਵੀ ਪੰਜਾਬ ਨੂੰ ਇਸੇ ਤਰ੍ਹਾਂ ਦੇ ਹਾਲਾਤਾਂ ਨਾਲ ਸਿੱਝਣਾਂ ਪਵੇਗਾ ਅਤੇ ਲੋਕਾਂ ਦਾ ਅਰਬਾਂ ਰੁਪਏ ਦਾ ਜਾਨੀ ਅਤੇ ਮਾਲੀ ਨੁਕਸਾਨ ਹੁੰਦਾ ਰਹੇਗਾ।

# ਜਦੋਂ 'ਕਿਲੇ' ਨੇ ਸਾਨੂੰ 'ਜਿੱਤ' ਲਿਆ!

ਲਾਹੌਰ ਦੇ ਕਿਲਾ ਗੁੱਜਰ ਸਿੰਘ ਥਾਣੇ ਦੀ ਯਾਦ ਇੱਕ ਗਹਿਰਾ ਜ਼ਖ਼ਮ ਬਣ ਕੇ ਮੇਰੀ ਘਰਵਾਲੀ ਦੇ ਕਲੇਜੇ ਵਿਚ ਖੁਭੀ ਤੇ ਖਿੜੀ ਹੋਈ ਸੀ। ਇਹ ਯਾਦ ਰੂਹ ਨੂੰ ਸਕੂਨ ਵੀ ਦਿੰਦੀ ਸੀ, ਦੁੱਖ ਤੇ ਪੀੜ ਵੀ। ਉਹਦੀ ਵਿਲਕਦੀ ਰੀਝ ਸੀ ਕਿਲਾ ਗੁੱਜਰ ਸਿੰਘ ਲਾਹੌਰ ਦੇ ਉਸ ਥਾਣੇ ਨੂੰ ਵੇਖਣ ਦੀ, ਜਿੱਥੇ ਦੇਸ਼ ਵੰਡ ਵੇਲੇ ਉਹਦੇ ਪਿਤਾ ਵੱਡੇ ਥਾਣੇਦਾਰ ਹੁੰਦੇ ਸਨ। ਉਸ ਥਾਣੇ ਦੇ ਇਨਚਾਰਜ! ਇਸ ਥਾਣੇ ਦੀਆਂ ਗੱਲਾਂ ਕਰਦਿਆਂ ਉਹ ਵੈਰਾਗੀ ਜਾਂਦੀ। ਉਹਦਾ ਗੱਚ ਭਰ ਆਉਂਦਾ, ਅੱਖਾਂ ਦੇ ਕੋਏ ਭਿੱਜ ਜਾਂਦੇ। ਕਿਹੋ ਜਿਹਾ ਹੋਵੇਗਾ ਉਹ ਦਫ਼ਤਰ, ਜਿਸ ਵਿਚ ਉਹ ਵਰਦੀ ਪਾਈ ਕੁਰਸੀ 'ਤੇ ਬਹਿੰਦਾ ਸੀ। ਕਿਹੋ ਜਿਹੇ ਹੋਣਗੇ ਉਹ ਕੁਆਟਰ, ਜਿਨ੍ਹਾਂ ਵਿਚੋਂ ਕਿਸੇ ਇੱਕ ਵਿਚ ਉਹਦੇ ਪਿਤਾ ਨਾਲ ਉਹਦੀ ਮਾਂ ਤੇ ਉਹਦੇ ਵੱਡੇ ਭੈਣ ਭਰਾ ਰਹਿੰਦੇ ਸਨ।

2001 ਵਿਚ ਮੈਂ 'ਆਲਮੀ ਪੰਜਾਬੀ ਕਾਨਫ਼ਰੰਸ' ਵਿਚ ਭਾਗ ਲੈਣ ਲਈ ਲਾਹੌਰ ਗਿਆ ਤਾਂ ਸਾਨੂੰ ਪਹਿਲਾਂ ਐੱਸ.ਐੱਸ.ਪੀ. ਦੇ ਦਫ਼ਤਰੋਂ ਆਪਣੀ 'ਆਮਦ' ਰਜਿਸਟਰ ਕਰਵਾ ਕੇ ਉਹ ਕਾਗ਼ਜ਼ ਉਸ ਇਲਾਕੇ ਦੇ



**ਵਰਿਆਮ ਸਿੰਘ ਸੰਧੂ**
**ਫੋਨ: 647-535-1539**

ਥਾਣੇ ਵਿਚ, ਜਿਥੇ ਅਸੀਂ ਠਹਿਰੇ ਹੋਏ ਸਾਂ, ਦਰਜ ਕਰਾਉਣੇ ਸਨ। ਡਾ. ਜਗਤਾਰ ਤੇ ਮੈਂ ਐੱਸ.ਐੱਸ.ਪੀ. ਦੇ ਦਫ਼ਤਰ ਵਿਚ ਵੀ, ਪਹਿਲਾਂ ਪਤਾ ਨਾ ਲੱਗਣ ਕਰ ਕੇ, ਸ਼ਾਮ ਨੂੰ ਹੀ ਅੱਪੜੇ ਸਾਂ ਤੇ ਕੰਮ ਕਰਾਉਂਦਿਆਂ ਓਥੇ ਹੀ ਰਾਤ ਉੱਤਰ ਆਈ ਸੀ। ਪ੍ਰੋ. ਨਿਆਜ਼ੀ, ਜਿਹੜਾ ਸਾਨੂੰ ਆਪਣੀ ਕਾਰ ਵਿਚ ਐੱਸ.ਐੱਸ.ਪੀ. ਦੇ ਦਫ਼ਤਰ ਲੈ ਕੇ ਗਿਆ ਸੀ, ਕਿਲਾ ਗੁੱਜਰ ਸਿੰਘ ਥਾਣੇ ਅੱਗੇ ਉਤਾਰ ਗਿਆ।

ਤਾਂ ਇਹ ਸੀ ਥਾਣਾ ਕਿਲਾ ਗੁੱਜਰ ਸਿੰਘ। ਥਾਣੇ ਦੇ ਦਰਵਾਜ਼ੇ ਅੱਗੇ ਖਲੋਤਿਆਂ ਮੈਨੂੰ ਸ. ਬੰਤਾ ਸਿੰਘ ਯਾਦ ਆਇਆ। ਉਹੋ ਕਈ ਦਹਾਕੇ ਪੁਰਾਣੀ ਨਿੱਕੀਆਂ ਇੱਟਾਂ ਦੀ ਇਮਾਰਤ। ਤਾਂ ਏਥੇ ਸੀ ਰਜਵੰਤ ਦਾ ਪਿਤਾ ਵੱਡਾ ਥਾਣੇਦਾਰ! ਇਸ ਥਾਣੇ ਦਾ ਮਾਲਕ। ਦਿਲ ਵਿਚ ਆਇਆ ਕਿ ਸ਼ਾਇਦ ਸਾਨੂੰ ਉਸ ਦਫ਼ਤਰ ਵਿਚ ਜਾਣ ਦਾ ਮੌਕਾ ਮਿਲੇਗਾ, ਜਿੱਥੇ ਉਹ ਕਦੀ ਕੁਰਸੀ 'ਤੇ ਫੱਬ ਕੇ ਬਹਿੰਦਾ ਸੀ। ਪਰ ਨਹੀਂ। ਪਹਿਰੇ 'ਤੇ ਖਲੋਤੇ ਸਿਪਾਹੀ ਨੂੰ ਜਦੋਂ ਆਪਣਾ ਕੰਮ ਦੱਸਿਆ ਤਾਂ ਉਹਨੇ ਸਾਨੂੰ ਸਿੱਧਾ ਹਵਾਲਦਾਰ ਦੇ ਦਫ਼ਤਰ ਭੇਜ ਦਿੱਤਾ। ਹਵਾਲਦਾਰ ਸਮੇਤ ਸਾਰੇ ਪੁਲਸੀਆਂ ਨੇ ਸਾਡਾ ਸਵਾਗਤ ਕੀਤਾ, ਆਦਰ-ਮਾਣ ਦਿੱਤਾ ਤੇ ਚਾਹ ਪਾਣੀ ਛਕਾ ਕੇ ਕੰਮ ਵੀ ਕਰ ਦਿੱਤਾ। ਐੱਸ.ਐੱਚ.ਓ. ਦਾ ਦਫ਼ਤਰ ਅੰਦਰ ਜਾ ਕੇ ਵੇਖਣ ਦੀ ਮੇਰੀ ਰੀਝ ਦੱਬੀ ਹੀ ਰਹਿ ਗਈ ਕਿਉਂਕਿ ਹਨੇਰਾ ਉੱਤਰ ਆਉਣ ਕਰ ਕੇ ਜਗਤਾਰ ਮੈਨੂੰ ਛੇਤੀ ਹੋਟਲ ਪਹੁੰਚਣ ਲਈ ਕਹਿ ਰਿਹਾ ਸੀ।

ਜਦੋਂ ਮੈਂ ਵਾਪਸ ਆ ਕੇ ਰਜਵੰਤ ਨੂੰ ਦੱਸਿਆ ਕਿ ਮੈਂ 'ਭਾਪਾ ਜੀ' ਦੇ ਥਾਣੇ ਵਿਚ ਹੋ ਕੇ ਆਇਆ ਹਾਂ ਤਾਂ ਉਹਨੇ ਗਿਲਾ ਕੀਤਾ ਕਿ ਮੈਂ ਉਨ੍ਹਾਂ ਦੇ ਦਫ਼ਤਰ ਵਿਚ ਕਿਉਂ ਨਹੀਂ ਗਿਆ। ਉਹ ਕੁਰਸੀ ਕਿਉਂ ਨਹੀਂ ਵੇਖੀ, ਜਿੱਥੇ ਉਹ ਬਹਿੰਦੇ ਸਨ।

ਦੋ ਕੁ ਸਾਲ ਬਾਅਦ ਮੇਰਾ ਦੋਬਾਰਾ ਪਾਕਿਸਤਾਨ ਜਾਣ ਦਾ ਸਬੱਬ ਬਣ ਗਿਆ। ਰਜਵੰਤ ਕਹਿੰਦੀ, 'ਮੈਨੂੰ ਹੋਰ ਤਾਂ ਘੁਮਾਉਣ ਫਿਰਾਉਣ ਲੈ ਕੇ ਨਹੀਂ ਗਏ, ਕਦੀ ਲਾਹੌਰ ਈ ਵਿਖਾ ਲਿਆਓ!'

ਲਾਹੌਰ ਵੇਖਣ ਤੋਂ ਉਹਦੀ ਮੁਰਾਦ ਥਾਣਾ ਕਿਲਾ ਗੁੱਜਰ ਸਿੰਘ ਵੇਖਣ ਤੋਂ ਹੀ ਸੀ। ਉਹਦੀ ਇਸ ਦੱਬੀ ਤਾਂਘ ਨੂੰ ਹਵਾਲਦਾਰ ਦਰਸ਼ਨ ਸਿੰਘ ਨੇ ਹੋਰ ਜੁੰਬਿਸ਼ ਦੇ ਦਿੱਤੀ।

ਹਵਾਲਦਾਰ ਦਰਸ਼ਨ ਸਿੰਘ ਜਲੰਧਰ ਦੇ ਸਾਹਿਤਕ ਤੇ ਸਮਾਜਿਕ-ਸਭਿਆਚਾਰਕ ਖੇਤਰ ਦੇ ਲੋਕਾਂ ਵਿਚ ਬੜਾ ਪਿਆਰਿਆ ਸਤਿਕਾਰਿਆ ਵਿਅਕਤੀ ਸੀ। ਉਹ ਕਮਿਊਨਿਸਟ ਪਾਰਟੀ ਆਫ਼ ਇੰਡੀਆ ਦਾ ਕਾਰਡ-ਹੋਲਡਰ ਸੀ ਪਰ ਉਹਦੀ ਮੁਹੱਬਤ ਦਾ ਕਲਾਵਾ ਏਨਾ ਮੋਕਲਾ ਸੀ ਕਿ ਉਸ ਵਿਚ ਹਰ ਖ਼ਿਆਲ, ਹਰ ਪਾਰਟੀ ਦੇ ਸੁਹਿਰਦ ਲੋਕ ਆ ਜਾਂਦੇ ਸਨ। ਦਰਸ਼ਨ ਸਿੰਘ ਹਵਾਲਦਾਰ 'ਪ੍ਰੀਤ-ਲੜੀ' ਦਾ ਪੱਕਾ ਪਾਠਕ ਰਿਹਾ ਸੀ। ਉਥੋਂ ਹੀ ਉਹਨੂੰ ਅਗਾਂਹਵਧੂ ਵਿਚਾਰਾਂ ਦੀ ਅਜਿਹੀ ਜਾਗ ਲੱਗੀ ਕਿ ਉਹਨੇ ਆਜ਼ਾਦੀ ਤੋਂ ਬਾਅਦ ਛੋਟੇ ਪੁਲਿਸ ਮੁਲਾਜ਼ਮਾਂ ਦੀ ਯੂਨੀਅਨ ਬਣਾ ਲਈ ਤਾਕਿ ਉਨ੍ਹਾਂ ਦੀਆਂ ਮੰਗਾਂ ਤੇ ਮੁਸ਼ਕਿਲਾਂ ਨੂੰ ਉੱਚ ਅਧਿਕਾਰੀਆਂ ਸਾਹਮਣੇ ਉਠਾਇਆ ਜਾ ਸਕੇ। ਪੁਲਿਸ ਨੇਮਾਂ ਮੁਤਾਬਿਕ ਅਜਿਹੀ ਜਥੇਬੰਦੀ ਬਨਾਉਣੀ ਕਾਨੂੰਨਨ ਜੁਰਮ ਹੋਣ ਕਰ ਕੇ ਉਹਨੂੰ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ ਗਿਆ। ਉਹਦੀ ਇਸ ਕੁਰਬਾਨੀ ਕਰ ਕੇ ਵੀ ਸਮਾਜ ਵਿਚ ਉਸਦੀ ਬਹੁਤ ਕਦਰ ਸੀ। ਬੜਾ ਸੱਚਾ-ਸੁੱਚਾ ਬੰਦਾ ਸੀ। ਉਹਨੂੰ ਕਈ ਸਕੂਲ-ਕਾਲਜ ਵੀ ਆਪਣੇ ਵਿਦਿਆਰਥੀਆਂ ਨੂੰ ਸੰਬੋਧਨ ਕਰਨ ਲਈ ਬੁਲਾਉਂਦੇ ਰਹਿੰਦੇ।

ਮੁਹੱਬਤੀ ਮੇਲ਼-ਮਿਲਾਪ ਬਣਾਈ ਰੱਖਣ ਲਈ ਕਦੀ-ਕਦੀ ਉਹ ਮੇਰੇ ਵੱਲ ਵੀ ਆ ਜਾਂਦਾ।

ਅੱਜ ਉਹ ਮੇਰੇ ਕੋਲ ਬੈਠਾ ਸੀ। ਚਾਹ-ਪਾਣੀ ਪੀ ਕੇ ਕਹਿੰਦਾ, 'ਸੰਧੂ ਸਾਹਿਬ! ਤੁਸੀਂ ਉਸ ਦਿਨ ਲੈਕਚਰ ਕਰਦਿਆਂ 'ਜਬ ਆਵ ਕੀ ਅਉਧ ਨਿਦਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋਂ॥... ਵਾਲਾ 'ਸ਼ਿਅਰ' ਬੋਲਿਆ ਸੀ। ਇਸ ਵਿਚ 'ਆਵ ਕੀ ਅਉਧ ਨਿਦਾਨ ਬਨੇ' ਦਾ ਕੀ ਮਤਲਬ ਹੈ...ਮੈਂ ਇਹ ਕੱਲ੍ਹ ਕਿਸੇ ਕਾਲਜ ਵਿਚ ਬੋਲਣਾ ਹੈ!'

ਮੈਂ ਹੱਸ ਪਿਆ। ਆਪਣੀ ਅਕਲ ਮੁਤਾਬਕ ਅਰਥ ਦੱਸਣ ਲੱਗਾ। ਡਰਾਇੰਗ ਰੂਮ ਦੇ ਜਿਸ ਸੋਫ਼ੇ 'ਤੇ ਹਵਾਲਦਾਰ ਦਰਸ਼ਨ ਸਿੰਘ ਬੈਠਾ ਸੀ, ਉਥੋਂ ਐਨ ਸਾਹਮਣੇ ਲੌਬੀ ਵਿਚ ਸਰਦਾਰ ਬੰਤਾ ਸਿੰਘ ਦੀ ਬਾ-ਵਰਦੀ ਵੱਡੀ ਤਸਵੀਰ ਦਿਸਦੀ ਸੀ। ਉਹਨੇ ਮੇਰੀ ਗੱਲ ਅਣਸੁਣੀ ਕਰਦਿਆਂ ਬੜੇ ਉਤੇਜਿਤ ਹੋ ਕੇ ਪੁੱਛਿਆ, 'ਔਹ ਤਾਂ ਸਰਦਾਰ ਬੰਤਾ ਸਿੰਘ ਦੀ ਤਸਵੀਰ ਲੱਗਦੀ ਹੈ! ਹੈ ਨਾ? ਤੁਹਾਡੇ ਕੀ ਲੱਗਦੇ ਸਨ?'

ਮੈਂ ਬੜਾ ਹੈਰਾਨ ਹੋਇਆ ਕਿ ਹਵਾਲਦਾਰ ਸ. ਬੰਤਾ ਸਿੰਘ ਨੂੰ ਕਿਵੇਂ ਜਾਣਦਾ ਸੀ। ਉਹਨੂੰ ਤਾਂ ਇਸ ਸੰਸਾਰ ਤੋਂ ਗਿਆਂ ਦਹਾਕੇ ਬੀਤ ਚੁੱਕੇ ਸਨ।

'ਤੁਸੀਂ ਉਨ੍ਹਾਂ ਨੂੰ ਕਿਵੇਂ ਜਾਣਦੇ ਓ?'

ਉਹਦੀ ਖ਼ੁਸ਼ੀ ਦਾ ਕੋਈ ਪਾਰਾਵਾਰ ਨਹੀਂ ਸੀ। ਜਿਵੇਂ ਚਿਰ-ਵਿਛੜਿਆ ਕੋਈ ਡਾਢਾ ਹੀ ਮਿੱਤਰ-ਪਿਆਰਾ ਮਿਲ ਪਿਆ ਹੋਵੇ। ਮੈਂ ਵੇਖਿਆ, ਉਹਨੇ ਐਨਕ ਲਾਹ ਕੇ ਅੱਖਾਂ ਤੋਂ ਸਿੱਲ੍ਹ ਪੂੰਝੀ ਤੇ ਦੱਸਣ ਲੱਗਾ, 'ਸੰਧੂ ਸਾਹਿਬ! ਲਾਹੌਰ ਦੇ ਕਿਲਾ ਗੁੱਜਰ ਸਿੰਘ ਥਾਣੇ ਵਿਚ ਇਹ ਮੇਰੇ ਅਫ਼ਸਰ ਹੁੰਦੇ ਸਨ। ਮੈਂ ਦੇਸ਼ ਦੀ ਤਕਸੀਮ ਤੱਕ ਇਨ੍ਹਾਂ ਨਾਲ ਕੰਮ ਕੀਤਾ। ਕਿਆ ਬਾਤਾਂ ਸਨ ਸਰਦਾਰ ਬੰਤਾ ਸਿੰਘ ਦੀਆਂ! ਏਨਾ ਨੇਕ, ਏਨਾ ਮਿਲਣਸਾਰ, ਏਨਾ ਸੱਚਾ-ਸੁੱਚਾ ਅਫ਼ਸਰ! ਬੜਾ ਹੀ ਨਿਆਂ-ਪਸੰਦ! ਕਿਸੇ ਨਾਲ ਵਧੀਕੀ ਨਾ ਕਰਦਾ। ਨਾ ਕਿਸੇ ਇਨਸਾਫ਼ ਮੰਗਣ ਵਾਲੇ ਦੇ ਗੇੜੇ ਲਵਾਉਂਦਾ। ਅਗਲੇ ਦੀ ਸ਼ਕਿਤ ਦੀ ਸਦਾਕਤ ਸਮਝ ਕੇ ਤੁਰਤ ਕਾਰਵਾਈ ਕਰਦਾ। ਨਾ ਸਿਫ਼ਾਰਿਸ਼ ਨਾ ਪੈਸਾ, ਉਹਦੇ ਈਮਾਨ ਨੂੰ ਡੁਲਾ ਸਕਦੇ। ਲਾਹੌਰ ਵਿਚ ਉਹਦੀ ਈਮਾਨਦਾਰੀ ਦੀ ਬੜੀ ਪੈਂਠ ਸੀ। ਮੈਂ ਉਸ ਵਰਗੇ ਬੰਦੇ ਬਹੁਤ ਘੱਟ ਵੇਖੇ ਨੇ। ਅੰਗਰੇਜ਼ੀ ਰਾਜ ਵਿਚ ਵੱਡਾ ਥਾਣੇਦਾਰ ਹੋਣਾ ਛੋਟੀ ਗੱਲ ਨਹੀਂ ਸੀ ਤੇ ਉਹ ਵੀ ਲਾਹੌਰ ਵਰਗੇ ਸ਼ਹਿਰ ਵਿਚ! ਨਿੱਤ ਨਿੱਤ ਨਹੀਂ ਜੰਮਦੇ ਐਸੇ ਬੰਦੇ!'

ਰਜਵੰਤ ਆਪਣੇ ਪਿਤਾ ਦੀਆਂ ਅਕਸਰ ਹੀ ਸਿਫ਼ਤਾਂ ਕਰਦੀ। ਸਾਰੀਆਂ ਧੀਆਂ ਕਰਦੀਆਂ ਨੇ। ਸਵਾਦ ਤਾਂ ਹੈ ਕਿ ਕੋਈ ਹੋਰ ਬੰਦਾ ਵੀ ਸਿਫ਼ਤ ਕਰੇ। ਉਹੋ ਅਸਲ ਸੱਚ ਹੁੰਦਾ ਹੈ। ਦਰਸ਼ਨ ਸਿੰਘ ਹਵਾਲਦਾਰ ਨੇ ਮੇਰੇ ਮਨ ਵਿਚ ਸ ਬੰਤਾ ਸਿੰਘ ਦਾ ਰੁਤਬਾ ਹੋਰ ਬੁਲੰਦ ਕਰ ਦਿੱਤਾ।

ਮੈਂ ਰਸੋਈ ਵਿਚ ਕੰਮ ਕਰਦੀ ਆਪਣੀ ਪਤਨੀ ਨੂੰ ਆਵਾਜ਼ ਦਿੱਤੀ, 'ਰਜਵੰਤ, ਆਈਂ ਭੱਜ ਕੇ। ਹੌਲਦਾਰ ਹੁਰੀਂ ਭਾਪਾ ਜੀ ਨਾਲ ਲਾਹੌਰ ਇੱਕੋ ਥਾਣੇ ਵਿਚ ਕੰਮ ਕਰਦੇ ਰਹੇ ਨੇ!'

ਉਹ ਹੱਥ ਧੋ ਕੇ ਤੁਰਤ ਡਰਾਇੰਗ ਰੂਮ ਵਿਚ ਪਹੁੰਚੀ। ਮੈਂ ਉਸਨੂੰ ਹਵਾਲਦਾਰ ਦੀ 'ਭਾਪਾ ਜੀ' ਨਾਲ ਸਾਂਝ ਦੀ ਗੱਲ ਦੱਸੀ ਤਾਂ ਉਹ ਛੇਤੀ ਨਾਲ ਹਵਾਲਦਾਰ ਦੇ ਸਾਹਮਣੇ ਬਹਿ ਕੇ ਆਪਣੇ ਪਿਤਾ ਬਾਰੇ ਕੁਝ ਹੋਰ ਸੁਣਨ ਲਈ ਕਾਹਲੀ ਪੈ ਗਈ। ਹਵਾਲਦਾਰ ਨੇ ਮੈਨੂੰ ਦੱਸੀਆਂ ਗੱਲਾਂ ਦੁਹਰਾਈਆਂ। ਭਾਪਾ ਜੀ ਦੀ ਤਾਰੀਫ਼ ਕੀਤੀ।

'ਬੀਬੀ! ਤੁਸੀਂ ਵੀ ਲਾਹੌਰ ਵਿਚ ਹੁੰਦੇ ਸੀ ਸਰਦਾਰ ਸਾਹਿਬ ਕੋਲ?'

'ਨਹੀਂ ਜੀ, ਮੈਂ ਤਾਂ ਪਾਕਿਸਤਾਨ ਬਣਨ ਤੋਂ ਬਾਅਦ ਜੰਮੀ ਸਾਂ। ਮੈਂ ਤਾਂ ਕਿਲਾ ਗੁੱਜਰ ਸਿੰਘ ਥਾਣੇ ਦੀਆਂ ਗੱਲਾਂ ਆਪਣੀ ਮਾਂ ਤੇ ਵੱਡੇ ਭੈਣ-ਭਰਾ ਤੋਂ ਹੀ ਸੁਣੀਆਂ ਨੇ!'

'ਔਹ ਤਸਵੀਰ ਐਨ ਉਨ੍ਹਾਂ ਵੇਲਿਆਂ ਦੀ ਜਾਪਦੀ ਐ। ਬਿਲਕੁਲ ਇਸੇ ਤਰ੍ਹਾਂ ਹੀ ਵਰਦੀ ਵਿਚ ਸੱਜਿਆ ਵੇਖਿਆ ਹੋਇਆ ਹੈ, ਮੈਂ ਸਰਦਾਰ ਬੰਤਾ ਸਿੰਘ ਨੂੰ!'

'ਸਰਦਾਰ ਸੋਹਣਾ ਵੀ ਬਹੁਤ ਸੀ। ਉੱਚਾ ਲੰਮਾਂ, ਦਰਸ਼ਨੀ ਜਵਾਨ! ਘੋੜ-ਸਵਾਰ ਵੀ ਕਮਾਲ ਦਾ। ਖੇਡਾਂ ਵਿਚ ਕਈ ਤਗਮੇ ਜਿੱਤੇ ਹੋਏ ਸਨ, ਜਿਨ੍ਹਾਂ ਨੂੰ ਉਹ ਵਰਦੀ ਨਾਲ ਲਾਉਂਦਾ। ਜਚ ਜਚ ਪੈਂਦਾ! ਏਸੇ ਥਾਣੇ ਵਿਚ ਉਹ ਪਹਿਲਾਂ ਛੋਟਾ ਥਾਣੇਦਾਰ ਸੀ। ਘੋੜਾ ਟਪਾਉਣ ਵਾਲੀ ਖੇਡ ਵਿਚ ਬੜਾ ਮਾਹਿਰ ਸੀ। ਉਹਨੇ ਲਾਹੌਰ ਵਿਚ ਹੋਏ ਕਿਸੇ ਵੱਡੇ ਮੁਕਾਬਲੇ ਵਿਚ ਤਮਗ਼ਾ ਜਿੱਤਿਆ। ਅੰਗਰੇਜ਼ ਪੁਲਿਸ ਅਫ਼ਸਰ ਖੇਡਾਂ ਵੇਖ ਰਿਹਾ ਸੀ। ਬਹੁਤ ਖ਼ੁਸ਼ ਹੋਇਆ। ਉਹਨੇ ਉਹਨੂੰ ਵੱਡਾ ਥਾਣੇਦਾਰ



ਬਣਾਏ ਜਾਣ ਦੀ ਸਿਫ਼ਾਰਿਸ਼ ਕਰ ਦਿੱਤੀ। ਤੇ ਫਿਰ ਤਿੰਨ ਸਾਲ ਉਹਨੇ ਥਾਣੇ ਦੀ ਸਰਦਾਰੀ ਕੀਤੀ।'

ਫਿਰ ਉਹਨੂੰ ਬੰਤਾ ਸਿੰਘ ਦੀ ਮੌਤ ਨਾਲ ਜੁੜੀ ਦੁਰਘਟਨਾ ਚੇਤੇ ਆ ਗਈ।

'ਸਰਦਾਰ ਬੰਤਾ ਸਿੰਘ ਨੂੰ ਇੰਝ ਨਹੀਂ ਸੀ ਮਰਨਾ ਚਾਹੀਦਾ!' ਹਵਾਲਦਾਰ ਨੇ ਹਾਉਕਾ ਭਰਿਆ।

ਰਜਵੰਤ ਦੀਆਂ ਅੱਖਾਂ ਭਿੱਜ ਗਈਆਂ।

'ਮੇਰੇ ਨਾਲ ਸਰਦਾਰ ਹੁਰਾਂ ਦਾ ਬਹੁਤ ਪਿਆਰ ਸੀ। ਮੈਨੂੰ ਕਿਹਾ ਕਰਦੇ, 'ਦਰਸ਼ਨ ਸਿਹਾਂ! ਮੈਂ ਸੱਚੇ ਸੁੱਚੇ ਬੰਦਿਆਂ ਦਾ ਕਦਰਦਾਨ ਹਾਂ। ਤੁਹਾਡੇ ਵਰਗੇ ਲੋਕ ਪੁਲਿਸ ਵਿਚ ਬਹੁਤ ਥੋੜੇ ਨੇ। ਇਹ ਵੱਧ ਗਿਣਤੀ ਵਿਚ ਹੋਣੇ ਚਾਹੀਦੇ ਨੇ! ਹੋਣ ਤਾਂ ਪੁਲਿਸ ਦਾ ਅਕਸ ਵਧੀਆ ਬਣਦਾ ਏ!'

ਸੱਚਮੁੱਚ ਹਵਾਲਦਾਰ ਸੱਚਾ-ਸੁੱਚਾ ਬੰਦਾ ਹੀ ਤਾਂ ਸੀ! ਉਹਦਾ ਕਦਰਦਾਨ ਕਿਉਂ ਨਾ ਸੱਚਾ-ਸੁੱਚਾ ਹੁੰਦਾ!

ਉਨ੍ਹਾਂ ਵੇਲਿਆਂ ਦੀਆਂ ਕਈ ਯਾਦਾਂ ਸਾਂਝੀਆਂ ਕਰਨ ਤੋਂ ਬਾਅਦ ਹਵਾਲਦਾਰ ਜਾਣ ਲਈ ਉੱਠ ਖਲੋਤਾ ਤੇ ਰਜਵੰਤ ਦੇ ਸਿਰ 'ਤੇ ਪਿਆਰ ਦੇ ਕੇ ਆਖਿਆ, 'ਬੀਬੀ! ਅੱਗੇ ਤੂੰ ਮੇਰੇ ਲਈ ਸੰਧੂ ਸਾਹਿਬ ਦੀ ਘਰਵਾਲੀ ਸੀ, ਹੁਣ ਮੇਰੇ ਮੋਹਸਿਨ ਦੀ, ਮੇਰੇ ਮਿਹਰਬਾਨ ਦੀ ਧੀ ਹੋਣ ਕਰ ਕੇ ਅੱਜ ਤੋਂ ਮੇਰੀ ਵੀ ਧੀ ਹੋਈ!'

ਹਵਾਲਦਾਰ ਦੇ ਜਾਣ ਪਿੱਛੋਂ ਰਜਵੰਤ ਆਪਣੇ ਭਾਪਾ ਜੀ ਨਾਲ ਜੁੜੀਆਂ ਯਾਦਾਂ ਸਾਂਝੀਆਂ ਕਰਨ ਲੱਗੀ। ਇਹ ਗੱਲਾਂ ਉਸਨੇ ਪਤਾ ਨਹੀਂ ਕਿੰਨੀ ਕੁ ਵਾਰ ਮੇਰੇ ਨਾਲ ਸਾਂਝੀਆਂ ਕੀਤੀਆਂ ਸਨ। ਪਰ ਜਦੋਂ ਵੀ ਉਹਦੀ ਦਰਦ-ਦਾਸਤਾਂ ਸੁਣਦਾ ਤਾਂ ਮੇਰਾ ਮਨ ਪਿਘਲ ਜਾਂਦਾ।

ਆਉ ਆਪਾਂ ਰਜਵੰਤ ਨੂੰ ਹੀ ਆਪਣੀ ਗੱਲ ਕਹਿਣ ਦਿੰਦੇ ਹਾਂ। ਉਹਨੇ ਆਪਣੀ ਮਾਂ ਦਾ ਸ਼ਬਦ-ਚਿਤਰ ਲਿਖਿਆ ਸੀ, 'ਸਾਡੀ ਬੀਬੀ-ਸਾਡੀ ਮਾਂ'- ਇਹ ਬਿਰਤਾਂਤ ਓਸੇ ਲਿਖਤ ਦਾ ਹਿੱਸਾ ਹੈ।

...ਜਦੋਂ ਬੀਬੀ ਦਾ ਵਿਆਹ ਹੋਇਆ ਤਾਂ ਸਾਡਾ ਪਿਤਾ ਫੌਜ ਵਿਚ ਸੀ। ਫਿਰ ਫੌਜ ਛੱਡ ਕੇ ਪੁਲਿਸ ਵਿਚ ਹੋ ਗਿਆ। ਛੇਤੀ ਤਰੱਕੀ ਕਰਦਾ ਵੱਡਾ ਥਾਣੇਦਾਰ ਬਣ ਗਿਆ। ਮੇਰੀ ਬੀਬੀ ਘਰ ਬੈਠੀ ਥਾਣੇਦਾਰਨੀ ਬਣ ਗਈ। ਘਰ ਦਾ ਕੰਮ ਕਰਨ ਲਈ ਪੱਕਾ ਨੌਕਰ। ਖਾਣ-ਪੀਣ, ਪਹਿਨਣ ਦੀਆਂ ਮੌਜਾਂ। ਉਹਨੂੰ ਲੱਗਦਾ ਇਹ ਸਰਦਾਰੀਆਂ ਉਹਦੀ ਪਤਨੀ ਦੀ ਕਿਸਮਤ ਕਰ ਕੇ ਮਿਲੀਆਂ ਨੇ। ਉਹ ਉਹਨੂੰ ਲਾਹੌਰ ਆਪਣੇ ਨਾਲ ਲੈ ਗਿਆ। ਏਥੇ ਉਹ ਕਿਲਾ ਗੁੱਜਰ ਸਿੰਘ ਵਿਚ ਥਾਣੇ ਦਾ ਇਨਚਾਰਜ ਸੀ। ਮਾਂ ਲਈ ਇਹ ਉਹਦੀ ਜ਼ਿੰਦਗੀ ਦੇ ਸਭ ਤੋਂ ਭਲੇ ਦਿਨ ਸਨ।

ਮੇਰੇ ਵੱਡੇ ਭਰਾ ਤੇ ਵੱਡੀ ਭੈਣ ਨੂੰ ਉਨ੍ਹਾਂ ਦਿਨਾਂ ਦੀ ਸੰਭਾਲ ਸੀ। ਉਹ ਉਨ੍ਹਾਂ ਵੇਲਿਆਂ ਦੀਆਂ ਯਾਦਾਂ ਸਾਂਝੀਆਂ ਕਰਦੇ। ਕਿਵੇਂ ਉਹ ਕੁਆਟਰਾਂ ਵਿਚ ਰਹਿੰਦੇ ਹੋਰ ਪਰਿਵਾਰਾਂ ਦੇ ਬੱਚਿਆਂ ਨਾਲ ਖੇਡਦੇ। ਕਿਵੇਂ ਥਾਣੇ ਦੇ ਛੋਟੇ ਮੁਲਾਜ਼ਮ ਉਨ੍ਹਾਂ ਨਾਲ ਲਾਡ ਲਡਾਉਂਦੇ। ਹੁਣ ਉਨ੍ਹਾਂ ਨੂੰ ਆਪਣੇ ਪਿਉ ਦੀ ਸਰਦਾਰੀ ਹੋਰ ਵੀ ਚੇਤੇ ਆਉਂਦੀ।

ਦੇਸ਼ ਦੀ ਵੰਡ ਵੇਲੇ ਵੀ ਸਾਡਾ ਪਿਤਾ ਓਸੇ ਥਾਣੇ ਵਿਚ ਸੀ। ਆਪਣਾ ਟੱਬਰ ਹੀ ਨਹੀਂ, ਹੋਰ ਵੀ ਕਈਆਂ ਨੂੰ ਉਹ ਟਰੱਕ 'ਤੇ ਲੱਦ ਕੇ ਭਾਰਤ ਵਿਚ ਲੈ ਕੇ ਆਇਆ। ਆਪ ਉਹਦੀ ਡਿਊਟੀ ਫ਼ਿਰੋਜ਼ਪੁਰ ਲੱਗ ਗਈ। ਬੀਬੀ ਆਪਣੇ ਪੁਤ-ਧੀਆਂ ਨੂੰ ਲੈ ਕੇ ਸਹੁਰੇ ਘਰ ਝਬਾਲ ਰਹਿਣ ਲੱਗੀ।

ਬੀਬੀ ਦੱਸਦੀ, 'ਤੇਰੇ ਭਾਪਾ ਜੀ ਤੈਨੂੰ ਬੜਾ ਪਿਆਰ ਕਰਦੇ। ਇਕ ਵਾਰ ਤੇਰੇ ਗਾਜਰੀ ਰੰਗ ਦੀ ਫਰਾਕ ਪਾਈ ਹੋਈ ਸੀ। ਤੇਰੇ ਭਾਪਾ ਜੀ ਛੁੱਟੀ ਆਏ ਹੋਏ ਸਨ। ਤੇਰੇ 'ਤੇ ਲਾਡ ਆਇਆ ਤੇ ਕੁੱਛੜ ਚੁੱਕ ਕੇ ਅਸਮਾਨ ਵੱਲ ਉਲਾਰ ਕੇ ਵਾਰ-ਵਾਰ ਬਾਹਵਾਂ ਵਿਚ ਬੋਚ ਕੇ ਆਖਣ, 'ਮੇਰੀ ਧੀ ਦਾ ਰੰਗ ਤਾਂ ਵੇਖ। ਲਾਲ, ਦਗ ਦਗ ਕਰਦਾ। ਫਰਾਕ ਦੇ ਰੰਗ ਨਾਲ ਈ ਰਲੀ ਪਈ ਏ। ਵੇਖ ਤੇਰੇ ਤੋਂ ਵੀ ਇਹਦਾ ਰੰਗ ਵੱਧ ਲਾਲ ਤੇ ਗੋਰਾ।'

ਬੀਬੀ ਬਾਰੇ ਸਾਡੀ ਵਡੇਰੀ ਉਮਰ ਦੀ ਤਾਈ ਦੱਸਦੀ ਹੁੰਦੀ, 'ਤੁਹਾਡੀ ਮਾਂ ਬੜੀ ਹੌਲੀ ਜਿਹੀ ਉਮਰ ਦੀ ਸੀ ਜਦੋਂ ਵਿਆਹੀ ਆਈ। ਬੜੀ ਸੋਹਣੀ, ਲਾਲ ਦਗਦਾ ਮਘਦਾ ਰੰਗ। ਜਦੋਂ ਸਾਲੂ ਵਿਚੋਂ ਤੇਰੀ ਮਾਂ ਦੇ ਗੋਰੇ ਚਿੱਟੇ ਹੱਥ ਬਾਹਰ ਨਿਕਲੇ ਤਾਂ ਤੇਰਾ ਪਿਓ ਮੈਨੂੰ ਆਖਣ ਲੱਗਾ, 'ਭਾਬੀ ਇਹਦੇ ਹੱਥਾਂ ਨੂੰ ਟੋਹ ਟੋਹ ਕੇ ਨਾ ਵੇਖ। ਵੇਖੀਂ ਕਿਤੇ ਆਪਣੇ ਹੱਥਾਂ ਦਾ ਕਾਲਾ ਰੰਗ ਇਹਦੇ ਹੱਥਾਂ 'ਤੇ ਚੜ੍ਹਾ ਕੇ ਇਹਦੇ ਹੱਥ ਮੈਲੇ ਕਰ ਦਏਂ।'

ਸਾਡੇ ਪਿਤਾ ਨੇ ਸੱਚ-ਮੁੱਚ ਮਾਂ ਦੇ ਹੱਥ ਮੈਲੇ ਨਹੀਂ ਸਨ ਹੋਣ ਦਿੱਤੇ। ਬਜ਼ੁਰਗ ਬਾਬਾ ਜਬਰੂ, ਇਕ ਰਾਜਾ ਸਿੰਘ, ਸਾਡੇ ਘਰ ਦਾ ਰੋਟੀ ਟੁੱਕ ਵੀ ਕਰਦਾ। ਹੱਟੀ ਭੱਠੀ ਦੇ ਕੰਮ ਵੀ ਕਰਦਾ। ਬੀਬੀ ਸਾਨੂੰ ਭੈਣ ਭਰਾਵਾਂ ਨੂੰ ਨਹਾਉਂਦੀ, ਧੁਆਉਂਦੀ। ਸਾਂਭਦੀ, ਸਜਾਉਂਦੀ ਸਵਾਰਦੀ।

ਤੇ ਫਿਰ ਅਚਨਚੇਤ ਬਿਜਲੀ ਡਿੱਗੀ। ਛੱਬੀ ਜਨਵਰੀ 1950 ਦਾ ਦਿਨ ਸੀ। ਸ਼ਾਮ ਹੁੰਦਿਆਂ ਪੁਲਿਸ ਦੀ ਗੱਡੀ ਝਬਾਲ ਪਿੰਡ ਵਿਚ ਪਹੁੰਚੀ। ਗੱਡੀ ਵਿਚ ਸਾਡੇ ਪਿਤਾ ਦੀ ਲਾਸ਼ ਸੀ। ਪਿਤਾ ਨਾਮਵਰ ਘੋੜ-ਸਵਾਰ ਸੀ। ਘੋੜ-ਖੇਡਾਂ ਵਿਚ ਕਈ ਤਗਮੇ ਜਿੱਤ ਚੁੱਕਾ ਸੀ। ਲਾਸ਼ ਲਿਆਉਣ ਵਾਲੇ ਪੁਲਸੀਆਂ ਦੱਸਿਆ...

ਅੱਜ ਵੀ ਗਣਤੰਤਰ ਦਿਹਾੜੇ 'ਤੇ ਘੋੜ-ਸਵਾਰ ਕਰਤੱਵ ਵਿਖਾ ਰਹੇ ਸਨ। ਪਿਤਾ ਦਾ ਘੋੜਾ ਉਛਲ ਉਛਲ ਰੁਕਾਵਟਾਂ ਪਾਰ ਕਰਦਾ ਜਾ ਰਿਹਾ ਸੀ। ਇਕ ਰੁਕਾਵਟ 'ਤੇ ਘੋੜਾ ਥੋੜਾ ਕੁ ਝਿਜਕਿਆ ਤਾਂ ਪਿਤਾ ਨੇ ਹੱਲਾ-ਸ਼ੇਰੀ ਦੇਣ ਲਈ ਲਗਾਮ ਨੂੰ ਝਟਕਾ ਦਿੱਤਾ, ਪਿੰਡੇ ਨੂੰ ਅੱਡੀ ਛੁਹਾਈ। ਘੋੜੇ ਨੇ ਕੌੜ ਮੰਨੀ। ਘੋੜਾ ਸਿੱਧਾ ਸੀਖ-ਪੌ ਹੋ ਗਿਆ ਤੇ ਸੰਤੁਲਨ ਵਿਗੜ ਜਾਣ ਕਰਕੇ ਪਿੱਠ ਪਰਨੇ ਡਿੱਗ ਪਿਆ। ਸਾਡਾ ਪਿਤਾ ਘੋੜੇ ਹੇਠਾਂ ਦੱਬਿਆ ਗਿਆ ਤੇ ਨਾਲ ਹੀ ਸਾਡੀ ਸਭਨਾਂ ਦੀ, ਮਾਂ ਤੇ ਸਾਡੇ ਭਰਾ ਤੇ ਭੈਣਾਂ ਦੀ, ਕਿਸਮਤ ਵੀ ਦੱਬੀ ਗਈ। ਘੋੜਾ ਨਹੀਂ ਸੀ ਡਿੱਗਾ, ਸਾਡੀ ਕਿਸਮਤ 'ਤੇ ਪਹਾੜ ਢਹਿ ਪਿਆ ਸੀ। ਉੱਚੇ ਬੁਰਜ ਦੇ ਕਿੰਗਰੇ ਢਹਿ ਗਏ ਸਨ।

ਮੈਨੂੰ ਉਨ੍ਹਾਂ ਕਹਿਰ ਦੀਆਂ ਘੜੀਆਂ ਦੀ ਸੰਭਾਲ ਨਹੀਂ। ਡੇਢ ਸਾਲ ਤਾਂ ਸਾਰੀ ਉਮਰ ਸੀ ਮੇਰੀ। ਪਰ ਮਾਂ ਦੇ ਚੇਤੇ ਵਿਚ ਤਾਂ ਉਹ ਦੁਖਦਾਈ ਘੜੀਆਂ ਸਦਾ ਜਿਊਂਦੀਆਂ ਰਹੀਆਂ ਸਨ। ਕਿੰਨੇ ਸਾਲ, ਕਿੰਨੀ ਵਾਰ ਉਹਨੇ ਹਉਕੇ ਭਰਦਿਆਂ, ਅੱਥਰੂ ਵਹਾਉਂਦਿਆਂ ਇਹ ਦੁਖਦ-ਕਥਾ ਸਾਡੇ ਨਾਲ ਸਾਂਝੀ ਕੀਤੀ ਸੀ ਤੇ ਸਾਰੀਆਂ ਭੈਣਾਂ ਨੇ ਪਥਰਾਈ ਚੁੱਪ ਵਿਚ ਉਹਦੇ ਹੰਝੂ ਹਉਕਿਆਂ ਨਾਲ ਆਪਣੇ ਹੰਝੂ ਹਉਕੇ ਰਲਾਏ ਸਨ। ਸਾਡਾ ਸਭ ਤੋਂ ਵੱਡਾ ਭਰਾ ਗਹਿਰਾ ਗ਼ਮ ਸੀਨੇ ਨਾਲ ਲਾ ਕੇ ਚੁੱਪ-ਚੁੱਪ ਰਹਿਣ ਲੱਗਾ। ਉਹਨੂੰ ਆਪਣੀ ਉਮਰ ਦੇ ਦੋਸਤਾਂ ਨਾਲ ਖੇਡਾਂ ਖੇਡਣੀਆਂ ਚੰਗੀਆਂ ਨਾ ਲੱਗਦੀਆਂ।

ਲੋਕ ਤਾਂ ਵੱਖਰੇ ਤੇ ਵੱਡੇ ਪ੍ਰਸੰਗ ਵਿਚ ਇਹ ਕਥਨ ਦੁਹਰਾਉਂਦੇ ਰਹੇ ਹਨ ਪਰ ਮੇਰੀ ਮਾਂ ਇਹਨੂੰ ਆਪਣੇ ਨਿੱਜੀ ਦੁੱਖ ਨਾਲ ਜੋੜ ਕੇ ਆਖਦੀ, 'ਛੱਬੀ ਜਨਵਰੀ ਦਾ ਉਹ ਦਿਨ ਲੋਕਾਂ ਲਈ ਹੋਊ ਕਿਸੇ ਅਜਾਦੀ ਦਾ ਦਿਨ, ਪਰ, ਸਾਡੇ ਲਈ ਤਾਂ ਉਹ ਬਰਬਾਦੀ ਦਾ ਦਿਨ ਸੀ।'

ਅਸੀਂ ਭੈਣਾਂ ਹਰ ਸਾਲ ਇਸ ਕੋਸ਼ਿਸ਼ ਵਿਚ ਰਹਿੰਦੀਆਂ ਕਿ ਬੀਬੀ ਨੂੰ ਸਾਲ ਬਾਅਦ ਆਉਣ ਵਾਲੇ ਛੱਬੀ ਜਨਵਰੀ ਦੇ ਦਿਨ ਦਾ ਪਤਾ ਹੀ ਨਾ ਲੱਗੇ ਕਿ ਅੱਜ ਛੱਬੀ ਜਨਵਰੀ ਹੈ। ਪਤਾ ਲੱਗਣ 'ਤੇ ਉਹ ਸਾਰੀ ਦਿਹਾੜੀ ਵੈਣ ਪਾਉਂਦੀ ਰਹਿੰਦੀ। ਉਹਨੂੰ ਲੱਗਦਾ ਕਿ ਉਹਦਾ ਪਤੀ ਜਿਵੇਂ ਹੁਣੇ ਮਰਿਆ ਹੋਵੇ ਤੇ ਵਿਹੜੇ ਵਿਚ ਇਕੱਠੀ ਹੋਈ ਭੀੜ ਦੀ ਕੁਰਲਾਹਟ ਵਿਚ ਉਹਦੀ ਫ਼ੀਰੋਜ਼ਪੁਰੋਂ ਅੱਪੜੀ ਲਾਸ਼ ਪਈ ਹੋਵੇ।

ਇਕ ਵਾਰ ਸਕਿਆਂ 'ਚੋਂ ਸਾਡੇ ਸੰਵੇਦਨਸ਼ੀਲ ਤਾਏ ਸੋਹਣ ਸਿੰਘ ਨੇ ਮੇਰੇ ਸਿਰ 'ਤੇ ਪਿਆਰ ਦੇ ਕੇ ਅੱਖਾਂ 'ਚ ਹੰਝੂ ਭਰ ਲਏ। ਮੈਂ ਉਦੋਂ ਨੌਕਰੀ ਕਰਨ ਲੱਗੀ ਸਾਂ। ਪਹਿਲਾਂ ਤਾਂ ਉਹਨੂੰ ਰੋਂਦਿਆਂ ਵੇਖ ਕੇ ਗੱਲ ਦੀ ਸਮਝ ਨਾ ਆਈ। ਫਿਰ ਕੁਝ ਸੋਚ ਕੇ ਮੇਰਾ ਹਾਸਾ ਨਿਕਲ ਗਿਆ। ਮੈਂ ਆਖਿਆ, 'ਤਾਇਆ ਜੀ, ਅੱਜ ਪੰਦਰਾਂ ਅਗਸਤ ਹੈ, ਛੱਬੀ ਜਨਵਰੀ ਨਹੀਂ।' ਅਸਲ ਗੱਲ ਇਹ ਸੀ ਕਿ ਤਾਏ ਨੂੰ ਭੁਲੇਖਾ ਲੱਗ ਗਿਆ ਸੀ ਕਿ ਸਾਡੇ ਪਿਤਾ ਦੀ ਮੌਤ ਸ਼ਾਇਦ ਏਸ, ਪੰਦਰਾਂ ਅਗਸਤ ਵਾਲੇ 'ਆਜ਼ਾਦੀ ਦਿਹਾੜੇ' ਨੂੰ ਹੋਈ ਸੀ। ਪਰ ਇਕ ਗੱਲ ਤਾਂ ਜ਼ਰੂਰ ਸੀ ਕਿ ਏਨੇ ਸਾਲ ਬੀਤ ਜਾਣ ਦੇ ਬਾਅਦ ਵੀ ਸਾਡੇ ਪਿਤਾ ਦੇ ਭਰ ਜਵਾਨੀ ਵਿਚ ਤੁਰ ਜਾਣ ਦਾ ਦਰਦ ਉਹਦੇ ਭਰਾ ਦੇ ਮਨ ਵਿਚ ਤਰੋ-ਤਾਜ਼ਾ ਸੀ।

ਅਨੁਮਾਨ ਲਾਇਆ ਜਾ ਸਕਦਾ ਹੈ ਕਿ ਮੇਰੀ ਮਾਂ ਦੇ ਦਿਲ ਅੰਦਰ ਇਸ ਦਰਦ ਦੀ ਕਿੰਨੀ ਡੂੰਘੀ ਚੀਸ ਹੋਵੇਗੀ ਅਤੇ ਇਸ ਮਾਹੌਲ ਵਿਚ ਸਾਡਾ ਬਚਪਨ ਕਿਹੋ ਜਿਹਾ ਬੀਤਿਆ ਹੋਵੇਗਾ। ਪਰ ਇਸ ਅਨੁਮਾਨ ਵਿਚ ਕੁਝ ਹੋਰ ਵੀ ਜੋੜਨਾ ਚਾਹਵਾਂਗੀ। ਤਰਸ ਜਾਂ ਹਮਦਰਦੀ ਮੰਗਣ ਲਈ ਨਹੀਂ। ਜੀਵਨ ਦਾ ਸੱਚ ਬਿਆਨਣ ਲਈ। ਪੰਝੀ ਕੁ ਸਾਲ ਦੀ ਉਮਰ ਹੋਵੇਗੀ ਮਾਂ ਦੀ ਜਦੋਂ ਉਹ ਵਿਧਵਾ ਹੋ ਗਈ। ਜਿਓਂ ਜੰਮੀ ਤੇ ਬੋਦੀਓਂ ਲੰਮੀ ਵਾਲੀ ਕਹਾਵਤ ਸਾਡੀ ਮਾਂ 'ਤੇ ਢੁਕਦੀ ਹੈ। ਪਤੀ ਦੇ ਘਰ ਵਿਚ ਲਗਭਗ ਬਾਰਾਂ ਤੇਰਾਂ ਵਰ੍ਹੇ ਦੇ ਵਿਆਹੁਤਾ ਤੇ ਲਗਭਗ ਹਰਿਆਲੇ ਜੀਵਨ ਦੇ ਉਰਾਰ-ਪਾਰ ਉਹਦੇ ਲਈ ਭੁੱਜਦਾ ਹੋਇਆ ਮਾਰੂਥਲ ਸੀ। ਤਪਦੀ ਰੇਤ, ਪੈਰਾਂ ਵਿਚ ਛਾਲੇ, ਹੋਠਾਂ 'ਤੇ ਤਪਦੀ ਪਿਆਸ। ਪਰ ਉਹਨੇ ਮਾਰੂਥਲ ਵਿਚ ਵੀ ਤਾਂ ਤੁਰਨਾ ਸੀ। ਉਹ ਆਪਣੀਆਂ ਬੋਟਾਂ ਵਰਗੀਆਂ ਚਾਰ ਧੀਆਂ ਨੂੰ ਕਿਵੇਂ ਮਾਰੂਥਲ ਦੀ ਤਪਸ਼ ਵਿਚ ਭੁੱਜਣ ਦਿੰਦੀ! ਉਹ ਡਿਗਦੀ-ਢਹਿੰਦੀ ਉਠਦੀ ਤੇ ਅੱਗੇ ਤੁਰ ਪੈਂਦੀ। ਸਿਰ ਦੇ ਸਾਈਂ ਦੇ ਤੁਰ ਜਾਣ ਨਾਲ ਉਹਦੇ ਨਾਲ ਜੁੜੀਆਂ ਸਰਦਾਰੀਆਂ ਵੀ ਤੁਰ ਗਈਆਂ। ਪਤੀ ਦੀ ਮੌਤ ਸਮੇਂ ਮਾਂ ਗਰਭਵਤੀ ਸੀ। ਆਸ ਸੀ ਕਿ ਸ਼ਾਇਦ ਇਸ ਵਾਰੀ ਕੁਦਰਤ ਭੁੱਲ ਕੇ ਪੁਤਰ ਦੀ ਦਾਤ ਬਖ਼ਸ਼ ਦੇਵੇ! ਪਰ ਨਹੀਂ, ਇਕ ਧੀ ਹੋਰ ਆ ਗਈ ਸੀ।

ਮਾਂ ਬਹੁਤ ਦੁਖੀ ਹੋ ਗਈ। ਭਰ ਜਵਾਨ ਵਿਧਵਾ ਔਰਤ! ਚਾਰ ਧੀਆਂ ਦਾ ਸਿਰ 'ਤੇ ਬੋਝ!

ਮੈਂ ਬੱਚੀ ਸਾਂ। ਮਾਂ ਨੂੰ ਰੋਜ਼ ਰੋਂਦਿਆਂ ਵੇਖ ਕੇ ਘਬਰਾ ਜਾਂਦੀ। ਆਪ ਵੀ ਰੋਣ ਲੱਗਦੀ। ਦਰੱਖਤਾਂ 'ਤੇ ਬੋਲਦੇ ਪੰਛੀ ਵੀ ਰੋਂਦੇ ਲੱਗਦੇ। ਚਰਖ਼ੇ ਦੀ ਘੂੰ-ਘੂੰ ਵੀ ਵੈਣ ਪਾਉਂਦੀ ਲੱਗਦੀ। ਹਰ ਵੇਲੇ ਕੁਝ ਮੰਦਾ ਵਾਪਰ ਜਾਣ ਦਾ ਡਰ ਲੱਗਾ ਰਹਿੰਦਾ। ਆਸਰਾ ਭਾਲਣ ਲਈ ਆਪਣੇ ਪਿਉ ਦੇ ਜਿਊਂਦੇ ਹੋਣ ਦੇ ਚੰਗੇ ਸਮੇਂ ਦੀਆਂ ਗੱਲਾਂ ਸੁਣਾਉਣ ਲਈ ਬੀਬੀ ਨੂੰ ਆਖਦੀ। ਬੀਬੀ ਨਾਲੇ ਰੋਂਦੀ ਨਾਲੇ ਦੱਸਦੀ, 'ਤੇਰੇ ਭਾਪਾ ਜੀ ਜਦੋਂ ਘਰ ਆਉਂਦੇ ਤਾਂ ਹੱਸਦੇ-ਗਾਉਂਦੇ ਆਉਂਦੇ। ਬੂਹਾ ਲੰਘਦਿਆਂ ਮਖ਼ੌਲ ਨਾਲ ਕਹਿਣਾ, 'ਘਰ ਆਏ ਪ੍ਰਾਹੁਣੇ ਤੇ ਆਲੂ-ਵੜੀਆਂ ਬਨਾਉਣੇ।' ਗਲੀ-ਗਵਾਂਢ ਦੇ ਨਿਆਣੇ ਭੱਜੇ ਆਉਂਦੇ। ਉਨ੍ਹਾਂ ਦੁਆਲੇ ਕੱਠੇ ਹੋ ਕੇ ਰੌਲਾ ਪਾਉਂਦੇ ਤੇ ਲਾਡ ਲਡਾਉਂਦੇ। ਉਹ ਉਨ੍ਹਾਂ ਵਿਚ ਪੈਸੇ, ਫ਼ਲ ਤੇ ਮਠਿਆਈਆਂ ਵੰਡਦੇ। ਬੱਚਿਆਂ ਨੂੰ ਬਹੁਤ ਪਿਆਰ ਕਰਦੇ ਸਨ।'

ਇਹ ਸੋਚ ਕੇ ਮੇਰੇ ਕਲੇਜੇ ਦਾ ਹੁਣ ਵੀ ਰੁੱਗ ਭਰਿਆ ਜਾਂਦਾ ਹੈ। ਸਾਨੂੰ ਤਾਂ ਕਿਸੇ ਨੇ ਵੀ ਏਦਾਂ ਲਾਡ ਨਾ ਲਡਾਏ। ਹੋਰਨਾਂ ਦੇ ਪਿਉ ਆਪਣੀਆਂ ਧੀਆਂ ਨੂੰ ਲਾਡ ਲਡਾਉਂਦੇ, ਉਨ੍ਹਾਂ ਦੀਆਂ ਮੰਗਾਂ ਪੂਰੀਆਂ ਕਰਦੇ ਤਾਂ ਮੇਰੇ ਅੰਦਰ ਨੂੰ ਹਾਉਕਾ ਚੀਰ ਜਾਂਦਾ। ਮੈਂ ਪਿਛਲੇ ਅੰਦਰ ਜਾ ਕੇ ਰੋਂਦੀ, 'ਹਾਇ! ਭਾਪਾ ਜੀ!'

—

ਇਹ ਸੀ ਰਜਵੰਤ ਦਾ ਰਿਸਦੇ ਜ਼ਖ਼ਮ ਦੀ ਕਹਾਣੀ। 'ਤੇ ਇਹ ਜ਼ਖ਼ਮ ਹੁਣ ਤੱਕ ਰਿਸੀ ਜਾ ਰਿਹਾ ਸੀ।

2023 ਵਿਚ ਲਾਹੌਰ ਵਿਚ ਇੱਕ ਪੰਜਾਬੀ ਕਾਨਫ਼ਰੰਸ ਹੋ ਰਹੀ ਸੀ। ਕਾਨਫ਼ਰੰਸ ਦੇ ਮੇਜ਼ਬਾਨ ਅਹਿਮਦ ਰਜ਼ਾ ਨੇ ਕਾਨਫ਼ਰੰਸ ਵਿਚ ਹਰ ਹਾਲਤ ਵਿਚ ਸ਼ਿਰਕਤ ਕਰਨ ਲਈ ਜ਼ੋਰ ਪਾਇਆ। ਸਾਡਾ ਦੋਵਾਂ ਦਾ ਵੀਜ਼ਾ ਵੀ ਲੱਗ ਗਿਆ, ਪਰ ਅਸੀਂ ਕਿਸੇ

**(ਬਾਕੀ ਅਗਲੇ ਸਫੇ 'ਤੇ)**

*(ਪਿਛਲੇ ਸਫੇ ਦਾ ਬਾਕੀ)*

ਕਾਰਨ ਕਾਨਫ਼ਰੰਸ 'ਤੇ ਨਾ ਪਹੁੰਚ ਸਕੇ। ਜਨਵਰੀ 2024 ਵਿਚ ਪੰਜਾਬ ਗਏ ਤਾਂ ਰਜਵੰਤ ਜ਼ੋਰ ਪਾਉਣ ਲੱਗੀ ਕਿ ਤਿੰਨ ਮਹੀਨੇ ਲਈ ਮਿਲੇ ਵੀਜ਼ੇ ਦੇ ਦਿਨ ਬਚਦੇ ਨੇ। ਚੱਲੀਏ ਪਾਕਿਸਤਾਨ!

ਤੇ ਅਸੀਂ ਪਾਕਿਸਤਾਨ ਪਹੁੰਚ ਗਏ। ਅੱਧ ਫਰਵਰੀ ਦਾ ਸੁਹਾਵਣਾ ਮੌਸਮ ਸੀ। ਅਹਿਮਦ ਰਜ਼ਾ ਹੁਰੀਂ ਸਾਨੂੰ ਬਾਰਡਰ ਤੋਂ ਲੈ ਗਏ ਤੇ ਸਾਡਾ ਹੋਟਲ ਵਿਚ ਠਹਿਰਾਉ ਕਰ ਦਿੱਤਾ। ਅਹਿਮਦ ਰਜ਼ਾ ਪੰਜਾਬੀ ਤੇ ਉਹਦੇ ਸਾਥੀ ਅੰਜੁਮ ਗਿੱਲ ਨੇ ਸਾਡੇ ਲਈ ਸੱਤ ਸੀਟਾਂ ਵਾਲੀ ਕਾਰ ਕਿਰਾਏ 'ਤੇ ਲੈ ਰੱਖੀ ਸੀ। ਹੋਟਲ ਵਿਚ ਚਾਹ-ਪਾਣੀ ਪੀਣ ਤੋਂ ਬਾਅਦ ਉਨ੍ਹਾਂ ਨੇ ਕਿਹਾ ਕਿ ਅਸੀਂ ਜਿੱਥੇ ਵੀ ਜਾਣਾ ਚਾਹਵਾਂਗੇ, ਉਹ ਸਾਡੇ ਨਾਲ ਜਾਣਗੇ। ਜਿੰਨੇ ਦਿਨ ਵੀ ਰਹਾਂਗੇ, ਹਰ ਪੜਾਅ 'ਤੇ ਉਹ ਸਾਡੇ ਸੰਗੀ-ਸਾਥੀ ਬਣੇ ਰਹਿਣਗੇ।

ਪਾਕਿਸਤਾਨ ਗਏ ਤਾਂ ਸਾਡੀ ਤਾਂਘ ਵਿਛੜੇ ਗੁਰਧਾਮਾਂ ਦੇ ਦਰਸ਼ਨ-ਦੀਦਾਰੇ ਕਰਨ ਦੀ ਤਾਂ ਸੀ ਹੀ, ਪਰ ਉਸਤੋਂ ਵੀ ਪਹਿਲਾਂ ਮੇਰੀ ਸਭ ਤੋਂ ਵੱਡੀ ਪ੍ਰਬਲ ਤਾਂਘ ਮੇਰੇ ਜੱਦੀ ਪਿੰਡ, ਜੱਦੀ ਘਰ ਨੂੰ ਵੇਖਣ ਦੀ ਸੀ ਤੇ ਰਜਵੰਤ ਦੀ ਤਾਂਘ ਕਿਲਾ ਗੁੱਜਰ ਸਿੰਘ ਥਾਣੇ ਵਿਚ ਜਾ ਕੇ ਆਪਣੇ ਪਿਤਾ ਦੀ ਛੋਹ ਨੂੰ ਮਹਿਸੂਸ ਕਰਨ ਦੀ। ਪਰ ਆਪਣੀ ਤਾਂਘ-ਪੂਰਤੀ ਤੋਂ ਪਹਿਲਾਂ ਉਹ ਚਾਹੁੰਦੀ ਸੀ ਕਿ ਮੇਰਾ ਜੱਦੀ ਪਿੰਡ ਭਡਾਣਾ ਵੇਖਿਆ ਜਾਵੇ। ਉਹ ਮੇਰੇ ਅੰਦਰਲੀ ਪੀੜ ਤੇ ਹਸਰਤ ਜਾਣਦੀ ਸੀ। ਦੋ ਵਾਰ ਪਾਕਿਸਤਾਨ ਜਾ ਆਇਆ ਸਾਂ, ਪਰ ਪੁਰਖਿਆਂ ਦੀ ਧਰਤੀ 'ਤੇ ਦਰਸ਼ਨ ਨਹੀਂ ਸਾਂ ਕਰ ਸਕਿਆ। ਸੋ ਕਿਲਾ ਗੁੱਜਰ ਸਿੰਘ ਜਾਣ ਦਾ ਪ੍ਰੋਗਰਾਮ ਅਗਲੇ ਦਿਨ ਦਾ ਬਣਾਇਆ ਗਿਆ।

ਕਿਸੇ ਪਾਕਿਸਤਾਨੀ ਥਾਣੇ ਵਿਚ ਕਿਸੇ ਅਜਨਬੀ ਹਿੰਦੁਸਤਾਨੀ ਦਾ ਜਾਣਾ ਸੌਖਾ ਨਹੀਂ ਸੀ। ਅੱਵਲ ਤਾਂ ਕਿਸੇ ਪਾਕਿਸਤਾਨੀ ਥਾਣੇ ਵਿਚ ਤੁਸੀਂ ਐਵੇਂ ਹੀ ਵੜ ਕੇ ਥਾਣੇ ਨੂੰ ਵੇਖਣ ਦੀ ਭਾਵੇਂ ਕਿੰਨੀ ਵੀ ਵਾਜਬ ਇੱਛਾ ਕਿਉਂ ਨਾ ਜ਼ਾਹਿਰ ਕਰੋ, ਤਾਂ ਵੀ, ਅਗਲੇ ਚਾਹੁੰਦੇ ਹੋਏ ਵੀ ਸਿਆਸੀ ਤੇ ਪ੍ਰਬੰਧਕੀ ਉਲਝਣਾ ਵਿਚ ਫਸਣੋਂ ਬਚਣ ਲਈ ਸਹਿਜੇ ਕੀਤੇ ਪ੍ਰਵਾਨਗੀ ਨਹੀਂ ਦੇਣਗੇ। ਜੇ ਥਾਣੇ ਵਾਲੇ ਤੁਹਾਡੇ ਨਾਲ 'ਜੀ ਆਇਆਂ ਵਾਲਾ' ਵਿਹਾਰ ਕਰਨਗੇ ਤਾਂ ਸਰਕਾਰੀ ਪੱਧਰ 'ਤੇ ਉਨ੍ਹਾਂ ਵਾਸਤੇ ਕਈ ਮੁਸ਼ਕਿਲਾਂ ਪੇਸ਼ ਆ ਸਕਦੀਆਂ ਨੇ। ਮੈਨੂੰ ਵੀ ਇਸ ਗੱਲ ਦਾ ਅਹਿਸਾਸ ਸੀ। ਪਰ ਅਸੀਂ ਇਸ ਮੁਸ਼ਕਿਲ ਦਾ ਹੱਲ ਪਹਿਲਾਂ ਹੀ ਕਰ ਛੱਡਿਆ ਸੀ।

'ਗੰਗਾ ਸਾਗਰ' ਵਾਲੇ ਰਾਇ ਅਜ਼ੀਜ਼ ਉੱਲ੍ਹਾ ਖਾਨ ਮੇਰੇ ਪਰਮ ਮਿੱਤਰ ਹਨ। ਰਾਇਕੋਟ ਦੇ ਰਾਇ ਕੱਲ੍ਹਾ ਦੀ ਉਹ ਨੌਵੀਂ ਸੰਤਾਨ ਹਨ। ਗੁਰੂ ਗੋਬਿੰਦ ਸਿੰਘ ਜਦੋਂ ਚਮਕੌਰ ਦੀ ਜੰਗ ਤੋਂ ਬਾਅਦ ਮਾਛੀਵਾੜੇ ਦੇ ਜੰਗਲਾਂ ਵਿਚੋਂ ਹੁੰਦੇ ਹੋਏ, ਬਚਦੇ-ਬਚਾਉਂਦੇ ਰਾਇ ਕੱਲ੍ਹਾ ਕੋਲ ਪਹੁੰਚੇ ਤਾਂ ਰਾਇ ਕੱਲ੍ਹਾ ਨੇ ਉਨ੍ਹਾਂ ਨੂੰ ਬੜੇ ਆਦਰ-ਸਤਿਕਾਰ ਨਾਲ ਆਪਣੀਆਂ ਸੇਵਾਵਾਂ ਪੇਸ਼ ਕਰਦਿਆਂ ਠਾਹਰ ਦਿੱਤੀ। ਹਕੂਮਤ ਦੇ ਬਾਗ਼ੀ ਨੂੰ ਆਪਣੇ ਕੋਲ ਠਾਹਰ ਦੇਣਾ ਬੜੇ ਵੱਡੇ ਦਿਲ-ਗੁਰਦੇ ਦਾ ਕੰਮ ਸੀ, ਪਰ ਰਾਇ ਕੱਲ੍ਹਾ ਨੇ ਹਕੂਮਤੀ ਕਹਿਰ ਦੀ ਪ੍ਰਵਾਹ ਨਾ ਕੀਤੀ। ਇਥੋਂ ਹੀ ਗੁਰੂ ਜੀ ਦੇ ਕਹਿਣ 'ਤੇ ਉਹਨੇ ਆਪਣੇ ਨੌਕਰ ਨੂਰੇ ਮਾਹੀ ਨੂੰ ਭੇਜਿਆ ਕਿ ਉਹ ਜਾਵੇ ਤੇ ਪਤਾ ਕਰ ਕੇ ਆਵੇ ਕਿ ਸਰਸਾ ਨਦੀ 'ਤੇ ਹੋਏ ਪਰਿਵਾਰ-ਵਿਛੋੜੇ ਤੋਂ ਬਾਅਦ ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦੇ ਕਿੱਥੇ ਤੇ ਕਿਸ ਹਾਲ ਵਿਚ ਹਨ। ਏਥੇ ਹੀ ਨੂਰੇ ਮਾਹੀ ਨੇ ਛੋਟੇ ਦੋਵਾਂ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਦੀ ਸ਼ਹਾਦਤ ਦੀ ਦੁਖਦਾਈ ਖ਼ਬਰ ਗੁਰੂ ਜੀ ਨੂੰ ਸੁਣਾਈ ਸੀ। ਜਦੋਂ ਗੁਰੂ ਜੀ ਰਾਇ ਕੋਟ ਤੋਂ ਅੱਗੇ ਰਵਾਨਾ ਹੋਣ ਲੱਗੇ ਤਾਂ ਉਨ੍ਹਾਂ ਨੇ ਰਾਇ ਕੱਲ੍ਹਾ ਨੂੰ ਆਪਣੀਆਂ ਕੁਝ ਯਾਦ-ਨਿਸ਼ਾਨੀਆਂ ਸੌਗਾਤ ਵਜੋਂ ਦਿੱਤੀਆਂ, ਜਿਨ੍ਹਾਂ ਵਿਚ ਇੱਕ ਤਾਂਬੇ ਦਾ ਲੋਟਾ-ਨੁਮਾ ਬਰਤਨ 'ਗੰਗਾ ਸਾਗਰ' ਵੀ ਸੀ। ਇਸ ਬਰਤਨ ਵਿਚ ਬਾਰੀਕ ਛੇਕ ਹਨ। ਇਹਦੀ ਬਣਤਰ ਕੁਝ ਇਸ ਪ੍ਰਕਾਰ ਦੀ ਹੈ ਕਿ ਜੇ ਤਰਲ ਪਦਾਰਥ ਇਸ ਵਿਚ ਪਾਉ ਤਾਂ ਨਹੀਂ ਡੁੱਲ੍ਹਦਾ, ਰੇਤ ਪਾਉ ਤਾਂ ਛੇਕਾਂ ਵਿਚੋਂ ਕਿਰ ਜਾਂਦੀ ਹੈ। ਇਹ ਸੌਗਾਤ ਰਾਇ ਪਰਿਵਾਰ ਨੇ ਨੌਂ ਪੀੜ੍ਹੀਆਂ ਤੋਂ ਸੰਭਾਲ ਕੇ ਰੱਖੀ ਹੋਈ ਹੈ। ਇਸ ਬਰਤਨ ਨੂੰ ਕਿਉਂਕਿ ਗੁਰੂ ਜੀ ਦੇ ਮੁਬਾਰਕ ਹੱਥਾਂ ਦੀ ਛੋਹ ਲੱਗੀ ਹੋਈ ਹੈ, ਇਸ ਲਈ ਸਿੱਖ ਸਮਾਜ ਇਸਦੇ ਦਰਸ਼ਨ ਕਰਨ ਦੀ ਤਾਂਘ ਰੱਖਦਾ ਹੈ ਤੇ ਰਾਇ ਕੱਲ੍ਹਾ ਨੇ ਪੰਜਾਬ ਵਿਚ ਵੀ ਤੇ ਦੇਸ਼-ਵਿਦੇਸ਼ ਵਿਚ ਵੱਸਦੇ ਸਿੱਖਾਂ ਦੀ ਇੱਛਾ ਪੂਰਤੀ ਲਈ ਗੰਗਾ ਸਾਗਰ ਦੇ ਦਰਸ਼ਨ ਕਰਵਾਉਣ ਦਾ ਉੱਦਮ ਵੀ ਕੀਤਾ ਹੈ।

ਰਾਇ ਅਜ਼ੀਜ਼ ਉਲ੍ਹਾ ਖਾਨ ਪਾਕਿਸਤਾਨ ਦੇ ਮੈਂਬਰ ਪਾਰਲੀਮੈਂਟ ਵੀ ਰਹਿ ਚੁੱਕੇ ਹਨ। ਸੰਸਾਰ ਭਰ ਵਿਚ ਵੱਸਦੇ ਸਿੱਖ-ਸਮਾਜ ਵਿਚ ਤਾਂ ਉਹ ਬਹੁਤ ਪਿਆਰੇ ਸਤਿਕਾਰੇ ਵਿਅਕਤੀ ਹਨ ਹੀ, ਪਾਕਿਸਤਾਨ ਵਿਚ ਵੀ ਉਨ੍ਹਾਂ ਦੀ ਚੰਗੀ ਸੋਭਾ ਹੈ। ਇਮਰਾਨ ਖ਼ਾਨ ਦੇ ਦੋਸਤ ਤੇ ਜਮਾਤੀ ਵੀ ਰਹੇ ਹਨ। ਭਾਵੇਂ ਇਮਰਾਨ ਖ਼ਾਨ ਇਨ੍ਹੀਂ ਦਿਨੀਂ ਜੇਲ੍ਹ ਵਿਚ ਸੀ, ਤਾਂ ਵੀ ਸਿਆਸਤਦਾਨਾਂ ਦੀਆਂ ਅਫ਼ਸਰਸ਼ਾਹੀ ਨਾਲ ਗੂੜ੍ਹੀਆਂ ਤੰਦਾਂ ਜੁੜੀਆਂ ਹੀ ਹੁੰਦੀਆਂ ਨੇ। ਉਹ ਉਨ੍ਹੀਂ ਦਿਨੀਂ ਆਪ ਤਾਂ ਕਨੇਡਾ ਵਿਚਲੇ ਸ਼ਹਿਰ ਸਰੀ ਵਿਚ ਆਪਣੇ ਬੇਟੇ ਕੋਲ ਸਨ, ਪਰ ਮੇਰੀ ਬੇਨਤੀ ਮੰਨਦਿਆਂ ਉਨ੍ਹਾਂ ਨੇ ਆਪਣੇ ਭਤੀਜੇ ਸ਼ਹਿਜ਼ਾਦ ਖ਼ਾਲਿਦ ਦੀ ਡਿਊਟੀ ਲਾ ਦਿੱਤੀ ਕਿ ਉਹ ਉਤਲੇ ਅਫ਼ਸਰਾਂ ਨਾਲ ਤਾਲ-ਮੇਲ ਕਰ ਕੇ ਸਾਡਾ ਥਾਣੇ ਵਿਚ ਜਾਣ ਦਾ ਪ੍ਰਬੰਧ ਕਰ ਦੇਵੇ। ਸ਼ਹਿਜ਼ਾਦ ਖ਼ਾਲਿਦ ਵੀ ਰਸੂਖ ਵਾਲਾ ਬੰਦਾ ਹੈ। ਨਨਕਾਣਾ ਸਾਹਿਬ ਦਾ ਨਾਜ਼ਿਮ ਵੀ ਰਹਿ ਚੁੱਕਾ ਹੈ। ਲਾਹੌਰ ਪਹੁੰਚਣ 'ਤੇ ਸ਼ਹਿਜ਼ਾਦ ਖ਼ਾਲਿਦ ਨੇ ਦਸਿਆ ਕਿ ਉਹਦੀ ਉਤਲੇ ਅਫ਼ਸਰਾਂ ਨਾਲ ਗੱਲ ਹੋ ਗਈ ਹੈ। ਜਦੋਂ ਵੀ ਅਸੀਂ ਥਾਣੇ ਜਾਣਾ ਹੋਵੇ ਤਾਂ ਉਹਨੂੰ ਦੱਸ ਦਿੱਤਾ ਜਾਵੇ। ਉਹ ਸਾਨੂੰ ਆਪਣੇ ਨਾਲ ਲੈ ਕੇ ਥਾਣੇ ਵਿਚ ਜਾਵੇਗਾ।

ਮੈਂ ਅਹਿਮਦ ਰਜ਼ਾ ਦੀ ਡਿਊਟੀ ਲਾ ਦਿੱਤੀ ਕਿ ਉਹ ਆਪਣੀ ਸਹੂਲਤ ਮੁਤਾਬਕ ਸ਼ਹਿਜ਼ਾਦ ਖ਼ਾਲਿਦ ਨਾਲ ਮਿਲਣ ਦਾ ਸਮਾਂ ਨਿਸਚਿਤ ਕਰ ਲੈਣ।

ਤੇ ਲਉ ਜੀ ਉਹ ਸਮਾਂ ਆ ਹੀ ਗਿਆ ਜਦੋਂ ਅਸੀਂ ਦੋਵੇਂ ਜੀਅ ਥਾਣਾ ਕਿਲਾ ਗੁੱਜਰ ਸਿੰਘ ਦੇ ਬਾਹਰ ਖਲੋਤੇ ਸਾਂ। ਥਾਣੇ ਦੇ ਅੱਧ-ਖੁੱਲ੍ਹੇ ਦਰਵਾਜ਼ੇ ਵਿਚੋਂ ਵੇਖਿਆ, ਇਹ ਇਮਾਰਤ ਉਹ ਤਾਂ ਲੱਗਦੀ ਨਹੀਂ ਸੀ, ਜਿਹੜੀ ਮੈਂ 2001 ਵਿਚ ਵੇਖੀ ਸੀ। ਇਹ ਤਾਂ ਕੋਈ ਨਵੀਂ ਉਸਰੀ ਖ਼ੂਬਸੂਰਤ ਇਮਾਰਤ ਸੀ। ਅਸੀਂ ਕਿਸੇ ਹੋਰ ਜਗ੍ਹਾ 'ਤੇ ਤਾਂ ਨਹੀਂ ਸਾਂ ਆ ਗਏ!

ਇੰਝ ਲੱਗਦਾ ਸੀ ਜਿਵੇਂ ਕ੍ਰਿਸ਼ਨ-ਸੁਦਾਮੇ ਵਾਲੀ ਕਥਾ ਸਜਿੰਦ ਹੋ ਉੱਠੀ ਹੋਵੇ! ਓਧਰ ਆਪਣੀ ਗ਼ਰੀਬੀ ਦੂਰ ਕਰਨ ਲਈ ਕ੍ਰਿਸ਼ਨ ਭਗਵਾਨ ਦੇ ਦਰਬਾਰ ਵਿਚ ਜੋਦੜੀ ਕਰਨ ਲਈ ਸੁਦਾਮਾ ਪਹੁੰਚਦਾ ਹੈ। ਕਈ ਦਿਨ ਕ੍ਰਿਸ਼ਨ ਉਹਦੀ ਸੇਵਾ-ਪਿਆਰ ਵਿਚ ਜੁੱਟਿਆ ਰਹਿੰਦਾ ਹੈ। ਫ਼ਰਿਆਦ ਕਰਨ ਆਇਆ ਸੁਦਾਮਾ, ਪਰ ਬਿਨਾਂ ਕੁਝ ਮੰਗੇ ਵਾਪਸ ਮੁੜ ਗਿਆ ਤਾਂ ਕੀ ਵੇਖਦਾ ਹੈ, ਉਹਦੇ ਗਰੀਬੜੇ ਘਰ ਦੀ ਥਾਂ ਕ੍ਰਿਸ਼ਨ ਨੇ ਆਲੀਸ਼ਾਨ ਮਹੱਲ ਬਣਵਾ ਦਿੱਤਾ ਸੀ।

ਅਹਿਮਦ ਰਜ਼ਾ ਨੇ ਮੇਰਾ ਭਰਮ ਦੂਰ ਕਰਦਿਆਂ ਦੱਸਿਆ ਕਿ ਇਹ ਗੜ੍ਹੀ ਸ਼ਾਹੂ ਦੀ ਉਹੀ ਥਾਂ ਹੈ ਜਿੱਥੇ ਪੁਰਾਣਾ ਥਾਣਾ ਹੁੰਦਾ ਸੀ। ਹੁਣ ਉਸ ਪੁਰਾਣੀ ਖਸਤਾ ਹੋ ਚੁੱਕੀ ਇਮਾਰਤ ਦੀ ਥਾਂ ਨਵੀਂ ਆਲੀਸ਼ਾਨ ਇਮਾਰਤ ਉਸਾਰੀ ਗਈ ਹੈ।

ਮੈਂ ਸੋਚ ਰਿਹਾ ਸਾਂ, ਕੀ ਨਵੇਂ ਆਲੀਸ਼ਾਨ ਥਾਣੇ ਵਿਚ ਵੀ ਸਾਨੂੰ ਇੰਝ ਹੀ ਸਨਮਾਨ ਮਿਲੇਗਾ!

ਸਾਡੇ ਖਲੋਤਿਆਂ ਹੀ ਰਾਇ ਸ਼ਹਿਜ਼ਾਦ ਖ਼ਾਲਿਦ ਵੀ ਆਪਣੀ ਕਾਰ ਵਿਚੋਂ ਉੱਤਰਿਆ। ਮੁਢਲੀ 'ਸਾਹਬ-ਸਲਾਮ' ਤੋਂ ਬਾਅਦ ਅਸੀਂ ਦਰਵਾਜ਼ਾ ਲੰਘ ਕੇ ਥਾਣੇ ਦੀ ਹਦੂਦ ਵਿਚ ਪਹੁੰਚੇ। ਨਵੀਂ ਇਮਾਰਤ ਧਰਤੀ ਦੀ ਸਤਹ ਤੋਂ ਦਸ-ਪੰਦਰਾਂ ਫੁੱਟ ਉਚਾਈ 'ਤੇ ਬਣਾਈ ਗਈ ਹੈ। ਪੌੜੀਆਂ ਅਸੀਂ ਵੇਖਿਆ ਦੋ ਵਰਦੀ ਧਾਰੀ ਅਫ਼ਸਰ ਤੇ ਉਨ੍ਹਾਂ ਦੇ ਸਹਿਕਰਮੀ ਹੱਥ ਵਿਚ ਫੁੱਲਾਂ ਦਾ ਵੱਡਾ ਗੁਲਦਸਤਾ ਫੜੀ ਖਲੋਤੇ ਸਾਡੀ ਉਡੀਕ ਕਰ ਰਹੇ ਸਨ। ਅੰਜੁਮ ਗਿੱਲ ਤੇ ਫ਼ੈਸਲ ਅਲੀ ਨੇ ਸਾਡੀ ਲਾਈਵ ਵੀਡੀਓ ਬਨਾਉਣੀ ਸ਼ੁਰੂ ਕੀਤੀ। ਤੇ ਅਹਿਮਦ ਰਜ਼ਾ ਨੇ ਬੋਲਣਾ ਸ਼ੁਰੂ ਕੀਤਾ:-

'ਸਤਿ ਸ੍ਰੀ ਅਕਾਲ ਤੇ ਨਮਸਕਾਰ ਮਿੱਤਰੋ! ਇਸ ਵੇਲੇ ਮੈਂ ਪਹੁੰਚਾ ਵਾਂ ਪੁਲਿਸ ਸਟੇਸ਼ਨ ਕਿਲਾ ਗੁਜਰ ਸਿੰਘ ਤੇ ਪੁਲਿਸ ਸਟੇਸ਼ਨ ਦੇ ਨਾਮ ਨੂੰ ਸੁਣ ਕੇ ਤੁਸੀਂ ਪਰੇਸ਼ਾਨ ਨਹੀਂ ਹੋਣਾ। ਮੈਂ ਵਰਿਆਮ ਸਿੰਘ ਸੰਧੂ ਸਾਹਿਬ ਤੇ ਰਜਵੰਤ ਕੌਰ ਜੀ ਹੋਰਾਂ ਨੂੰ ਇੱਥੇ ਲੈ ਕੇ ਆਇਆ ਹਾਂ। ਇਸ ਥਾਂ ਨਾਲ, ਇਸ ਪੁਲਿਸ ਸਟੇਸ਼ਨ ਨਾਲ ਖਾਸ ਐਸੋਸੀਏਸ਼ਨ ਹੈ ਰਜਵੰਤ ਕੌਰ ਮਾਂ ਜੀ ਹੋਰਾਂ ਦੀ। ਇਨ੍ਹਾਂ ਦੇ ਜਿਹੜੇ ਬਾਪੂ ਸਨ, ਜਦੋਂ ਪਾਰਟੀਸ਼ਨ ਹੁੰਦੀ ਹੈ, ਉਹ ਇਥੋਂ ਦੇ ਥਾਣੇਦਰ ਸਨ। ਇਨ੍ਹਾਂ ਦੀ ਖ਼ਾਹਿਸ਼ ਸੀ ਤੇ ਇਨ੍ਹਾਂ ਦਾ ਪਾਕਿਸਤਾਨ ਆਣ ਦਾ ਕਾਰਨ ਵੀ ਇਹੀ ਬਣਿਆ ਹੈ ਕਿ ਮੈਂ ਉਸ ਥਾਂ ਨੂੰ ਜਾ ਕੇ ਦੇਖਾਂ ਜਿੱਥੇ ਇਨ੍ਹਾਂ ਦੇ ਬਾਪ ਥਾਣੇਦਾਰ ਸਨ। ਇਹ ਛੋਟੇ ਹੀ ਸਨ ਕਿ ਬਾਪੂ ਜੀ ਪੂਰੇ ਹੋ ਗਏ। ਲੇਕਿਨ ਇਹ ਸਾਰੀ ਜ਼ਿੰਦਗੀ ਸੋਚਦੇ ਰਹੇ ਕਿ ਮੈਂ ਉਨ੍ਹਾਂ ਥਾਵਾਂ 'ਤੇ ਜਾਵਾਂ, ਜਿਥੇ ਮੇਰੇ ਬਾਪ ਨੇ ਆਪਣੀ ਜ਼ਿੰਦਗੀ ਦੇ ਸੋਹਣੇ ਸਾਲ ਬਿਤਾਏ ਸਨ। ਸੋ ਇਨ੍ਹਾਂ ਦੀ ਖਾਹਿਸ਼ ਅੱਜ ਇਥੇ ਪੂਰੀ ਹੋਈ ਹੈ। ਇਸ ਵੇਲੇ ਅਸੀਂ ਖੜੇ ਹਾਂ ਥਾਣਾ ਗੁਜਰ ਸਿੰਘ ਗੜ੍ਹੀ ਸ਼ਾਹੂ ਦੇ ਵਿਚ ਔਰ ਮਿਲਦੇ ਹਾਂ ਇੱਥੋਂ ਦੇ ਲੋਕਾਂ ਦੇ ਨਾਲ। ਐਸ.ਐਚ.ਓ. ਸਾਹਿਬ ਤੋਂ ਜਾਣਦੇ ਆ ਕਿ ਉਨ੍ਹਾਂ ਕੋਲ ਕੋਈ ਪੁਰਾਣਾ ਰਿਕਾਰਡ ਵੀ ਹੈ ਤੇ ਨਾਲੇ ਇਨ੍ਹਾਂ ਦੇ ਕੀ ਜਜ਼ਬਾਤ ਹਨ, ਇਹ ਵੀ ਤੁਹਾਨੂੰ ਫਿਰ ਸੁਣਵਾਂਦੇ ਹਾਂ। ਆਉ ਚਲੀਏ ਜੀ...'

ਅਸੀਂ ਹੌਲੀ ਹੌਲੀ ਪੌੜੀਆਂ ਚੜ੍ਹਦੇ ਵੱਡੇ ਹਾਲ ਵਿਚ ਪਹੁੰਚਦੇ ਹਾਂ। ਸਾਹਮਣੇ ਖ਼ਾਕੀ ਵਰਦੀਆਂ ਵਿਚ ਜਚਦੇ ਦੋ ਗੱਭਰੂ ਪੁਲਿਸ ਅਫ਼ਸਰ ਖਲੋਤੇ ਸਨ। ਪੁਲਿਸ ਵਾਲਿਆਂ ਦੀਆਂ ਵਰਦੀਆਂ ਤੋਂ ਉਨ੍ਹਾਂ ਦੇ ਨਾਵਾਂ ਦੀ ਸ਼ਨਾਖ਼ਤ ਹੋ ਰਹੀ ਸੀ।

ਕਿਸੇ ਕਰਮਚਾਰੀ ਨੇ ਛੋਟੇ ਥਾਣੇਦਾਰ ਮੁਬੱਸ਼ਰ ਨੂੰ ਫੁੱਲਾਂ ਦਾ ਗੁਲਦਸਤਾ ਫੜਾਇਆ ਤੇ ਉਹਨੇ ਵੱਡੇ ਥਾਣੇਦਾਰ ਯੂਨਸ ਭੱਟੀ ਨੂੰ ਉਹ ਗੁਲਦਸਤਾ ਸੌਂਪ ਦਿੱਤਾ। ਫਿਰ ਦੋਵੇਂ ਗੁਲਦਸਤਾ ਸਤਿਕਾਰ ਵਜੋਂ ਰਜਵੰਤ ਕੌਰ ਦੇ ਹੱਥਾਂ ਵਿਚ ਫੜਾਉਂਦੇ ਹਨ। ਯੁਨਸ ਭੱਟੀ ਪੁਰ-ਖ਼ਲੂਸ ਅੰਦਾਜ਼ ਵਿਚ ਕਹਿੰਦਾ ਹੈ, 'ਵੈੱਲਕਮ ਜੀ!'

ਅੱਜ ਦੀ 'ਮਹਿਮਾਨ-ਏ-ਖ਼ਾਸੂਸੀ' ਤਾਂ ਉਹੋ ਹੀ ਸੀ। ਇਨ੍ਹਾਂ ਪਲਾਂ ਵਿਚ ਉਹ ਕੀ ਮਹਿਸੂਸ ਕਰ ਰਹੀ ਸੀ, ਕੀ ਕੀ ਖ਼ਿਆਲ ਉਹਦੇ ਮਨ ਵਿਚ ਆ ਰਹੇ ਹੋਣਗੇ! ਕੀ ਕੀ ਦ੍ਰਿਸ਼ ਉਹਦੀ ਅੱਖਾਂ ਅੱਗੇ ਲਿਸ਼ਕ ਰਹੇ ਹੋਣਗੇ!...ਇਸਦਾ ਬਿਆਨ ਕਰਨਾ ਬਹੁਤ ਮੁਸ਼ਕਿਲ ਹੈ। ਨੀਮ ਗੁਲਾਬੀ ਸੂਟ ਪਹਿਨੀ ਰਜਵੰਤ ਨੇ ਜਦੋਂ ਪੀਲੇ ਤੇ ਗੁਲਾਬੀ ਫੁੱਲ ਆਪਣੀ ਛਾਤੀ ਨਾਲ ਘੁੱਟੇ ਤਾਂ ਉਹਦੇ ਚਿਹਰੇ ਵਿਚ ਵੀ ਗੁਲਾਬ ਘੁਲ ਗਿਆ।

ਅਹਿਮਦ ਰਜ਼ਾ ਬੋਲ ਰਿਹਾ ਸੀ, 'ਇਹ ਨੇ ਜੀ ਜਨਾਬ ਐਸ.ਐਚ.ਓ. ਸਾਹਿਬ, ਯੂਨਸ ਭੱਟੀ ਸਾਹਿਬ ਤੇ ਇਨ੍ਹਾਂ ਨਾਲ ਨੇ ਜਨਾਬ ਮੁਬੱਸ਼ਰ ਸਾਹਿਬ। ਇਨ੍ਹਾਂ ਦੀ ਮੁਹੱਬਤ ਹੈ...ਬੜੀ ਮੁਹੱਬਤ ਹੈ ਭੱਟੀ ਸਾਹਿਬ ਤੁਹਾਡੀ, ਤੁਹਾਡੇ ਸਟਾਫ ਦੀ ਕਿ ਤੁਸੀਂ ਇਤਨਾ ਪਿਆਰਾ ਵੈਲਕਮ ਕੀਤਾ ਹੈ ਜੀ ਮਾਂ ਰਜਵੰਤ ਕੌਰ ਜੀ ਦਾ। ...'

ਰਜਵੰਤ ਗੁਲਦਸਤਾ ਮੇਰੇ ਹੱਥਾਂ ਵਿਚ ਦੇ ਕੇ ਝੁਕ ਕੇ ਦੋਵੇਂ ਹਥਾਂ ਨਾਲ ਧਰਤੀ ਨਮਸਕਾਰਦੀ ਹੈ ਤੇ ਫਿਰ ਆਪਣੇ ਦੋਵੇਂ ਹੱਥ ਮੱਥੇ ਨੂੰ ਛੁਹਾ ਕੇ ਛਾਤੀ ਨਾਲ ਘੁੱਟ ਲੈਂਦੀ ਹੈ। ਸ਼ਾਇਦ ਮਹਿਸੂਸ ਕਰ ਰਹੀ ਹੋਵੇ ਜਿਵੇਂ ਆਪਣੇ ਪਿਤਾ ਦੇ ਚਰਨਾਂ ਨੂੰ ਹੱਥ ਲਾਏ ਹੋਣ।

'ਕਿੱਥੇ ਚਲੀਏ ਸਰ...?'

ਅਹਿਮਦ ਰਜ਼ਾ ਐਸ.ਐਚ.ਓ. ਯੂਨਸ ਭੱਟੀ ਨੂੰ ਪੁੱਛਦਾ ਹੈ ਤਾਂ ਉਹ ਕਹਿੰਦਾ ਹੈ, 'ਆਉ! ਮੇਰੇ ਦਫ਼ਤਰ ਵਿਚ ਹੀ ਚੱਲਦੇ ਹਾਂ।'

ਵਰਾਂਡੇ ਵਿਚੋਂ ਲੰਘਦਿਆਂ ਤੇ ਫੇਰ ਅੰਦਰਲੇ ਹਾਲ ਵਿਚੋਂ ਗੁਜ਼ਰਦੇ ਹੋਏ ਵੇਖਦਾ ਹਾਂ। ਕੀ ਇਹ ਥਾਣਾ ਹੈ ਜਾਂ ਕੋਈ ਪੰਜ-ਤਾਰਾ ਹੋਟਲ ਜਾਂ ਕੋਈ ਕਲਾ-ਭਵਨ। ਚਮਕਦਾਰ ਸੰਗਮਰਮਰੀ ਫ਼ਰਸ਼। ਕੰਮ-ਕਾਰ ਲਈ ਆਉਣ ਵਾਲੇ ਲੋਕਾਂ ਦੇ ਬਹਿਣ ਲਈ ਵੱਡਾ ਸਾਰਾ ਡਰਾਇੰਗ ਰੂਮ। ਕੀਮਤੀ ਸੋਫ਼ੇ ਤੇ ਕਾਲੀਨ। ਸੋਫ਼ਿਆਂ ਅੱਗੇ ਚਮਕਦੇ ਮੇਜ਼। ਦੀਵਾਰਾਂ 'ਤੇ ਟੰਗੀਆਂ ਖ਼ੂਬਸੂਰਤ ਪੇਟਿੰਗਜ਼!

ਅਸੀਂ ਥਾਣੇ ਦੇ ਮੁਖੀ ਦੇ ਸੱਜੇ ਹੋਏ ਵੱਡੇ ਦਫ਼ਤਰ ਵਿਚ ਪਹੁੰਚਦੇ ਹਾਂ। ਯੂਨਸ ਭੱਟੀ ਸ਼ੀਸ਼ੇ ਦੇ ਵੱਡੇ ਮੇਜ਼ ਸਾਹਮਣੇ ਡੱਠੀ ਆਪਣੀ ਕੁਰਸੀ ਅੱਗੇ ਖਲੋ ਗਿਆ। ਉਹਦੇ ਸੱਜੇ ਹੱਥ ਮੇਜ਼ ਦੇ ਕੋਨੇ 'ਤੇ ਸਾਲਾਨਾ ਕਲੈਂਡਰ ਪਿਆ ਹੈ ਤੇ ਖੱਬੇ ਪਾਸੇ ਦੇ ਕੋਨੇ 'ਤੇ ਨਿੱਕਾ ਜਿਹਾ ਪਾਕਿਸਤਾਨੀ ਝੰਡਾ। ਉਹ ਆਪਣੇ ਸੱਜੇ ਹੱਥ ਪਈਆਂ ਦੋ ਗੱਦੇਦਾਰ ਕੁਰਸੀਆਂ 'ਤੇ ਸਾਨੂੰ ਬੈਠਣ ਲਈ ਇਸ਼ਾਰਾ ਕਰਦਾ ਹੈ। ਬਹਿਣ ਤੋਂ ਪਹਿਲਾਂ ਰਜਵੰਤ ਫੁੱਲਾਂ ਦਾ ਗੁਲਦਸਤਾ ਮੇਜ਼ ਦੀ ਨੁੱਕਰ 'ਤੇ ਰੱਖਦੀ ਹੈ। ਯੂਨਸ ਭੱਟੀ ਗੁਲਦਸਤੇ ਨੂੰ ਫੜ ਕੇ ਮੇਜ਼ ਦੇ ਵਿਚਕਾਰ ਟਿਕਾ ਦਿੰਦਾ ਹੈ। ਯੂਨਸ ਭੱਟੀ ਛੇ ਫੁੱਟ ਦੇ ਲਗ ਭਗ ਉੱਚਾ-ਲੰਮਾਂ, ਚੰਗੀ ਸੋਹਣੀ 'ਕਮਾਈ' ਹੋਈ ਸਿਹਤ ਵਾਲਾ ਨੌਜਵਾਨ ਹੈ। ਉਹਦੇ ਮੇਜ਼ ਦੇ ਸੱਜੇ ਹੱਥ ਪਈਆਂ ਕੁਰਸੀਆਂ 'ਤੇ ਰਜਵੰਤ ਤੇ ਮੈਂ ਬੈਠ ਜਾਂਦੇ ਹਾਂ। ਮੇਜ਼ ਦੇ ਖੱਬੇ ਹੱਥ ਸ਼ਹਿਜ਼ਾਦ ਖਾਲਿਦ ਬੈਠ ਜਾਂਦਾ ਹੈ। ਅਹਿਮਦ ਰਜ਼ਾ ਮੇਜ਼ ਦੇ ਸਾਹਮਣੇ ਬੈਠਾ ਹੈ। ਅੰਜੁਮ ਗਿੱਲ ਤੇ ਫ਼ੈਸਲ ਅਲੀ ਆਪਣੇ ਕੈਮਰਿਆਂ ਨਾਲ ਵੀਡੀਓ ਬਣਾਈ ਜਾ ਰਹੇ ਨੇ। ਹਰ ਪਲ ਨੂੰ ਕੈਮਰੇ ਵਿਚ ਕੀਤਾ ਜਾ ਰਿਹਾ ਹੈ।

ਕੈਮਰਾ ਘੁੰਮ ਕੇ ਦੀਵਾਰ ਵੱਲ ਜਾਂਦਾ ਹੈ।

ਦੀਵਾਰ 'ਤੇ ਲੱਗੀ ਪੱਥਰ ਦੀ ਸਿ.ਲ 'ਤੇ ਅੰਗਰੇਜ਼ੀ ਵਿਚ ਦਿੱਤੀ ਸੂਚਨਾ ਤੋਂ ਪਤਾ ਚੱਲਦਾ ਹੈ ਕਿ ਇਸ ਨਵੀਂ ਇਮਾਰਤ ਦਾ ਨੀਂਹ-ਪੱਥਰ 27 ਅਕਤੂਬਰ 2022 ਨੂੰ ਰੱਖਿਆ ਗਿਆ ਸੀ।

ਪਿਛਲੀ ਦੀਵਾਰ ਦੀ ਸੱਜੀ ਨੁਕਰ ਵਿਚ ਇੱਕ ਬੋਰਡ 'ਤੇ ਥਾਣਾ ਕਿਲਾ ਗੁੱਜਰ ਸਿੰਘ ਦੇ 'ਸਟੇਸ਼ਨ ਹਾਊਸ ਅਫ਼ਸਰਾਂ' ਦੇ ਨਾਵਾਂ ਦੀ ਸੂਚੀ ਹੈ। ਇਸ ਸੂਚੀ ਸੀਰੀਅਲ ਨੰਬਰ 36 ਨੰਬਰ ਤੋਂ ਸ਼ੁਰੂ ਹੁੰਦੀ ਹੈ ਤੇ 45ਵੇਂ ਨੰਬਰ 'ਤੇ ਯੂਨਸ ਭੱਟੀ ਦਾ ਨਾਂ ਹੈ, ਜਿਸ ਨੇ 24-08-2023 ਨੂੰ ਥਾਣੇ ਦੇ ਮੁਖੀ ਵਜੋਂ ਕਾਰਜ-ਭਾਰ ਸੰਭਾਲਿਆ ਸੀ। ਇਹ ਸੂਚੀ ਤਾਂ ਬਹੁਤ ਲੰਮੀ ਹੋਣੀ ਚਾਹੀਦੀ ਹੈ। ਵੰਡ ਤੋਂ ਬਾਅਦ ਕੇਵਲ 45ਵਾਂ ਥਾਣਾ-ਮੁਖੀ ਤਾਂ ਨਹੀਂ ਹੋ ਸਕਦਾ! ਹੋ ਸਕਦਾ ਏ ਕਿ ਇਹ ਸੂਚੀ ਵੰਡ ਤੋਂ ਬਾਅਦ ਸ਼ੁਰੂ ਕੀਤੀ ਗਈ ਹੋਵੇ! ਮੈਂ ਸੋਚਦਾ ਹਾਂ, ਜੇ ਇਹ ਸੂਚੀ ਪਿੱਛੇ ਨੂੰ ਤੁਰਦੀ ਜਾਵੇ ਤਾਂ ਕਿਤੇ ਇਹ ਵੀ ਲਿਖਿਆ ਮਿਲ ਜਾਵੇਗਾ- ਥਾਣਾ ਮੁਖੀ, ਸ ਬੰਤਾ ਸਿੰਘ...

ਯੂਨਸ ਭੱਟੀ ਆਪਣੀ ਕੁਰਸੀ 'ਤੇ ਬੈਠ ਜਾਂਦਾ ਹੈ। ਰਜਵੰਤ ਵੱਲ ਆਦਰ ਤੇ ਮੋਹ ਭਿੰਜੀਆਂ ਨਜ਼ਰਾਂ ਨਾਲ ਵੇਖਦਾ ਹੈ।




ਕਮਰੇ ਵਿਚ ਇੱਕ ਡੂੰਘੀ ਖ਼ਾਮੋਸ਼ੀ ਹੈ। ਸਾਰੇ ਹੀ ਸੋਚ ਰਹੇ ਸਨ ਕਿ ਗੱਲ ਕਿੱਥੋਂ ਸ਼ੁਰੂ ਕੀਤੀ ਜਾਵੇ! ਅਚਨਚੇਤ ਰਜਵੰਤ ਕੌਰ ਉੱਠ ਖਲੋਂਦੀ ਹੈ ਤੇ ਥਾਣੇਦਾਰ ਦੀ ਕੁਰਸੀ ਵੱਲ ਇਸ਼ਾਰਾ ਕਰ ਕੇ ਕੰਬਦੀ ਆਵਾਜ਼ ਹੋਈ ਆਵਾਜ਼ ਵਿਚ ਕਹਿੰਦੀ ਹੈ, 'ਇੱਕ ਮਿੰਟ ਬੇਟੇ! ਕੀ ਮੈਂ ਇਸ ਕੁਰਸੀ ਨੂੰ ਹੱਥ ਲਾ ਸਕਦੀ ਹਾਂ?'

ਯੂਨਸ ਭੱਟੀ ਵੀ ਆਪਣੀ ਕੁਰਸੀ ਤੋਂ ਉੱਠ ਖਲੋਂਦਾ ਹੈ ਤੇ ਭਰਵੀਂ ਮਿਹਰਬਾਨ ਮੁਸਕਰਾਹਟ ਨਾਲ ਕਹਿੰਦਾ ਹੈ, 'ਆ ਜੋ ਜੀ ਤੁਸੀਂ, ਬਹਿ ਵੀ ਸਕਦੇ ਓ।'

ਅਹਿਮਦ ਰਜ਼ਾ ਖਿੜਿਆ ਹਾਸਾ ਹੱਸਦਾ ਹੈ।

ਯੂਨਸ ਭੱਟੀ ਖਲੋਂਦਾ ਹੈ ਤਾਂ ਉਹਦੇ ਸਿਰ ਪਿੱਛੇ ਦੀਵਾਰ 'ਤੇ ਲੱਗੀ ਮੁਹੰਮਦ ਅਲੀ ਜਿਨਾਹ ਦੀ ਤਸਵੀਰ ਦਿਸਦੀ ਹੈ।

ਇੱਕ ਖ਼ਿਆਲ ਉੱਡਦਾ ਜਿਹਾ ਆਇਆ, ਜਿਸਨੂੰ ਹੁਣ ਜ਼ਬਾਨ ਦੇਣ ਦਾ ਮੌਕਾ ਮਿਲਿਆ ਹੈ।

'ਜਿਨਾਹ ਸਾਹਿਬ! ਮਜ਼੍ਹਬ ਦੇ ਨਾਂ 'ਤੇ, ਕੁਰਸੀ ਵਾਸਤੇ ਮੁਲਕ ਤਾਂ ਵੰਡੇ ਜਾ ਸਕਦੇ ਨੇ, ਇਨਸਾਨੀ ਮੁਹੱਬਤ ਨਹੀਂ ਵੰਡੀ ਜਾ ਸਕਦੀ। ਜਦੋਂ ਇਹ ਮੁਹੱਬਤ ਖਿੜਦੀ ਹੈ ਤਾਂ ਕੁਰਸੀਆਂ ਭੁੱਲ ਜਾਂਦੀਆਂ ਨੇ, ਦੁਸ਼ਮਣੀਆਂ ਯਾਦ ਨਹੀਂ ਰਹਿੰਦੀਆਂ, ਚਾਰੇ ਪਾਸੇ ਖ਼ੁਸ਼ਬੂ ਹੀ ਖ਼ੁਸ਼ਬੂ ਫੈਲ ਜਾਂਦੀ ਹੈ।'

ਮੇਜ਼ ਉੱਤੇ ਪਿਆ ਫੁੱਲਾਂ ਦਾ ਗੁਲਦਸਤਾ ਹੱਸਣ ਲੱਗਦਾ ਹੈ।

ਯੂਨਸ ਭੱਟੀ ਵੀ ਮਿੱਠਾ ਜਿਹਾ ਹੱਸ ਕੇ ਕੁਰਸੀ ਰਜਵੰਤ ਕੌਰ ਦੇ ਬੈਠਣ ਲਈ ਖਾਲੀ ਕਰ ਦਿੰਦਾ ਹੈ ਤੇ ਇਕ ਪਾਸੇ ਖਲੋ ਕੇ ਕੁਰਸੀ ਦੀ ਬਾਹੀ ਨੂੰ ਹੱਥ ਪਾ ਕੇ ਰਜਵੰਤ ਦੇ ਬਹਿਣ ਲਈ ਕੁਰਸੀ ਨੂੰ ਆਸਰਾ ਦਿੰਦਾ ਹੈ। ਫਿਰ ਆਪਣੇ ਬਹਿਣ ਲਈ ਰਜਵੰਤ ਵਾਲੀ ਖਾਲੀ ਕੁਰਸੀ ਵੱਲ ਜਾਂਦਿਆਂ ਕਹਿੰਦਾ ਹੈ, 'ਇਹ ਕੁਰਸੀ ਪਹਿਲਾਂ ਤੁਹਾਡੇ ਵਾਲਿਦ ਸਾਹਿਬ ਦੀ ਸੀ, ਹੁਣ ਤੁਹਾਡੇ ਬੇਟੇ ਦੀ ਹੈ! ਇਹ ਕੁਰਸੀ ਤੁਹਾਡੀ ਹੀ ਏ।'

ਯੂਨਸ ਭੱਟੀ ਦੇ ਮੁਹੱਬਤੀ ਬੋਲਾਂ ਨੇ ਸਭ ਦਾ ਮਨ ਮੋਹ ਲਿਆ। ਉਹਦੇ ਵਿਹਾਰ ਵਿਚੋਂ ਇਨਸਾਨੀ ਕਿਰਦਾਰ ਦੀ ਬੁਲੰਦੀ ਝਰ-ਝਰ ਪੈ ਰਹੀ ਸੀ। ਉਹਦਾ ਇਹ ਵਤੀਰਾ ਕਿਸੇ ਉਤਲੇ ਅਫ਼ਸਰ ਦੀ ਹਦਾਇਤ ਕਾਰਨ ਨਹੀਂ ਸੀ, ਇਹ ਤਾਂ ਉਹਦੇ ਅੰਦਰਲੀ ਇਨਸਾਨੀ ਖ਼ੂਬਸੂਰਤੀ ਦਾ ਸਹਿਜ ਝਲਕਾਰਾ ਸੀ। ਯੂਨਸ ਭੱਟੀ ਮੇਰੇ ਨਾਲ ਬੈਠ ਜਾਂਦਾ ਹੈ।

ਰਜਵੰਤ ਕੁਰਸੀ ਅੱਗੇ ਖਲੋ ਕੇ ਭਾਵੁਕ ਹੋ ਗਈ ਹੈ। ਉਹਨੇ ਆਪਣੇ ਹੰਝੂ ਲੁਕਾਉਣ ਲਈ ਦੋਵਾਂ ਹੱਥਾਂ ਨਾਲ ਪਲ ਭਰ ਲਈ ਆਪਣੀਆਂ ਅੱਖਾਂ ਨੂੰ ਢੱਕ ਲਿਆ ਤੇ ਫਿਰ ਕੁਰਸੀ 'ਤੇ ਬੈਠ ਗਈ। ਉਹਦੇ ਅੰਦਰ ਕੀ ਵਰੋਲੇ ਉੱਠਦੇ ਹੋਣਗੇ, ਕੀ ਜਾਣਦੇ ਹਾਂ! ਆਪ-ਮੁਹਾਰੇ ਉਹਦੀਆਂ ਅੱਖਾਂ ਵਿਚੋਂ ਅੱਥਰੂਆਂ ਦੀ ਝੜੀ ਵਹਿ ਤੁਰਦੀ ਹੈ।

ਅਹਿਮਦ ਰਜ਼ਾ ਦੀ ਕੁਮੈਂਟਰੀ ਜਾਰੀ ਹੈ, '...ਲਓ ਜੀ! ਇਹ ਕੈਸੀ ਮੁਹੱਬਤ ਹੈ! ਕਿਆ ਪਿਆਰ ਹੈ। ਤੁਸੀਂ ਦੇਖ ਸਕਦੇ ਹੋ ਕਿ ਭੱਟੀ ਸਾਹਿਬ ਨੇ ਆਪਣੀ ਕੁਰਸੀ ਉਨ੍ਹਾਂ ਵਾਸਤੇ ਛੱਡ ਦਿੱਤੀ ਹੈ ਔਰ ਉਹ ਇਸ ਟਾਈਮ ਬਹੁਤ ਜਜ਼ਬਾਤੀ ਹਨ। ਰੋ ਰਹੇ ਹਨ। ਕਿਉਂਕਿ ਇਹੀ ਕੁਰਸੀ ਸੀ, ਜਿਹੜੀ ਉਨ੍ਹਾਂ ਦੇ ਬਾਪੂ ਦੀ ਸੀ। ਉਹ ਇਹ ਸੋਚ ਕੇ ਹੀ, ਕਿ, ਕਦੀ ਮੇਰਾ ਬਾਪ ਇੱਥੇ ਬੈਠਦਾ ਹੁੰਦਾ ਸੀ, ਬਹੁਤ ਜਜ਼ਬਾਤੀ ਹੋ ਗਏ ਹਨ...ਬੇਸ਼ਕ ਚੀਜ਼ਾਂ ਬਦਲ ਗਈਆਂ। ਬਿਲਡਿੰਗਜ਼ ਬਦਲ ਗਈਆਂ। ਲੇਕਿਨ ਉਹ ਐਸੋਸੀਏਸ਼ਨ ਜਿਹੜੀ ਹੈ, ਉਹ ਕਦੀ ਨਹੀਂ ਬਦਲਦੀ!'

ਅਹਿਮਦ ਰਜ਼ਾ ਸਿਆਣਾ ਬੰਦਾ ਹੈ। ਵੇਲੇ ਦੀ ਨਜ਼ਾਕਤ ਨੂੰ ਮਹਿਸੂਸ ਵੀ ਕਰਦਾ ਹੈ ਤੇ ਬਿਆਨਣਾ ਵੀ ਜਾਣਦਾ ਹੈ।

ਰਜਵੰਤ ਹੌਸਲਾ ਕਰਦੀ ਹੈ। ਵਿਲਕਦੀ ਆਵਾਜ਼ ਵਿਚ ਬੋਲਣ ਦੀ ਕੋਸ਼ਿਸ਼ ਕਰਦੀ ਹੈ।

ਭਾਵੁਕ ਮਾਹੌਲ ਤੋਂ ਪਸੀਜ ਕੇ ਯੂਨਸ ਭੱਟੀ ਮੇਰੇ ਕੋਲੋਂ ਉੱਠ ਕੇ ਰਜਵੰਤ ਦੀ ਕੁਰਸੀ ਦੀ ਇੱਕ ਬਾਹੀ ਫੜ ਕੇ ਉਹਨੂੰ ਇੱਜ਼ਤ-ਮਾਣ ਦੇਣ ਲਈ ਖਲੋ ਜਾਂਦਾ ਹੈ। ਉਸ ਵੱਲ ਵੇਖ ਕੇ ਹੁਣ ਤੱਕ ਦਰਵਾਜ਼ੇ ਕੋਲ ਖਲੋਤਾ ਛੋਟਾ ਥਾਣੇਦਾਰ ਮੁਬੱਸ਼ਰ ਕਾਹਲੀ ਕਦਮੀਂ ਜਾ ਕੇ ਕੁਰਸੀ ਦੇ ਦੂਜੇ ਸਿਰੇ ਨੂੰ ਫੜ ਕੇ ਖਲੋ ਜਾਂਦਾ ਹੈ। ਵੱਡਿਆਂ ਦਾ ਮਾਣ ਕਰਨ ਦਾ ਇਹ ਇੱਕ ਖ਼ੂਬਸੂਰਤ ਅੰਦਾਜ਼ ਹੈ। ਇਹ ਥਾਣੇਦਾਰ ਰਵਾਇਤੀ ਕਿਸਮ ਦੀ ਪਛਾਣ ਵਾਲੇ ਖਰਾਂਟ ਪੁਲਸੀਏ ਨਹੀਂ, ਕੋਈ ਸੰਵੇਦਨਸ਼ੀਲ ਕਲਾਕਾਰ ਜਾਪਦੇ ਹਨ। ਮੋਹ ਵਿਚ ਭਿੱਜੇ ਹੋਏ। ਉੱਚੇਰੀ ਮਾਨਵਤਾ ਦਾ ਸਬੂਤ ਬਣ ਕੇ ਰਜਵੰਤ ਦੇ ਅਦਬ ਵਿਚ ਉਹਦੇ ਸੱਜੇ-ਖੱਬੇ ਖਲੋਤੇ ਹਨ।

ਅੱਜ ਰਜਵੰਤ ਉਨ੍ਹਾਂ ਪ.ਲਾਂ ਨੂੰ ਚਿਤਵਦੀ ਹੋਈ ਕਹਿੰਦੀ ਹੈ, 'ਉਸ ਪ.ਲ ਮੈਨੂੰ ਐਂ ਲੱਗਾ ਜਿਵੇਂ ਮਾਂ ਦੇ ਦੋ ਪੁੱਤ ਉਹਦੇ ਆਸੇ ਪਾਸੇ ਉਹਨੂੰ ਆਸਰਾ ਤੇ ਧਰਵਾਸ ਦੇਣ ਲਈ ਆ ਖਲੋਤੇ ਹੋਣ!'

ਕੁਰਸੀ ਘੁੰਮਣ ਵਾਲੀ ਸੀ। ਜਦੋਂ ਕੁਰਸੀ ਦੇ ਹਿੱਲਣ ਨਾਲ ਰਜਵੰਤ ਨੇ ਸਵਾਹਰੀ ਹੋ ਕੇ ਬਹਿਣ ਦੀ ਕੋਸ਼ਿਸ਼ ਕੀਤੀ ਤਾਂ ਦੋਵਾਂ ਥਾਣੇਦਾਰਾਂ ਨੂੰ ਲੱਗਾ ਕਿ ਸ਼ਾਇਦ ਉਹ ਉੱਠਣ ਲੱਗੀ ਹੈ। ਮੁਬੱਸ਼ਰ ਨੇ ਹੱਥ ਦਾ ਇਸ਼ਾਰਾ ਕਰ ਕੇ ਉਹਨੂੰ ਬੈਠੇ ਰਹਿਣ ਲਈ ਕਿਹਾ। ਯੂਨਸ ਭੱਟੀ ਨੇ ਵੀ ਕਿਹਾ, 'ਬੈਠੋ! ਬੈਠੋ!'

ਉਹ ਆਪ ਮੇਰੇ ਕੋਲ ਆ ਕੇ ਬੈਠ ਗਿਆ ਤਾਕਿ ਰਜਵੰਤ ਨੂੰ ਸਾਹਮਣਿਉਂ ਵੇਖ/ਸੁਣ ਸਕੇ। ਮੁਬੱਸ਼ਰ ਰਜਵੰਤ ਦੇ ਕੋਲ ਖਲੋਤਾ ਰਿਹਾ।

ਰਜਵੰਤ ਰੋਂਦੀ ਆਵਾਜ਼ ਵਿਚ ਬੋਲਣਾ ਸ਼ੁਰੂ ਕਰਦੀ ਹੈ। 'ਮੇਰਾ ਜਨਮ ਬੇਸ਼ੱਕ ਪਾਕਿਸਤਾਨ ਬਣਨ ਤੋਂ ਬਾਅਦ ਦਾ ਏ ਪਰ ਮੇਰੇ ਫ਼ਾਦਰ ਐਥੇ, ਐਸ ਉਸ ਕੁਰਸੀ 'ਤੇ ਬੈਠਦੇ ਰਹੇ ਆ।' ਉਹ ਕੁਰਸੀ ਦੀਆਂ ਦੋਵੇਂ ਬਾਹੀਆਂ ਹੱਥਾਂ ਵਿਚ ਘੁੱਟਦੀ ਹੈ।

'...ਮੈਂ ਇਸ ਕੁਰਸੀ ਨੂੰ ਸਲਾਮ ਕਰਦੀ ਆਂ। ਹੁਣ ਜਿਹੜੇ ਬੱਚੇ ਇਸ ਕੁਰਸੀ 'ਤੇ ਬੈਠੇ ਆ, ਮੈਂ ਉਨ੍ਹਾਂ ਨੂੰ ਨਮਸਕਾਰ ਕਰਦੀ ਆਂ।' ਉਹ ਯੁਨਸ ਭੱਟੀ ਵੱਲ ਹੱਥ ਜੋੜਦੀ ਹੈ। ਉਹ ਮੋਹ ਭਿੰਜੀ ਹਲਕੀ ਜਿਹੀ ਮੁਸਕਰਾਹਟ ਨਾਲ 'ਹਾਂ' ਵਿਚ ਸਿਰ ਹਿਲਾ ਕੇ ਨਮਸਕਾਰ ਦਾ ਜਵਾਬ ਮੋੜਦਾ ਹੈ।

'ਤੇ ਉਨ੍ਹਾਂ ਨੇ ਆਪਣੀ ਕੁਰਸੀ ਕੋਈ ਕੁਰਸੀ ਛੱਡਦਾ ਨਹੀਂ, ਮੈਨੂੰ ਕੁਰਸੀ ਦਿੱਤੀ। ਸਿਰਫ ਮਾਣ ਵਾਸਤੇ...ਮੈਂ ਆਪਣੇ ਫ਼ਾਦਰ ਦੀਆਂ ਯਾਦਾਂ ਨੂੰ ਹਿੱਕ ਨਾਲ ਲਾ ਕੇ ਹੁਣ ਤੱਕ ਜੀਂਦੀ ਰਹੀ ਆਂ। ਕਿਉਂਕਿ ਮੈਨੂੰ ਫ਼ਾਦਰ ਆਪਣੇ ਦੀ ਕੋਈ ਸੰਭਾਲ ਨਹੀਂ। ਮੈਂ ਡੇਢ ਸਾਲ ਦੀ ਸੀ ਜਦ ਮੇਰੇ ਫਾਦਰ ਵੰਡ ਤੋਂ ਬਾਅਦ ਉਧਰ ਫਿਰੋਜ਼ਪੁਰ ਚਲੇ ਗਏ। ਉਹ ਏਥੇ ਥਾਣੇਦਾਰ ਸਨ। ਸਾਰੇ ਸਾਨੂੰ 'ਥਾਣੇਦਾਰ ਦੀਆਂ ਧੀਆਂ' ਕਹਿ ਕੇ ਪੁਕਾਰਦੇ ਸੀ। ਮੈਨੂੰ ਉਹੀ ਨਿੰਘ ਸੀ ਕਿ ਮੈਂ ਥਾਣੇਦਾਰ ਦੀ ਧੀ ਆਂ। ਮੈਨੂੰ ਕੋਈ ਪਛਾਣ ਨਹੀਂ, ਕੋਈ ਯਾਦ ਨਹੀਂ। ਮੈਂ ਆਪਣੇ ਫ਼ਾਦਰ ਨੂੰ ਯਾਦ ਕਰਕੇ ਉੱਚੀ-ਉੱਚੀ ਰੋਂਦੀ ਸੀ। ਹੁਣ ਤੱਕ ਵੀ, ਭਾਵੇਂ ਕਿ ਮੇਰੀ ਆਪਣੀ ਜਿਹੜੀ ਉਮਰ ਆ, ਉਹ ਵੀ ਅਗਾਂਹ ਜਾਣ ਦੀ ਹੋ ਗਈ ਆ। ਪਰ ਜਿਹੜਾ ਮਾਂ-ਪਿਉ ਦਾ ਨਿੰਘ, ਪਿਆਰ ਏ, ਉਹ ਹਰ ਇਕ ਨੂੰ ਚਾਹੀਦਾ ਹੁੰਦਾ। ਮੈਂ ਅਧੂਰੀ ਆਂ। ਮੇਰੀ ਅੱਧੀ ਬਾਂਹ ਹੈ ਨਹੀਂ, ਮੇਰਾ ਅੱਧਾ ਪਾਸਾ ਹੈ ਨਹੀਂ।'

ਰਜਵੰਤ ਬੜੇ ਵੈਰਾਗ਼ ਭਾਵ ਵਿਚ ਗੜੁੱਚ ਹੈ। ਕੰਬਦੀ ਆਵਾਜ਼ ਵਿਚ ਹਿਚਕੀਆਂ ਤੇ ਹਾਉਕੇ ਹਨ।

'...ਮੈਂ ਸਦਾ ਇਹੋ ਸੁਣਦੀ ਸੀ ਕਿ ਮੇਰੇ ਫ਼ਾਦਰ ਬੜੇ ਲੰਮੇ-ਉੱਚੇ ਨੌਜਵਾਨ ਸੀ। ਉਹ ਬਹੁਤ ਸੋਹਣੇ ਸੀ। ਉਹ ਅੰਗਰੇਜ਼ਾਂ ਵਰਗੇ ਸੀਗੇ। ਉਨ੍ਹਾਂ ਦੀ ਨੇਚਰ ਬਹੁਤ ਅੱਛੀ ਸੀ। ਬੜੇ ਇਮਾਨਦਾਰ ਅਫ਼ਸਰ

*(ਬਾਕੀ ਅਗਲੇ ਸਫੇ 'ਤੇ)*

# ਮੈਂ ਕਿਉਂ ਲਿਖਦਾ ਹਾਂ?

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਮੈਂ ਕਦੇ ਵੀ ਲਿਖਣ ਵਾਸਤੇ ਨਹੀਂ ਲਿਖਦਾ। ਲਿਖਣਾ ਮੇਰੇ ਲਈ ਮਨ ਦੀ ਮੌਜ। ਅੰਤਰੀਵੀ ਆਵੇਸ਼। ਮਨ ਵਿਚ ਛਿੜੀਆਂ ਤਰੰਗਾਂ ਨੂੰ ਮਿਲੀ ਪ੍ਰਵਾਜ਼। ਆਪਣੇ ਆਪ ਦੀ ਖੁਦਾਈ ਤੇ ਖੁਦਦਾਰੀ ਨੂੰ ਮੁਖਾਤਬ ਹੋਣਾ।

ਪਰ ਮੈਂ ਅਕਸਰ ਸੋਚਦਾ ਕਿ ਮੈਂ ਕਿਉਂ ਲਿਖਦਾਂ? ਕਿਸ ਲਈ ਲਿਖਦਾ? ਮੇਰੀ ਲਿਖਤ ਦੇ ਕਿਹੜੇ ਸਰੋਕਾਰ? ਕਿਹੜੀਆਂ ਪਰਤਾਂ ਰਾਹੀਂ ਮੇਰੀ ਲਿਖਤ ਉਦੈ ਹੁੰਦੀ? ਇਸ ਲਿਖਤ ਦਾ ਮੇਰੇ ਨਾਲ ਕੀ ਵਾਸਤਾ? ਇਸ ਲਿਖਤ ਵਿਚੋਂ ਕਿਹੜੇ ਨਕਸ਼ਾਂ ਦੀ ਨਿਸ਼ਾਨਦੇਹੀ ਕਰਨ ਲਈ ਮੇਰੀ ਉਤਸੁਕਤਾ ਮੈਨੂੰ ਕਲਮ ਉਠਾਉਣ ਲਈ ਮਜਬੂਰ ਕਰਦੀ? ਮੇਰੀ ਲੇਖਣੀ ਦੀ ਉਮਰ ਕਿੰਨੀ ਕੁ? ਇਹ ਕਿਸ ਰੂਪ ਵਿਚ ਪਾਠਕ ਨੂੰ ਪ੍ਰਭਾਵਤ ਕਰੇਗੀ? ਇਸ ਲਿਖਤ ਵਿਚੋਂ ਮੈਨੂੰ ਕੀ ਹਾਸਲ ਹੋਵੇਗਾ ਅਤੇ ਇਸ ਲਿਖਤ ਦੇ ਆਰ-ਪਾਰ ਵਿਚੋਂ ਝਾਕ ਕੇ ਪਾਠਕ ਕਿਹੜੇ ਅਣਛੋਹੇ ਨਕਸ਼ਾਂ ਨੂੰ ਨਿਹਾਰੇਗਾ? ਬਹੁਤ ਸਾਰੇ ਪ੍ਰਸ਼ਨ ਮੇਰੇ ਮਨ ਵਿਚ ਆਉਂਦੇ ਅਤੇ ਇਨ੍ਹਾਂ ਦੇ ਜਵਾਬਾਂ ਲਈ ਹੀ ਮੈਂ ਇਸ ਭਾਲ ਵਿਚ ਨਿਕਲਦਾ ਕਿ ਮੈਂ ਕਿਉਂ ਲਿਖਦਾ ਹਾਂ? ਕਦੋਂ ਅਤੇ ਕਿਹੜੇ ਹਾਲਤਾਂ ਵਿਚ ਲਿਖਦਾ ਹਾਂ? ਕਿਹੜੀ ਘਟਨਾ, ਵਰਤਾਰਾ, ਵਸਤ, ਬੋਲ ਜਾਂ ਸ਼ਬਦ ਮੇਰੇ ਮਨ ਵਿਚ ਦਸਤਕ ਦਿੰਦੇ, ਮੇਰੇ ਅਚੇਤ ਮਨ ਵਿਚ ਹਲਚਲ ਪੈਦਾ ਕਰਦੇ ਅਤੇ ਫਿਰ ਇਹੀ ਹਲਚਲ ਸ਼ਬਦੀ ਰੌਂਅ ਵਿਚ ਸਫ਼ਿਆਂ 'ਤੇ ਫੈਲਦੀ?

ਦਰਅਸਲ ਮੇਰਾ ਲਿਖਣਾ ਕੋਈ ਮਜਬੂਰੀ ਨਹੀਂ ਅਤੇ ਨਾ ਹੀ ਕਿਸੇ ਨਿਰਧਾਰਤ ਸਮੇਂ ਦੀ ਬੰਦਸ਼ ਦਾ ਕੈਦੀ। ਇਹ ਮਾਨਸਿਕ ਉਤੇਜਨਾ ਦਾ ਉਭਾਰ। ਇਹ ਉਭਾਰ ਕਿਸੇ ਵੇਲੇ, ਕਿਸੇ ਵੀ ਵਕਤ ਜਾਂ ਕਿਸੇ ਵੀ ਹਾਲਤ ਵਿਚ ਜਦ ਬੇਕਾਬੂ ਹੋ ਕੇ ਉਛਲ ਪੈਂਦਾ ਤਾਂ ਮੇਰੇ ਸ਼ਬਦ, ਮੇਰੀਆਂ ਤਰਜੀਹਾਂ ਬਣ ਕੇ ਵਰਕਿਆਂ 'ਤੇ ਫੈਲ ਜਾਂਦੇ ਅਤੇ ਕੋਈ ਲਿਖਤ ਆਪਣਾ ਨਿਵੇਕਲਾ ਰੂਪ ਲੈ ਕੇ ਪ੍ਰਗਟਦੀ।

ਮੈਂ ਲਿਖਦਾ ਹਾਂ ਕਦੇ ਕੋਰੇ ਕਾਗਜ਼ 'ਤੇ ਕਦੇ ਕੰਪਿਊਟਰ 'ਤੇ ਅਤੇ ਕਦੇ ਫੋਨ ਵਿਚ ਰਿਕਾਰਡ ਵੀ ਕਰ ਲੈਂਦਾ ਹਾਂ ਕਿਉਂਕਿ ਇਸ ਆਵੇਸ਼ ਨੂੰ ਰੋਕਣਾ ਅਸੰਭਵ ਅਤੇ ਨਾਮੁਮਕਿਨ ਹੋ ਜਾਂਦਾ ਅਤੇ ਇਸ ਅਲਹਾਮੀ ਅਵਸਥਾ 'ਚ ਕਈ ਅਣਛੋਹੇ ਵਿਸ਼ੇ, ਵਿਕਲੋਤਰੀ ਸ਼ਬਦਕਾਰੀ ਅਤੇ ਨਿਵੇਕਲਾ ਰੂਪ ਧਾਰ ਕੇ ਮੇਰੀ ਲਿਖਤ ਨੂੰ ਆਪਣੇ ਰੰਗ ਵਿਚ ਰੰਗ ਜਾਂਦੀ।

ਮੇਰਾ ਲਿਖਣਾ ਕੋਈ ਉਚੇਚ ਨਹੀਂ ਅਤੇ ਨਾ ਹੀ ਖਾਸ ਵਕਤ ਜਾਂ ਖਾਸ ਜਗ੍ਹਾ 'ਤੇ ਨਿਰਭਰ। ਕਈ ਵਾਰ ਲੰਮੀ ਸੈਰ ਕਰਦਿਆਂ ਨਜ਼ਮ ਅਜੇਹੀ ਨਾਜ਼ਲ ਹੁੰਦੀ ਕਿ ਥੰਮ੍ਹਣ ਦਾ ਨਾਮ ਹੀ ਨਾ ਲੈਂਦੀ। ਲੰਮੀਆਂ ਨਜ਼ਮਾਂ 'ਲਾਸ਼ਾਂ' ਅਤੇ 'ਘਰ ਉਦਾਸ ਹਨ' ਮੈਂ ਸੈਰ ਕਰਦਿਆਂ ਆਪਣੇ ਫ਼ੋਨ ਵਿਚ ਰਿਕਾਰਡ ਕੀਤੀਆਂ ਅਤੇ ਜਿਹੜੀਆਂ ਨਵਾਂ ਜ਼ਮਾਨਾ ਵਿਚ ਛਪੀਆਂ। 'ਲਾਹੌਰ ਦੀ ਫਿਜ਼ਾ' ਨਜ਼ਮ ਵੀ ਮੈਂ ਕਾਰ ਵਿਚ ਜਾਂਦਿਆਂ ਫੋਨ ਵਿਚ ਰਿਕਾਰਡ ਕੀਤੀ ਜਿਹੜੀ ਆਪਣੇ ਘਰ ਤੋਂ ਬੇਟੀ ਦੇ ਘਰ ਨੂੰ ਜਾਂਦਿਆਂ ਵੀਹ ਕੁ ਮਿੰਟ ਵਿਚ ਲਿਖੀ ਗਈ।

ਦਰਅਸਲ ਜਦ ਤੁਸੀਂ ਆਪਣੇ ਆਪ ਨਾਲ ਜੁੜ ਜਾਂਦੇ ਹੋ ਤਾਂ ਤੁਸੀਂ ਆਤਮਿਕ ਤੌਰ 'ਤੇ ਕਿਸੇ ਵੱਖਰੀ ਮਾਨਸਿਕ ਬਿਰਤੀ ਵਿਚ ਵਿਚਰਦੇ ਹੋ। ਫਿਰ ਕੁਝ ਨਾ ਕੁਝ ਅਜੇਹਾ ਨਿਰੰਤਰ ਅਹੁੜਦਾ ਜੋ ਕਿਸੇ ਲਿਖਤ ਦੀ ਵੰਨਗੀ ਬਣ ਜਾਂਦਾ।

ਮੈਂ ਕੁਝ ਵੀ ਲਿਖਣ ਤੋਂ ਪਹਿਲਾਂ ਇਸਦਾ ਮੁਹਾਂਦਰਾ ਨਿਸ਼ਚਿਤ ਨਹੀਂ ਕਰਦਾ। ਹਰ ਲਿਖਤ ਆਪਣਾ ਰੂਪ ਖੁਦ ਸਿਰਜਦੀ ਅਤੇ ਇਹ ਆਪ-ਮੁਹਾਰਾ ਸ਼ਬਦੀ ਮੁਹਾਣ ਹੀ ਹੁੰਦਾ ਕਿ ਮੇਰੀ ਲਿਖਤ ਕਦੇ ਵਾਰਤਕ ਬਣਦੀ ਅਤੇ ਕਦੀ ਕਵਿਤਾ ਤਾਂ ਹੀ ਇਸਦੀ ਬਹੁਰੰਗਤਾ ਨੂੰ ਕਿਹਾ ਜਾਂਦਾ।

ਯਾਦ ਰਹੇ ਕਿ ਜੋ ਮੇਰੇ ਆਲੇ-ਦੁਆਲੇ ਵਾਪਰ ਰਿਹਾ, ਜਿਹੜੇ ਸਰੋਕਾਰਾਂ ਨਾਲ ਮੈਂ ਬਾਵਸਤਾ ਹੁੰਦਾ, ਜਿਹੜੇ ਦ੍ਰਿਸ਼ ਮੈਨੂੰ ਅਚੰਭਤ ਕਰਦੇ, ਜਿਹੜਾ ਵਾਕ ਮੇਰੀ ਰੂਹ ਨੂੰ ਸਰਸ਼ਾਰ ਕਰਦਾ, ਜਿਹੜੇ ਬੋਲ ਮੇਰੀ ਆਤਮਾ ਨੂੰ ਸੁੰਨ ਕਰ ਜਾਂਦੇ, ਜਿਹੜੇ ਵਰਤਾਰੇ ਮੇਰੀਆਂ ਧਾਰਨਾਵਾਂ ਨੂੰ ਖੰਡਿਤ ਕਰਦੇ ਜਾਂ ਮੇਰੀਆਂ ਸੋਚਾਂ ਵਿਚ ਖਲਬਲੀ ਪੈਦਾ ਕਰਦੇ, ਉਹੀ ਮੇਰੀ ਅਰਧ-ਚੇਤਨਾ ਵਿਚ ਆਲ੍ਹਣਾ ਪਾ ਬਹਿੰਦੇ। ਇਹੀ ਅੰਦਰਲੀ ਉਥਲ-ਪੁਥਲ ਹੀ ਹੁੰਦੀ ਜੋ ਹੌਲੀ-ਹੌਲੀ ਤਹਿਰੀਕ ਵਿਚ ਬਦਲ, ਕਿਸੇ ਨਾ ਕਿਸੇ ਲਿਖਤ ਵਿਚ ਉਜਾਗਰ ਹੋ ਜਾਂਦੀ।

ਮੈਂ ਕਦੇ ਵੀ ਮਿਥ ਕੇ ਨਹੀਂ ਲਿਖਦਾ ਅਤੇ ਨਾ ਹੀ ਸਥਾਪਤ ਦਾਇਰਿਆਂ ਦਾ ਕੈਦੀ। ਲਿਖਤ ਨੂੰ ਖੁੱਲ੍ਹ ਹੁੰਦੀ ਕਿ ਉਹ ਆਪਣੀ ਪਛਾਣ ਖੁਦ ਸਿਰਜਣ ਦੇ ਮਾਰਗੀਂ ਤੁਰੇ, ਪਾਠਕਾਂ ਨਾਲ ਜੁੜੇ ਅਤੇ ਉਨ੍ਹਾਂ ਦੇ ਮਨਾਂ ਵਿਚ ਪ੍ਰਸ਼ਨ ਪੈਦਾ ਕਰੇ ਕਿ ਕੀ ਕਿਸੇ ਵਰਤਾਰੇ ਨੂੰ ਇੰਝ ਵੀ ਵੱਖਰੇ ਦ੍ਰਿਸ਼ਟੀਕੋਣ ਤੋਂ ਦੇਖਿਆ, ਸਮਝਾਇਆ ਅਤੇ ਸਮਝਿਆ ਜਾ ਸਕਦੈ? ਨਿਯਮਿਤ ਰਾਹਾਂ ਦੀ ਅਵੱਗਿਆ ਹੀ ਲਿਖਤ ਨੂੰ ਫ਼ਕੀਰਾਨਾ ਰੂਪ ਦਿੰਦੀ ਅਤੇ ਭਾਵਨਾਵਾਂ ਵਿਚ ਭਿੱਜੀ ਹੁੰਦੀ ਜੋ ਬਹੁਤੀ ਵਾਰ ਸਾਡੀਆਂ ਸਾਂਝੀਆਂ ਹੀ ਹੁੰਦੀਆਂ।

ਕਿਸੇ ਦ੍ਰਿਸ਼ ਦੀਆਂ ਪਰਤਾਂ ਫਰੋਲਦਿਆਂ ਅਤੇ ਇਨ੍ਹਾਂ ਵਿਚਲੇ ਭੇਦਾਂ ਨੂੰ ਪ੍ਰਗਟ ਕਰਦਿਆਂ, ਖੁਦ ਕਈ ਜੀਵਨੀ ਪੜਾਅ ਜਿਉਣੇ ਪੈਂਦੇ। ਕਈ ਵਾਰ ਜਿਉਣਾ ਤੇ ਮਰਨਾ ਵੀ ਪੈਂਦਾ, ਹੱਸਣਾ ਤੇ ਰੋਣਾ ਵੀ ਪੈਂਦਾ। ਇਹ ਅੱਖਰਾਂ ਵਿਚ ਉਤਰੀ ਨਮੀ ਹੀ ਹੁੰਦੀ ਜੋ ਪਾਠਕ ਨੂੰ ਅੰਦਰੋਂ ਹਲੂਣਦੀ, ਉਸਦੀ ਸੋਚ ਨੂੰ ਤਰੰਗਿਤ ਕਰ ਜਾਂਦੀ।

'ਕੋਰਾਂ ਇਕ ਦ੍ਰਿਸ਼ ਨੂੰ ਚਿੱਤਵ ਕੇ ਕਲਮ ਹੁੱਬਕੀਂ ਰੋਈ ਸੀ;
ਐ ਸੱਜਣ! ਗੁਲਾਬ ਦੀਆਂ ਪੱਤੀਆਂ
ਮੇਰੇ ਫੋਟੋ 'ਤੇ ਚੜ੍ਹਾਉਣ ਤਾਂ ਆ ਹੀ ਗਿਆ
ਚਾਵਾਂ ਦੀ ਸੰਦਲੀ ਰੁੱਤੇ ਵੀ ਮੈਂ ਇਸਨੂੰ ਚਾਹਿਆ
ਨੈਣਾਂ 'ਚ ਉਗੇ ਖੁਆਬਾਂ ਨੂੰ ਵੀ ਸੁਰਖ ਫੁੱਲ ਅਰਪਿਤ ਕਰ ਸਕਦਾ ਸੈਂ
ਪ੍ਰਾਪਤੀਆਂ ਦੇ ਸ਼ਗਨਾਂ 'ਚ ਵੀ ਇਹ ਫੁੱਲ ਅਰਪਿਤ ਕੀਤੇ ਜਾ ਸਕਦੇ ਸਨ।
ਜਾਂ ਰਾਂਗਲੇ ਦਿਨਾਂ ਦੀ ਦਹਿਲੀਜ਼ 'ਤੇ ਵੀ ਇਹ ਫੁੱਲ ਟੰਗ ਸਕਦਾ ਸੀ
ਪਰ ਤੈਨੂੰ ਤਾਂ ਭੁੱਲ ਹੀ ਗਿਆ
ਕਿ ਕੋਈ ਤਾਂ ਉਡੀਕਦਾ ਹੈ ਗੁਲਾਬ ਦੇ ਫੁੱਲ
ਇਹ ਫੁੱਲ ਫਰੇਮ 'ਚ ਜੜੀ ਫੋਟੋ 'ਤੇ ਚੜ੍ਹਾਉਣ ਦੀ ਬੜੀ ਕਾਹਲ ਆ
ਤੈਨੂੰ ਲੱਗਾ ਕਿ ਦੇਰ ਨਾ ਹੋ ਜਾਵੇ
ਭੈੜਿਆ! ਦੇਰ ਤਾਂ ਕਰ ਹੀ ਦਿੱਤੀ
ਹੁਣ ਤਾਂ ਕਬਰ ਨੂੰ ਬਹੁਤ ਕਾਹਲ ਆ
ਆਪਣੇ ਵਿਚ ਸਮਾਉਣ ਦੀ।
ਵੱਸਦਾ ਰਹਿ ਵੇ ਸੱਜਣਾਂ!
ਅਸੀਂ ਫਰੇਮ ਦੀ ਸੂਲੀ 'ਤੇ ਟੰਗੇ
ਕੰਧ 'ਤੇ ਹੀ ਲਟਕਦੇ ਰਹਿਣਾ।
ਹੁਣ ਅਹਿਸਾਸ ਹੋਇਆ ਕਿ
ਕਈ ਵਾਰ ਫੁੱਲ ਸਿਰਫ਼ ਮਰਿਆਂ ਲਈ ਹੀ ਹੁੰਦੇ
ਜਿਉਂਦੇ ਜੀਅ ਫੁੱਲਾਂ ਦੀ ਰੁੱਤ ਬੇਦਾਵਾ ਦੇ ਗਈ
ਮਰ ਕੇ ਮਿਲਣ ਦਾ ਵਾਅਦਾ ਹੀ ਕਰ ਜਾਂਦਾ
ਪਰ ਤੈਥੋਂ ਇਹ ਵੀ ਨਾ ਸਰਿਆ
ਜਾ ਵੱਸਦਾ ਰਹਿ!

ਕਈ ਵਾਰ ਮੈਂ ਆਪਣੀ ਲਿਖਤ ਨੂੰ ਪੜ੍ਹਦਿਆਂ ਖੁਦ ਵੀ



ਹੈਰਾਨ ਹੁੰਦਾ ਕਿ ਸ਼ਬਦਾਂ ਦੇ ਆਵੇਸ਼ ਨੇ ਕਿਵੇਂ ਅਤੇ ਕਿਸ ਰੂਪ ਵਿਚ ਮੇਰੀਆਂ ਭਾਵਨਾਵਾਂ ਨੂੰ ਉਲਥਾਇਆ। ਮੇਰੇ ਸੂਖਮ ਅਹਿਸਾਸਾਂ ਨੂੰ ਕਿਵੇਂ ਬੋਲ ਦਿੱਤੇ ਅਤੇ ਕਿਵੇਂ ਮੇਰੇ ਹਰਫ਼ਾਂ ਦੀ ਜੂਹੇ ਦੀਵਿਆਂ ਨੇ ਦੀਵਾਲੀ ਉਗਾਈ।

ਕਦੇ-ਕਦਾਈਂ ਟਿਕੀ ਰਾਤੇ ਮੈਂ ਆਪਣੇ-ਆਪ ਨੂੰ ਮਿਲਦਾ, ਅੰਦਰ ਉਤਰਦਾ ਅਤੇ ਮੇਰੇ ਅੰਦਰੂਨੀ ਸਫ਼ਰ ਵਿਚੋਂ ਹੀ ਕਈ ਯਾਤਰਾਵਾਂ ਦਾ ਜਨਮ ਹੁੰਦਾ। ਬੀਤੇ ਵਕਤ ਅਤੇ ਹਯਾਤੀ ਨੂੰ ਚਿਤਾਰਦਿਆਂ ਕੁਝ ਅਜੇਹਾ ਅਹੁੜਦਾ ਕਿ ਮੈਂ ਆਪਣੀ ਚੁੱਪ ਨੂੰ ਵਰਕਿਆਂ 'ਤੇ ਉਕਰ ਕੇ ਬੋਲਣ ਜੋਗਾ ਹੋ ਜਾਂਦਾ।

ਕਈ ਵਾਰ ਇੰਝ ਵੀ ਲੱਗਦਾ ਕਿ ਜੇ ਮੈਂ ਇਨ੍ਹਾਂ ਸ਼ਬਦਾਂ ਦਾ ਹੁੰਗਾਰਾ ਨਾ ਭਰਿਆ ਤਾਂ ਇਨ੍ਹਾਂ ਨੇ ਨਾਰਾਜ਼ ਹੋ ਜਾਣਾ। ਪਤਾ ਨਹੀਂ ਫਿਰ ਇਹ ਵਪਸ ਪਰਤਣੇ ਜਾਂ ਨਹੀਂ। ਸੋ ਮੈਂ ਸ਼ਬਦਾਂ ਨੂੰ ਆਪਣੀ ਬੁੱਕਲ ਵਿਚ ਲੈ ਕੇ ਲਾਡ ਲਡਾਉਂਦਾ। ਇਨ੍ਹਾਂ ਦੀਆਂ ਵਿਭਿੰਨ ਪਰਤਾਂ ਵਿਚ ਜੁਗਨੂੰ ਟਿਕਾਉਂਦਾ। ਕਦੇ ਹਰਫ਼ਾਂ ਨੂੰ ਤਾਰਿਆਂ ਦੀ ਮੁਹੱਬਤ ਦਾ ਵਾਸਤਾ ਪਾਉਂਦਾ ਅਤੇ ਅਕਾਸ਼ ਗੰਗਾਵਾਂ ਨੂੰ ਵਾਕਾਂ ਵਿਚ ਸਮਾਉਂਦਾ।

ਮੈਂ ਕੋਈ ਲੇਖਕ ਨਹੀਂ ਸਿਰਫ਼ ਕੁਝ ਲਿਖਣ ਦੇ ਆਹਰ ਵਿਚ ਹਾਂ। ਕੋਸ਼ਿਸ਼ ਹੈ ਕਿ ਕੁਝ ਅਜੇਹਾ ਲਿਖਿਆ ਜਾਵੇ ਕਿ ਇਹ ਸਮਾਂ ਸੀਮਾ ਤੋਂ ਪਾਰ ਹੋਵੇ ਅਤੇ ਇਸਦੀ ਸਾਰਥਿਕਤਾ ਵਿਚੋਂ ਨਵੀਆਂ ਪੀੜ੍ਹੀਆਂ ਅਗਵਾਈ ਲੈਂਦੀਆਂ ਰਹਿਣ। ਪਰ ਇਹ ਵੀ ਮੇਰਾ ਸ਼ਾਇਦ ਵਹਿਮ ਹੀ ਹੋਵੇ ਕਿਉਂਕਿ ਹਰਫ਼ਾਂ ਦੀ ਜੂਨੇ ਪੈ ਕੇ, ਹਰਫ਼ਾਂ ਦੀ ਵੇਦਨਾ ਅਤੇ ਸੰਵੇਦਨਾ ਨੂੰ ਸਮਝਾਇਆ ਜਾ ਸਕਦਾ ਅਤੇ ਨਵੀਂ ਪੀੜ੍ਹੀ ਅਦਬ ਤੋਂ ਦੂਰ ਜਾ ਰਹੀ ਏ।

ਮੈਂ ਕਈ ਵਾਰ ਸੁੰਨ-ਸਮਾਧੀ ਵਿਚ ਚਲੇ ਜਾਂਦਾ ਅਤੇ ਸ਼ਬਦ-ਸਫ਼ਰ ਖੜੋਤ ਦਾ ਸ਼ਿਕਾਰ ਹੋ ਜਾਂਦੀ। ਅਸਲ ਵਿਚ ਇਹ ਆਤਮਿਕ ਲੀਨਤਾ ਹੀ ਹੁੰਦੀ ਕਿ ਕੁਝ ਨਿਵੇਕਲਾ ਮੇਰੀ ਸੋਚ-ਸਾਧਨਾ ਵਿਚ ਪਨਪਦਾ। ਮੈਨੂੰ ਕਿਸੇ ਹੋਰ ਵਰਤਾਰੇ, ਸਮਾਜਿਕ ਬਣਤਰ ਅਤੇ ਪਰਿਵਾਰਕ ਰਿਸ਼ਤਿਆਂ ਨੂੰ ਸਮਝਣ ਅਤੇ ਵਰਤੋਂ-ਵਿਹਾਰ ਨੂੰ ਸਮਝਣ ਦਾ ਮੌਕਾ ਮਿਲਦਾ। ਪਤਾ ਲੱਗਦਾ ਕਿ ਕਿਵੇਂ ਅੱਜ-ਕੱਲ੍ਹ ਰਿਸ਼ਤੇ ਨੈਪਕਿਨ ਬਣ ਗਏ ਨੇ। ਸਾਕ-ਸਬੰਧੀ ਆਪਣੇ ਹਿੱਤਾਂ ਦੇ ਪੂਰਕ ਅਤੇ ਆਪਣੇ ਕਹਿਲਾਉਣ ਵਾਲੇ ਤਾਂ ਤੁਹਾਡੀਆਂ ਕਬਰਾਂ ਦੀ ਖੁਦਾਈ ਵਿਚ ਰੁੱਝੇ ਹੋਏ ਲੋਕ। ਜਦ ਆਪਣਿਆਂ ਨੂੰ ਆਪਣਿਆਂ ਦੇ ਸਿਵੇ ਸੇਕਦੇ ਦੇਖਦਾ ਤਾਂ ਮੇਰੇ ਸ਼ਬਦ ਸਿਸਕਣ ਲੱਗਦੇ। ਮੇਰੀ ਲਿਖਤ ਹਟਕੋਰੇ ਭਰਦੀ। ਇਹ ਸਿਸਕੀਆਂ ਹੀ ਹੁੰਦੀਆਂ ਜੋ ਹਰ ਵਾਕ ਵਿਚ ਹੁੰਗਰਦੀਆਂ, ਹੁੰਗਾਰੇ ਦੀ ਲੋਚਾ ਮਨ ਵਿਚ ਪਾਲਦੀਆਂ। ਪਰ ਅਜੋਕੇ ਸਮੇਂ ਵਿਚ ਕੌਣ ਭਰਦਾ ਏ ਹਿਚਕੀਆਂ ਦਾ ਹੁੰਗਾਰਾ।

ਇਕ ਦਿਨ ਮੇਰੇ ਸ਼ਬਦਾਂ ਨੇ
ਮੇਰਾ ਅੰਤਰੀਵ ਫਰੋਲਿਆ ਤਾਂ
ਕੁਝ ਪਲ ਦੁੱਖ ਦੇ, ਕੁਝ ਸੁੱਖ ਦੇ
ਤੇ ਕੁਝ ਭੁੱਖ ਦੇ ਮਿਲੇ।
ਕੁਝ ਗਮਾਂ ਦੇ ਪਲ
ਕੁਝ ਦਰਦਾਂ ਦੇ ਪਲ
ਕੁਝ ਸਬੂਤੇ ਪਲ
ਅਤੇ ਕੁਝ ਪਲ ਟੁੱਕੜੇ-ਟੁੱਕੜੇ ਮਿਲੇ।
ਬਸ
ਜਿਹੜੇ ਸਹੀ ਸਲਾਮਤ ਸਨ
ਉਹ ਸਨ ਬਚਪਨ ਦੇ ਖ਼ੂਬਸੂਰਤ ਪਲ
ਹਰ ਵਕਤ ਖੇਡਣਾ
ਤੇ ਖਿਡੌਣੇ ਹੀ ਜ਼ਿੰਦਗੀ
ਅੱਜ ਕੱਲ ਤਾਂ
ਜ਼ਿੰਦਗੀ ਹੀ ਖਿਡੌਣਾ
ਜੋ ਕਦੇ ਟੁੱਟਦੀ ਤੇ ਕਦੇ ਜੁੜਦੀ।

ਚੌਗਿਰਦੇ ਵਿਚ ਵਾਪਰਦੇ ਵਰਤਾਰਿਆਂ ਤੋਂ ਮੇਰੀ ਲਿਖਤ ਕਦੇ ਵੀ ਅਣਭਿੱਜ ਜਾਂ ਬੇਲਾਗ ਨਹੀਂ। ਇਸ ਵਿਚ ਸਮਾਏ ਹੁੰਦੇ ਸੂਖ਼ਮ ਪਰ ਸੁਚੇਤ ਰੂਪ ਵਿਚ ਅਜੋਕੀ ਜੀਵਨ-ਸ਼ੈਲੀ ਦੇ ਮਾਰੂ ਅਤੇ ਜੀਵੰਤ ਰੰਗ। ਪਾਠਕ ਨੇ ਇਸ ਵਿਚੋਂ ਕਿਹੜੇ ਰੰਗ ਵਿਚ ਰੰਗੇ ਜਾਣਾ, ਇਹ ਪਾਠਕ ਦੀ ਸੰਵੇਦਨਾ, ਚੇਤਨਾ ਅਤੇ ਸੁਚੇਤਨਾ 'ਤੇ ਨਿਰਭਰ। ਉਹ ਕਿਹੜੇ ਹਰਫ਼ਾਂ ਨੂੰ ਆਪਣੇ ਸਮਝਦਾ ਅਤੇ ਕਿਹੜੇ ਸ਼ਬਦਾਂ ਵਿਚੋਂ ਗੈਰਾਂ ਦੀ ਸੂਰਤ ਨਿਹਾਰਦਾ, ਇਨ੍ਹਾਂ ਤੋਂ ਦੂਰੀ ਮਿੱਥ ਲੈਂਦਾ?

ਜਦ ਮੇਰੀ ਲਿਖਤ ਕਿਸੇ ਨੂੰ ਆਪਣੀ ਲੱਗਦੀ ਤਾਂ ਲਿਖਤ ਦਾ ਚਿਹਰਾ ਖਿੜਦਾ। ਇਹ ਸ਼ੁਕਰਾਨੇ ਦਾ ਪਰਤ ਹੀ ਹੁੰਦੀ ਕਿ ਮੈਂ ਲਿਖਤ ਵਿਚੋਂ ਆਪਣੇ-ਆਪ ਨੂੰ ਮਨਫ਼ੀ ਕਰਕੇ ਲੋਕਾਈ ਦੀ ਪੀੜ ਅਤੇ ਦਰਦ-ਗਾਥਾ ਨੂੰ ਉਚੇਚ ਨਾਲ ਲਿਖਦਾ। ਇਸ ਵਿਚੋਂ ਹੀ ਮੈਨੂੰ ਸਕੂਨ ਮਿਲਦਾ ਕਿ ਮੇਰੇ ਪੈਰ ਜ਼ਮੀਂ 'ਤੇ ਹੀ ਹਨ।

ਮੈਂ ਇਸ ਲਈ ਵੀ ਲਿਖਦਾ ਕਿ ਮੈਨੂੰ ਸਦਾ ਚੇਤੇ ਰਹੇ ਕਿ ਮੇਰਾ ਮੂਲ ਕੀ ਹੈ? ਮੇਰਾ ਪਿਛੋਕੜ ਕੀ ਸੀ? ਕਿਹੜੀਆਂ ਹਾਲਾਤਾਂ ਵਿਚੋਂ ਖੁਦ ਨੂੰ ਸੰਭਾਲਿਆ ਅਤੇ ਕਿਹੜੀਆਂ ਤਰਾਸਦੀਆਂ ਨੂੰ ਜੀਵਨ ਵਿਚ ਹੰਢਾਉਂਦਿਆਂ, ਖੁਦ ਨਾਲ ਲੜਿਆ ਅਤੇ ਖੁਦ ਵਿਚੋਂ ਉਸ ਰੂਪ ਨੂੰ ਦੇਖ ਸਕਿਆ ਜਿਸ ਤੋਂ ਮੈਂ ਖੁਦ ਵੀ ਅਣਜਾਣ ਸਾਂ?

ਮੈਂ ਇਸ ਲਈ ਲਿਖਦਾ ਕਿ ਸਮਝ ਆਵੇ ਕਿ ਕਈ ਵਾਰ ਹਾਰਨਾ ਹੀ ਤੁਹਾਡੀ ਜਿੱਤ ਦਾ ਆਧਾਰ ਹੁੰਦਾ। ਮਿਲਿਆ ਧੋਖਾ ਹੀ ਤੁਹਾਡੇ ਲਈ ਚੇਤੰਨ ਹੋਣ ਦਾ ਮਕਸਦ। ਆਪਣਿਆਂ ਦੀ ਲਾਈ ਠਿੱਬੀ ਹੀ ਤੁਹਾਨੂੰ ਸਾਬਤ ਕਦਮੀ ਤੁੱਰਨ ਲਈ ਉਤਸ਼ਾਹਿਤ ਕਰਦੀ। ਨੇੜਲਿਆਂ ਵਲੋਂ ਕੀਤੀ ਬੇਈਮਾਨੀ ਹੀ ਤੁਹਾਨੂੰ ਈਮਾਨਦਾਰੀ ਦਾ ਸਬਕ ਪੜ੍ਹਾ ਜਾਂਦੀ। ਜਾਣੂ ਦੀ ਈਰਖਾ ਹੀ ਤੁਹਾਡੇ ਲਈ ਵਰਦਾਨ ਅਤੇ ਕਿਸੇ ਦਾ ਮਾਰਿਆ ਧੋਬੀ ਪਟਕਾ ਹੀ ਤੁਹਾਡੀ ਸਿਰੜ-ਸਾਧਨਾ ਨੂੰ ਪਰਖਣ ਦਾ ਵੱਲ ਸਿਖਾ ਜਾਂਦਾ।

ਕਈ ਵਾਰ ਮੈਂ ਆਪਣੀ ਲਿਖਤ ਨੂੰ ਸਮਝਾਉਂਦਾ ਕਿ ਤੈਨੂੰ ਆਪਣੇ ਬਲਬੂਤੇ 'ਤੇ ਹੀ ਆਪਣਾ ਸਫ਼ਰ ਤਹਿ ਕਰਨਾ ਪੈਣਾ ਹੈ ਕਿਉਂਕਿ ਹਰ ਸਫ਼ਰ ਵਿਚ ਬਹੁਤੀ ਵਾਰ ਹਮਸਫ਼ਰ ਨਹੀਂ ਹੁੰਦਾ। ਜਦ ਕੋਈ ਲਿਖਤ ਆਪਣੀਆਂ ਰਾਹਾਂ ਚੁਣਨ ਅਤੇ ਇਨ੍ਹਾਂ 'ਤੇ ਤੁਰਨ ਦਾ ਜੇਰਾ ਕਰਦੀ ਤਾਂ ਨਵਾਂ ਮੁਹਾਂਦਰਾ ਉਸਦਾ ਨਸੀਬ ਜ਼ਰੂਰ ਬਣਦਾ।

ਪਰ ਲਿਖਦਿਆਂ ਵੀ ਅਕਸਰ ਹੀ ਮੈਂ ਸੋਚਦਾ;

ਅਜੇ ਤਾਂ ਕੁਝ ਅਲੋਕਾਰੀ ਲਿਖਣਾ ਬਾਕੀ ਏ
ਲਿਖਤ ਵਿਚੋਂ ਲਾਪਤਾ ਮਨ-ਰੂਹੀ ਬੇਬਾਕੀ ਏ
ਕਲਮ-ਰਾਹਾਂ ਨੂੰ ਨਾ ਮਿਲਿਆ ਕੋਈ ਸਾਕੀ ਏ
ਨਾ ਹੀ ਪੂਰੀ ਖੁੱਲ੍ਹੀ ਮੇਰੀ ਅੰਤਰੀਵੀ ਤਾਕੀ ਏ
ਨਾ ਹੀ ਸ਼ਬਦਾਂ ਨੂੰ ਨਸੀਬ ਹੋਈ ਸੂਰਜ-ਝਾਕੀ ਏ।

ਮੈਂ ਲਿਖਦਾ ਹਾਂ ਤਾਂ ਕਿ ਮੇਰੇ ਜਾਣ 'ਤੋਂ ਬਾਅਦ ਕੋਈ ਇਹ ਨਾ ਕਹੇ ਕਿ ਇਹ ਸਖ਼ਸ਼ ਚੁੱਪ ਹੀ ਰਿਹਾ, ਹਰ ਜ਼ਬਰ ਨੂੰ ਸਹਿੰਦਾ ਰਿਹਾ। ਇਸਦੇ ਬੋਲਾਂ ਨੂੰ ਜੰਦਰਾ ਲੱਗਾ ਹੀ ਰਿਹਾ। ਇਸਦੀਆਂ ਲਿਖਤਾਂ ਵਿਚ ਸੁੰਨ ਦਾ ਜੰਗਲੀ ਰਾਜ਼ ਹੀ ਰਿਹਾ ਅਤੇ ਹੁਣ ਇਹ ਆਪਣੇ ਆਖਰੀ ਸਫ਼ਰ 'ਤੇ ਵੀ ਚੱਲ ਪਿਆ।

ਮੈਂ ਇਸ ਲਈ ਵੀ ਲਿਖਦਾ ਹਾਂ, ਕੋਈ ਤਾਂ ਕਹੇਗਾ ਕਿ ਚਾਰ ਪਿਆਰਿਆਂ ਦੇ ਮੋਢਿਆਂ 'ਤੇ ਸਿਵਿਆਂ ਵੱਨੀਂ ਜਾ ਰਿਹਾ ਕੋਈ ਸਖ਼ਸ਼ ਤਾਂ ਹੈ, ਜਿਸਨੇ ਸ਼ਬਦਾਂ ਨੂੰ ਆਪਣਾ ਦੁੱਖੜਾ ਸੁਣਾਇਆ, ਵਰਕਿਆਂ ਨੂੰ ਯਾਰ ਬਣਾਇਆ ਅਤੇ ਪੁਸਤਕਾਂ ਵਿਚ ਆਪਣਾ ਦਰਦ ਛੁਪਾਇਆ। ਹੋਠਾਂ 'ਤੇ ਚੁੱਪ ਦਾ ਪਹਿਰਾ ਨਹੀਂ ਲਾਇਆ। ਇਸਦੇ ਜਾਣ 'ਤੋਂ ਬਾਅਦ ਵੀ ਇਸਦੇ ਸ਼ਬਦ ਗੁਣਗੁਣਾਉਂਦੇ ਰਹਿਣਗੇ। ਬੀਤੇ ਦੀ ਤਵਾਰੀਖ਼ ਭਵਿੱਖ ਦੇ ਕੰਨੀਂ ਫੁਸਫੁਸਾਉਂਦੇ ਰਹਿਣਗੇ ਅਤੇ ਲੋਕਾਈ ਦੇ ਵਿਹੜੇ ਵਿਚ ਸ਼ਬਦ-ਨਾਦ ਸੁਣਾਉਂਦੇ ਰਹਿਣਗੇ। ਜਦ ਤੱਕ ਜਿਉਂਦੇ ਰਹਿਣਗੇ ਇਸਦੇ ਸ਼ਬਦ, ਇਸ ਨੇ ਵੀ ਜਿਉਂਦੇ ਰਹਿਣਾ। ਬੰਦੇ ਦੇ ਜਾਣ ਤੋਂ ਬਾਅਦ ਉਸਦੇ ਸ਼ਬਦ ਹੀ ਹੁੰਦੇ ਜਿਹੜੇ ਚਿਰੰਜੀਵਤਾ ਦਾ ਰਾਗ ਹੁੰਦੇ।

ਮੈਂ ਇਸ ਲਈ ਵੀ ਲਿਖਦਾ ਤਾਂ ਕਿ ਮੈਂ ਆਪਣੀ ਅੰਦਰਲੀ ਯਾਤਰਾ ਜਾਰੀ ਰੱਖਾਂ। ਆਪਣੀ ਅੰਦਰਲੀ ਕੂੜ-ਨਗਰੀ ਨੂੰ ਤੱਕਾਂ। ਇਸਦੀ ਜੂਹ ਵਿਚ ਜਗਦਾ ਚਿਰਾਗ ਰੱਖਾਂ ਅਤੇ ਇਸਨੂੰ ਮਿਲਣ ਚਾਨਣ ਦੀਆਂ ਰੱਖਾਂ ਤਾਂ ਕਿ ਮੇਰੀ ਕੂੜ-ਅਮਾਵਸ 'ਚ ਜਾਗ ਪੈਣ ਅੱਖਾਂ।

ਸ਼ਬਦ-ਸਫ਼ਰ ਦਰਅਸਲ ਮੇਰੀ ਖੁਦ ਦੀ ਖੁਦ ਨਾਲ ਵਾਰਤਾਲਾਪ। ਖੁਦ ਦਾ ਖੁਦ ਨਾਲ ਪ੍ਰਵਚਨ। ਖੁਦ ਦਾ ਆਪਣੇ ਆਪ ਨਾਲ ਸਵਾਲ-ਜਵਾਬ ਅਤੇ ਖੁਦ ਦਾ ਖੁਦ ਨੂੰ ਮਿਲ ਕੇ ਸੁੰਦਰ ਸ਼ਬਦ-ਸਰੂਪ ਦੀ ਸਿਰਜਣਾ ਲਈ ਆਹਰ ਕਰਨਾ। ਰੂਹ ਦੀ ਤੰਦਰੁਸਤੀ, ਮਨ ਦੀ ਪਾਕੀਜ਼ਗੀ ਅਤੇ ਅੰਦਰਲੇ ਸੱਚ ਦੀ ਤਲਾਸ਼ ਹੀ ਦਰਅਸਲ ਮੇਰੀ ਲਿਖਤ ਦਾ ਹਰਫ਼ਨਾਮਾ ਹੈ ਜੋ ਮੇਰੇ ਸਾਹਾਂ ਲਈ ਇਨਾਇਤ, ਕਦਮਾਂ ਲਈ ਤਾਕਤ, ਸੋਚ ਲਈ ਪਰਵਾਜ਼ ਅਤੇ ਕਿਰਤਕਾਰੀ ਲਈ ਅੰਦਾਜ਼ ਹੁੰਦੀ।

ਮੇਰੀ ਲਿਖਤ ਹੀ ਮੇਰਾ ਸਕੂਨ, ਸੁਖਨ, ਸਹਜ ਅਤੇ ਸਹਿਜ। ਇਸ ਰਾਹੀਂ ਮੈਂ ਮਾਨਸਿਕ ਭੱਟਕਣ ਤੋਂ ਸਦਾ ਅਲੂਫ਼। ਆਪਣੀ ਤੋਰੇ ਤੁੱਰਦਾ ਜੋਗੜਾ। ਜ਼ਿੰਦਗੀ ਦੇ ਹਰ ਪਲ ਵਿਚ ਰੰਗੇ ਜਾਣਾ, ਕਲਮ ਦਾ ਕਰਮ-ਧਰਮ।

## ਜਦੋਂ 'ਕਿਲੇ' ਨੇ ਸਾਨੂੰ 'ਜਿੱਤ' ਲਿਆ!

*(ਪਿਛਲੇ ਸਫੇ ਦਾ ਬਾਕੀ)*

ਸਨ। ਬੱਚਿਆਂ ਨਾਲ ਬਹੁਤ ਪਿਆਰ ਕਰਦੇ ਸੀਗੇ। ਉਨ੍ਹਾਂ ਯਾਦਾਂ ਨੂੰ ਹਿੱਕ ਨਾਲ ਲਾ ਕੇ ਅੱਜ ਮੈਂ ਇਥੇ ਆਈ ਆਂ। ਇਸ ਮਕਸਦ ਨਾਲ ਆਈ ਆਂ ਕਿ ਮੇਰੀ ਮਦਰ, ਮੇਰਾ ਵੱਡਾ ਭਰਾ, ਮੇਰੀ ਸਿਸਟਰ ਉਹ ਐਥੋਂ ਦੀਆਂ ਗੱਲਾਂ ਕਰਦੇ ਹੁੰਦੇ ਸੀ। ਮੇਰੀ ਮਾਂ ਗੱਲਾਂ ਕਰਦੀ ਹੁੰਦੀ ਸੀ ਕਿ ਐਥੇ ਅਸੀਂ ਐਹਨਾਂ ਕਵਾਟਰਾਂ 'ਚ ਰਹਿੰਦੇ ਹੁੰਦੇ ਸਾਂ। ਐਥੇ, ਇਸ ਥਾਣੇ ਵਿਚ ਮੇਰੇ ਫ਼ਾਦਰ ਥਾਣੇਦਾਰ ਸਨ। ਐਥੇ ਬੱਚੇ ਖੇਡਦੇ ਸੀਗੇ। ਜਿਹੜੇ ਕਵਾਟਰਾਂ ਵਿਚ ਖੇਡਦੇ ਸੀਗੇ, ਉਹ ਮਨ ਦੇ ਮਨ ਵਿਚ ਮੈਂ ਪਿਕਚਰ ਬਣਾਉਂਦੀ ਸੀ। ਤੇ ਅੱਜ ਮੈਂ ਆਪਣੇ ਫ਼ਾਦਰ ਦੀ ਇਸ ਥਾਂ ਨੂੰ ਨਤਮਸਤਕ ਹੋਣ ਆਈ ਆਂ, ਮੱਥਾ ਟੇਕਣ ਆਈ ਆਂ। ਜੇ ਮੈਂ ਫ਼ਾਦਰ ਨਹੀਂ ਵੇਖ ਸਕੀ ਤਾਂ ਮੈਂ ਉਹ ਥਾਂ ਤਾਂ ਵੇਖ ਸਕਾਂ, ਜਿੱਥੇ ਉਹ ਬੈਠਦੇ ਰਹੇ।' ਮੱਥੇ ਨੂੰ ਹੱਥ ਲਾਉਂਦਿਆਂ ਉਹਦੀ ਆਵਾਜ਼ ਥਿੜਕ ਜਾਂਦੀ ਹੈ।'

ਕੈਮਰਾ ਘੁੰਮਦਾ ਹੈ। ਮੁਬੱਸ਼ਰ ਅਜੇ ਵੀ ਕੁਰਸੀ ਦੇ ਸਿਰਹਾਣੇ ਖਲੋਤਾ ਰਜਵੰਤ ਵੱਲ ਗੌਰ ਨਾਲ ਵੇਖ ਰਿਹਾ ਹੈ। ਯੂਨਸ ਭੱਟੀ ਦਾ ਪੂਰਾ ਧਿਆਨ ਰਜਵੰਤ ਦੇ ਬੋਲਾਂ ਵੱਲ ਹੈ ਤੇ ਬਿਨਾਂ ਅੱਖ ਝਮਕੇ ਉਸ ਵੱਲ ਦ੍ਰਵਿਤ ਨਜ਼ਰਾਂ ਨਾਲ ਵੇਖ ਰਿਹਾ ਹੈ। ਮੈਂ ਆਪਣੇ ਫ਼ੋਨ ਵਿਚ 'ਸੇਵ' ਕੀਤੀ ਸ ਬੰਤਾ ਸਿੰਘ ਦੀ ਤਸਵੀਰ ਲੱਭ ਕੇ ਰਜਵੰਤ ਨੂੰ ਫ਼ੋਨ ਫੜਾਉਂਦਾ ਹਾਂ। ਉਹ ਤਸਵੀਰ ਕੈਮਰੇ ਵੱਲ ਸਿੱਧੀ ਕਰ ਕੇ ਫ਼ੋਨ ਨੂੰ ਹਿੱਕ ਨਾਲ ਘੁੱਟ ਲੈਂਦੀ ਹੈ।

'...ਮੈਂ ਸਾਰਿਆਂ ਦੀ ਸ਼ੁਕਰਗੁਜ਼ਾਰ ਆਂ, ਜਿਹੜੇ ਮੇਰੇ ਭਰਾ ਮੈਨੂੰ ਏਥੇ ਲੈ ਕੇ ਲੈ ਕੇ ਆਏ। ਇਥੋਂ ਦੇ ਸਾਰੇ ਅਫ਼ਸਰਾਂ ਦਾ। ਆਪਣੇ ਹਸਬੈਂਡ ਦਾ ਵੀ ਮੈਂ ਧੰਨਵਾਦ ਕਰਦੀ ਆਂ ਜਿਨ੍ਹਾਂ ਨੇ ਮੇਰੀ ਖ਼ਾਹਿਸ਼ ਪੂਰੀ ਕੀਤੀ। ਇਨ੍ਹਾਂ ਨੂੰ ਮੈਂ ਕਹਿੰਦੀ ਰਹਿੰਦੀ ਸੀ, ਮੈਨੂੰ ਇੱਕ ਵਾਰੀ ਉਹ ਥਾਂ ਦਿਖਾ ਦਿਓ, ਜਿਹੜੀ ਮੇਰੇ ਭੈਣ-ਭਰਾ ਨਹੀਂ ਦੇਖ ਸਕੇ, ਪਰ ਮੈਂ ਦੇਖ ਲਵਾਂ। ਮੈਂ ਉਹ ਨਹੀਂ ਵੇਖੇ ਪਰ ਜਿੱਥੇ ਉਨ੍ਹਾਂ ਸਾਰੀ ਉਮਰ ਸਰਵਿਸ ਕੀਤੀ, ਉਹ ਥਾਂ ਵੇਖ ਸਕਾਂ। ਬਹੁਤੀ ਸਰਵਿਸ ਉਨ੍ਹਾਂ ਦੀ ਏਥੇ ਦੀ ਸੀ। ਇਧਰੋਂ ਫ਼ਿਰੋਜ਼ਪੁਰ ਬਦਲ ਕੇ ਗਏ। ਬਹੁਤ ਛੋਟੀ ਉਮਰ ਵਿਚ 26 ਜਨਵਰੀ ਵਾਲੇ, ਔਨ ਡਿਊਟੀ ਡੈੱਥ ਹੋ ਗਈ ਸੀ। ਜਿਸ ਦਿਨ ਪਹਿਲਾ ਰੀਪਬਲਿਕ ਡੇ, ਆਜ਼ਾਦੀ ਦਾ ਦਿਨ ਮਨਾ ਰਹੇ ਸੀ...ਮੇਰੀ ਮਾਂ ਇੱਕ ਸ਼ਬਦ ਵਰਤਦੀ ਹੁੰਦੀ ਸੀ, 'ਲੋਕਾਂ ਦੀ ਆਜ਼ਾਦੀ ਤੇ ਮੇਰੀ ਬਰਬਾਦੀ ਦਾ ਦਿਨ ਸੀ ਉਹ!' ਅਸੀਂ ਚਾਰ ਭੈਣਾਂ। ਬਹੁਤ ਛੋਟੀ ਸੀ ਮੈਂ ਤਾਂ। ਡੇਢ ਸਾਲ ਦੀ। ਇੱਕ ਮੇਰੀ ਭੈਣ ਮੇਰੇ ਮਾਂ ਦੇ ਪੇਟ ਵਿਚ ਸੀ, ਜਿਹਦਾ ਬਰਥ ਬਾਅਦ ਵਿਚ ਹੋਇਆ। ਇਸਤੋਂ ਬਾਅਦ ਕਹਿਣ ਲਈ ਮੇਰੇ ਕੋਲ ਕੋਈ ਅਲਫ਼ਾਜ਼ ਨਹੀਂ ਹੈਗੇ। ਮੈਂ ਇਸ ਚੇਅਰ ਨੂੰ ਨਮਸਕਾਰ ਕਰਦੀ ਹਾਂ।'

ਉਹ ਅੱਖਾਂ ਮੀਟ ਕੇ ਹੱਥ ਜੋੜਦੀ ਹੈ ਤੇ ਕੁਰਸੀ ਤੋਂ ਉਠ ਖਲੋਂਦੀ ਹੈ। ਉਹਦੇ ਨਾਲ ਹੀ ਸਾਰੇ ਉਠ ਖਲੋਂਦੇ ਹਨ। ਯੂਨਸ ਭੱਟੀ ਤੇ ਮੁਬੱਸ਼ਰ ਸਾਨੂੰ ਸਭਨਾਂ ਨੂੰ ਨਾਲ ਲੈ ਕੇ ਥਾਣੇ ਦੀ ਇਮਾਰਤ ਵਿਖਾਉਣ ਲੱਗਦੇ ਨੇ। ਰਜਵੰਤ ਅੱਗੇ ਅੱਗੇ ਉਨ੍ਹਾਂ ਦੇ ਨਾਲ ਤੁਰ ਰਹੀ ਹੈ ਜਿਵੇਂ ਕੋਈ ਸੀਨੀਅਰ ਅਫ਼ਸਰ ਥਾਣੇ ਦਾ ਮੁਆਇਨਾ ਕਰਨ ਆਇਆ ਹੋਵੇ ਤੇ ਉਥੋਂ ਦੇ ਮੁਲਾਜ਼ਮ ਉਸਨੂੰ ਬੜੇ ਅਦਬ-ਇਹਤਰਾਮ ਨਾਲ ਥਾਣਾ ਵਿਖਾ ਰਹੇ ਹੋਣ। ਪਰ੍ਹੇ ਦੂਜਿਆਂ ਕਮਰਿਆਂ ਵਿਚੋਂ ਕੁਝ ਮੁਲਾਜ਼ਮ ਸਾਡੇ ਵੱਲ ਵੇਖ ਰਹੇ ਸਨ। ਇੱਕ ਕਮਰੇ ਵਿਚੋਂ ਪਰਦਾ-ਨਸ਼ੀਨ ਔਰਤਾਂ ਉਹਲੇ ਵਿਚੋਂ ਸਾਡੇ ਵੱਲ ਛੇਤੀ ਨਾਲ ਝਾਤੀ ਮਾਰ ਕੇ ਦਰਵਾਜ਼ੇ ਉਹਲੇ ਹੋ ਗਈਆਂ।

(ਚੱਲਦਾ)

## ਇੱਕ ਹੋਰ ਲੈਂਡ ਪੂਲਿੰਗ

# ਪੰਚਾਇਤੀ ਜ਼ਮੀਨਾਂ ਨੂੰ ਵੇਚਣ ਦੀ ਤਿਆਰੀ 'ਚ ਪੰਜਾਬ ਸਰਕਾਰ

ਪੰਜਾਬ ਦੇ ਕਿਸਾਨਾਂ ਤੇ ਲੋਕਾਂ ਦੇ ਤਿੱਖੇ ਸੰਘਰਸ਼ਾਂ ਕਾਰਨ ਭਾਵੇਂ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਨੂੰ 'ਲੈਂਡ ਪੂਲਿੰਗ' ਨੀਤੀ ਰੱਦ ਕਰਨੀ ਪਈ ਹੈ। ਇਸ 'ਲੈਂਡ ਪੂਲਿੰਗ' ਨੀਤੀ ਤਹਿਤ ਹੀ ਪੰਜਾਬ ਸਰਕਾਰ ਵੱਲੋਂ ਪੰਜਾਬ ਦੀ ਬੇਹੱਦ ਉਪਜਾਊ ਜ਼ਮੀਨ ਨੂੰ ਵੱਖ-ਵੱਖ ਅਰਬਨ ਅਸਟੇਟਾਂ, ਇੰਡਸਟਰੀਅਲ ਪ੍ਰੋਜੈਕਟਾਂ ਤੇ ਹੋਰ ਸ਼ਹਿਰੀ ਵਿਕਾਸ ਪ੍ਰੋਜੈਕਟਾਂ ਦੇ ਨਾਂ ਹੇਠ ਵੱਡੇ ਪੱਧਰ 'ਤੇ ਐਕਵਾਇਰ ਕੀਤਾ ਜਾਣਾ ਸੀ। ਪਰ ਹੁਣ ਪੰਜਾਬ ਸਰਕਾਰ ਨੇ ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ ਨਾਲ ਲੱਗਦੀ ਪੰਚਾਇਤੀ ਤੇ ਸ਼ਾਮਲਾਟ ਜ਼ਮੀਨ ਨੂੰ ਖੁੱਲ੍ਹੀ ਬੋਲੀ ਰਾਹੀਂ ਵੇਚਣ ਦਾ ਫ਼ੈਸਲਾ ਕੀਤਾ ਹੈ। ਇਸਦੀ ਪੰਜਾਬ ਸਰਕਾਰ ਨੇ ਅੰਦਰ ਖਾਤੇ ਤਿਆਰੀ ਵੀ ਵਿੱਢ ਦਿੱਤੀ ਹੈ। ਸ਼ੁਰੂਆਤੀ ਗੇੜ 'ਚ ਪੰਜਾਬ ਦੇ ਜ਼ਿਲ੍ਹੇ ਮੋਹਾਲੀ ਤੇ ਖਰੜ ਨਾਲ ਲੱਗਦੀ 17 ਪਿੰਡਾਂ (ਭਾਗੋਮਾਜਰਾ, ਨਾਨੂੰਮਾਜਰਾ, ਗਿੱਦੜਪੁਰ, ਰਾਏਪੁਰ ਖੁਰਦ, ਚੱਪੜਚਿੜੀ, ਤੰਗੋਰੀ, ਬੜੀ, ਰੁੜਕਾ, ਰਾਏਪੁਰ ਕਲਾਂ, ਸਫੀਪੁਰ, ਸੁਖਗੜ੍ਹ, ਦਾਊਂ, ਮਾਣਕਪੁਰ, ਕੰਬਾਲੀ, ਬਹਿਰਾਮਪੁਰ, ਕੱਲਰ, ਕੰਡਾਲੀ ਆਦਿ) ਦੀ ਜ਼ਮੀਨ ਨੂੰ ਖੁੱਲ੍ਹੀ ਬੋਲੀ ਰਾਹੀਂ ਵੇਚਣ ਦਾ ਫੈਸਲਾ ਕੀਤਾ ਹੈ। ਇਹ ਸਾਰੀਆਂ ਪੰਚਾਇਤੀ ਤੇ ਸ਼ਾਮਲਾਟ ਜ਼ਮੀਨਾਂ ਰੀਅਲ ਅਸਟੇਟ ਪ੍ਰੋਜੈਕਟਾਂ ਦੇ ਵਿਚਕਾਰ ਪੈਂਦੀਆਂ ਹਨ ਤੇ ਇਨ੍ਹਾਂ ਜ਼ਮੀਨਾਂ ਦੀ ਸਰਕਾਰ ਵੱਲੋਂ ਬਕਾਇਦਾ ਨਿਸ਼ਾਨਦੇਹੀ ਕਰਵਾਈ ਗਈ ਹੈ। ਪੰਜਾਬ ਸਰਕਾਰ ਦੇ ਸੰਬੰਧਤ ਅਧਿਕਾਰੀਆਂ ਨੇ ਇਨ੍ਹਾਂ ਪਿੰਡਾਂ ਦੀਆਂ ਪੰਚਾਇਤਾਂ ਨੂੰ ਮੀਟਿੰਗ ਕਰਕੇ ਪੰਚਾਇਤੀ ਜ਼ਮੀਨਾਂ ਵੇਚਣ ਦੇ ਲਈ ਮਤੇ ਪਾਉਣ ਨੂੰ ਕਿਹਾ ਗਿਆ ਹੈ। ਜੇਕਰ ਕੋਈ ਵੀ ਪੰਚਾਇਤ ਇਸ ਮਤੇ ਦਾ ਵਿਰੋਧ ਕਰਦੀ ਹੈ ਤਾਂ ਉਸ ਖ਼ਿਲਾਫ਼ ਕਾਰਵਾਈ ਕਰਨ ਲਈ ਕਿਹਾ ਗਿਆ ਹੈ। ਪੰਜਾਬ 'ਆਪ' ਪਾਰਟੀ ਦੀ ਸਰਕਾਰ ਵੱਲੋਂ ਇਨ੍ਹਾਂ ਜ਼ਮੀਨਾਂ ਨੂੰ ਵੇਚਣ ਪਿੱਛੇ ਇਹ ਤਰਕ ਦਿੱਤਾ ਜਾ ਰਿਹਾ ਹੈ ਕਿ ਇਹ ਪੰਚਾਇਤੀ ਤੇ ਸ਼ਾਮਲਾਟ ਜ਼ਮੀਨਾਂ ਰੀਅਲ ਅਸਟੇਟ ਪ੍ਰੋਜੈਕਟਾਂ ਵਿਚਕਾਰ ਪੈਂਦੀਆਂ ਹੋਣ ਕਰਕੇ ਇਹ ਬੇਹੱਦ ਕੀਮਤੀ ਹਨ ਜਿਸ ਕਰਕੇ ਇਨ੍ਹਾਂ ਜ਼ਮੀਨਾਂ 'ਤੇ ਨਾਜਾਇਜ਼ ਤੇ ਭੌਂ-ਮਾਫੀਆ ਵੱਲੋਂ ਕਬਜ਼ਾ ਹੋਣ ਦਾ ਡਰ ਹੈ। ਇਨ੍ਹਾਂ ਪੰਚਾਇਤੀ ਜ਼ਮੀਨਾਂ ਨੂੰ ਵੇਚਣ ਦਾ ਇੱਕ ਤਰਕ ਪੰਜਾਬ ਸਰਕਾਰ ਵੱਲੋਂ ਇਹ ਵੀ ਦਿੱਤਾ ਜਾ ਰਿਹਾ ਹੈ ਕਿ ਇਨ੍ਹਾਂ ਪੰਚਾਇਤੀ ਤੇ ਸ਼ਾਮਲਾਟ ਜ਼ਮੀਨਾਂ ਤੋਂ ਪਿੰਡਾਂ ਦੀਆਂ ਪੰਚਾਇਤਾਂ ਨੂੰ ਆਮਦਨ ਬਹੁਤ ਘੱਟ ਹੋ ਰਹੀ ਹੈ। ਇਸ ਨੂੰ ਖੁੱਲ੍ਹੀ ਨਿਲਾਮੀ ਰਾਹੀਂ ਵੇਚ ਕੇ ਵਧੇਰੇ ਮੁਨਾਫਾ ਕਮਾਇਆ ਜਾ ਸਕਦਾ ਹੈ। ਹਾਲਾਂਕਿ ਪਹਿਲਾਂ ਇਹ ਜ਼ਮੀਨਾਂ ਨੂੰ ਵੱਖ-ਵੱਖ ਪ੍ਰੋਜੈਕਟਾਂ ਤਹਿਤ ਗਮਾਡਾ, ਗਲਾਡਾ, ਪੁੱਡਾ ਆਦਿ ਰਾਹੀਂ ਐਕਵਾਇਰ ਕਰ ਕੇ ਵੇਚਿਆ ਗਿਆ ਹੈ। ਪਰ ਇਨ੍ਹਾਂ ਰਾਹੀਂ ਵੇਚਣ ਨਾਲ ਸਰਕਾਰ ਨੂੰ ਘੱਟ ਮੁਨਾਫ਼ੇ ਹੋਣ ਦੇ ਖਦਸ਼ੇ ਹੋਣ ਕਰਕੇ ਖੁੱਲ੍ਹੀ ਨਿਲਾਮੀ ਦਾ



ਰਾਹ ਅਪਨਾਇਆ ਹੈ। ਇਸ ਪੰਚਾਇਤੀ ਜ਼ਮੀਨ ਦੀ ਨਿਲਾਮੀ ਦੇ ਪੰਜਾਬ ਸਰਕਾਰ ਵੱਲੋਂ ਇਸ਼ਤਿਹਾਰ ਵੀ ਜਾਰੀ ਕਰ ਦਿੱਤੇ ਗਏ ਹਨ। ਪੰਜਾਬ ਸਰਕਾਰ ਦਾ ਦਾਅਵਾ ਹੈ ਕਿ ਇਨ੍ਹਾਂ ਪਿੰਡਾਂ ਦੀਆਂ ਪੰਚਾਇਤੀ ਤੇ ਸ਼ਾਮਲਾਟ ਜ਼ਮੀਨਾਂ ਨੂੰ ਵੇਚ ਕੇ ਕਮਾਏ ਸਾਰੇ ਪੈਸੇ ਦੀ ਸੰਬੰਧਤ ਪੰਚਾਇਤਾਂ ਦੇ ਨਾਂ 'ਤੇ ਐਫ.ਡੀ. ਹੋਵੇਗੀ ਅਤੇ ਇਸਦੇ ਵਿਆਜ ਦਾ ਤੀਜਾ ਹਿੱਸਾ ਪੰਚਾਇਤ ਸੰਮਤੀਆਂ ਕੋਲ ਜਾਵੇਗਾ। ਇਨ੍ਹਾਂ ਪਿੰਡਾਂ ਦੀਆਂ ਪੰਚਾਇਤਾਂ ਵੱਲੋਂ ਪੰਜਾਬ ਸਰਕਾਰ ਦੇ ਇਸ ਫ਼ੈਸਲੇ ਦਾ ਵਿਰੋਧ ਕੀਤਾ ਜਾ ਰਿਹਾ ਹੈ।

ਪੰਜਾਬ ਦੀ 'ਆਪ' ਪਾਰਟੀ ਦੀ ਸਰਕਾਰ ਪਹਿਲਾਂ ਵੀ ਸਾਮਰਾਜੀ ਦਿਸ਼ਾ ਨਿਰਦੇਸ਼ਾਂ ਤਹਿਤ ਹੀ ਲੈਂਡ ਪੂਲਿੰਗ ਨੀਤੀ ਲੈ ਕੇ ਆਈ ਸੀ। ਇਸ ਨੀਤੀ ਦਾ ਮਕਸਦ ਵੀ ਪੰਜਾਬ ਦੀਆਂ ਉਪਜਾਊ ਜ਼ਮੀਨਾਂ ਨੂੰ ਵੱਡੀਆਂ ਦੇਸੀ ਤੇ ਵਿਦੇਸ਼ੀ ਬਹੁਕੌਮੀ ਕੰਪਨੀਆਂ ਨੂੰ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦੇ ਨਾਂ ਹੇਠ ਐਕਵਾਇਰ ਕਰ ਕੇ ਦੇਣਾ ਸੀ। ਪੰਜਾਬ ਸਰਕਾਰ ਵੀ ਸੰਸਾਰ ਬੈਂਕ ਦੀਆਂ ਹਦਾਇਤਾਂ ਮੁਤਾਬਕ ਕੰਮ ਕਰ ਰਹੀ ਹੈ। ਸੰਸਾਰ ਬੈਂਕ ਵੱਲੋਂ ਸਪੱਸ਼ਟ ਹਦਾਇਤਾਂ ਹਨ ਕਿ ਕਿਸੇ ਵੀ ਮੁਲਕ ਅੰਦਰ, ਖਾਸ ਕਰਕੇ ਤੀਜੀ ਦੁਨੀਆਂ ਦੇ ਮੁਲਕਾਂ ਅੰਦਰ ਵੱਡੀਆਂ ਕੰਪਨੀਆਂ ਨੂੰ ਕਾਰੋਬਾਰ ਕਰਨ ਲਈ ਲੈਂਡ ਬੈਂਕ ਬਣਾਏ ਜਾਣ। ਕਿਉਂਕਿ ਕਿਸੇ ਵੀ ਵੱਡੀ ਸਾਮਰਾਜੀ ਕੰਪਨੀ ਨੂੰ ਆਪਣੇ ਕਾਰੋਬਾਰ ਕਰਨ ਲਈ ਜ਼ਮੀਨ ਪਹਿਲੀ ਸ਼ਰਤ ਹੈ। ਇਸ ਕਰਕੇ ਕੋਈ ਕੰਪਨੀ ਤਾਂ ਹੀ ਮੁਲਕ ਅੰਦਰ ਨਿਵੇਸ਼ ਕਰੇਗੀ ਜੇਕਰ ਪਹਿਲਾਂ ਜ਼ਮੀਨ ਹੋਵੇਗੀ। ਇਸ ਕਰਕੇ ਪਹਿਲਾਂ ਲੈਂਡ ਪੂਲਿੰਗ ਨੀਤੀ ਤਹਿਤ ਜ਼ਮੀਨ ਨੂੰ ਐਕਵਾਇਰ ਕਰਕੇ ਲੈਂਡ ਬੈਂਕ ਬਣਾਈ ਜਾਵੇਗੀ। ਪਰ ਪੰਜਾਬ ਦੇ ਕਿਸਾਨਾਂ ਤੇ ਲੋਕਾਂ ਦੇ ਤਿੱਖੇ ਵਿਰੋਧ ਕਾਰਨ ਪੰਜਾਬ ਸਰਕਾਰ ਨੂੰ ਭਾਵੇਂ 'ਲੈਂਡ ਪੂਲਿੰਗ' ਨੀਤੀ ਰੱਦ ਕਰਨੀ ਪਈ ਹੈ, ਪਰ ਪੰਜਾਬ ਸਰਕਾਰ ਦੀ ਇਨ੍ਹਾਂ ਸਾਮਰਾਜੀ ਨੀਤੀਆਂ ਨੂੰ ਲਾਗੂ ਕਰਨ ਦੀ ਧੁੱਸ ਐਨੀ ਜ਼ਿਆਦਾ ਹੈ ਕਿ ਉਹ ਕਿਸੇ ਨਾ ਕਿਸੇ ਤਰੀਕੇ ਨਾਲ ਪੰਜਾਬ ਦੇ ਲੋਕਾਂ ਦੀਆਂ ਜ਼ਮੀਨਾਂ ਖੋਹਣ ਦੀ ਨੀਤੀ ਜਾਰੀ ਰੱਖ ਰਹੀ ਹੈ।

ਹੁਣ ਜਦੋਂ ਪੰਜਾਬ ਸਰਕਾਰ ਵੱਲੋਂ ਪਿੰਡਾਂ ਦੀਆਂ ਪੰਚਾਇਤੀ ਜ਼ਮੀਨਾਂ ਨੂੰ ਖੁੱਲ੍ਹੀ ਬੋਲੀ ਰਾਹੀਂ ਵੇਚਣ ਦੀ ਤਿਆਰੀ ਵਿੱਢੀ ਹੋਈ ਹੈ ਤਾਂ ਸਰਕਾਰ ਵੱਲੋਂ ਇਨ੍ਹਾਂ ਪੰਚਾਇਤੀ ਜ਼ਮੀਨਾਂ ਨੂੰ ਵੇਚਣ ਦੀ ਮਨਸ਼ਾ ਸਪੱਸ਼ਟ ਤੌਰ 'ਤੇ ਜੱਗ ਜ਼ਾਹਿਰ ਹੋ ਰਹੀ ਹੈ ਕਿ ਕਿਵੇਂ ਇਨ੍ਹਾਂ ਵੱਡੀਆਂ ਸਾਮਰਾਜੀ ਕੰਪਨੀਆਂ ਤੇ ਕਾਰੋਬਾਰੀਆਂ ਨੂੰ ਲੋਕਾਂ ਦੀਆਂ ਜ਼ਮੀਨਾਂ ਸਸਤੇ ਭਾਅ 'ਤੇ ਇਕੱਠੀਆਂ ਕਰਕੇ ਦੇਣੀਆਂ ਹਨ। ਇਹ ਜ਼ਮੀਨਾਂ ਮੋਹਾਲੀ ਤੇ ਖਰੜ ਦੇ ਨਾਲ ਲੱਗਦੀਆਂ ਹਨ ਤੇ ਰੀਅਲ ਅਸਟੇਟ ਦੇ ਵਿਚਕਾਰ ਪੈਂਦੀਆਂ ਹੋਣ ਕਰਕੇ ਬਹੁਤ ਕੀਮਤੀ ਹਨ। ਇਨ੍ਹਾਂ ਪੰਚਾਇਤੀ ਜ਼ਮੀਨਾਂ 'ਤੇ ਵੱਡੀਆਂ ਕੰਪਨੀਆਂ ਤੇ ਕਾਰੋਬਾਰੀਆਂ ਦੀ ਅੱਖ ਹੈ। ਉਹ ਇਨ੍ਹਾਂ ਪੰਚਾਇਤੀ ਜ਼ਮੀਨਾਂ ਨੂੰ ਪੰਜਾਬ ਸਰਕਾਰ ਤੋਂ ਕੌਡੀਆਂ ਦੇ ਭਾਅ 'ਤੇ ਖਰੀਦ ਕੇ ਆਪਣੇ ਵਿਕਾਸ ਪ੍ਰੋਜੈਕਟਾਂ ਨੂੰ ਲਾ ਕੇ ਮੁਨਾਫ਼ੇ ਕਮਾਉਣਗੇ। ਇਨ੍ਹਾਂ ਜ਼ਮੀਨਾਂ ਉੱਪਰ ਰੀਅਲ ਅਸਟੇਟ ਦੇ ਕਾਰੋਬਾਰੀਆਂ ਵੱਲੋਂ ਬਣਾਈਆਂ ਕਲੋਨੀਆਂ ਵੀ ਸਮਾਜ ਦੀ ਇੱਕ ਉਪਰਲੀ ਪਰਤ ਵਾਸਤੇ ਹੀ ਹੋਣਗੀਆਂ ਨਾ ਕਿ ਆਮ ਕਿਰਤੀ ਲੋਕਾਂ ਵਾਸਤੇ। ਇਨ੍ਹਾਂ ਪੰਚਾਇਤੀ ਜ਼ਮੀਨਾਂ ਨੂੰ ਖਰੀਦਣ ਪਿੱਛੇ ਇਹ ਲੁੱਟ ਦੀ ਨੀਤੀ ਕੰਮ ਕਰਦੀ ਹੈ। ਇਨ੍ਹਾਂ ਵਿਕਾਸ ਪ੍ਰੋਜੈਕਟਾਂ ਨੇ ਵੱਡੀਆਂ ਸਾਮਰਾਜੀ ਕੰਪਨੀਆਂ ਤੇ ਸਰਮਾਏਦਾਰਾਂ ਦੇ ਮੁਨਾਫ਼ਿਆਂ ਦੀ ਜਾਮਨੀ ਕਰਨੀ ਹੈ।

ਪੰਜਾਬ ਸਰਕਾਰ ਵੱਲੋਂ ਬੇ-ਸ਼ਰਮੀ ਭਰਿਆ ਤਰਕ ਦਿੱਤਾ ਜਾ ਰਿਹਾ ਹੈ ਕਿ ਇਹ ਪੰਚਾਇਤੀ ਤੇ ਸ਼ਾਮਲਾਟ ਜ਼ਮੀਨਾਂ ਰੀਅਲ ਅਸਟੇਟ ਵਿਚਕਾਰ ਪੈਂਦੀਆਂ ਹੋਣ ਕਰਕੇ ਇਸ ਉੱਪਰ ਭੌਂ-ਮਾਫੀਆ ਦਾ ਕਬਜ਼ਾ ਹੋਣ ਦਾ ਡਰ ਹੈ ਇਸ ਕਰਕੇ ਇਨ੍ਹਾਂ ਜ਼ਮੀਨਾਂ ਦੀ ਨੀਲਾਮੀ ਕੀਤੀ ਜਾ ਰਹੀ ਹੈ। ਸਰਕਾਰ ਦੇ ਇਸ ਤਰਕ ਦੀ ਕੋਈ ਵਾਜਬੀਅਤ ਨਹੀਂ ਬਣਦੀ ਕਿਉਂਕਿ ਭੌਂ-ਮਾਫੀਆ ਸਰਕਾਰੀ ਤੇ ਸਿਆਸੀ ਛਤਰ ਛਾਇਆ ਹੇਠ ਹੀ ਪਲਦਾ ਹੈ। ਇਹ ਲੋਕਾਂ ਨੇ ਆਪਣੇ ਤਜਰਬੇ ਰਾਹੀਂ ਹੱਡੀਂ ਹੰਢਾਇਆ ਹੈ। ਜਦੋਂ ਪੰਜਾਬ ਸਰਕਾਰ ਪੰਚਾਇਤੀ ਜ਼ਮੀਨਾਂ ਨੂੰ ਨਾਜਾਇਜ਼ ਕਬਜ਼ੇ ਦੇ ਡਰੋਂ ਵੇਚਣ ਦੇ ਇਹ ਤਰਕ ਦੇ ਰਹੀ ਹੈ ਤਾਂ ਦੂਜੇ ਪਾਸੇ ਪਿੰਡ ਜਿਉਂਦ 'ਚ ਸੌ ਸਾਲਾਂ ਤੋਂ ਖੇਤੀ ਕਰ ਰਹੇ ਕਿਸਾਨਾਂ ਤੋਂ ਜ਼ਮੀਨਾਂ ਖੋਹਣ ਲਈ ਪੂਰੀ ਰਾਜ ਮਸ਼ੀਨਰੀ ਝੋਕ ਦਿੰਦੀ ਹੈ। ਉਨ੍ਹਾਂ ਕੋਲ ਜ਼ਮੀਨ ਦੀ ਮਾਲਕੀ ਨਾ ਹੋਣ ਦੇ ਫ਼ੁਰਮਾਨ ਜਾਰੀ ਕਰ ਦਿੱਤੇ ਜਾਂਦੇ ਹਨ। ਪਿੰਡ ਜਿਉਂਦ ਦੇ ਕਿਸਾਨ ਆਪਣੀ ਜ਼ਮੀਨ ਨੂੰ ਬਚਾਉਣ ਲਈ ਲਗਾਤਾਰ ਸੰਘਰਸ਼ ਕਰ ਰਹੇ ਹਨ। ਇਸ ਫ਼ੈਸਲੇ ਦੀ ਸਭ ਤੋਂ ਵੱਡੀ ਸੱਟ ਬੇਜ਼ਮੀਨੇ ਭਾਈਚਾਰਿਆਂ 'ਤੇ ਪੈਂਦੀ ਹੈ ਕਿਉਂਕਿ ਇਹ ਜ਼ਮੀਨਾਂ ਸਿੱਧੇ-ਅਸਿੱਧੇ ਢੰਗ ਨਾਲ ਇਨ੍ਹਾਂ ਹਿੱਸਿਆਂ ਦੇ ਜੂਨ ਗੁਜ਼ਾਰੇ ਦਾ ਆਸਰਾ ਬਣਦੀਆਂ ਹਨ ਜਾਂ ਬਣਾਈਆਂ ਜਾ ਸਕਦੀਆਂ ਹਨ।


ਜ਼ਰੂਰਤ ਤਾਂ ਇਹ ਹੈ ਕਿ ਇਨ੍ਹਾਂ ਪੰਚਾਇਤੀ ਜ਼ਮੀਨਾਂ ਨੂੰ ਆਮ ਲੋਕਾਂ ਦੇ ਮੰਤਵਾਂ, ਖਾਸ ਕਰਕੇ ਖੇਤ ਮਜ਼ਦੂਰਾਂ ਤੇ ਬੇਜ਼ਮੀਨੇ ਕਿਸਾਨਾਂ ਲਈ ਵਰਤਿਆ ਜਾਵੇ। ਇੱਕ ਬਹੁਤ ਵੱਡਾ ਹਿੱਸਾ ਸਮਾਜ ਅੰਦਰ ਬੇ-ਘਰਾਂ ਤੇ ਬੇਜ਼ਮੀਨਾਂ ਹੈ। ਇਨ੍ਹਾਂ ਪੰਚਾਇਤੀ ਤੇ ਸ਼ਾਮਲਾਟ ਜ਼ਮੀਨਾਂ 'ਤੇ ਪਹਿਲਾ ਹੱਕ ਇਨ੍ਹਾਂ ਬੇ-ਘਰਾਂ ਤੇ ਬੇਜ਼ਮੀਨਿਆਂ ਦਾ ਹੋਣਾ ਚਾਹੀਦਾ ਹੈ। ਉਨ੍ਹਾਂ ਲਈ ਇਹ ਜ਼ਮੀਨਾਂ ਰਾਖਵੀਆਂ ਹੋਣੀਆਂ ਚਾਹੀਦੀਆਂ ਹਨ। ਪਰ ਇਸਦੇ ਉਲਟ ਜਿਹੜੇ ਖੇਤ ਮਜ਼ਦੂਰ ਪੰਚਾਇਤੀ ਜ਼ਮੀਨਾਂ ਦੇ ਹੱਕ ਲਈ ਆਪਣੀ ਲੜਾਈ ਲੜ ਰਹੇ ਹਨ ਉਨ੍ਹਾਂ ਨੂੰ ਸਰਕਾਰੀ ਜਬਰ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਇਸ ਕਰਕੇ ਪੰਚਾਇਤੀ ਜ਼ਮੀਨਾਂ ਸਮੇਤ ਹੋਰ ਬੇਅਬਾਦ ਸਾਂਝੀਆਂ ਜ਼ਮੀਨਾਂ ਨੂੰ ਕੌਡੀਆਂ ਦੇ ਭਾਅ ਵੱਡੇ ਕਾਰੋਬਾਰੀਆਂ ਤੇ ਸਰਮਾਏਦਾਰਾਂ ਨੂੰ ਵੇਚਣ ਦੇ ਖ਼ਿਲਾਫ਼ ਖਾਸ ਕਰਕੇ ਖੇਤ ਮਜ਼ਦੂਰਾਂ ਤੇ ਗ਼ਰੀਬ ਕਿਸਾਨਾਂ ਨੂੰ ਤਿੱਖੇ ਸੰਘਰਸ਼ ਵਿੱਢਣ ਦੀ ਲੋੜ ਬਣਦੀ ਹੈ।

***-ਸੁਰਖ਼ ਲੀਹ ਦੇ ਧੰਨਵਾਦ ਸਹਿਤ***

---

# ਜਸਵੰਤ ਸਿੰਘ ਖਾਲੜਾ ਦੇ ਸ਼ਹੀਦੀ ਦਿਨ (6 ਸਤੰਬਰ 1995) 'ਤੇ

ਜਸਵੰਤ ਸਿੰਘ ਖਾਲੜਾ ਅੰਮ੍ਰਿਤਸਰ 'ਚ ਇਕ ਬੈਂਕ ਦਾ ਡਾਇਰੈਕਟਰ ਸੀ। ਇਕ ਵਾਰ ਇਕ ਗੁੰਮ ਹੋ ਚੁਕੇ ਦੋਸਤ ਦੀ ਭਾਲ ਕਰਨ ਵਾਸਤੇ ਜਦ ਉਸ ਨੇ ਅੰਮ੍ਰਿਤਸਰ ਮਿਊਂਸਪਲ ਕਮੇਟੀ ਦੇ ਰਿਕਾਰਡ ਫਰੋਲੇ ਤਾਂ ਉਸ ਨੇ ਵੇਖਿਆ ਕਿ ਉਨ੍ਹਾਂ ਵਿਚ ਸੈਂਕੜੇ ਬੰਦਿਆਂ ਦੀਆਂ ਲਾਸ਼ਾਂ ਨੂੰ ਅਣਪਛਾਤੇ ਕਹਿ ਕੇ ਸਸਕਾਰਿਆ ਦਿਖਾਇਆ ਹੋਇਆ ਸੀ। ਘੋਖ ਕਰਨ 'ਤੇ ਉਸ ਨੂੰ ਪਤਾ ਲੱਗਾ ਕਿ ਇਹ ਸਭ ਉਨ੍ਹਾਂ ਸਿੱਖ ਨੌਜਵਾਨਾਂ ਦੀਆਂ ਲਾਸ਼ਾਂ ਦੇ ਸਸਕਾਰ ਸਨ ਜਿਨ੍ਹਾਂ ਨੂੰ 1984 ਤੋਂ 1995 ਦੇ ਸਮੇਂ ਦੌਰਾਨ ਪੰਜਾਬ ਵਿਚ ਨਕਲੀ ਮੁਕਾਬਲਿਆਂ ਦੇ ਨਾਂ ਹੇਠ ਕਤਲ ਕਰ ਕੇ ਉਨ੍ਹਾਂ ਦੀਆਂ ਲਾਸ਼ਾਂ ਨੂੰ



**ਡਾ. ਹਰਜਿੰਦਰ ਸਿੰਘ ਦਿਲਗੀਰ**
**ਰਚੇਤਾ: 'ਨਵਾਂ ਤੇ ਵਡਾ ਮਹਾਨ ਕੋਸ਼'**

'ਅਣਪਛਾਤੀਆਂ' ਕਹਿ ਕੇ ਸਸਕਾਰ ਦਿੱਤਾ ਗਿਆ ਸੀ। ਅੰਮ੍ਰਿਤਸਰ ਮਿਊਂਸਪਲ ਕਮੇਟੀ ਦੇ ਰਿਕਾਰਡ ਵੇਖਣ ਮਗਰੋਂ ਉਸ ਨੇ ਤਿੰਨ ਹੋਰ ਜ਼ਿਲ੍ਹਿਆਂ ਦੇ ਰਿਕਾਰਡ ਇਕੱਠੇ ਕੀਤੇ ਤੇ ਵੇਖਿਆ ਕਿ ਹਜ਼ਾਰਾਂ ਸਿੱਖਾਂ ਦੀਆਂ ਲਾਸ਼ਾਂ ਨੂੰ ਅਣਪਛਾਤੀਆਂ ਲਾਸ਼ਾਂ ਕਹਿ ਕੇ ਸਸਕਾਰਿਆ ਦਿਖਾਇਆ ਹੋਇਆ ਸੀ। ਉਸ ਨੇ ਇਹ ਸਾਰੇ ਸਬੂਤ ਇਕੱਠੇ ਕਰ ਕੇ ਇਸ ਜ਼ੁਲਮ ਦਾ ਪਰਦਾਫ਼ਾਸ਼ ਕੀਤਾ ਸੀ। ਉਸ ਨੇ ਕਨੇਡਾ ਜਾ ਕੇ ਵੀ ਇਸ ਸਬੰਧੀ ਵਿਦੇਸ਼ੀ ਸਰਕਾਰਾਂ ਤੇ ਲੋਕਾਂ ਨੂੰ ਜਾਣਕਾਰੀ ਦਿੱਤੀ ਸੀ। ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ ਨੇ ਜੂਨ 1984 ਤੋਂ ਦਸੰਬਰ 1994 ਤਕ ਅੰਮ੍ਰਿਤਸਰ, ਮਜੀਠਾ ਤੇ ਤਰਨਤਾਰਨ ਵਿਚ ਅਜਿਹੇ ਜ਼ੁਲਮ ਦੀ (2097 ਅਣਪਛਾਤੀਆਂ ਲਾਸ਼ਾਂ ਦੇ ਸਸਕਾਰ) ਦੀ ਲਿਸਟ ਰਲੀਜ਼ ਕੀਤੀ ਤਾਂ ਪੰਜਾਬ ਪੁਲਸ ਦੇ ਚੀਫ਼ ਕੇ.ਪੀ. ਗਿੱਲ, ਅੰਮ੍ਰਿਤਸਰ ਦੇ ਜ਼ਾਲਮ ਐਸ.ਐਸ.ਪੀ. ਅਜੀਤ ਸੰਧੂ ਤੇ ਹੋਰ ਜ਼ਾਲਮ ਅਫ਼ਸਰਾਂ ਦੇ ਪਾਪ ਕੰਬਨ ਲੱਗ ਪਏ ਤੇ ਉਨ੍ਹਾਂ ਨੇ ਜਸਵੰਤ ਸਿੰਘ ਖਾਲੜਾ ਨੂੰ ਹੀ ਖ਼ਤਮ ਕਰ ਦੇਣ ਦਾ ਫ਼ੈਸਲਾ ਕਰ ਲਿਆ।

6 ਸਤੰਬਰ 1995 ਦੇ ਦਿਨ ਅਜੀਤ ਸੰਧੂ ਦੇ ਭੇਜੇ ਪੁਲਸੀਆਂ ਨੇ (ਜਿਨ੍ਹਾਂ ਵਿਚ ਅਸ਼ੋਕ ਕੁਮਾਰ ਡੀ.ਐਸ.ਪੀ., ਸੁਰਿੰਦਰਪਾਲ ਸਿੰਘ ਐਸ.ਐਚ.", ਸਰਹਾਲੀ ਤੇ ਪ੍ਰਿਥੀਪਾਲ ਸਿੰਘ ਹੈਡ ਕਾਂਸਟੇਬਲ ਮਾਨੋਚਾਹਲ ਪੁਲਸ ਸਟੇਸ਼ਨ ਵੀ ਸ਼ਾਮਿਲ



ਸਨ) ਜਸਵੰਤ ਸਿੰਘ ਖਾਲੜਾ ਨੂੰ ਉਸ ਦੇ ਘਰ, ਕਬੀਰ ਪਾਰਕ ਅੰਮ੍ਰਿਤਸਰ, ਦੇ ਮੂਹਰਿਓਂ ਆਪਣੀ ਕਾਰ ਨੂੰ ਧੋਂਦੇ ਨੂੰ ਚੁੱਕ ਲਿਆ ਅਤੇ ਝਬਾਲ ਥਾਣੇ ਵਿਚ ਲੈ ਗਏ। ਉਥੇ ਡੀ.ਐਸ.ਪੀ. ਜਸਪਾਲ ਦੀ ਨਿਗਰਾਨੀ ਵਿਚ 7 ਸਿਪਾਹੀਆਂ ਨੇ ਉਸ ਦੀਆਂ ਲੱਤਾਂ ਦੋਹੀਂ ਪਾਸੀਂ ਖਿੱਚ ਕੇ ਉਸ ਦੀ ਛਾਤੀ ਵਿਚ ਠੁੱਡੇ ਮਾਰੇ; ਫਿਰ ਗੋਲੀਆਂ ਮਾਰ ਕੇ ਖ਼ਤਮ ਕਰ ਦਿੱਤਾ ਅਤੇ ਉਸ ਦੀ ਲਾਸ਼ ਹਰੀਕੇ ਨਹਿਰ ਵਿਚ ਸੁੱਟ ਦਿੱਤੀ।

ਮਗਰੋਂ, ਬਹੁਤ ਰੌਲਾ ਪਾਉਣ, ਕੌਮਾਂਤਰੀ ਦਬਾਅ ਅਤੇ ਕਾਨੂੰਨੀ ਲੜਾਈ ਲੜਨ ਮਗਰੋਂ ਇਸ ਦੀ ਪੜਤਾਲ ਸੀ.ਬੀ.ਆਈ. ਹੱਥੋਂ ਹੋਈ ਅਤੇ ਨੌਂ ਪੁਲਸੀਆਂ 'ਤੇ ਮੁਕੱਦਮਾ ਚਲਾਇਆ ਗਿਆ। ਇਸ ਕਤਲ ਦੇ 10 ਸਾਲ ਮਗਰੋਂ ਸੈਸ਼ਨ ਅਦਾਲਤ ਨੇ 18 ਨਵੰਬਰ 2005 ਨੂੰ ਇਨ੍ਹਾਂ ਵਿਚੋਂ ਛੇ ਮੁਜਰਮਾਂ ਨੂੰ ਸੱਤ-ਸੱਤ ਸਾਲ ਦੀ ਕੈਦ ਦੀ ਸਜ਼ਾ ਸੁਣਾਈ। ਮਗਰੋਂ ਹਾਈ ਕੋਰਟ ਨੇ 16 ਅਕਤੂਬਰ 2007 ਦੇ ਦਿਨ ਇਨ੍ਹਾਂ ਵਿਚੋਂ ਚਾਰਾਂ- ਸਤਨਾਮ ਸਿੰਘ, ਸੁਰਿੰਦਰਪਾਲ ਸਿੰਘ, ਜਸਬੀਰ ਸਿੰਘ (ਤਿੰਨੇ ਸਬ ਇੰਸਪੈਕਟਰ) ਤੇ ਪ੍ਰਿਥੀਪਾਲ ਸਿੰਘ (ਹੈਡ ਕਾਂਸਟੇਬਲ) ਦੀ ਸਜ਼ਾ ਵਧਾ ਕੇ ਉਮਰ ਕੈਦ ਕਰ ਦਿੱਤੀ। ਪਰ ਇਸ ਕਤਲ ਕੇਸ ਦੇ ਦੋ ਮੁਜਰਿਮ (ਕੇ.ਪੀ.ਗਿੱਲ ਡੀ.ਜੀ.ਪੀ. ਅਤੇ ਅਜੀਤ ਸੰਧੂ ਐਸ.ਐਸ.ਪੀ.) ਸਜ਼ਾ ਤੋਂ ਬਚ ਗਏ। ਅਜੀਤ ਸੰਧੂ ਬਾਰੇ ਇਹ ਖ਼ਬਰ ਛਪੀ ਸੀ ਕਿ ਉਸ ਨੇ ਕੈਦ ਦੇ ਡਰ ਤੋਂ 23 ਮਈ 1997 ਦੇ ਦਿਨ ਗੱਡੀ ਅੱਗੇ ਛਾਲ ਮਰ ਕੇ ਖ਼ੁਦਕੁਸ਼ੀ ਕਰ ਲਈ ਸੀ। ਪਰ ਇਹ ਚਰਚਾ ਹੈ ਕਿ ਉਸ ਨੇ ਕਿਸੇ ਹੋਰ ਨੂੰ ਆਪਣੇ ਕਪੜੇ ਪਾ ਕੇ ਮਾਰ ਦਿੱਤਾ ਸੀ ਤੇ ਉਹ ਡੁਪਲੀਕੇਟ ਪਾਸਪੋਰਟ 'ਤੇ ਆਪ ਅਮਰੀਕਾ ਦੌੜ ਗਿਆ ਸੀ ਤੇ ਉਥੇ ਲੁਕ ਕੇ ਰਹਿਣ ਲਗ ਪਿਆ; ਅਤੇ ਦੂਜੇ ਮੁਜਰਿਮ ਕੇ.ਪੀ. ਗਿੱਲ 'ਤੇ ਮੁਕੱਦਮਾ ਕਦੇ ਵੀ ਨਾ ਚਲਾਇਆ ਗਿਆ।

---

# ਸੱਚ 'ਤੇ ਪਹਿਰਾ ਦੇਣ ਵਾਲੇ ਯੋਧੇ

## ਜ਼ਿੰਦਗੀ ਨਾਮਾ



ਹਰਪ੍ਰੀਤ ਸਿੰਘ ਜਵੰਦਾ

***ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ 'ਜ਼ਿੰਦਗੀ ਨਾਮਾ' ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।***

ਸੰਜੀਵ ਭੱਟ...ਫਰਵਰੀ ਦੋ ਹਜ਼ਾਰ ਦੋ ਨੂੰ ਗੁਜਰਾਤ ਅਹਿਮਦਾਬਾਦ ਡੀ.ਆਈ.ਜੀ. ਵਜੋਂ ਤਾਇਨਾਤ ਸੀ...!

ਉੱਪਰੋਂ ਹੁਕਮ ਆ ਗਿਆ ਕਿ ਇੱਕ ਖਾਸ ਫਿਰਕੇ ਦੇ ਬਾਸ਼ਿੰਦਿਆਂ ਨੂੰ ਇੱਕ ਖਾਸ ਕਾਰੇ ਕਰਕੇ ਬੰਦੇ ਦਾ ਪੁੱਤ ਬਣਾਉਣਾ...ਪੁਲਸ ਛੱਤੀ ਘੰਟੇ ਦੰਗਾਕਾਰੀਆਂ ਨੂੰ ਕਿਸੇ ਗਲੋਂ ਰੋਕੇ-ਟੋਕੇ ਨਾ...!

ਬਾਕੀ ਦੇ ਛੇ ਅਫਸਰ ਤਾਂ ਮੰਨ ਗਏ ਪਰ ਇਹ ਅੱਗਿਓਂ ਅੜ ਗਿਆ...ਅਖੇ ਮੈਨੂੰ ਆਈ.ਪੀ.ਐਸ. ਦੀ ਟਰੇਨਿੰਗ ਵੇਲੇ ਦੱਸਿਆ ਗਿਆ ਸੀ ਕਿ ਕਾਨੂੰਨ ਸਾਹਮਣੇ ਸਭ ਬਰੋਬਰ ਨੇ...ਸੋ ਜਿਹੜਾ ਵੀ ਇਸਨੂੰ ਤੋੜੂ ਉਸਦੀ ਖੈਰ ਨਹੀਂ...ਬਾਕੀ ਥਾਵਾਂ 'ਤੇ



ਵੱਡੀ ਕੱਟ-ਵੱਢ ਹੁੰਦੀ ਰਹੀ ਪਰ ਇਸ ਨੇ ਵਾਹ ਲੱਗਦੀ ਕਿੰਨੇ ਸਾਰੇ ਆਮ ਨਾਗਰਿਕ ਬਚਾ ਲਏ...!

ਮਗਰੋਂ ਹੁਕਮ ਅਦੂਲੀ ਕਰਕੇ ਨਿਜ਼ਾਮ ਦੀਆਂ ਅੱਖਾਂ ਵਿਚ ਸੁਰਮਚੂ ਵਾਂਙ ਚੁੱਭਣ ਲੱਗਾ...ਪਹਿਲੋਂ ਉਂਝ ਤੰਗ ਪ੍ਰੇਸ਼ਾਨ ਕੀਤਾ ਫੇਰ ਬੱਤੀ ਸਾਲ ਪੁਰਾਣਾ ਕਸਟੋਡੀਅਲ ਕਿਲਿੰਗ ਦਾ ਇੱਕ ਕੇਸ ਲੱਭ ਅੰਦਰ ਕਰ ਦਿੱਤਾ...ਅਖ਼ੇ ਅਖਬਾਰਾਂ ਵਿਦੇਸ਼ੀ ਪ੍ਰੈਸ ਅਤੇ ਸੁਪਰੀਮ ਕੋਰਟ ਸਾਹਮਣੇ ਮੂੰਹ ਬੰਦ ਰੱਖਣਾ ਪਵੇਗਾ ਵਰਨਾ ਜਾਨ ਦੀ ਖੈਰ ਨਹੀਂ...!

ਫੇਰ ਅੰਦਰ ਹੀ ਰਿਟਾਇਰਮੈਂਟ ਦੀ ਡੇਟ ਵੀ ਲੰਘ ਗਈ...ਵੱਡੀ ਪੱਧਰ 'ਤੇ ਧਮਕੀਆਂ ਦਬਕੇ ਤਸ਼ੱਦਦ ਮਾਨਸਿਕ-ਸਰੀਰਕ ਤਸੀਹੇ...ਜ਼ਲਾਲਤ ਬੇਇੱਜ਼ਤੀ ਅਤੇ ਹੋਰ ਵੀ ਕਿੰਨਾ ਕੁਝ...ਪਰ ਅਜੇ ਤੀਕਰ ਚਟਾਨ ਵਾਂਙ ਡਟਿਆ ਹੋਇਆ...ਸਿਸਟਮ ਅੱਗੇ ਝੁਕਣਾ ਮਨਜ਼ੂਰ ਨਹੀਂ...ਸੱਚ 'ਤੇ ਪਹਿਰਾ ਦਿੰਦਿਆਂ ਭਾਵੇਂ ਸਭ ਕੁਝ ਗਵਾ ਦਿੱਤਾ...ਪਰ ਕੋਈ ਸ਼ਿਕਨ ਨਹੀਂ, ਅਫਸੋਸ ਨਹੀਂ...!

ਘਰਵਾਲੀ ਸ਼ਵੇਤਾ ਭੱਟ ਅਕਸਰ ਰੋ ਪੈਂਦੀ ਏ ਪਰ ਫੇਰ ਛੇਤੀ ਸੰਭਲ ਕੇ ਆਖਦੀ ਮੇਰੇ ਸ਼ੇਰ ਨੇ ਕੁਝ ਗਲਤ ਨਹੀਂ ਕੀਤਾ...ਬੱਸ ਸੱਚ ਦੀਆਂ ਬਰੂਹਾਂ 'ਤੇ ਪਹਿਰਾ ਦਿੱਤਾ...ਜਿਸਦੀ ਸਜ਼ਾ ਦਿੱਤੀ ਜਾ ਰਹੀ ਏ...!

ਸੋ ਭਾਈ ਖਾਲੜੇ ਸਾਡੀ ਕੌਮ ਵਿਚ ਹੀ ਨਹੀਂ ਸਗੋਂ ਬਾਹਰ ਵੀ ਬਹੁਤ ਹੋਏ ਨੇ ਪਰ ਕੋਈ ਪ੍ਰੈਸ, ਅਖਬਾਰ, ਮੀਡੀਆ ਹਾਊਸ ਗੱਲ ਕਰਨ ਲਈ ਰਾਜ਼ੀ ਨਹੀਂ...ਸਬੱਬ ਇਹ ਹੈ ਕਿ ਭਾਈ ਖਾਲੜਾ 6 ਸਤੰਬਰ 1995 ਨੂੰ ਸ਼ਹੀਦੀ ਮਾਰਗ 'ਤੇ ਤੋਰ ਦਿੱਤਾ ਗਿਆ ਸੀ ਤੇ ਸੰਜੀਵ ਭੱਟ ਪੰਜ ਸਤੰਬਰ 2018 ਦਾ ਸਲਾਖਾਂ ਪਿੱਛੇ ਡੱਕਿਆ...!


ਐਸੀਆਂ ਰੂਹਾਂ ਦੀ ਚੜ੍ਹਦੀ ਕਲਾ ਦੀ ਅਰਦਾਸ ਕਰਨੀ ਕੌਮ ਦਾ ਫਰਜ਼ ਬਣਦਾ ਏ!


ਕਲਾ ਪਰਿਕਰਮਾ

# ਪੰਜਾਬੀ ਲੋਕ ਗਾਇਕੀ ਦਾ ਥੰਮ੍ਹ ਆਲਮ ਲੁਹਾਰ

ਡਾ.ਰਣਜੀਤ ਸਿੰਘ

ਆਲਮ ਲੁਹਾਰ ਪੰਜਾਬੀ ਲੋਕ ਗਾਇਕੀ ਦਾ ਅਜਿਹਾ ਫਨਕਾਰ ਸੀ ਜਿਸ ਦੀ ਸੁਰੀਲੀ ਆਵਾਜ਼ ਨੇ ਦੇਸ਼ ਦੀ ਵੰਡ ਉਪਰੰਤ ਰਾਵੀ ਦੇ ਦੋਵੇਂ ਪਾਸੇ ਵਸਦੇ ਪੰਜਾਬੀਆਂ ਨੂੰ ਕੀਲੀ ਰੱਖਿਆ। ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਪਿੰਡਾਂ ਵਿਚ ਆਲਮ ਦੇ ਗੀਤਾਂ ਨੂੰ ਰੱਜਵਾਂ ਪਿਆਰ ਮਿਲਿਆ। ਉਸਨੂੰ ਚਿਮਟੇ ਦੇ ਸਹਾਰੇ ਪੰਜਾਬੀ ਜ਼ੁਬਾਨ ਅਤੇ ਸੱਭਿਆਚਾਰ ਨੂੰ ਆਪਣੇ ਗੀਤਾਂ ਦੇ ਮਾਧਿਅਮ ਰਾਹੀਂ ਸਰਹੱਦਾਂ ਤੋਂ ਪਾਰ ਵਿਦੇਸ਼ਾਂ ਤੱਕ ਪੁੱਜਦਾ ਕਰਨ ਦਾ ਮਾਣ ਹਾਸਲ ਹੈ। ਉਹ ਚਿਮਟਾ ਜੋ ਗਲੀਆਂ ਵਿਚ ਖ਼ੈਰ ਮੰਗਣ ਵਾਲੇ ਵਜਾਉਂਦੇ ਸਨ, ਆਲਮ ਦੇ ਹੱਥਾਂ ਦੀ ਛੋਹ ਨਾਲ ਲੋਕ ਸਾਜ਼ ਬਣ ਗਿਆ। ਆਲਮ ਲੁਹਾਰ ਦਾ ਭਰਿਆ ਭਰਿਆ ਸਰੀਰ, ਕੱਦ ਦਰਮਿਆਨਾ, ਗਲ ਕੱਢਿਆ ਹੋਇਆ ਰੰਗੀਲਾ ਕੁੜਤਾ, ਗੂੜ੍ਹੇ ਰੰਗ ਦਾ ਲਾਚਾ (ਧੋਤੀ), ਪੈਰੀਂ ਚਮਕੀਲੇ ਤਿੱਲੇ ਨਾਲ ਕੱਢਿਆ ਹੋਇਆ ਰਿਵਾਇਤੀ ਖੁੱਸਾ, ਲੰਮੀਆਂ ਜ਼ੁਲਫਾਂ ਤੇ ਹੱਥ ਵਿਚ ਚਿਮਟਾ ਫੜਕੇ ਜਦ ਉਹ ਢੋਲਕ ਦੀ ਥਾਪ ਤੇ ਮੰਚ 'ਤੇ ਝੂਮਦਾ ਹੋਇਆ ਗੇੜਾ ਦਿੰਦਾ ਤਾਂ ਪੂਰੇ ਪੰਡਾਲ ਵਿਚ ਚੁੱਪ ਪਸਰ ਜਾਂਦੀ ਸੀ। ਆਲਮ ਦੀ ਗਾਈ ਜੁਗਨੀ ਨੂੰ ਕੌਣ ਭੁੱਲ ਸਕਦਾ ਹੈ। ਨੱਕੋ-ਨੱਕ ਭਰੇ ਪੰਡਾਲ ਵਿਚ ਲੋਕ ਜੁਗਨੀ ਨੂੰ ਸਾਹ ਸੂਤ






ਕੇ ਸੁਣਦੇ। ਸੱਤ ਭੈਣਾਂ ਦੇ ਇਕਲੌਤੇ ਵੀਰ ਆਲਮ ਨੇ ਛੋਟੀ ਉਮਰ ਵਿਚ ਹੀ ਸੁਲਤਾਨ ਬਾਹੂ ਦੇ ਕਲਾਮ, ਬੁੱਲੇ ਸ਼ਾਹ ਦੇ ਕਲਾਮ, ਬਾਬਾ 1 ਫਰੀਦ ਦੀ ਬਾਣੀ, ਮੁਹੰਮਦ ਬਖ਼ਸ਼ ਦੇ ਦੋਹਿੜੇ, ਹੀਰ ਰਾਂਝਾ, ਸੋਹਣੀ ਮਹੀਂਵਾਲ, ਸੱਸੀ ਪੁੰਨੂ, ਯੂਸਫ਼ ਜ਼ੁਲੇਖਾਂ, ਮਿਰਜ਼ਾ ਸਾਹਿਬਾਂ, ਦੁੱਲਾ ਭੱਟੀ ਦੇ ਕਿਸੇ ਯਾਦ ਕਰ ਲਏ ਸਨ ਤੇ ਇਨ੍ਹਾਂ 4 ਨੂੰ ਸਾਰੀ-ਸਾਰੀ ਰਾਤ ਪਿੰਡਾਂ ਦੀਆਂ ਮਹਿਫ਼ਲਾਂ, ਮੇਲਿਆਂ ਤੇ ਗਾ ਕੇ ਲੋਕਾਂ ਦਾ ਮਨੋਰੰਜਨ ਕਰਦਾ ਰਹਿੰਦਾ ਲੋਕ ਸਾਹਮਣੇ ਬੈਠੇ ਸੁਣਦੇ ਨਾ ਅੱਕਦੇ।

ਲਹਿੰਦੇ ਪੰਜਾਬ ਦੇ ਜ਼ਿਲ੍ਹਾ ਗੁਜਰਾਤ ਦੇ ਆਛ/ਆਸ਼ਕੋਸ਼ ਨੇੜੇ ਕਸਬਾ ਲਾਲਾਮੂਸਾ ਜ਼ਿਲ੍ਹਾ ਗੁਜਰਾਤ ਵਿਚ ਮੁਸਲਮਾਨ ਲੁਹਾਰਾਂ ਦੇ ਘਰ 22 ਅਗਸਤ, 1928 (ਕੁਝ ਵਿਦਵਾਨਾਂ ਅਨੁਸਾਰ 1 ਮਾਰਚ, 1928) ਨੂੰ ਪਿਤਾ ਜੁੰਮਾਂ ਖ਼ਾਂ ਦੇ ਘਰ 1 ਆਲਮ ਦਾ ਜਨਮ ਹੋਇਆ। ਪੂਰਾ ਨਾਮ ਮੁਹੰਮਦ ਆਲਮ ਸੀ। ਸੁਰੀਲੀ ਗਾਇਕਾ ਰੇਸ਼ਮਾ ਵਾਂਗ ਆਲਮ ਨੇ ਵੀ ਸੰਗੀਤ ਦੀ ਕੋਈ ਰਸਮੀ ਤਾਲੀਮ ਪ੍ਰਾਪਤ ਨਾ ਕੀਤੀ। ਪਿਤਾ ਜੁੰਮਾਂ ਖ਼ਾਂ ਜੱਦੀ ਪੁਸ਼ਤੀ ਰੰਬੇ ਦਾਤਰੀਆਂ ਬਣਾਉਣ ਦਾ ਕੰਮ ਕਰਦਾ ਸੀ ਅਤੇ । ਲਾਲਾਮੂਸਾ ਵਿਖੇ ਇਨ੍ਹਾਂ ਦੀ ਹੁੱਕਿਆਂ ਦੀ ਦੁਕਾਨ ਵੀ ਸੀ ਜਿਥੇ ਆਲਮ ਵੀ ਹੱਥ ਵਟਾਉਂਦਾ। ਮਾਮੇ ਮੁਹੰਮਦ ਦੀਨ ਨੇ ਉਸ ਨੂੰ ਉਂਗਲ ਫੜ ਕੇ ਸੰਗੀਤ ਰੂਪੀ ਸਮੁੰਦਰ ਵੱਲ ਤੋਰ ਦਿੱਤਾ। ਉਨ੍ਹਾਂ ਦਿਨ੍ਹਾਂ ਵਿਚ ਗ੍ਰਾਮੋਫੋਨ ਦੇ ਤਵਿਆਂ ਰਾਹੀਂ ਨਵਾਬ ਘੁਮਾਰ ਦੀ ਗਾਇਕੀ ਲੋਕਾਂ ਦੇ ਸਿਰ ਚੜ੍ਹ ਬੋਲਦੀ ਸੀ। ਆਲਮ ਲੁਹਾਰ ਨੇ ਵੀ ਇਸ ਦਾ ਪ੍ਰਭਾਵ ਕਬੂਲਿਆ। ਇਸੇ ਲਈ ਹੀ ਆਲਮ ਦੀ 1 ਅਰੰਭਿਕ ਗਾਇਕੀ ਨਵਾਬ ਘੁਮਾਰ ਦੀ ਗਾਇਕੀ ਨਾਲ ਮੇਲ ਖਾਂਦੀ ਸੀ। ਆਲਮ ਨੇ ਪਹਿਲੀ ਵਾਰ ਸੱਤ-ਅੱਠ ਸਾਲ ਦੀ ਉਮਰ ਵਿਚ ਆਪਣੇ ਅਤੇ ਨਜ਼ਦੀਕੀ ਪਿੰਡ ਚੱਕ ਦੀ ਲੋਕ ਸੱਥ ਵਿਚ ਗਾਇਆ ਜਿਸ ਨੂੰ ਲੋਕਾਂ ਨੇ ਪਸੰਦ ਕੀਤਾ ਤੇ ਫਿਰ ਪਿਛਾਂਹ ਮੁੜ ਕੇ ਨਾ ਵੇਖਿਆ।

ਉਨ੍ਹਾਂ ਦਿਨ੍ਹਾਂ ਵਿਚ ਲਾਹੌਰ ਦੀ ਮੇਵਾ ਮੰਡੀ ਵਿਚ ਗਾਇਕ ਫਨਕਾਰਾਂ ਦਾ ਮੇਲਾ ਲਗਦਾ ਹੁੰਦਾ ਸੀ ਜਿਥੇ ਆਲਮ ਨੂੰ 1 ਬੁਲਾਇਆ ਗਿਆ। 13 ਕੁ ਸਾਲ ਦੀ ਛੋਟੀ ਉਮਰ ਵਿਚ ਹੀ ਉਸ ਨੇ ਆਪਣੇ ਫਨ ਦਾ ਐਸਾ ਮੁਜ਼ਾਹਰਾ ਕੀਤਾ ਕਿ ਉਥੇ ਮੌਜੂਦ ਵੱਡੇ-ਵੱਡੇ ਕਲਾਕਾਰ ਅਤੇ ਲੋਕ ਹੈਰਾਨ ਰਹਿ ਗਏ। ਇਥੇ ਹੀ ਮੌਜੂਦ ਰਿਕਾਰਡਿੰਗ ਕੰਪਨੀ ਦੇ ਇਕ ਕਰਮਚਾਰੀ ਜਾਨਕੀ ਦਾਸ ਨੇ ਆਲਮ ਨੂੰ ਤਵਾ ਰਿਕਾਰਡ ਕਰਨ ਦੀ ਪੇਸ਼ਕਸ਼ ਕੀਤੀ ਤੇ ਉਸ ਦੀ ਪਹਿਲੀ ਰਿਕਾਰਡਿੰਗ ਤਸਵੀਰ-ਏ-ਯੂਸਫ਼ (ਟਾਈਟਲ: ਜੈਨਬ ਦੀ ਫਰਿਆਦ) ਵਜੋਂ ਹੋਈ।

ਆਲਮ ਅਨੁਸਾਰ ਥੀਏਟਰ ਅਤੇ ਲੋਕਾਂ ਨੇ ਹੀ ਉਸ ਨੂੰ ਗਾਇਕ ਬਣਾਇਆ। ਥੀਏਟਰ ਵਿਚ ਕੰਮ ਕਰਨ ਵਾਲੇ ਕਲਾਕਾਰਾਂ ਤੋਂ ਹੀ ਉਹ ਗਾਇਕੀ ਦੇ ਗੁਰ ਸਿੱਖਦਾ ਗਿਆ। 35 ਕੁ ਸਾਲ ਤੱਕ ਉਹ ਥੀਏਟਰ ਦੇ ਮਾਧਿਅਮ ਰਾਹੀਂ ਹੀ ਮੰਚ ਉਤੇ ਗਾਉਂਦਾ ਰਿਹਾ। ਜਦ ਉਹ ਲੋਕ ਪ੍ਰਸਿੱਧੀ ਹਾਸਿਲ ਕਰ ਗਿਆ ਤਾਂ ਉਸ ਨੇ ਆਪਣੇ ਨਾਂਅ ਤੇ ਥੀਏਟਰ ਬਣਾ ਕੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਲਾਹੌਰ ਰੇਡੀਓ ਨੇ ਆਲਮ ਦੀ ਅਵਾਜ਼ ਨੂੰ ਆਮ ਲੋਕਾਈ ਤੱਕ ਪੁੱਜਦਾ ਕਰਨ ਵਿਚ ਵਿਸ਼ੇਸ਼ ਭੂਮਿਕਾ ਨਿਭਾਈ। ਉਸ ਦੇ ਗਾਏ ਹੋਏ ਗੀਤ/ਲੋਕ ਗੀਤ/ਕਿੱਸੇ ਅੱਜ ਵੀ ਰੇਡੀਓ ਪਾਕਿਸਤਾਨ ਦੀ ਲਾਇਬਰੇਰੀ ਦਾ ਸ਼ਿੰਗਾਰ ਹਨ। 1960-70 ਦੇ ਦਹਾਕਿਆਂ ਵਿਚ ਤਾਂ ਆਲਮ ਦੀ ਗਾਇਕੀ ਸਭ ਹੱਦਾਂ ਸਰਹੱਦਾਂ ਪਾਰ ਕਰਕੇ ਲੋਕ ਮਨਾਂ ਵਿਚ ਜਾ ਵਸੀ। ਆਲਮ ਲੁਹਾਰ ਦੀ ਬਹੁਤ ਸਾਰੀ ਗਾਇਕੀ ਤਵਿਆਂ ਦੇ ਰੂਪ ਵਿਚ ਮਿਲਦੀ ਹੈ। ਚਿਮਟਾ, ਅਲਗੋਜ਼ਿਆਂ ਅਤੇ ਢੋਲਕ ਦੀ ਥਾਪ ਨਾਲ ਗਾਈਆਂ ਇਨ੍ਹਾਂ ਰਚਨਾਵਾਂ ਦੀ ਰਿਕਾਰਡਿੰਗ ਸੁਣਨ ਤੋਂ ਪਤਾ ਲੱਗਦਾ ਹੈ ਕਿ ਇਸ ਵਿਚ ਆਲਮ ਲੁਹਾਰ ਦੀ ਏਕਲ ਅਵਾਜ਼ ਹੀ ਹੈ। ਉਸ ਦਾ ਕੋਈ ਪਾਛੂ (ਸਹਾਇਕ ਕਲਾਕਾਰ) ਨਹੀ ਹੈ। ਆਲਮ ਲੁਹਾਰ ਨੇ ਸੈਫ਼-ਉਲ-ਮਲੂਕ (1948), ਕਿੱਸਾ ਦੁੱਲਾ ਭੱਟੀ (1959), ਕਿੱਸਾ ਯੂਸਫ਼ ਜ਼ੁਲੈਖ਼ਾਂ (1961), ਕਿੱਸਾ ਹਿਰਨੀ (1963), ਗੀਤ ਬੋਲ ਮਿੱਟੀ ਦਿਆ ਬਾਵਿਆ (1964), ਜੁਗਨੀ (1965), ਕਿੱਸਾ ਮਿਰਜ਼ਾ ਸਾਹਿਬਾਂ (1967),ਮਾਂ ਦਾ ਪਿਆਰ (1971), ਕਿੱਸਾ ਸੱਸੀ ਪੁਨੂੰ (1972), ਵਾਜਾਂ ਮਾਰੀਆਂ ਬੁਲਾਇਆ ਕਈ ਵਾਰ ਮੈਂ (1973), ਕਿਸਾ ਬਾਰਹ ਮਾਹ (1974), ਦਿਲ ਵਾਲਾ ਦੁੱਖੜਾ (1975) ਆਦਿ ਹਿੱਟ ਕਿੱਸੇ/ਗੀਤਾਂ ਦੇ ਰਿਕਾਰਡ ਦਰਸ਼ਕਾਂ ਦੀ ਝੋਲੀ ਪਾਏ। ਵਾਰਿਸ਼ ਸ਼ਾਹ ਦੀ ਹੀਰ ਨੂੰ 36 ਤਰਜ਼ਾਂ ਵਿਚ ਗਾਉਣ ਦਾ ਸਿਹਰਾ ਵੀ ਉਸ ਦੇ ਸਿਰ ਬੱਝਦਾ ਹੈ। ਉਹ ਗੁਰਬਾਣੀ ਗਾਉਣਾ ਨਾ ਭੁੱਲਿਆ। ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ, ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਿਣਾ, ਊਚ ਅਪਾਰ ਬੇਅੰਤ ਸੁਆਮੀ ਕਉਣੁ ਜਾਣੈ ਗੁਣ ਤੇਰੇ ਆਦਿ ਸ਼ਬਦਾਂ ਨੂੰ ਵੀ ਉਸ ਆਪਣੀ ਸੁਰੀਲੀ ਅਵਾਜ਼ ਵਿਚ ਗਾਇਆ।

ਆਲਮ ਲੁਹਾਰ ਦੇ ਗਾਏ ਹੋਏ ਕਈ ਗੀਤ ਅੱਜ ਅੱਧੀ ਸਦੀ ਬੀਤ ਜਾਣ ਬਾਅਦ ਵੀ ਭਾਰਤ-ਪਾਕਿਸਤਾਨ ਦੇ ਰੇਡੀਓ/ਟੀ.ਵੀ. ਤੇ ਆਮ ਹੀ ਪ੍ਰਸਾਰਿਤ ਹੁੰਦੇ ਰਹਿੰਦੇ ਹਨ ਜਿਵੇਂ 'ਦਿਲ ਵਾਲਾ ਦੁਖੜਾ ਨਹੀਂ ਕਿਸੇ ਨੂੰ ਸੁਣਾਈਦਾ, ਬੋਲ ਮਿੱਟੀ ਦਿਆ ਬਾਵਿਆ, ਜੁਗਨੀ, ਵਾਜਾਂ ਮਾਰੀਆਂ ਬੁਲਾਇਆ ਕਈ ਵਾਰ ਮੈਂ, ਮਾਹੀਆ, ਟੱਪੇ, ਹੀਰ, ਮੈਂ ਰਮ ਗੱਭਰੂ ਜੱਟ ਪੰਜਾਬ ਦਾ, ਧਰਤੀ ਪੰਜ ਦਰਿਆਵਾਂ ਦੀ, ਸੁੱਤੀ ਰਹਿ ਗਈ ਵੇ ਮੈਂ ਪੱਟ ਦੇ ਭੁਲੇਖੇ, ਮਿਰਜ਼ਾ, ਛੇੜ ਨਾ ਗੱਲਾਂ ਡੋਲ ਨ ਹੰਝੂ ਕੀ-ਕੀ ਦੁੱਖੜੇ ਝੱਲੇ, ਐਬਾਂ ਵਾਲਿਆਂ ਦਾ ਰੱਬਾ ਐਬ ਕੱਜੀ, ਲੱਗੀ ਵਾਲਿਆਂ ਨੂੰ ਨੀਦ ਨਹੀ ਪੈਂਦੀ, ਸਾਰੀ ਸਾਰੀ ਰਾਤ, ਯੂਸਫ਼ ਪੁੱਛੇ ਦੱਸ ਜ਼ੁਲੈਖਾਂ, ਬਾਗ ਬਹਾਰਾਂ ਤੇ ਗੁਲਜ਼ਾਰਾਂ, ਹੱਸ ਕੇ ਨਜ਼ਾਰਾ ਦੇਣਾ, ਇਸ਼ਕ ਅਵੱਲੜੀ ਪੀੜ, ਦੱਬਕੇ ਜ਼ਮੀਨਾਂ ਵਾਹ ਲੁੱਟ ਲੈ ਮੌਜਾਂ ਰੱਜ ਕੇ ਖਾਹ ਕਿਸਾਨਾ ਦੇਸ਼ ਦਿਆ' ਆਦਿ।

ਦੋਗਾਣਿਆਂ ਵਿਚ ਬਾਲੀ ਜੱਟੀ, ਨਜ਼ੀਰ ਬੇਗਮ, ਕੇ.ਬੀਬਾ, ਸੁਰਿੰਦਰ ਕੋਚਰ, ਸਮਰ ਇਕਬਾਲ, ਚਰਨਜੀਤ ਭੰਵਰਾ ਨੇ ਉਸ ਦਾ ਸਾਥ ਨਿਭਾਇਆ। ਦੋਗਾਣਿਆਂ ਵਿਚੋਂ ਕੁਝ ਦਾ ਵੇਰਵਾ ਇਸ ਤਰ੍ਹਾਂ ਹੈ:- ਬਾਗ ਲਾਵਾਂ ਬਗੀਚਾ ਲਾਵਾਂ, ਮੇਰੀ ਗੱਲ ਸੁਣ ਜਾ ਮੁਟਿਆਰੇ, ਗੱਲ ਮੇਰੀ ਸੁਣ ਬੱਲੀਏ, ਜੇ ਕਰਨਾ ਏ ਪਿਆਰ, ਮੇਲਾ ਦੋ ਦਿਨ ਦਾ, ਖੂਹੇ ਤੋਂ ਪਾਣੀ ਭਰੇਂਦੀਏ ਮੁਟਿਆਰੇ ਨੀ, ਜਦ ਪਿਆਰ ਦਾ ਪੇਚਾ, ਬੱਲੇ-ਬੱਲੇ ਤੋਰ ਪੰਜਾਬਣ ਦੀ, ਮੈਂ ਹਾਂ ਹੀਰ ਸਿਆਲਾਂ ਦੀ, ਬਾਗੇ ਵਿਚ ਸੀ ਮੋਇਆ ਨੀਂ, ਸਾਡਾ ਇਸ਼ਕ ਅਜੀਬ ਹੋਵੇ, ਬੂਹੇ ਬੰਦ ਨੇ ਦਲੀਲਾਂ ਦੇ (ਟੱਪੇ) ਆਦਿ। ਮਨਜ਼ੂਰ ਝੱਲਾ ਪਾਕਿਸਤਾਨ ਦਾ ਐਸਾ ਸ਼ਾਇਰ ਸੀ ਜਿਸ ਦੇ ਗੀਤ/ਸ਼ੇਅਰ ਗਾ ਕੇ ਬਹੁਤ ਸਾਰੇ ਗਾਇਕ ਹਿੱਟ ਹੋਏ।

ਚਿਮਟੇ ਨੂੰ ਲੋਕ ਸਾਜ਼ ਵਜੋਂ ਮਾਨਤਾ ਦਿਵਾਉਣ ਵਿਚ ਆਲਮ ਦਾ ਨਾਮ ਫਖਰ ਨਾਲ ਲਿਆ ਜਾ ਸਕਦਾ ਹੈ। ਆਲਮ ਲੁਹਾਰ ਆਪਣੀ ਗਾਇਕੀ ਦੇ ਸ਼ੁਰੂਆਤ ਵਿਚ ਪ੍ਰਸੰਗ ਬੋਲਦਿਆਂ 'ਮਸਕੀਣ ਲੁਹਾਰ ਆਛਗੋਛੀ ਆਂਹਦੇ ਜੀ' ਬੋਲਣਾ ਨਾ ਭੁੱਲਦਾ। ਲੁਹਾਰ ਬੋਲਣਾ/ਅਖਵਾਉਣਾ ਉਸ ਨੂੰ ਚੰਗਾ ਲਗਦਾ। ਜੁਗਨੀ ਗਾਉਂਦਿਆਂ ਇਕ ਬੰਦ ਵਿਚ ਉਹ ਆਖਦਾ ਹੈ: ਓ ਛੱਡ ਲੁਹਾਰਾ ਗਾਉਣ ਦਾ ਖਹਿੜਾ ਤੇ ਸੰਨੀ ਥੋੜ੍ਹਾ ਵਾਹੀਏਓ ਸਾਈਂ ਮੇਰਿਆ ਵੇ ਜੁਗਨੀ।

ਸ਼ੇਰ-ਏ-ਪੰਜਾਬ ਵਜੋਂ ਜਾਣਿਆ ਜਾਂਦਾ ਆਲਮ 3 ਜੁਲਾਈ, 1979 ਨੂੰ ਉਹ ਇਕ ਦੁਰਘਟਨਾ ਕਾਰਨ ਸਦਾ ਲਈ ਅੱਖਾਂ ਤੋਂ ਓਹਲੇ ਹੋ ਗਿਆ।

**ਪੰਜਾਬੀ ਫਿਲਮਾਂ 'ਬਾਈਕਾਟ', 'ਅਜ਼ਾਦੀ ਜਾਂ ਮੌਤ', 'ਹਥਿਆਰ', 'ਖਾਨਾਜੰਗੀ', 'ਖ਼ਾਨ-ਏ-ਆਜ਼ਮ' ਵਿਚ ਵੀ ਉਨ੍ਹਾਂ ਦੇ ਗੀਤ ਰਿਕਾਰਡ ਹੋਏ। ਸੰਨ 1964 ਵਿਚ ਬਣੀ ਫਿਲਮ 'ਲਾਈਲੱਗ' ਵਿਚ ਰਿਕਾਰਡ ਹੋਏ। ਗੀਤ 'ਐ ਧਰਤੀ ਪੰਜ ਦਰਿਆਵਾਂ ਦੀ' ਅਤੇ 1966 ਵਿਚ ਬਣੀ ਫਿਲਮ 'ਅਜ਼ਾਦੀ ਔਰ ਮੌਤ' ਦੇ ਗੀਤ 'ਦੁਨੀਆਂ ਜਾਣੇ ਮੇਰੇ ਵਤਨ ਕੀ ਸ਼ਾਨ' ਅਤੇ 'ਹਥਿਆਰ' ਫਿਲਮ ਦੇ ਗੀਤ 'ਗੱਭਰੂ ਜੱਟ ਪੰਜਾਬ ਦਾ' ਨੇ ਉਸ ਸਮੇਂ ਬਹੁਤ ਮਕਬੂਲੀਅਤ ਹਾਸਿਲ ਕੀਤੀ ਸੀ। ਉਸ ਦੀ ਫਿਲਮ 'ਮਿੱਟੀ ਦਾ ਬਾਵਾ' ਰਲੀਜ਼ ਨਾ ਹੋ ਸਕੀ।**

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 20 ਸਤੰਬਰ 2025 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-708



*ਜਾਨ ਹੈ ਪਿਆਰੀ ਸਭ ਨੂੰ, ਪਰ ਮਾਂ ਨੂੰ ਬੱਚਾ ਪਿਆਰਾ,<br>ਚੜ੍ਹ ਕੇ ਪਾਣੀ ਬਗਲਾਂ ਤੱਕ, ਮਨ ਚਿੰਤਾ ਡੁੱਬਾ ਹੈ ਸਾਰਾ।<br>ਕਰੇ ਅਰਦਾਸਾਂ ਰੱਬ ਅੱਗੇ, ਮੇਰਾ ਬੇੜਾ ਪਾਰ ਲੰਘਾ ਦੇ,<br>ਸਿਰ ਕੁਨਾ.ਲੀ, ਕੁੱਛੜ ਜਿੰਦ, ਮੇਰੀ ਝੋ.ਲੀ ਖ਼ੈਰ ਤੂੰ ਪਾ ਦੇ।*

## ਕੈਪਸ਼ਨ ਮੁਕਾਬਲਾ-706



ਰੁੱਤ ਹੜ੍ਹਾਂ ਦੀ ਆਈ ਅਫਸਰਾ<br>ਰੁੱਤ ਹੜ੍ਹਾਂ ਦੀ ਆਈ।<br>ਜਿਉਂ ਜਿਉਂ ਅੰਬਰ ਘਿਰਣ ਘਟਾਵਾਂ,<br>ਤੈਨੂੰ ਚੜ੍ਹੇ ਖ਼ੁਸ਼ੀ ਸਵਾਈ।<br>ਨਦੀਆਂ ਨਾਲੇ ਦਰਿਆ ਭਰ ਜਾਵਣ।<br>ਸੁੱਖੇਂ ਸੁੱਖਾਂ ਤੂੰ, ਬੰਨ੍ਹ ਭੀ ਟੁੱਟ ਜਾਵਣ।<br>ਜਿਉਂ ਜਿਉਂ ਲੋਕੀਂ ਤ੍ਰਾਹ-ਤ੍ਰਾਹ ਕਰਦੇ,<br>ਤੇਰੀ ਵਧਦੀ ਜਾਏ ਕਮਾਈ।<br>ਨਾਲ ਲੀਡਰਾਂ ਏ ਤੇਰੀ ਭਿਆਲੀ।<br>ਘੁੱਗੀ ਮਾਰੇਂ ਉੱਤੇ ਬਿਲ ਜਾਹਲੀ।<br>ਪੁੱਛਣ ਵਾਲਾ ਨੇੜੇ ਤੇੜੇ ਨਾ ਕੋਈ,<br>ਜਦ ਕੁੱਤੀ ਨਾਲ, ਚੋਰਾਂ ਰਲਾਈ।<br>ਚੜ੍ਹੇ ਸਾਲ ਹਰ, ਘਾੜਤਾਂ ਘੜਦੇ।<br>ਵਿਚ ਅਖਬਾਰਾਂ ਵੀ ਲੋਕੀਂ ਪੜ੍ਹਦੇ।<br>ਐਤਕਾਂ ਤਾਂ ਬੰਦੋਬਸਤ ਹੈ ਪੂਰਾ,<br>ਹੈ ਸਹੁੰ ਸਰਕਾਰ ਨੇ ਖਾਈ।<br>ਮਾਲ ਡੰਗਰ ਲੋਕਾਂ ਦੇ ਮਰਦੇ।<br>ਘਰ ਬੋਝੇ ਪਰ ਤੁਹਾਡੇ ਭਰਦੇ।<br>ਉਠੇਗਾ ਕੋਈ ਲੋਕ-ਹਿਤੈਸ਼ੀ,<br>ਨਾਲ ਡੰਡੇ ਈ ਕਰੂ ਸਫ਼ਾਈ।

***-ਗੁਰਬਖਸ਼ ਸਿੰਘ 'ਨਾਕਾਮ'***
***ਫੋਨ: +1 864-318-5500***

---

ਠਾਠਾਂ ਮਾਰਦਾ ਹੜ੍ਹ ਹੈ ਆਇਆ,<br>ਮੋਢੇ ਮੋਢੇ ਚੜ੍ਹ ਗਿਆ ਪਾਣੀ,<br>ਸਭ ਨੂੰ ਆਪੋ ਆਪਣੀ ਪੈ ਗਈ,<br>ਸੋਚਦੇ ਕਿੰਝ ਹੈ ਜਾਨ ਬਚਾਣੀ।<br>ਅਚਨਚੇਤ ਨੇ ਭਾਜੜਾਂ ਪਈਆਂ,<br>ਸਾਂਭ ਤੁਰੇ ਹਰ ਸ਼ੈਅ ਨਿਆਰੀ,<br>ਬਣਾ ਕਾਫ਼ਲੇ ਠਿੱਲ੍ਹੇ ਵਿਚ ਪਾਣੀ,<br>ਸਰਵਣ ਪੁੱਤ ਨੂੰ ਮਾਂ ਪਿਆਰੀ।

***-ਸੇਵਾ ਸਿੰਘ ਨੂਰਪੁਰੀ***

---

ਸਰਕਾਰਾਂ ਗਈਆਂ, ਸਰਕਾਰਾਂ ਆਈਆਂ<br>ਉਨ੍ਹਾਂ ਕਦੇ ਨਾ ਫਿਕਰ ਦਿਖਾਏ ਨੇ।<br>ਸੱਪ ਲੰਘੇ ਤੋਂ ਲੀਹ ਕੁੱਟਣ ਲਈ<br>ਇਨ੍ਹਾਂ ਸਦਾ ਪਖੰਡ ਰਚਾਏ ਨੇ।<br>ਵਿਪਤਾ ਵਾਲੀ ਘੜੀ ਵਿਚੋਂ ਵੀ<br>ਹਮੇਸ਼ਾਂ ਵੋਟ ਦੇ ਪੜਤੇ ਲਾਏ ਨੇ।<br>ਡੁਬਦੇ ਤਾਈਂ ਬਚਾਵਣ ਖਾਤਰ<br>ਸਦਾ ਆਪਣੇ ਹੀ ਕੰਮ ਆਏ ਨੇ।

***-ਜਗਮੀਤ ਸਿੰਘ ਪੰਧੇਰ***

---

ਹਨੇਰੀ, ਮੀਂਹ, ਝੱਖੜ, ਤੂਫ਼ਾਨ, ਔੜ<br>ਸਭ ਹਨ ਮੌਜੂਦ ਕੁਦਰਤ 'ਚ<br>ਹੜ੍ਹ ਦੇ ਪਾਣੀ ਦੀ ਬੇਰੋਕ ਰਫ਼ਤਾਰ<br>ਦਿਸਦੀ ਮੌਤ ਜਦ ਸਾਹਵੇਂ।<br>ਮਰਦਾ ਕੀ ਨਹੀਂ ਕਰਦਾ<br>ਦਿਲ ਹੀ ਤੋ ਹੈ ਜੋ<br>ਡਿੱਗਣ ਨਹੀਂ ਦਿੰਦਾ ਇਰਾਦਾ<br>ਦੇਖ ਛੱਲਾਂ ਬਿਰਧ ਮਾਂ<br>ਭੈਅ 'ਚ ਡੁੱਬੀ<br>ਚੜ੍ਹ ਜਾ ਮਾਂ ਘਨੇੜੀ<br>ਫੜ ਲੈ ਘੁੱਟ ਕੇ ਲੱਕ ਮੇਰਾ<br>ਮੈਂ ਪੁਤ ਹਾਂ ਤੇਰਾ<br>ਨਹੀਂ ਡੁੱਬਣ ਦਿੰਦਾ ਤੈਨੂੰ<br>ਡੁੱਬਦੇ ਨੂੰ ਤੀਲ੍ਹੇ ਦਾ ਸਹਾਰਾ ਵੀ<br>ਕੰਮ ਕਰ ਜਾਂਦਾ।

***-ਦਰਸ਼ਨ ਪਾਲ ਦੋਸਾਂਝ***

# ਲੰਡਨ ਦੇ ਕੌਮਾਂਤਰੀ ਅਦਬੀ ਮੇਲੇ ਵਿਚ ਪ੍ਰਵਾਨ ਹੋਏ ਅਹਿਮ ਮਤੇ




ਪੰਜਾਬੀ ਭਾਸ਼ਾ, ਸਾਹਿਤ ਅਤੇ ਕਲਾ ਦੇ ਪਸਾਰ ਲਈ ਅੰਤਰਰਾਸ਼ਟਰੀ ਪੱਧਰ 'ਤੇ ਹੁੰਦੇ ਸਮਾਗਮਾਂ ਦੀ ਲੜੀ ਵਿਚ ਏਸ਼ੀਅਨ ਲਿਟਰੇਰੀ ਅਤੇ ਕਲਚਰਲ ਫੋਰਮ ਯੂ.ਕੇ. ਵੱਲੋਂ ਪਿਛਲੇ ਸਾਲ ਤੋਂ ਇੰਗਲੈਂਡ ਵਿਚ ਸ਼ੁਰੂ ਕੀਤਾ ਅਦਬੀ ਮੇਲਾ ਆਪਣਾ ਚੰਗਾ ਮੁਕਾਮ ਬਣਾਉਣ ਵਿਚ



**ਨਿਰਮਲ ਜੌੜਾ**
**ਫੋਨ: 98140-78799**

ਪੂਰੀ ਤਰ੍ਹਾਂ ਕਾਮਯਾਬ ਹੋਇਆ ਹੈ। ਆਪਣੀ ਬੋਲੀ ਅਤੇ ਸਭਿਆਚਾਰ ਪ੍ਰਤੀ ਇਸ ਮੇਲੇ ਦੇ ਪ੍ਰਬੰਧਕਾਂ ਦੀ ਪ੍ਰਤੀਬੱਧਤਾ ਦਾ ਨਤੀਜਾ ਹੈ ਕਿ ਦੁਨੀਆਂ ਭਰ ਵਿਚ ਵਸਦੇ ਅਦੀਬ ਤਲਿੱਸਮੀ ਕਾਮੇ ਇਸ ਨਾਲ ਜੁੜੇ ਹੋਏ ਹਨ। ਬਹੁਤ ਛੇਤੀ ਇਸ ਮੇਲੇ ਨੇ ਵਿਸ਼ਵ ਪੱਧਰ 'ਤੇ ਹੁੰਦੇ ਸਾਹਿਤਕ ਸਮਾਗਮ ਅਤੇ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸਾਂ ਦੇ ਬਰਾਬਰ ਦਾ ਕੱਦ-ਬੁੱਤ ਬਣਾ ਲਿਆ ਹੈ। ਇਸ ਵਰ੍ਹੇ ਵੀ ਮੇਲੇ ਵਿਚ ਕਵਿਤਾ, ਗੀਤ-ਸੰਗੀਤ, ਰੰਗਮੰਚ, ਲੋਕ ਧਾਰਾ, ਵਿਚਾਰ ਚਰਚਾ ਰਾਹੀਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ ਜੁੜੇ ਸੰਜੀਦਾ ਮੁੱਦਿਆਂ 'ਤੇ ਭਰਵੀਂ ਗੱਲਬਾਤ ਹੋਈ। ਇਸ ਉਪਰਾਲੇ ਨੇ ਬਰਤਾਨੀਆ ਦੀ ਧਰਤੀ 'ਤੇ ਵਸਦੇ ਪੰਜਾਬ ਵਿਚ ਹੋਰ ਸੁਗੰਧਾਂ ਭਰੀਆਂ। ਇਸ ਵਾਰ ਦੂਸਰਾ ਕੌਮਾਂਤਰੀ ਅਦਬੀ ਮੇਲਾ ਪਿਛਲੇ ਦਿਨੀਂ ਸਾਊਥਾਲ (ਲੰਡਨ) ਸਥਿਤ ਡੋਰਮਰਸ ਵਿਲਸ ਸਕੂਲ ਦੇ ਥੀਏਟਰ ਹਾਲ ਵਿਚ ਆਯੋਜਿਤ ਕੀਤਾ ਗਿਆ। ਰਸਮੀ ਤੌਰ 'ਤੇ ਮੇਲਾ ਦੋ ਦਿਨ ਦਾ ਹੁੰਦਾ ਹੈ ਪਰ ਇਸ ਵਾਰ ਤੀਜੇ ਅਤੇ ਚੌਥੇ ਦਿਨਾਂ ਦੀਆਂ ਦੋ ਸ਼ਾਮਾਂ ਵੀ ਇਸ ਮੇਲੇ ਦਾ ਹਿੱਸਾ ਬਣੀਆਂ। ਭਾਰਤ, ਪਾਕਿਸਤਾਨ, ਕੈਨੇਡਾ, ਅਮਰੀਕਾ, ਯੂਰਪ ਤੋਂ ਪਹੁੰਚੇ ਅਦਬੀ ਭਾਗੀਦਾਰਾਂ ਸਮੇਤ ਬਰਤਾਨੀਆ ਦੇ ਵੱਖ-ਵੱਖ ਸ਼ਹਿਰਾਂ ਤੋਂ ਆਏ ਕਲਮਕਾਰ ਇਸ ਅਦਬੀ ਮੇਲੇ ਦੀ ਸ਼ਾਨ ਬਣੇ ਅਤੇ ਉਨ੍ਹਾਂ ਦੀਆਂ ਰਚਨਾਵਾਂ, ਵਿਚਾਰ, ਕਲਾ, ਹੁਨਰ ਨੇ ਇਸ ਮੇਲੇ ਵਿਚ ਅਦਬੀ ਰੰਗ ਭਰਿਆ।

ਇਹ ਫੋਰਮ ਇਸ ਮੇਲੇ ਰਾਹੀਂ ਦੁਨੀਆਂ ਭਰ ਦੇ ਲੋਕਾਂ ਨੂੰ ਸਾਰਥਕ ਸੁਨੇਹਾ ਦੇਣਾ ਚਾਹੁੰਦਾ ਹੈ। ਇਸੇ ਕਰਕੇ ਇਸ ਕੌਮਾਂਤਰੀ ਅਦਬੀ ਮੇਲੇ ਵਿਚ ਅਹਿਮ ਮਤੇ ਪ੍ਰਵਾਨ ਕਰਵਾ ਕੇ ਪ੍ਰਚਾਰੇ ਅਤੇ ਪ੍ਰਸਾਰੇ ਗਏ। ਇਨ੍ਹਾਂ ਮਤਿਆਂ ਦੇ ਖਰੜੇ ਦਾ ਨਿਰਮਾਣ ਮੇਲੇ ਵਿਚ ਹੋਈਆਂ ਵੱਖ-ਵੱਖ ਪੇਸ਼ਕਾਰੀਆਂ ਵਿਚੋਂ ਹੀ ਹੋਇਆ। ਸ਼੍ਰੋਮਣੀ ਨਾਟਕਕਾਰ ਡਾ. ਆਤਮਜੀਤ ਨੇ ਮਾਨਵੀ ਵਿਕਾਸ ਵਿਚ ਮਸ਼ੀਨ ਅਤੇ ਕੁਦਰਤ ਦੀ ਅਹਿਮੀਅਤ ਨੂੰ ਉਸਾਰਦਿਆਂ ਅਦਬ ਦੀ ਭੂਮਿਕਾ ਨੂੰ ਬਿਆਨ ਕੀਤਾ। ਉਘੇ ਚਿੰਤਕ ਡਾ. ਰਜਿੰਦਰਪਾਲ ਸਿੰਘ ਬਰਾੜ ਨੇ ਸ਼ਕਤੀਸ਼ਾਲੀ ਮੀਡੀਆ ਦੇ ਦੌਰ ਵਿਚ ਸਾਹਿਤ ਦੇ ਸਥਾਨ ਦੀ ਗੱਲ ਕੀਤੀ ਜਦੋਂ ਕਿ ਪੰਜਾਬੀ ਦੇ ਵਿਦਵਾਨ ਲੇਖਕ ਡਾ. ਕੁਲਦੀਪ ਸਿੰਘ ਦੀਪ ਨੇ ਸਾਮਰਾਜੀ ਜੰਗਾਂ ਦੇ ਦੌਰ ਵਿਚ ਅਦਬ ਦੀ ਭੂਮਿਕਾ 'ਤੇ ਖੋਜ ਪੱਤਰ ਪੜ੍ਹਿਆ। ਕਵੀ ਦਰਬਾਰ ਦੇ ਸੈਸ਼ਨ ਦੌਰਾਨ ਪੰਜਾਬੀ ਸ਼ਾਇਰਾਂ ਦੀਆਂ ਕਵਿਤਾਵਾਂ, ਗੀਤਾਂ, ਨਜ਼ਮਾਂ, ਗ਼ਜ਼ਲਾਂ ਵਿਚੋਂ ਮਨਸੂਈ-ਬੁੱਧੀ ਦੇ ਦੌਰ ਵਿਚ ਮੁਹੱਬਤੀ ਭਾਵਨਾਵਾਂ ਦਾ ਅੱਖੋਂ-ਪਰੋਖੇ ਹੋਣ ਦਾ ਤੌਖਲਾ ਨਜ਼ਰ ਆ ਰਿਹਾ ਸੀ। ਕਹਾਣੀਆਂ ਦੇ ਪਾਠ ਵਿਚ ਬਦਲ ਰਹੇ ਸਭਿਆਚਾਰ ਦੀ ਤਸਵੀਰ ਝਲਕਦੀ ਸੀ। ਸੋਮਪਾਲ ਹੀਰਾ ਨੇ ਨਾਟਕ ਰਾਹੀਂ ਮਾਰੀ ਜਾ ਰਹੀ ਮਾਂ ਬੋਲੀ ਦਾ ਫਿਕਰ ਕੀਤਾ। ਡਾ. ਆਤਮਜੀਤ ਵੱਲੋਂ 'ਕਿਸ਼ਤੀਆਂ ਵਿਚ ਜਹਾਜ਼' ਨਾਟਕ ਦੇ ਕੀਤੇ ਪਾਠ ਦੌਰਾਨ ਡਾ. ਦੀਵਾਨ ਸਿੰਘ ਦੀ ਅਨੋਖੀ ਗਾਥਾ ਨੇ ਦਰਸ਼ਕਾਂ ਨੂੰ ਧੁਰ ਅੰਦਰੋਂ ਝੰਜੋੜਿਆ। ਪਰਵਾਸ, ਪਰਵਾਸੀ, ਲੋਕ ਧਾਰਾ, ਨੌਜਵਾਨ ਪੀੜ੍ਹੀ ਅਤੇ ਗੀਤ ਸੰਗੀਤ 'ਤੇ ਚਰਚਾ ਵੀ ਹੋਈ ਅਤੇ ਪੰਮੀ ਹੰਸਪਾਲ ਨੇ ਸਾਹਿਤਕ ਸੰਗੀਤ ਦੀ ਹਾਜ਼ਰੀ ਵੀ ਲਗਵਾਈ। ਇਨ੍ਹਾਂ ਸਾਰੀਆਂ ਪੇਸ਼ਕਾਰੀਆਂ ਵਿਚੋਂ ਉਭਰੇ ਫਿਕਰ, ਚਿੰਤਾਵਾਂ, ਅਤੇ ਤੌਖਲਿਆਂ ਨੇ ਜੋ ਮਤੇ ਤਿਆਰ ਕਰਵਾਏ ਉਹ ਮੰਚ ਤੋਂ ਪੜ੍ਹੇ ਗਏ।



ਪਹਿਲਾ ਮਤਾ ਐਲਾਨਿਆ ਗਿਆ ਕਿ ਇਨ੍ਹਾਂ ਸਮਿਆਂ ਵਿਚ ਵਿਸ਼ਵ ਦੇ ਕਈ ਹਿੱਸਿਆਂ ਵਿਚ ਯੁੱਧਾਂ ਦਾ ਮਾਹੌਲ ਬਣਿਆ ਹੋਇਆ ਹੈ ਅਤੇ ਕੁਝ ਥਾਵਾਂ 'ਤੇ ਅਸੀਂ ਯੁੱਧਾਂ ਵਿਚ ਹੋਏ ਵੱਡੇ ਨੁਕਸਾਨਾਂ ਬਾਰੇ ਵੇਖ-ਪੜ੍ਹ ਚੁੱਕੇ ਹਾਂ। ਇਹ ਮੇਲਾ ਕਹਿਣਾ ਚਾਹੁੰਦਾ ਹੈ ਕਿ ਜੰਗ ਕਿਸੇ ਵੀ ਮਸਲੇ ਦਾ ਹੱਲ ਨਹੀਂ। ਸੰਵਾਦ ਰਾਹੀਂ ਮਸਲੇ ਨੂੰ ਨਜਿੱਠਣਾ ਹੀ ਹੱਲ ਹੈ। ਦੂਸਰੇ ਮਤੇ ਵਿਚ ਕਿਹਾ ਗਿਆ ਕਿ ਭਾਰਤ ਪਾਕਿਸਤਾਨ ਵਿਚ ਜੰਗ ਛਿੜਨ 'ਤੇ ਅਜੇ ਵੀ ਬਣੇ ਤਣਾਓ ਤੋਂ ਸਦਾ ਲਈ ਮੁਕਤ ਹੋਣ ਦੀ ਕਾਮਨਾ ਕਰਦੇ ਹੋਏ ਅਸੀਂ ਭਾਸ਼ਾ ਦੇ ਮਾਧਿਅਮ ਰਾਹੀਂ ਇਸ ਤਣਾਅ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ ਜੋ ਜਾਰੀ ਰਹੇਗੀ।

ਤੀਸਰਾ ਮਤਾ ਪੇਸ਼ ਕਰਦਿਆਂ ਭਾਸ਼ਾਵਾਂ ਬਾਰੇ ਗੱਲ ਹੋਈ ਕਿ ਘੱਟ ਗਿਣਤੀ ਭਾਸ਼ਾਵਾਂ ਨੂੰ ਜਾਣ ਬੁਝ ਕੇ ਹਾਸ਼ੀਏ 'ਤੇ ਲਿਆਂਦਾ ਜਾ ਰਿਹਾ ਹੈ। ਅਸੀਂ ਚਾਹੁੰਦੇ ਹਾਂ ਕਿ ਹਰ ਭਾਸ਼ਾ ਨੂੰ ਬਰਾਬਰ ਪਿਆਰ ਸਤਿਕਾਰ ਮਿਲੇ ਅਤੇ ਭਾਸ਼ਾ ਸਦੀਵੀ ਰਹੇ। ਚੌਥਾ ਮਤਾ ਵੱਧ ਰਹੀ ਤਕਨਾਲੋਜੀ ਦੇ ਮਾਨਵੀ ਸੰਦਰਭ ਵਿਚੋਂ ਉਭਰਿਆ ਕਿ ਇਹ ਮੇਲਾ ਦੁਨੀਆਂ ਭਰ ਵਿਚ ਮਸਨੂਈ ਬੁੱਧੀ ਰਾਹੀਂ ਹੱਥੀਂ ਕਿਰਤ ਕਰਨ ਵਾਲੇ ਕਾਮਿਆਂ ਦੀ ਹੋ ਰਹੀ ਛਾਂਟੀ 'ਤੇ ਚਿੰਤਾ ਵਿਅਕਤ ਕਰਦਾ ਹੋਇਆ ਦੁਆ ਕਰਦਾ ਹੈ ਕਿ ਕਿਰਤ ਜਿਉਂਦੀ ਰਹੇ, ਕਿਰਤੀ ਖੁਸ਼ ਰਹਿਣ। ਪੰਜਵਾਂ ਮਤਾ ਡਾ. ਦੀਵਾਨ ਸਿੰਘ ਕਾਲੇਪਾਣੀ ਦੀ ਕੁਰਬਾਨੀ ਅਤੇ ਲੋਕ ਪਿਆਰ ਨੂੰ ਉਜਾਗਰ ਕਰਦਿਆਂ ਪੜ੍ਹਿਆ ਗਿਆ ਕਿ ਅੰਡੇਮਾਨ ਨਿਕੋਬਾਰ ਦੇ ਟਾਪੂਆਂ ਦਾ ਨਾਮ ਡਾ. ਦੀਵਾਨ ਸਿੰਘ ਦੇ ਨਾਮ 'ਤੇ ਹੋਵੇ ਜਿਨ੍ਹਾਂ ਆਪਣੀ ਜ਼ਿੰਦਗੀ ਦਾ ਵੱਡਾ ਹਿੱਸਾ ਉਥੇ ਵਸਦੇ ਕਾਮਿਆਂ ਦੀ ਭਲਾਈ ਅਤੇ ਤੰਦਰੁਸਤੀ ਦੇ ਲੇਖੇ ਲਾਇਆ।

ਰਾਜਿੰਦਰਜੀਤ, ਅਜ਼ੀਮ ਸ਼ੇਖਰ, ਮਹਿੰਦਰਪਾਲ ਧਾਲੀਵਾਲ ਅਤੇ ਅਬੀਰ ਬੁੱਟਰ ਵੱਲੋਂ ਪੇਸ਼ ਕੀਤੇ ਗਏ ਇਨ੍ਹਾਂ ਮਤਿਆਂ ਨੂੰ ਮਿਲੀ ਭਰਵੀਂ ਪ੍ਰਵਾਨਗੀ ਉਪਰੰਤ ਇਸ ਕੌਮਾਂਤਰੀ ਅਦਬੀ ਮੇਲੇ ਦੀ ਕਾਮਯਾਬੀ ਲਈ ਹਾਲ ਤਾੜੀਆਂ ਨਾਲ ਗੂੰਜਿਆ।

# ਸ਼ਿਵ ਕੁਮਾਰ ਬਟਾਲਵੀ ਦੇ ਵਾਰਸ ਤੇ ਯਾਦਾਂ

**ਨਿੱਕ ਸੁੱਕ**



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਬੀਤੇ ਹਫ਼ਤੇ ਮੇਰੇ ਘਰ ਸ਼ਿਵ ਕੁਮਾਰ ਬਟਾਲਵੀ ਦਾ ਬੇਟਾ ਮਿਹਰਬਾਨ ਅਤੇ ਸ਼ਿਵ ਉੱਤੇ ਫਿਲਮ ਬਣਾਉਣ ਲਈ ਯਤਨਸ਼ੀਲ ਹਨੀ ਤ੍ਰੇਹਨ ਇਕੱਠੇ ਹੋ ਗਏ। ਮਿਹਰਬਾਨ ਨੂੰ ਭੁਪਿੰਦਰ ਮਲਕ ਲੈ ਕੇ ਆਇਆ ਸੀ ਤੇ ਤ੍ਰੇਹਨ ਨੂੰ ਚੰਡੀਗੜ੍ਹ ਪ੍ਰੈੱਸ ਕਲੱਬ ਵਾਲੀ ਅਰਸ਼ਦੀਪ। ਸ਼ਿਵ ਕੁਮਾਰ ਦੀਆਂ ਯਾਦਾਂ ਤੇ ਬਰਕਤਾਂ ਦਾ ਜ਼ਿਕਰ ਤਾਂ ਹੋਣਾ ਸੀ ਉਨ੍ਹਾਂ ਸਮਿਆਂ ਦਾ ਲੇਖਾ-ਜੋਖਾ ਵੀ ਲਿਆ ਗਿਆ।

ਸ਼ਿਵ ਕੁਮਾਰ ਬਟਾਲਵੀ (8.10.37 ਤੋਂ 7.5.73) ਅਲਪ ਆਯੂ ਵਿਚ ਵੱਡੀਆਂ ਗੱਲਾਂ ਮਾਰਨ ਵਾਲਾ ਕਵੀ ਸੀ। 1960 ਤੋਂ 1966 ਦੇ ਸੱਤ ਸਾਲਾਂ ਵਿਚ ਉਸਦੇ ਸੱਤ ਕਾਵਿ-ਸੰਗ੍ਰਹਿ 'ਪੀੜਾਂ ਦਾ ਪਰਾਗਾ', 'ਲਾਜਵੰਤੀ', 'ਆਟੇ ਦੀਆਂ ਚਿੜੀਆਂ', 'ਮੈਨੂੰ ਵਿਦਾ ਕਰੋ', 'ਬਿਰਹਾ ਤੂੰ ਸੁਲਤਾਨ', 'ਦਰਦਮੰਦਾਂ ਦੀਆਂ ਆਹੀ' ਤੇ 'ਲੂਣਾ' ਪੁਸਤਕ ਰੂਪ ਵਿਚ ਛਪ ਚੁੱਕੇ ਸਨ। ਇਨ੍ਹਾਂ ਵਿਚ ਅੰਤਲੀ ਰਚਨਾ 'ਲੂਣਾ' ਉਸਦਾ ਸ਼ਾਹਕਾਰ ਸੀ ਜਿਸਨੂੰ ਭਾਰਤੀ ਸਾਹਿਤ ਅਕਾਡਮੀ ਨੇ 1967 ਦੇ ਰਾਸ਼ਟਰੀ ਪੁਰਸਕਾਰ ਨਾਲ ਨਿਵਾਜਿਆ। ਤੀਹ ਸਾਲ ਦੀ ਛੋਟੀ ਉਮਰੇ ਇਹ ਪੁਰਸਕਾਰ ਪ੍ਰਾਪਤ ਕਰਨ ਵਾਲਾ ਓਹੀਓ ਸੀ। ਅੱਜ ਤੱਕ ਵੀ ਓਹੀਓ ਹੈ। ਚੋਣ ਕਰਨ ਵਾਲੀ ਤਿੰਨ ਮੈਂਬਰੀ ਜਿਊਰੀ ਵਿਚ ਕਰਤਾਰ ਸਿੰਘ ਦੁੱਗਲ ਵੀ ਸੀ ਜਿਸਦੀ ਵੋਟ ਸਭ ਤੋਂ ਹਾਵੀ ਮੰਨੀ ਗਈ। ਉਦੋਂ ਨਵੀਂ ਦਿੱਲੀ ਦਾ ਵਸਨੀਕ ਹੋਣ ਕਾਰਨ ਮੈਂ ਦੁੱਗਲ ਤੇ ਸ਼ਿਵ ਦੋਨਾਂ ਨੂੰ ਜਾਣਦਾ ਸਾਂ। ਸ਼ਿਵ ਦਿੱਲੀ ਜਾ ਕੇ ਮੇਰੇ ਜਾਂ ਅੰਮ੍ਰਿਤਾ ਪ੍ਰੀਤਮ ਦੇ ਘਰ ਹੀ ਰਹਿੰਦਾ ਸੀ। ਉਸਦਾ ਧੰਦਾ ਪਟਵਾਰੀ ਹੋਣ ਕਾਰਨ ਹੀ ਉਸਦੀ ਸੱਜ ਵਿਆਹੀ ਵਹੁਟੀ ਅਰੁਣ ਨੂੰ ਮਖੌਲਤਨ 'ਮੁੰਡਾ ਪੰਝੀਆਂ ਪਿੰਡਾਂ ਦਾ ਪਟਵਾਰੀ, ਅੱਗੇ ਤੇਰੇ ਭਾਗ ਲੱਛੀਏ', ਲੋਕ ਟੱਪਾ ਸੁਣਾ ਕੇ ਛੇੜਦਾ ਹੁੰਦਾ ਸਾਂ। ਜਿਥੋਂ ਤੱਕ ਸ਼ਿਵ ਦਾ ਸਬੰਧ ਹੈ ਉਹਦੇ ਨਾਲ ਮਜ਼ਾਕ ਕਰਨ ਵਾਸਤੇ ਮੇਰੇ ਕੋਲ ਇਹ ਤੱਥ ਸੀ ਕਿ ਮੇਰੇ ਬਾਪੂ ਜੀ ਨੇ ਆਪਣੀ ਹਵੇਲੀ ਵਾਲੀ ਬੈਠਕ ਉਸ ਸਮੇਂ ਦੇ ਪਟਵਾਰੀ ਨੂੰ ਦੇ ਰੱਖੀ ਸੀ। ਨੇੜਲੇ ਪਿੰਡਾਂ ਦੇ ਜੱਟ ਮੇਰੇ ਬਾਪੂ ਨਾਲ ਏਸ ਕਰਕੇ ਬਣਾ ਕੇ ਰਖਦੇ ਸਨ ਕਿ ਇਲਾਕੇ ਦਾ ਪਟਵਾਰੀ ਮੇਰੇ ਪਿਤਾ ਦਾ ਦੇਣਦਾਰ ਸੀ।

ਪਟਵਾਰੀ ਦੀ ਖੱਟੀ ਤਾਂ ਪੇਂਡੂ ਲੋਕ ਜਾਣਦੇ ਹੀ ਹਨ ਪਰ ਸ਼ਿਵ ਦੀ ਮਹਿਮਾ ਦਿੱਲੀ ਦੱਖਣ ਹੀ ਨਹੀਂ ਦੇਸ-ਪਰਦੇਸ ਵਿਚ ਹੋ ਰਹੀ ਸੀ। ਇਹ ਗੱਲ ਵਖਰੀ ਹੈ ਕਿ ਉਸਦੀ ਬਰਤਾਨੀਆ ਵਾਲੀ ਫੇਰੀ ਉਸਨੂੰ ਲੈ ਬੈਠੀ। ਓਥੋਂ ਦੇ ਪੰਜਾਬੀ ਪਿਆਰਿਆਂ ਨੇ ਉਸਦੀ ਕਵਿਤਾ ਸੁਣਨ ਤੇ ਮਾਨਣ ਲਈ ਮਹਿੰਗੀ ਤੇ ਵਧੀਆ ਵ੍ਹਿਸਕੀ ਦਾ ਪ੍ਰਬੰਧ ਕੀਤਾ ਹੁੰਦਾ ਜਿਹੜੀ ਸ਼ਿਵ ਨੂੰ ਇੱਕ ਤਰ੍ਹਾਂ ਦੇ ਧੱਕੇ ਨਾਲ ਪਿਲਾਈ ਜਾਂਦੀ। ਉਨ੍ਹਾਂ ਨੇ ਉਸਨੂੰ ਏਨੀ ਦਾਰੂ ਪਿਲਾਈ ਕਿ ਉਥੋਂ ਪਰਤ ਕੇ ਉਹ ਪਹਿਲਾਂ ਵਾਲਾ ਸ਼ਿਵ ਹੀ ਨਹੀਂ ਰਿਹਾ ਤੇ ਅੰਤ 36 ਸਾਲ ਦੀ ਅਲਪ ਆਯੂ ਵਿਚ ਅਲਵਿਦਾ ਕਹਿ ਗਿਆ।



*ਲੇਖਕ ਤੇ ਉਸ ਦੀ ਪਤਨੀ ਨਾਲ ਮਿਹਰਬਾਨ*

ਜੇ ਉਸਦੀ ਖੱਟੀ ਨੂੰ ਪੈਸਿਆਂ ਨਾਲ ਤੋਲਣਾ ਹੋਵੇ ਤਾਂ ਪੰਝੀਆਂ ਪਿੰਡਾਂ ਦੇ ਪਟਵਾਰੀ ਨਾਲੋਂ ਚੌਗੁਣੀ ਸੀ ਤੇ ਮਹਿਮਾ ਪੱਖੋਂ ਇਸ ਤੋਂ ਕਈ ਗੁਣਾ ਵੱਧ। ਇਹੀਓ ਕਾਰਨ ਹੈ ਕਿ ਉਸਦੇ ਪਰਲੋਕ ਸਿਧਾਰਨ ਪਿਛੋਂ ਪੰਜਾਬੀ ਯੂਨੀਵਰਸਿਟੀ ਨੇ ਉਸਦੀ ਪਤਨੀ ਨੂੰ ਬਣਦੀ ਸਰਦੀ ਨੌਕਰੀ ਹੀ ਨਹੀਂ ਦਿੱਤੀ, ਸਗੋਂ ਰਹਿਣ ਲਈ ਮਕਾਨ ਵੀ ਦਿੱਤਾ। ਏਥੇ ਰਹਿ ਕੇ ਉਸਨੇ ਆਪਣੇ ਬੇਟੇ ਮਿਹਰਬਾਨ ਤੇ ਬੇਟੀ ਪੂਜਾ ਨੂੰ ਪਾਲਿਆ ਤੇ ਪੜ੍ਹਾਇਆ। ਸ਼ਿਵ ਦੇ ਦੇਹਾਂਤ ਸਮੇਂ ਮਿਹਰਬਾਨ ਪੰਜ ਸਾਲ ਦਾ ਸੀ ਤੇ ਪੂਜਾ ਉਸ ਤੋਂ ਡੇਢ ਸਾਲ ਛੋਟੀ। ਅੱਜ ਦੇ ਦਿਨ ਉਹੀਓ ਪੂਜਾ ਅਮਰੀਕਾ ਦੇ ਸ਼ਿਕਾਗੋ ਸ਼ਹਿਰ ਵਿਚ ਪਰਿਵਾਰ ਸਮੇਤ ਮੌਜਾਂ ਮਾਣਦੀ ਹੈ ਤੇ ਮਿਹਰਬਾਨ ਕੈਨੇਡਾ ਦੇ ਕੈਲਗਰੀ ਸ਼ਹਿਰ ਵਿਚ। ਮਿਹਰਬਾਨ ਦੀ ਮੇਰੇ ਘਰ ਵਾਲੀ ਸੱਜਰੀ ਫੇਰੀ ਅੱਧੀ ਸਦੀ ਦੇ ਅੰਤਰ ਵਾਲੀ ਹੈ। ਸ਼ਿਵ ਦੇ ਚਲਾਣੇ ਸਮੇਂ ਉਹ ਪੰਜ ਸਾਲ ਦਾ ਸੀ ਤੇ ਹੁਣ ਪਚਵੰਜਾ ਤੋਂ ਉੱਤੇ ਹੈ। ਮੜੰਗਾ ਤੇ ਠਰ੍ਹਮਾ ਸ਼ਿਵ ਵਾਲਾ। ਸ਼ਾਇਦ ਉਸ ਤੋਂ ਵੀ ਜ਼ਿਆਦਾ।

ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਇਨ੍ਹਾਂ ਦਿਨਾਂ ਵਿਚ ਸ਼ਿਵ ਬਟਾਲਵੀ 'ਤੇ ਫਿਲਮ ਬਣ ਰਹੀ ਹੈ ਤੇ ਬਣਾਉਣ ਵਾਲਾ ਹਨੀ ਤ੍ਰੇਹਨ ਹੈ ਜਿਸਨੂੰ ਮੇਰੇ ਘਰ ਚੰਡੀਗੜ੍ਹ ਪਰੈੱਸ ਕਲਬ ਵਾਲੀ ਅਰਸ਼ ਦੀਪ ਮਿਹਰਬਾਨ ਦੇ ਬੈਠਿਆਂ ਹੀ ਲੈ ਕੇ ਆ ਗਈ ਸੀ।

ਮੇਰੇ ਕੋਲ ਸ਼ਿਵ ਤੇ ਸ਼ਿਵ ਦੀ ਕਵਿਤਾ ਬਾਰੇ ਬਹੁਤ ਗੱਲਾਂ ਹਨ ਜਿਨ੍ਹਾਂ ਵਿਚੋਂ ਕੁਝ ਤਾਂ ਮੈਂ ਆਪਣੀ ਪੁਸਤਕ 'ਅੱਗ ਦਾ ਸਫਰ' ਵਿਚ ਲਿਖ ਚੁੱਕਾ ਹਾਂ ਜਿਸਦਾ ਪ੍ਰਕਾਸ਼ਕ ਲੋਕਗੀਤ ਮੁਹਾਲੀ ਵਾਲਾ ਹਰੀਸ਼ ਜੈਨ ਹੈ। ਪਰ ਹਥਲੀ ਗੱਲ ਮੈਂ ਕਰਤਾਰ ਸਿੰਘ ਦੁੱਗਲ ਦੇ ਘਰ ਵਾਲੀ 1967 ਦੀ ਉਸ ਮਹਿਫਿਲ ਨਾਲ ਅੰਤ ਕਰਦਾ ਹਾਂ ਜਿਸਦਾ ਜ਼ਿਕਰ ਮੈਂ ਪਹਿਲਾਂ ਕਦੇ ਨਹੀਂ ਕੀਤਾ। ਇਹ ਮਹਿਫਲ ਦੁੱਗਲ ਨੇ ਸ਼ਿਵ ਨੂੰ ਨਿਵਾਜਣ ਹਿੱਤ ਰੱਖੀ ਸੀ। ਉਸ ਵਿਚ ਪ੍ਰੀਤਮ ਸਿੰਘ ਸਫ਼ੀਰ, ਅਲੀ ਸਰਦਾਰ ਜ਼ਾਫ਼ਰੀ, ਸੱਜ਼ਾਦ ਜ਼ਹੀਰ, ਕੁਲਵੰਤ ਸਿੰਘ ਵਿਰਕ ਆਦਿ ਦੋ ਦਰਜਨ ਮਹਾਰਥੀ ਹਾਜ਼ਰ ਸਨ। ਪਰ ਇਹ ਸ਼ਾਮ ਸ਼ਿਵ ਦੀਆਂ ਬੇਪਰਵਾਹੀਆਂ ਦੀ ਸਿਖਰ ਹੋ ਸਕਦੀ। ਏਸ ਲਈ ਕਿ ਦੁੱਗਲ ਨੇ ਦਾਰੂਪੀਣ ਨਾ ਹੋਣ ਦੇ ਬਾਵਜੂਦ ਵਧੀਆ ਵ੍ਹਿਸਕੀ ਲਿਆ ਰੱਖੀ ਸੀ। ਸਾਰਿਆਂ ਨੇ ਸ਼ਾਮ ਦੇ ਅੱਠ ਵਜੇ ਦੁੱਗਲ ਦੇ ਪਟੌਦੀ ਹਾਊਸ ਵਾਲੇ ਘਰ ਪਹੁੰਚਣਾ ਸੀ। ਦੁੱਗਲ ਨੇ ਇਹ ਟਾਈਮ ਸ਼ਿਵ ਬਟਾਲਵੀ ਦੀ ਸਹਿਮਤੀ ਨਾਲ ਰੱਖਿਆ ਸੀ।

ਦੁੱਗਲ ਸਮੇਂ ਦਾ ਪਾਬੰਦ ਸੀ। ਉਸਨੇ ਸਾਢੇ ਅੱਠ ਵਜੇ ਤੱਕ ਉਡੀਕਿਆ ਪਰ ਸ਼ਿਵ ਨਹੀਂ ਆਇਆ। ਉਨ੍ਹਾਂ ਦਿਨਾਂ ਵਿਚ ਟੈਲੀਫੋਨ ਦੀ ਸੁਵਿਧਾ ਨਹੀਂ ਸੀ ਜਿਸ ਨਾਲ ਅੱਜ ਵਾਂਗ ਪਤਾ ਕਰ ਸਕਦੇ ਕਿ ਉਹ ਕਿੱਥੇ ਪਹੁੰਚਿਆ ਸੀ ਤੇ ਕਦੋਂ ਤੱਕ ਆ ਜਾਵੇਗਾ। ਦੁੱਗਲ ਨੇ ਖਾਣਾ ਲਗਵਾਇਆ ਤੇ ਸਾਰਿਆਂ ਨੇ ਸ਼ਿਵ ਨੂੰ ਚੇਤੇ ਕਰਦਿਆਂ ਖਾਇਆ। ਜਦੋਂ ਖਾ ਪੀ ਕੇ ਤੁਰਨ ਲੱਗੇ ਤਾਂ ਸ਼ਿਵ ਤੇ ਉਸਦਾ ਕਾਰ ਵਾਲਾ ਮਿੱਤਰ ਪਹੁੰਚ ਗਏ। ਦੋਨਾਂ ਨੇ ਪੀ ਰੱਖੀ ਸੀ।

ਦੁੱਗਲ ਨੇ ਸ਼ਿਵ ਨੂੰ ਨਾਲਾਇਕ ਕਹਿ ਕੇ ਖਾਣਾ ਖਿਲਾਏ ਬਿਨਾ ਤੋਰ ਦਿੱਤਾ। ਮੇਰਾ ਘਰ ਪੰਡਾਰਾ ਰੋਡ ਕਲੋਨੀ ਵਿਚ ਦੋ ਮੀਲ ਦੀ ਦੂਰੀ ਉੱਤੇ ਸੀ। ਮੈਂ ਆਪਣੀ ਕਾਰ ਉਨ੍ਹਾਂ ਦੀ ਕਾਰ ਦੇ ਪਿੱਛੇ ਲਾਈ ਤੇ ਉਨ੍ਹਾਂ ਨੂੰ ਢਾਬੇ ਤੋਂ ਖਾਣਾ ਖੁਆ ਕੇ ਆਪਣੇ ਘਰ ਲੈ ਗਿਆ। ਸ਼ਿਵ ਕੁਮਾਰ ਰਾਤ ਭਰ ਸੌਂ ਨਹੀਂ ਸਕਿਆ। ਸਵੇਰੇ ਪਤਾ ਲਗਿਆ ਕਿ ਉਹ ਕੋਈ ਗੀਤ ਲਿਖਦਾ ਰਿਹਾ ਜਿਹੜਾ ਇੱਕ ਤਰ੍ਹਾਂ ਦਾ ਮੁਆਫੀਨਾਮਾ ਸੀ। ਉਸਦਾ ਨਾਂ ਸੀ ਇੱਕ ਗੀਤ ਦਾ ਜਨਮ। ਉਸ ਮੁਆਫੀਨਾਮੇ ਦੀਆਂ ਲਾਈਨਾਂ ਤਾਂ ਮੈਨੂੰ ਹੁਣ ਚੇਤੇ ਨਹੀਂ ਪਰ ਮੈਂ ਹਥਲੇ ਲੇਖ ਦਾ ਅੰਤ ਉਸਦੇ ਇੱਕ ਹੋਰ ਗੀਤ ਦੀਆਂ ਦੋ ਲਾਈਨਾਂ ਨਾਲ ਕਰਦਾ ਹਾਂ:

ਅੱਜ ਦਿਨ ਚੜ੍ਹਿਆ ਤੇਰੇ ਰੰਗ ਵਰਗਾ
ਤੈਨੂੰ ਚੁੰਮਣ ਪਿਛਲੀ ਸੰਗ ਵਰਗਾ
ਹੈ ਕਿਰਨਾਂ ਦੇ ਵਿਚ ਨਸ਼ਾ ਜਿਹਾ
ਕਿਸੇ ਛੀਬੇ ਸਪ ਦੇ ਡੰਗ ਵਰਗਾ

ਕੁਦਰਤੀ ਕਰਤੂਤਾਂ ਤੇ ਮਾਨਵੀ ਸਾਂਝਾਂ

ਮੈਂ ਨੱਬਿਆਂ ਦਾ ਹੋ ਗਿਆ ਹਾਂ ਪਰ ਆਪਣੀ ਹੋਸ਼ ਵਿਚ ਮੈਂ ਕੁਦਰਤੀ ਕਹਿਰ ਦਾ ਉਹ ਦ੍ਰਿਸ਼ ਨਹੀਂ ਤੱਕਿਆ ਜਿਹੜਾ ਇਸ ਵਰ੍ਹੇ ਦੀ ਬਰਸਾਤ ਨੇ ਪੇਸ਼ ਕੀਤਾ ਹੈ। ਥਾਂ-ਥਾਂ ਬੱਦਲ ਫਟ ਰਹੇ ਹਨ ਤੇ ਹੜ੍ਹਾਂ ਦਾ ਪਾਣੀ ਰੁੱਖਾਂ-ਬੂਟਿਆਂ, ਕੱਚੇ ਪੱਕੇ ਘਰਾਂ ਤੇ ਮਾਲ ਢਾਂਡੇ ਨੂੰ ਆਪਣੀ ਲਪੇਟ ਵਿਚ ਲੈ ਰਿਹਾ ਹੈ। ਕਿਸ਼ਤੀਆਂ ਦੀ ਘਾਟ ਅਰਸ਼ੀ ਹੈਲੀਕਾਪਟਰ ਵੀ ਪੂਰੀ ਨਹੀਂ ਕਰ ਸਕਦੇ। ਬੰਦੇ ਹੀ ਬੰਦੇ ਦਾ ਦਾਰੂ ਹੈ। ਉੱਚੇ ਘਰਾਂ ਵਾਲੇ ਨੀਵੇਂ ਵਾਲਿਆਂ ਦਾ ਦੁੱਖ ਵੰਡਾ ਰਹੇ ਹਨ।

ਮੇਰੀ ਉਮਰ ਦੇ ਮਾਨਵਾਂ ਨੇ ਏਸ ਤਰ੍ਹਾਂ ਦੀ ਕਰੋਪੀ 1947 ਦੇ ਸੁਤੰਤਰਤਾ ਦਿਵਸ ਪਿੱਛੋਂ ਤੱਕੀ ਤਾਂ ਸੀ ਪਰ ਓਦੋਂ ਅੱਜ ਵਾਲਾ ਕਹਿਰ ਨਹੀਂ ਸੀ ਵਰਤਿਆ। ਇਸ ਵਾਰੀ ਏਧਰਲੇ ਪੰਜਾਬ ਵਿਚ ਹੀ ਨਹੀਂ ਪਾਕਿਸਤਾਨੀ ਪੰਜਾਬ ਦਾ ਵੀ ਇਹੀਓ ਹਾਲ ਹੈ। ਹੜ੍ਹਾਂ ਦਾ ਪਾਣੀ ਘਰਾਂ ਵਿਚ ਦਾਖਲ ਹੋ ਕੇ ਰਹਿਣ ਵਾਲਿਆਂ ਦੀ ਨੀਂਦ ਹਰਾਮ ਕਰ ਰਿਹਾ ਹੈ। ਵਸਦੇ-ਰਸਦੇ ਘਰ ਤਬਾਹ ਹੋ ਰਹੇ ਨੇ।

ਜੇ ਭਾਰਤ ਤੇ ਪਾਕਿਸਤਾਨ ਕੁਦਰਤ ਦੀ ਇਸ ਕਰੋਪੀ ਦਾ ਸਾਹਮਣਾ ਕਰ ਰਹੇ ਹਨ ਤਾਂ ਨਾਲ ਲਗਦੇ ਅਫ਼ਗਾਨਿਸਤਾਨ ਵਿਚ ਇਹ ਕਰੋਪੀ ਭੂਚਾਲ ਦਾ ਰੂਪ ਧਾਰ ਕੇ ਹਾਵੀ ਹੋਈ ਹੈ। ਇਨ੍ਹਾਂ ਸਤਰਾਂ ਦੇ ਲਿਖੇ ਜਾਣ ਤੱਕ ਡੇਢ ਹਜ਼ਾਰ ਤੋਂ ਵੱਧ ਲੋਕ ਮਰ ਚੁੱਕੇ ਹਨ ਤੇ ਇਨ੍ਹਾਂ ਤੋਂ ਦੁਗਣੇ ਜ਼ਖਮੀ ਹੋਏ ਬੈਠੇ ਹਨ। ਇਨ੍ਹਾਂ ਦੀ ਦੇਖਭਾਲ ਤੇ ਮਲ੍ਹਮ ਪੱਟੀ ਲਈ ਡਾਕਟਰੀ ਅਮਲਾ ਨਹੀਂ ਅਹੁੜ ਰਿਹਾ। ਉਨ੍ਹਾਂ ਦੇ ਆਪਣੇ ਪਰਿਵਾਰ ਤੇ ਰਿਸ਼ਤੇਦਾਰ ਅਣਕਿਆਸੇ ਭੂਚਾਲ ਦਾ ਸ਼ਿਕਾਰ ਹੋ ਚੁੱਕੇ ਹਨ।

***ਅੰਤਿਕਾ***

ਨਜ਼ੀਰ ਕੈਸਰ॥
ਉਸ ਤੋਂ ਰੱਬ ਇਬਾਦਤ ਮੰਗੇ,
ਰੱਬ ਤੋਂ ਰਹਿਮਤ ਮੰਗੇ ਓਹ
ਦੋਹਾਂ ਦੇ ਹੱਥਾਂ ਵਿਚ ਕਾਸਾ,
ਕਿਹੜੇ ਪਾਸਿਓਂ ਲੰਘਾਂ ਮੈਂ।

# ਵਿਰਸਾ ਨਾਈਟ-2: ਪੰਜਾਬੀ ਲੋਕ ਨਾਚਾਂ ਦੀਆਂ ਪੇਸ਼ਕਾਰੀਆਂ ਨੇ ਦਰਸ਼ਕ ਕੀਲੇ

## *18 ਟੀਮਾਂ ਤੇ 250 ਦੇ ਕਰੀਬ ਭਾਗੀਦਾਰਾਂ ਨੇ ਲਿਆ ਹਿੱਸਾ; ਮਲਵਈ ਗਿੱਧਾ ਤੇ ਗਿੱਧੇ ਦੀਆਂ ਪੇਸ਼ਕਾਰੀਆਂ ਰਹੀਆਂ ਬਾ-ਕਮਾਲ*













**ਓਕ ਕਰੀਕ (ਵਿਸਕਾਨਸਿਨ):** ਇੱਥੋਂ ਦਾ ਪਰਫਾਰਮਿੰਗ ਆਰਟਸ ਐਂਡ ਐਜੂਕੇਸ਼ਨ ਸੈਂਟਰ ਹਾਲ ਉਸ ਵੇਲੇ ਸੱਭਿਆਚਾਰਕ ਰੰਗ ਵਿਚ ਰੰਗਿਆ ਗਿਆ, ਜਦੋਂ ਰੰਗ-ਬਰੰਗੀਆਂ ਪੰਜਾਬੀ ਪੁਸ਼ਾਕਾਂ ਵਿਚ ਸਜੇ ਬੱਚੇ, ਨੌਜਵਾਨ, ਤੇ ਮੁਟਿਆਰਾਂ ਨੇ ਇੱਥੇ ਕਰਵਾਏ ਗਏ ਲੋਕ ਨਾਚਾਂ ਦੇ ਨਿਵੇਕਲੇ ਸੱਭਿਆਚਾਰਕ ਸ਼ੋਅ 'ਵਿਰਸਾ-2' ਵਿਚ ਹਿੱਸਾ ਲਿਆ। 6 ਸਤੰਬਰ 2025 ਨੂੰ 'ਭੰਗੜਾ ਰਾਈਮਜ਼' ਵਲੋਂ ਕਰਵਾਏ ਗਏ ਇਸ ਭੰਗੜਾ ਮੁਕਾਬਲੇ ਵਿਚ 18 ਟੀਮਾਂ ਤੇ 250 ਦੇ ਕਰੀਬ ਭਾਗੀਦਾਰਾਂ ਨੇ ਹਿੱਸਾ ਲਿਆ। ਕਰੀਬ 4 ਘੰਟੇ ਹੋਈਆਂ ਪੇਸ਼ਕਾਰੀਆਂ ਦੌਰਾਨ ਹਾਲ ਤਾੜੀਆਂ ਤੇ ਕੂਕਾਂ ਨਾਲ ਗੂੰਜਦਾ ਰਿਹਾ। ਹਰ ਆਈਟਮ ਵਿਚ ਬੱਚਿਆਂ ਅਤੇ ਉਨ੍ਹਾਂ ਦੇ ਕੋਚ ਸਾਹਿਬਾਨ ਦੀ ਮਿਹਨਤ ਸਾਫ਼ ਝਲਕ ਰਹੀ ਸੀ। 800 ਦੇ ਕਰੀਬ ਦੂਰੋਂ-ਨੇੜਿਓਂ ਪੁੱਜੇ ਦਰਸ਼ਕਾਂ ਨੇ ਪ੍ਰੋਗਰਾਮ ਦਾ ਅਨੰਦ ਮਾਣਿਆ। ਸ਼ੋਅ ਸੋਲਡ ਆਊਟ ਰਿਹਾ। ਲੋਕ ਨਾਚਾਂ ਦੀ ਲੜੀ ਦੀ ਸ਼ੁਰੂਆਤ ਕਰਦਿਆਂ ਪ੍ਰੋਗਰਾਮ ਵਿਚ ਦੋ ਗੈਸਟ ਆਈਟਮਾਂ ਤੇ ਮਲਵਈ ਗਿੱਧਾ ਦੀ ਪੇਸ਼ਕਾਰੀ ਲਾਜਵਾਬ ਸੀ। ਪ੍ਰੋਗਰਾਮ ਦੀਆਂ ਸਾਰੀਆਂ ਪੇਸ਼ਕਾਰੀਆਂ ਇਕ ਤੋਂ ਵਧ ਸਨ, ਜਿਨ੍ਹਾਂ ਨੇ ਦਰਸ਼ਕਾਂ ਨੂੰ ਕੀਲ ਲਿਆ, ਤੇ ਮਾਹੌਲ ਪੰਜਾਬੀਅਤ ਵਾਲਾ ਬਣਿਆ ਰਿਹਾ।

ਪ੍ਰੋਗਰਾਮ ਦਾ ਆਗਾਜ਼ ਕਰਦਿਆਂ ਐਮਸੀਜ਼ ਨੇ 'ਭੰਗੜਾ ਰਾਈਮਜ਼' ਦੀ ਸ਼ੁਰੂਆਤ ਬਾਰੇ ਦੱਸਿਆ ਕਿ ਜਦੋਂ ਵੱਡੇ ਪੈਸੇ ਕਮਾਉਣ ਤੇ ਬੱਚੇ ਪੜ੍ਹਨ-ਲਿਖਣ ਵਿਚ ਮਸਰੂਫ ਸਨ, ਤਾਂ ਭੰਗੜੇ ਨੂੰ ਪਿਆਰ ਕਰਨ ਵਾਲੇ ਜਨੂੰਨੀ ਗੱਭਰੂ ਅਮਨ ਕੁਲਾਰ ਨੇ ਬੱਚਿਆਂ ਨੂੰ ਲੋਕ ਨਾਚਾਂ ਨਾਲ ਜੋੜਨ ਦਾ ਅਜਿਹਾ ਬੀੜਾ ਚੁੱਕਿਆ ਕਿ ਅੱਜ ਬੱਚੇ ਆਪ ਮੁਹਾਰੇ ਉਸ ਨਾਲ ਜੁੜ ਰਹੇ ਹਨ। ਮਾਣ ਵਾਲੀ ਗੱਲ ਇਹ ਹੈ ਕਿ ਭੰਗੜਾ ਰਾਈਮਜ਼ ਦੇ ਬੱਚੇ ਸਕੂਲਾਂ, ਕਾਲਜਾਂ ਅਤੇ ਐਨ.ਬੀ.ਏ. ਵਿਚ ਵੀ ਆਪਣੇ ਜਲਵੇ ਦਿਖਾ ਚੁੱਕੇ ਹਨ ਅਤੇ ਅਤੇ ਇੱਥੋਂ ਦੇ ਵਸਨੀਕਾਂ ਨੂੰ ਪੰਜਾਬ ਤੇ ਪੰਜਾਬੀ ਸੱਭਿਆਚਾਰ ਬਾਰੇ ਜਾਣੂ ਕਰਵਾਉਣ ਵਿਚ ਅਹਿਮ ਭੂਮਿਕਾ ਨਿਭਾ ਰਹੇ ਹਨ।

ਅਮਨ ਕੁਲਾਰ ਨੇ ਹਾਜ਼ਰੀਨ ਨੂੰ 'ਜੀ ਆਇਆਂ' ਆਖਦਿਆਂ ਕਿਹਾ, 'ਇਹ ਸ਼ਾਮ ਸੱਭਿਆਚਾਰ ਨੂੰ ਸਮਰਪਿਤ ਹੈ। ਸਾਡੀ ਅਕੈਡਮੀ ਬੱਚਿਆਂ ਦੇ ਸਰੀਰਕ ਤੇ ਮਾਨਸਿਕ ਵਿਕਾਸ ਵਿਚ ਵੀ ਯੋਗਦਾਨ ਪਾਉਂਦੀ ਹੈ ਤੇ ਸਮੇਂ ਸਮੇਂ 'ਤੇ ਬੱਚਿਆਂ ਨੂੰ ਰਵਾਇਤੀ ਖੇਡਾਂ ਵੀ ਖਿਡਾਈਆਂ ਜਾਂਦੀਆ ਹਨ।' ਉਨ੍ਹਾਂ ਮਾਪਿਆਂ ਦਾ ਧੰਨਵਾਦ ਕੀਤਾ, ਜੋ ਬੱਚਿਆਂ ਨੂੰ ਆਪਣੀਆਂ ਜੜ੍ਹਾਂ ਨਾਲ ਜੋੜਨ ਦਾ ਉਪਰਾਲਾ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਭੰਗੜਾ ਰਾਈਮਜ਼ ਦੀਆਂ ਚਾਰ ਅਕੈਡਮੀਆਂ ਸ਼ਾਮਬਰਗ, ਨੇਪਰਵਿਲ, ਓਕ ਕਰੀਕ ਤੇ ਬਰੁੱਕਫੀਲਡ ਵਿਚ ਚੱਲ ਰਹੀਆਂ ਹਨ। ਵਿਸਕਾਨਸਿਨ ਵਿਚ ਸ਼ੁਰੂਆਤ ਇੰਦਰਜੀਤ ਕੌਰ ਤੇ ਜਸਵੰਤ ਸਿੰਘ ਦੇ ਸਹਿਯੋਗ ਸਦਕਾ ਹੋਈ ਹੈ।

ਇੰਦਰਜੀਤ ਕੌਰ ਨੇ ਸਾਰਿਆਂ ਦਾ ਪ੍ਰੋਗਰਾਮ ਵਿਚ ਆਉਣ ਲਈ ਧੰਨਵਾਦ ਕੀਤਾ। 'ਟੀਮ ਪੰਜਾਬ' ਨੇ ਗੈਸਟ ਪਰਫਾਰਮੈਂਸ ਦਿੱਤੀ, ਜਿਸ ਵਿਚ ਛੋਟੇ ਛੋਟੇ ਬੱਚਿਆਂ ਨੇ ਢੋਲ ਦੇ ਡਗੇ 'ਤੇ ਭੰਗੜਾ ਪਾ ਕੇ ਦਰਸ਼ਕਾਂ ਦੀਆਂ ਤਾੜੀਆਂ ਖੱਟੀਆਂ।

ਪਹਿਲੇ ਕਿਡਜ਼ ਗਰੁੱਪ ਵਿਚ ਟੀਮ ਸਤਲੁਜ, ਬਿਆਸ, ਰਾਵੀ ਤੇ ਜਿਹਲਮ ਸਨ। ਟੀਮ ਬਿਆਸ ਦੇ ਨੰਨੇ-ਮੁੰਨੇ ਬੱਚਿਆਂ ਦੀ ਪੇਸ਼ਕਾਰੀ ਦਰਸ਼ਕਾਂ ਦੇ ਦਿਲ ਮੋਹ ਲੈ ਗਈ। 'ਰਾਵੀ', 'ਸਤਲੁਜ', 'ਜਿਹਲਮ' ਟੀਮਾਂ ਦੇ ਬੱਚਿਆਂ ਦਾ ਭੰਗੜਾ ਵੀ ਵੇਖਣਯੋਗ ਸੀ। ਸੋਹਣੀਆਂ ਪੁਸ਼ਾਕਾਂ, ਤੁਰਲੇ ਵਾਲੀਆਂ ਪੱਗਾਂ ਵਿਚ ਬੱਚੇ ਬਹੁਤ ਜਚ ਰਹੇ ਸਨ। ਬਿਆਸ ਟੀਮ ਨੇ 'ਅੱਜ ਕੱਲ੍ਹ ਮੋਹ ਤੇਰਾ ਹੋਇਆ ਘੱਟ ਵੇ', 'ਮਿੱਤਰਾਂ ਦੀ ਤੋਰ ਨਾਲ ਸ਼ਹਿਰ ਤੁਰਦਾ' 'ਤੇ ਭੰਗੜਾ ਪਾ ਕੇ ਦਰਸ਼ਕਾਂ ਦੀਆਂ ਖੂਬ ਤਾੜੀਆਂ ਹਾਸਿਲ ਕੀਤੀਆਂ। 'ਰਾਵੀ ਟੀਮ' ਦੇ ਕਲਾਕਾਰਾਂ ਨੇ 'ਜੱਟ ਚੀ ਚੜ੍ਹਾਈ, 'ਚੜ੍ਹ ਆਸ਼ਕਾਂ ਦੇ ਯੱਕੇ' ਤੇ 'ਅਸ਼ਕੇ', ਗੀਤਾਂ 'ਤੇ ਬੱਲੇ-ਬੱਲੇ ਕਰਵਾਈ। ਦਰਸ਼ਕਾਂ ਨੇ ਦਿਲ ਖੋਲ੍ਹ ਕੇ ਦਾਦ ਦਿੱਤੀ। 'ਸਤਲੁਜ ਟੀਮ' ਨੇ ਗਾਣੇ 'ਮਿਰਜ਼ਾ', 'ਕਿਹੜਾ ਸਾਡੀ ਪੈੜ ਦੱਬ ਲਊ' 'ਤੇ ਕਮਾਲ ਦਾ ਭੰਗੜਾ ਪਾਇਆ। 'ਜਿਹਲਮ ਟੀਮ' ਨੇ 'ਮੈਂ ਚਿੜੀ ਬਲੌਰੀ ਕੱਚ ਦੀ', 'ਮੁੰਡੇ ਸਰਦਾਰ ਖੜ੍ਹੇ ਨੇ' 'ਤੇ ਵਧੀਆ ਪੇਸ਼ਕਾਰੀ ਦਿੱਤੀ। ਆਬਾਂ ਤੋਂ ਬਾਅਦ ਦੂਜੇ ਗਰੁੱਪ ਵਿਚ 11 ਤੋਂ 16 ਸਾਲ ਉਮਰ ਦੇ ਬੱਚਿਆਂ ਨੇ ਵੱਖ-ਵੱਖ ਸ਼ਹਿਰਾਂ ਦੇ ਨਾਵਾਂ ਵਾਲੀਆਂ ਆਪਣੀਆਂ ਟੀਮਾਂ ਲਈ ਭੰਗੜਾ ਪਾਇਆ ਤਾਂ ਸਬੰਧਤ ਸ਼ਹਿਰਾਂ ਦੇ ਦਰਸ਼ਕਾਂ ਨੇ ਕੂਕਾਂ ਨਾਲ ਆਪੋ ਆਪਣੇ ਸ਼ਹਿਰ ਲਈ ਪਿਆਰ ਦਾ ਇਜ਼ਹਾਰ ਕੀਤਾ। ਲੁਧਿਆਣਾ ਦੀਆਂ ਮੁਟਿਆਰਾਂ ਨੇ ਦਰਸ਼ਕਾਂ ਨੂੰ ਤਾੜੀਆਂ ਮਾਰਨ ਲਈ ਮਜਬੂਰ ਕਰ ਦਿਤਾ। ਯੂਥ ਸੌਂਗ ਕੈਟੇਗਰੀ ਵਿਚ 'ਜਲੰਧਰ', 'ਮੁਲਤਾਨ', ਲੁਧਿਆਣਾ, ਤੇ ਯੂਥ ਢੋਲ ਕੈਟੇਗਰੀ ਵਿਚ 'ਹੁਸ਼ਿਆਰਪੁਰ', 'ਲਾਹੌਰ', 'ਸਿਆਲਕੋਟ ਟੀਮ' ਦੀ ਪੇਸ਼ਕਾਰੀ ਵੀ ਲਾਜਵਾਬ ਸੀ। ਐਮਸੀਜ਼ ਵਲੋਂ ਇਨ੍ਹਾਂ ਸਾਰੇ ਸ਼ਹਿਰਾਂ ਬਾਰੇ ਸੰਖੇਪ ਜਾਣਕਾਰੀ ਦੇਣਾ, ਸ਼ਹਿਰਾਂ ਬਾਰੇ ਦਰਸ਼ਕਾਂ ਦੀ ਜਾਣਕਾਰੀ ਵਿਚ ਵਾਧਾ ਕਰ ਰਿਹਾ ਸੀ।

ਮੰਚ ਸੰਚਾਲਕ ਰਮਨ ਹਾਂਸੀ, ਮਹਿਕ ਕੌਰ ਗਿੱਲ, ਅਰਸ਼, ਨਤਾਲਿਆ ਨੇ ਸਟੇਜ ਤੋਂ ਪੰਜਾਬ ਨਾਲ ਸਬੰਧਤ ਸਵਾਲ ਵੀ ਪੁੱਛੇ, ਜਿਸ ਦੇ ਜਵਾਬ ਦਰਸ਼ਕਾਂ ਨੇ ਦਿੱਤੇ, ਤੇ ਸਹੀ ਜਵਾਬ ਦੇਣ ਵਾਲਿਆਂ ਨੂੰ ਇਨਾਮ ਵੀ ਦਿੱਤੇ ਗਏ। ਇਨ੍ਹਾਂ ਸਵਾਲਾਂ ਵਿਚ ਪੰਜਾਬ ਦੇ ਸਭ ਤੋਂ ਵੱਡੇ ਤੇ ਛੋਟੇ ਦਰਿਆ ਦਾ ਨਾਂ, ਭੰਗੜੇ ਵਿਚ ਵਰਤੇ ਜਾਂਦੇ ਸਾਜ਼ਾਂ ਦੇ ਨਾਂ, ਪੰਜਾਬ ਵਿਚ ਕਿੰਨੇ ਜ਼ਿਲ੍ਹੇ ਹਨ ਆਦਿ ਸਵਾਲ ਸ਼ਾਮਲ ਸਨ। ਇਹ ਪੰਜਾਬ ਬਾਰੇ ਨੌਜਵਾਨਾਂ ਨੂੰ ਵਧੇਰੇ ਜਾਣਕਾਰੀ ਦੇਣ ਦਾ ਵਧੀਆ ਉਪਰਾਲਾ ਸੀ। ਮੰਚ ਸੰਚਾਲਕਾਂ ਦਾ ਸਾਥ ਇਸ਼ਮੀਤ ਕੌਰ ਧਾਮੀ, ਈਸ਼ਵੀਰ ਕੌਰ, ਅਰਸ਼ਦੀਪ ਕੌਰ ਨੇ ਵੀ ਦਿਤਾ।

ਗੁਰਮੁਖ ਭੁੱਲਰ ਨੇ ਸ਼ੇਅਰ

'ਪੁੱਤਰਾਂ ਦਾ ਦਾਨੀ ਜਿਹਦੀ ਮਿਲੇ ਨਾ ਮਿਸਾਲ ਕਿਤੇ, ਤੁਸੀਂ ਉਹਦੇ ਹੱਥੀਂ ਬੂਟੇ ਲਾਏ ਹੋ ਪੰਜਾਬੀਓ', ਨਾਲ ਆਪਣੀ ਗੱਲ ਕਹਿੰਦਿਆਂ, ਮਾਪਿਆਂ ਦਾ ਧੰਨਵਾਦ ਕੀਤਾ, ਜੋ ਆਪਣੇ ਬੱਚਿਆਂ ਨੂੰ ਵਿਰਸੇ ਨਾਲ ਜੋੜਨ ਲਈ ਸਮਾਂ ਕੱਢਦੇ ਹਨ। ਤੀਜੇ ਗਰੁੱਪ ਦੀਆਂ ਟੀਮਾਂ ਦੇ ਨਾਂ ਪੰਜਾਬ ਦੇ ਵੱਖ-ਵੱਖ ਖੇਤਰਾਂ ਮਾਝਾ, ਮਾਲਵਾ, ਦੁਆਬਾ ਅਤੇ ਪੁਆਧ ਦੇ ਨਾਵਾਂ 'ਤੇ ਰੱਖੇ ਗਏ ਸਨ। 'ਟੀਮ ਮਾਝਾ' ਦੀਆਂ ਮੁਟਿਆਰਾਂ ਨੇ 'ਦੇਖੀਂ ਵੇ ਦੇਖੀਂ ਛੱਡ ਨਾ ਦਈਂ ਕੱਲੀ ਨੂੰ', 'ਤੇਰੇ ਲਈ ਮੋਰਨੀ ਕੁੜੇ' 'ਤੇ ਸੋਹਣਾ ਨਾਚ ਪੇਸ਼ ਕੀਤਾ। ਕੁੜੀਆਂ ਦੀ ਮਿਹਨਤ ਉਨ੍ਹਾਂ ਦੀ ਕੋ-ਆਰਡੀਨੇਸ਼ਨ ਤੋਂ ਸਾਫ ਦਿਖਾਈ ਦੇ ਰਹੀ ਸੀ।

'ਸੋਚਿਆ ਸੀ ਕਦੇ ਪੈਣਗੇ ਭੰਗੜੇ ਵਿਚ ਪਰਦੇਸਾਂ ਦੇ

ਲੈ ਫੁਲਕਾਰੀਆਂ ਗਿੱਧੇ ਵਿਚ ਕੁੜੀਆਂ ਨੱਚਣਗੀਆਂ,

ਢੋਲ ਸਾਡੇ 'ਤੇ ਥਿਰਕਦੇ ਨੇ ਅੱਜ ਪੈਰ ਗੋਰਿਆਂ ਦੇ,

ਨਾਲ ਪੰਜਾਬਣਾਂ ਗਿੱਧਿਆਂ ਦੇ ਵਿਚ ਗੋਰੀਆਂ ਨੱਚਣਗੀਆਂ।

ਸ਼ੇਅਰ ਨਾਲ ਗੁਰਮੁਖ ਭੁੱਲਰ ਨੇ 'ਦੁਆਬਾ ਟੀਮ' ਨੂੰ ਸੱਦਾ ਦਿੱਤਾ। ਇਸ ਟੀਮ ਦੀ ਐਨਰਜੀ ਦੇਖਣ ਹੀ ਵਾਲੀ ਸੀ। ਗੱਭਰੂ ਮੁਟਿਆਰਾਂ ਨੇ 'ਸਾਡੀ ਜਿੰਦ ਜਾਨ ਭੰਗੜਾ', 'ਲੈਂਸਰ' ਗੀਤਾਂ 'ਤੇ ਅਜਿਹਾ ਭੰਗੜਾ ਪਾਇਆ ਕਿ ਦਰਸ਼ਕਾਂ ਨੂੰ ਵੀ ਝੂਮਣ ਲਾ ਦਿੱਤਾ। 'ਮਾਲਵਾ ਟੀਮ' ਦੀਆਂ ਮੁਟਿਆਰਾਂ ਨੇ 'ਤੇਰੇ ਨਾਲ ਸ਼ਿਕਾਇਤਾਂ ਸੋਹਣਿਆ', 'ਤੇਰੇ ਨਾਲ ਸੋਹਣੀ ਲੱਗਦੀ ਨਾ ਹੋਰ ਵੇ' 'ਤੇ ਭੰਗੜਾ ਪਾ ਕੇ ਵਾਹ-ਵਾਹ ਖੱਟੀ। ਫੋਕ ਡਾਂਸ ਕੈਟੇਗਰੀ ਵਿਚ 'ਪੁਆਧ ਟੀਮ' ਦੇ ਗੱਭਰੂਆਂ ਨੇ ਜਦੋਂ ਝੂਮਰ ਪੇਸ਼ ਕੀਤਾ ਤਾਂ ਦਰਸ਼ਕ ਵਜਦ ਵਿਚ ਆ ਗਏ। ਇਹ ਪੇਸ਼ਕਾਰੀ ਲਾਜਵਾਬ ਹੋ ਨਿੱਬੜੀ। 'ਨੱਚਦਾ ਭੰਗੜਾ' ਦੇ ਕੋਚ ਜਸਰਾਜ ਲਾਲੀ ਨੇ ਢੋਲ 'ਤੇ ਜੌਹਰ ਦਿਖਾਏ।

1974 ਵਿਚ ਆਰੀਆ ਕਾਲਜ ਲੁਧਿਆਣਾ ਵਿਚ ਕੈਪਟਨ ਵਜੋਂ ਭੰਗੜੇ ਦੀ ਸ਼ੁਰੂਆਤ ਕਰਨ ਵਾਲੇ, ਪੰਜਾਬ ਟੀਮ ਦੇ ਦੋ ਵਾਰ ਕੈਪਟਨ ਰਹੇ ਅਤੇ 1982 ਵਿਚ ਏਸ਼ੀਅਨ ਗੇਮਜ਼ ਅਤੇ ਗਣਤੰਤਰ ਦਿਵਸ ਮੌਕੇ ਭੰਗੜਾ ਪਾ ਚੁੱਕੇ 'ਪੰਜਾਬ ਟਾਈਮਜ਼' ਸਲਾਹਕਾਰ ਬੋਰਡ ਦੇ ਮੈਂਬਰ ਸ. ਪਰਮਿੰਦਰ ਸਿੰਘ ਵਾਲੀਆ ਨੇ ਆਖਿਆ ਕਿ ਜਦੋਂ ਤੱਕ ਅਜਿਹੇ ਉਪਰਾਲੇ ਜਾਰੀ ਰਹਿਣਗੇ, ਸਾਡੇ ਸੱਭਿਆਚਾਰ ਨੂੰ ਕੋਈ ਖਤਰਾ ਨਹੀਂ। ਅਮਨ ਨੇ ਓਕ ਕਰੀਕ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਬਰੁਕਫੀਲਡ ਗੁਰਦੁਆਰਾ ਕਮੇਟੀ ਦੇ ਮੈਂਬਰ ਸ. ਗੁਰਚਰਨ ਸਿੰਘ ਗਰੇਵਾਲ, ਦੀਦਾਰ ਸਿੰਘ ਧਨੋਆ, ਮੀਡੀਆ ਪਾਰਟਨਰ, 'ਪੰਜਾਬ ਟਾਈਮਜ਼' ਅਤੇ ਪੀਟੀਸੀ ਪੰਜਾਬੀ ਦਾ ਧੰਨਵਾਦ ਕੀਤਾ। ਉਨ੍ਹਾਂ ਆਖਿਆ ਕਿ ਉਹ ਸਾਰੇ ਬੱਚਿਆਂ ਨੂੰ ਇੰਨੇ ਕਾਬਿਲ ਬਣਾਉਣਗੇ ਕਿ ਸਾਰੇ ਹੀ ਕੱਲ੍ਹ ਨੂੰ ਕੋਚ ਬਣ ਕੇ ਭੰਗੜਾ ਸਾਂਭ ਸਕਣ। ਸ਼ਿਕਾਗੋ ਤੋਂ ਪੁੱਜੇ 'ਹਰਜਿੰਦਰ ਖਹਿਰਾ, ਹੈਪੀ ਹੀਰ, ਪਰਮਿੰਦਰ ਸਿੰਘ ਵਾਲੀਆ, ਲੱਕੀ ਸਹੋਤਾ ਦਾ ਧੰਨਵਾਦ ਕਰਦਿਆਂ ਡਾ. ਖਹਿਰਾ ਨੂੰ ਸਟੇਜ 'ਤੇ ਸੱਦਾ ਦਿੱਤਾ। ਡਾ. ਖਹਿਰਾ ਨੇ ਸਾਰੇ ਬੱਚਿਆਂ, ਮਾਪਿਆਂ ਅਤੇ ਕੋਚ ਅਮਨ ਕੁਲਾਰ ਦੀ ਰੱਜਵੀਂ ਤਾਰੀਫ਼ ਕਰਦਿਆਂ ਇਸ ਉਪਰਾਲੇ ਨੂੰ ਸ਼ਲਾਘਾਯੋਗ ਦੱਸਿਆ।

ਜੱਜਾਂ ਦੀ ਭੂਮਿਕਾ ਮਯੂਰੀ ਰਾਜੇਸ਼, ਪ੍ਰਭਜੀਤ ਸਿੰਘ ਦਿਓਲ, ਰਣਦੀਪ ਸਿੰਘ ਢਿੱਲੋਂ, ਹਰਕਿਰਪਾਲ ਸਿੰਘ ਸੇਖੋਂ ਨੇ ਨਿਭਾਈ। ਜੱਜਾਂ ਨੇ ਸਾਰੀਆਂ ਟੀਮਾਂ ਦੀ ਸ਼ਲਾਘਾ ਕੀਤੀ, ਜਿਨ੍ਹਾਂ ਨੇ ਇਸ ਪ੍ਰੋਗਰਾਮ ਲਈ ਸਖਤ ਮਿਹਨਤ ਕੀਤੀ ਸੀ। ਨਤੀਜਿਆਂ ਅਨੁਸਾਰ ਬੱਚਿਆਂ ਦੇ ਗਰੁੱਪ ਵਿਚ 'ਸਤਲੁਜ ਟੀਮ' ਨੇ ਪਹਿਲਾ, 'ਬਿਆਸ' ਨੇ ਦੂਜਾ ਤੇ 'ਰਾਵੀ ਅਤੇ ਜਿਹਲਮ ਟੀਮਾਂ ਨੇ ਤੀਜਾ ਸਥਾਨ ਹਾਸਲ ਕੀਤਾ। ਦੂਜੇ ਗਰੁੱਪ ਵਿਚ ਟੀਮ 'ਮੁਲਤਾਨ' ਪਹਿਲੇ, 'ਲੁਧਿਆਣਾ' ਦੂਜੇ ਤੇ 'ਟੀਮ ਜਲੰਧਰ' ਤੀਜੇ ਸਥਾਨ 'ਤੇ ਰਹੀ। 'ਯੂਥ ਢੋਲ' ਵਿਚ ਪਹਿਲਾ ਸਥਾਨ ਸਿਆਲਕੋਟ, ਦੂਜਾ ਹੁਸ਼ਿਆਰਪੁਰ ਤੇ ਲਾਹੌਰ ਟੀਮਾਂ ਨੇ ਮੱਲਿਆ। ਝੂਮਰ ਟੀਮ ਨੂੰ ਆਪਣੀ ਵੱਖਰੀ ਸ਼੍ਰੇਣੀ ਲਈ ਪਹਿਲਾ ਇਨਾਮ ਦਿੱਤਾ ਗਿਆ। ਤੀਜੀ ਕੈਟੇਗਰੀ ਵਿਚ ਮਾਲਵਾ ਟੀਮ ਨੇ ਪਹਿਲੀ, ਦੁਆਬਾ ਨੇ ਦੂਜੀ, ਤੇ ਮਾਝਾ ਨੇ ਤੀਜੀ ਥਾਂ ਮੱਲੀ। ਮਲਵਈ ਗਿੱਧਾ ਅਤੇ ਦੋਵਾਂ ਗਿੱਧਾ ਟੀਮਾਂ ਨੂੰ ਵਿਸ਼ੇਸ਼ ਇਨਾਮ ਦਿੱਤੇ ਗਏ। ਪਹਿਲੇ, ਦੂਜੇ, ਤੀਜੇ ਥਾਂ 'ਤੇ ਰਹੀਆਂ ਟੀਮਾਂ ਨੂੰ ਟਰਾਫੀਆਂ ਦਿੱਤੀਆਂ ਗਈਆਂ।

ਪ੍ਰੋਗਰਾਮ ਵਿਚ ਹੈਮਰ ਥਰੋਅ ਵਿਚ ਮਹਾਰਾਜਾ ਰਣਜੀਤ ਸਿੰਘ ਅਵਾਰਡ, ਅਰਜੁਨ ਐਵਾਰਡ ਜੇਤੂ ਅਤੇ 'ਗੋਲਡ ਮੈਡਲਿਸਟ ਇਨ ਏਸ਼ੀਅਨ ਟਰੈਕ ਐਂਡ ਫੀਲਡ ਗੇਮਜ਼ ਇਨ ਹੈਮਰ ਥਰੋਅ', ਸਾਊਥ ਏਸ਼ੀਅਨ ਗੇਮਜ਼ ਵਿਚ ਗੋਲਡ ਮੈਡਲਿਸਟ, ਹੈਮਰ ਥਰੋਅ ਦੇ 17 ਵਾਰ ਤੇ ਡਿਸਕਸ ਥਰੋਅ ਦੇ 5 ਵਾਰ ਨੈਸ਼ਨਲ ਚੈਂਪੀਅਨ ਰਹੇ ਅਤੇ 1985 ਵਿਚ ਭਾਰਤ ਦੇ ਹੈਮਰ ਥਰੋਅ ਵਿਚ ਨੈਸ਼ਨਲ ਰਿਕਾਰਡ ਹੋਲਡਰ ਆਰ.ਐਸ. ਬਲ ਤੇ 80 ਦੇ ਦਹਾਕੇ ਦੌਰਾਨ ਮੱਲਾਂ ਮਾਰਨ ਵਾਲੇ, ਇੰਡੀਆ ਦੇ ਹਾਕੀ ਟੀਮ ਦੇ ਪੰਜ ਵਰਲਡ ਕੱਪ ਵਿਚ ਹਿੱਸਾ ਲੈਣ ਵਾਲੇ ਤੇ ਇਕ ਮੈਚ ਵਿਚ 'ਮੈਨ ਆਫ ਦਿ ਮੈਚ' ਰਹੇ ਹਰਜਿੰਦਰ ਸਿੰਘ ਚਾਹਲ ਨੂੰ ਵਿਸ਼ੇਸ਼ ਤੌਰ 'ਤੇ ਮੰਚ 'ਤੇ ਬੁਲਾ ਕੇ ਦਰਸ਼ਕਾਂ ਦੇ ਰੂਬਰੂ ਕੀਤਾ ਗਿਆ।

ਵਾਲੰਟੀਅਰ ਅਮਨਦੀਪ ਕੌਰ ਧਾਮੀ, ਬਲਰਾਜ ਸਿੰਘ ਸੋਹੀ, ਦਲਜੀਤ ਸਿੰਘ ਬਰਾੜ, ਡਾ. ਹਰਪਿੰਦਰ ਕੌਰ, ਗੁਰਪ੍ਰੀਤ ਕੌਰ ਧਾਮੀ, ਹਰਲੀਨ ਕੌਰ, ਹਰਿੰਦਰ ਕੌਰ, ਹਰਪ੍ਰੀਤ ਕੌਰ, ਹਰਲੀਨ ਕੌਰ, ਇੰਦਰਜੀਤ ਕੌਰ, ਜਸਲੀਨ ਕੌਰ, ਕਮਲ ਕੌਰ, ਖੁਸ਼ਦੀਪ ਬਰਾੜ, ਮਨਦੀਪ ਕੁਮਾਰ, ਮਨਦੀਪ ਕੁਲਾਰ, ਮਨਪ੍ਰੀਤ ਸਿੰਘ, ਮੇਘਨਾ ਸੂਦ, ਨਵਜੀਤ, ਪ੍ਰਭਜੋਤ ਕੌਰ, ਰਾਜਬੀਰ ਕੌਰ, ਰਵੀ ਪਾਲ ਸਿੰਘ, ਸੋਨਲ ਸੂਦ, ਸੁਖਪਾਲ ਗਿੱਲ, ਲਖਵੀਰ ਸਿੰਘ ਹਾਂਸੀ ਅਤੇ ਜਸਵੰਤ ਸਿੰਘ ਦਾ ਧੰਨਵਾਦ ਕੀਤਾ ਗਿਆ। ਪ੍ਰੋਗਰਾਮ ਨੂੰ ਕਾਮਯਾਬ ਬਣਾਉਣ ਵਿਚ ਬੱਚਿਆਂ ਦੇ ਮਾਪਿਆਂ ਨੇ ਵੀ ਵਾਲੰਟੀਅਰਜ਼ ਵਜੋਂ ਵਿਸ਼ੇਸ਼ ਯੋਗਦਾਨ ਪਾਇਆ।

ਅਮਨ ਕੁਲਾਰ ਵਲੋਂ ਆਪਣੇ ਸਪਾਂਸਰਾਂ ਮਾਊਂਟੇਨ ਮਾਈਕਸ, ਢਿੱਲੋਂ ਲੀਕਰ, ਗੁਰਸ਼ਾਨ ਰੀਅਲ ਅਸਟੇਟ, ਨਾਗਰਾ ਫੈਮਿਲੀ (ਰਸੀਨ ਮਿਲਵਾਕੀ), ਕੈਫੇ ਇੰਡੀਆ, ਗੁਰਦੀਪ ਸਿੰਘ ਤੂਰ, ਐਮ ਐਸ ਤੂਰ ਐਂਟਰਪ੍ਰਾਈਜ਼ (ਨਿਊ ਯਾਰਕ), ਸ਼ੇਰੇ ਪੰਜਾਬ ਐਂਡ ਕਲਚਰਲ ਕਲੱਬ ਸ਼ਿਕਾਗੋ, ਐਵਰੈਸਟ ਹੈਲਥ ਕੇਡਰ, ਕਰਾਊਨ ਪਲਾਜ਼ਾ, ਓਮ ਟਰਾਂਸਪੋਰਟੇਸ਼ਨ, ਫਾਈਵ ਰਿਵਰਜ਼ ਐਂਟਰਟੇਨਮੈਂਟ, ਯੌਰਕ ਟਾਊਨ ਡੈਂਟਲ, ਰਾਜਾ ਬੌਲੀਵੁੱਡ ਸਟੂਡੀਓ, ਇੰਡੀਆ ਗਾਰਡਨ ਰੈਸਟੋਰੈਂਟ, ਬਾਰਟਲੈਟ ਲਿਕਰਜ਼, ਡਰੀਮ ਡੈਕੋਰ, ਅਰਾਈਸ ਫਿਜ਼ੀਕਲ ਥਰੈਪੀ ਰਾਜਬੀਰ ਕੌਰ, ਸਖੀ ਅਟਾਇਰ-ਰੂਪੀ ਸਿੱਧੂ, ਵੈਲਗਰੂਮਡ, ਐਗਜ਼ੋਟਿਕ ਸਨੈਕ ਗਾਇਜ਼, ਦੀਦਾਰ ਸਿੰਘ ਧਨੋਆ, ਅਮਰੀਕ ਪਾਲ ਸਿੰਘ ਦਾ ਸਨਮਾਨ ਕੀਤਾ ਗਿਆ। ਡੈਕੋਰੇਸ਼ਨ ਲਈ ਕਿਰਨ (ਡਰੀਮ ਡੈਕਰ) ਦਾ ਸਨਮਾਨ ਕੀਤਾ ਗਿਆ। ਜ਼ਿਕਰਯੋਗ ਹੈ ਕਿ ਆਉਂਦੇ ਨਵੇਂ ਸਾਲ ਜਨਵਰੀ-ਫਰਵਰੀ ਵਿਚ ਐਨ.ਬੀ.ਏ. ਟੂਰਨਾਮੈਂਟ ਵਿਚ ਮਿਲਵਾਕੀ ਬਕਸ ਤੇ ਸ਼ਿਕਾਗੋ ਬੁਲਜ਼ ਦੇ ਮੈਚਾਂ ਵਿਚ ਭੰਗੜਾ ਰਾਈਮਜ਼ ਦੀ ਟੀਮ ਪਰਫਾਰਮ ਕਰਨ ਜਾ ਰਹੀ ਹੈ। ਅਮਨ ਵਲੋਂ ਪੀ.ਸੀ.ਐਸ. ਸ਼ਿਕਾਗੋ ਦਾ ਵੀ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ।

ਪ੍ਰੋਗਰਾਮ ਦੇ ਅਖੀਰ ਵਿਚ ਕਿਰਨ (ਗਿੱਧੇ ਦੀ ਕੋਚ) ਦੀ ਟੀਮ 'ਗਿੱਧਿਆਂ ਦੀ ਰਾਣੀ' ਤੇ ਸ਼ਿਕਾਗੋ (ਗਿੱਧਾ ਕੁਈਨ) ਦੀਆਂ ਮੁਟਿਆਰਾਂ ਵਲੋਂ ਪੇਸ਼ ਕੀਤੇ ਗਿੱਧੇ ਅਤੇ ਮੁੰਡਿਆਂ ਦੇ ਮਲਵਈ ਗਿੱਧੇ ਨੇ ਪ੍ਰੋਗਰਾਮ ਨੂੰ ਸਿਖਰ 'ਤੇ ਪਹੁੰਚਾਇਆ। ਕੁੜੀਆਂ ਰੰਗ-ਬਿਰੰਗੀਆਂ ਰਵਾਇਤੀ ਪੁਸ਼ਾਕਾਂ, ਕਢਾਈਦਾਰ ਸੂਟਾਂ, ਚੁੰਨੀਆਂ-ਫੁਲਕਾਰੀਆਂ, ਰੰਗ-ਬਿਰੰਗੀਆਂ ਚੂੜੀਆਂ, ਡੋਰੀਏ, ਸੱਗੀਫੁੱਲ ਤੇ ਹੋਰ ਹਾਰ ਹਮੇਲਾਂ ਨਾਲ ਸਜੀਆਂ ਹੋਈਆਂ ਸਨ। ਵਿਰਸੇ ਦੀ ਬਾਤ ਪਾਉਂਦੇ ਇਨ੍ਹਾਂ ਲੋਕ ਨਾਚਾਂ ਨੇ ਦਰਸ਼ਕਾਂ ਦੀ ਵਾਹ-ਵਾਹ ਖੱਟੀ।

ਪ੍ਰੋਗਰਾਮ ਵਿਚ ਮਿਲਵਾਕੀ ਤੋਂ ਇਲਾਵਾ ਸ਼ਿਕਾਗੋ ਤੋਂ ਵੀ ਲੋਕ ਹੁਮ-ਹੁਮਾ ਕੇ ਪਹੁੰਚੇ ਹੋਏ ਸਨ। 'ਪੰਜਾਬ ਟਾਈਮਜ਼' ਸਲਾਹਕਾਰ ਬੋਰਡ ਦੇ ਮੈਂਬਰ ਡਾ. ਹਰਗੁਰਮੁਖਪਾਲ ਸਿੰਘ, ਸ. ਹਰਦਿਆਲ ਸਿੰਘ ਦਿਓਲ ਤੋਂ ਇਲਾਵਾ ਫਾਈਵ ਰੀਵਰਜ਼ ਐਂਟਰਟੇਨਮੈਂਟ ਦੇ ਗੁਰਪ੍ਰੀਤ ਸਿੰਘ ਸਿੱਧੂ, ਜਿਗਰਦੀਪ ਸਿੰਘ, ਇੰਦਰ ਵਿਰਕ, ਬਲਜੀਤ ਸਿੰਘ (ਮੰਗੀ), ਜਸਵਿੰਦਰ (ਜੱਸੀ), ਵੀ ਰੌਣਕ ਵਧਾਉਣ ਲਈ ਪਹੁੰਚੇ ਹੋਏ ਸਨ।

# ‘ਭੰਗੜਾ ਰਾਈਮਜ਼’ ਵਲੋਂ ਕਰਵਾਈ ਵਿਰਸਾ ਨਾਈਟ-2 ਦੀਆਂ ਕੁਝ ਝਲਕੀਆਂ



























# ਹਰਜਿੰਦਰ ਸਿੰਘ ਟਰੱਕ ਹਾਦਸਾ- ਨਿਰਪੱਖ ਜਾਂਚ ਅਤੇ ਮਨੁੱਖੀ ਵਿਚਾਰਾਂ ਦੀ ਲੋੜ

ਅਮਰੀਕਾ ਦੇ ਫਲੋਰੀਡਾ ਰਾਜ ਵਿਚ ਅਗਸਤ ਮਹੀਨੇ ਵਾਪਰੇ ਭਿਆਨਕ ਸੜਕ ਹਾਦਸੇ ਨੇ ਨਾ ਸਿਰਫ਼ ਤਿੰਨ ਅਮਰੀਕੀ ਨਾਗਰਿਕਾਂ ਦੀ ਜਾਨ ਲਈ, ਬਲਕਿ ਇੱਕ ਵੱਡੇ ਵਿਵਾਦ ਨੂੰ ਵੀ ਜਨਮ ਦਿੱਤਾ ਹੈ। ਇਹ ਹਾਦਸਾ ਇੱਕ ਟਰੱਕ ਡਰਾਈਵਰ ਵੱਲੋਂ ਗਲਤ ਯੂ-ਟਰਨ ਲੈਣ ਕਾਰਨ ਵਾਪਰਿਆ ਮੰਨਿਆ ਜਾ ਰਿਹਾ ਹੈ, ਜਿਸ ਵਿਚ ਭਾਰਤੀ ਮੂਲ ਦੇ ਇੱਕ ਸਿੱਖ ਡਰਾਈਵਰ ਹਰਜਿੰਦਰ ਸਿੰਘ ਨੂੰ ਮੁੱਖ



ਸੰਦੀਪ ਕੁਮਾਰ
ਫੋਨ: 70098-07121

ਦੋਸ਼ੀ ਠਹਿਰਾਇਆ ਜਾ ਰਿਹਾ ਹੈ। ਹਰਜਿੰਦਰ ਸਿੰਘ, ਜੋ ਕਿ 28 ਸਾਲਾਂ ਦਾ ਨੌਜਵਾਨ ਹੈ ਅਤੇ ਪੰਜਾਬ ਦੇ ਤਰਨ ਤਾਰਨ ਜ਼ਿਲ੍ਹੇ ਨਾਲ ਸਬੰਧ ਰੱਖਦਾ ਹੈ, ਨੂੰ ਵਾਹਨੀ ਹੱਤਿਆ ਦੇ ਤਿੰਨ ਮਾਮਲਿਆਂ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਉਸ ਨੂੰ 45 ਸਾਲਾਂ ਤੱਕ ਦੀ ਸਜ਼ਾ ਹੋ ਸਕਦੀ ਹੈ। ਇਸ ਘਟਨਾ ਨੇ ਨਾ ਸਿਰਫ਼ ਸੜਕੀ ਸੁਰੱਖਿਆ ਦੇ ਮੁੱਦੇ ਨੂੰ ਉਭਾਰਿਆ ਹੈ ਬਲਕਿ ਪ੍ਰਵਾਸੀ ਡਰਾਈਵਰਾਂ ਦੀ ਸਥਿਤੀ, ਨਿਆਂ ਵਿਵਸਥਾ ਅਤੇ ਮਨੁੱਖੀ ਵਿਚਾਰਾਂ ਨੂੰ ਵੀ ਚਰਚਾ ਵਿਚ ਲਿਆਂਦਾ ਹੈ। ਪਰ ਇੱਕ ਅਹਿਮ ਸਵਾਲ ਇਹ ਹੈ ਕਿ ਕੀ ਇਸ ਹਾਦਸੇ ਵਿਚ ਸਿਰਫ਼ ਇੱਕ ਪੱਖ ਨੂੰ ਹੀ ਕਸੂਰਵਾਰ ਠਹਿਰਾਉਣਾ ਉਚਿਤ ਹੈ ਜਾਂ ਇਸ ਨੂੰ ਵਧੇਰੇ ਗਹਿਰਾਈ ਨਾਲ ਵੇਖਣ ਦੀ ਲੋੜ ਹੈ?

ਘਟਨਾ ਦੇ ਵੇਰਵੇ ਵੱਲ ਵੇਖੀਏ ਤਾਂ ਫਲੋਰੀਡਾ ਟਰਨਪਾਈਕ ਤੇ ਵਾਪਰੇ ਇਸ ਹਾਦਸੇ ਵਿਚ ਹਰਜਿੰਦਰ ਸਿੰਘ ਇੱਕ ਵੱਡੇ ਟਰੱਕ ਨੂੰ ਚਲਾ ਰਿਹਾ ਸੀ। ਪੁਲਿਸ ਅਤੇ ਗਵਾਹਾਂ ਅਨੁਸਾਰ, ਉਸ ਨੇ ਇੱਕ ਅਣਅਧਿਕਾਰਤ ਜਗ੍ਹਾ ਤੇ ਯੂ-ਟਰਨ ਲੈਣ ਦੀ ਕੋਸ਼ਿਸ਼ ਕੀਤੀ, ਜਿਸ ਕਾਰਨ ਟਰੱਕ ਜੈਕਨਾਈਫ ਹੋ ਗਿਆ ਅਤੇ ਸੜਕ ਨੂੰ ਬੰਦ ਕਰ ਦਿੱਤਾ। ਉਸ ਸਮੇਂ ਪਿੱਛੇ ਤੋਂ ਆ ਰਹੀ ਇੱਕ ਮਿਨੀਵੈਨ ਇਸ ਨਾਲ ਟਕਰਾ ਗਈ, ਜਿਸ ਵਿਚ ਸਵਾਰ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ। ਇਹ ਤਿੰਨੇ ਅਮਰੀਕੀ ਨਾਗਰਿਕ ਸਨ। ਹਰਜਿੰਦਰ ਨੂੰ ਅਮਰੀਕਾ ਵਿਚ ਗੈਰਕਾਨੂੰਨੀ ਤਰੀਕੇ ਨਾਲ ਦਾਖਲ ਹੋਣ ਵਾਲਾ ਵੀ ਮੰਨਿਆ ਜਾ ਰਿਹਾ ਹੈ, ਜਿਸ ਨੇ ਇਸ ਮਾਮਲੇ ਨੂੰ ਸਿਆਸੀ ਰੰਗ ਵੀ ਦੇ ਦਿੱਤਾ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਸ ਨੂੰ ਕੈਲੀਫੋਰਨੀਆ ਦੀ ਨੀਤੀਆਂ ਨਾਲ ਜੋੜ ਕੇ ਆਲੋਚਨਾ ਕੀਤੀ ਹੈ, ਜਿੱਥੋਂ ਹਰਜਿੰਦਰ ਨੇ ਆਪਣਾ ਕਮਰਸ਼ੀਅਲ ਡਰਾਈਵਿੰਗ ਲਾਇਸੈਂਸ ਹਾਸਲ ਕੀਤਾ ਸੀ। ਉਸ ਨੇ ਅੰਗਰੇਜ਼ੀ ਅਤੇ ਰੋਡ ਸਾਈਨ ਟੈਸਟ ਵਿਚ ਵੀ ਕਈ ਵਾਰ ਫੇਲ੍ਹ ਹੋਣ ਤੋਂ ਬਾਅਦ ਇਹ ਲਾਇਸੈਂਸ ਪ੍ਰਾਪਤ ਕੀਤਾ ਸੀ, ਜਿਸ ਨੇ ਸੜਕੀ ਸੁਰੱਖਿਆ ਦੇ ਮਾਪਦੰਡਾਂ 'ਤੇ ਵੀ ਸਵਾਲ ਖੜ੍ਹੇ ਕੀਤੇ ਹਨ।

ਪਰ ਇਸ ਸਭ ਵਿਚ ਇੱਕ ਅਹਿਮ ਪਹਿਲੂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਕੀ ਇਸ ਹਾਦਸੇ ਵਿਚ ਸਿਰਫ਼ ਟਰੱਕ ਡਰਾਈਵਰ ਹੀ ਕਸੂਰਵਾਰ ਹੈ ਜਾਂ ਮ੍ਰਿਤਕਾਂ ਨੂੰ ਲੈ ਕੇ ਜਾ ਰਹੀ ਮਿਨੀਵੈਨ ਦੇ ਡਰਾਈਵਰ ਦੀ ਵੀ ਕੋਈ ਜ਼ਿੰਮੇਵਾਰੀ ਬਣਦੀ ਹੈ? ਵੱਡੇ ਟਰੱਕ ਵਰਗੇ ਵਾਹਨਾਂ ਦੇ ਯੂ-ਟਰਨ ਲੈਣ ਨੂੰ ਦੂਰੋਂ ਹੀ ਵੇਖਿਆ ਜਾ ਸਕਦਾ ਹੈ। ਅਜਿਹੇ ਵਿਚ, ਜੇਕਰ ਮਿਨੀਵੈਨ ਦੇ ਡਰਾਈਵਰ ਨੇ ਸਮੇਂ ਸਿਰ ਬ੍ਰੇਕ ਲਗਾਉਣ ਦੀ ਕੋਸ਼ਿਸ਼ ਕੀਤੀ ਹੁੰਦੀ ਤਾਂ ਸ਼ਾਇਦ ਇਹ ਦੁਰਘਟਨਾ ਟਲ ਸਕਦੀ ਸੀ। ਇਹ ਸਵਾਲ ਉੱਠਣਾ ਲਾਜ਼ਮੀ ਹੈ ਕਿ ਕੀ ਮ੍ਰਿਤਕ ਡਰਾਈਵਰ ਮਾਨਸਿਕ ਤੌਰ ਤੇ ਪੂਰੀ ਤਰ੍ਹਾਂ ਸੁਚੇਤ ਸੀ ਜਾਂ ਉਹ ਆਪਣੇ ਸੁਭਾਅ ਵਿਚ ਲਾਪਰਵਾਹੀ ਵਾਲਾ ਵਿਹਾਰ ਰੱਖਦਾ ਸੀ? ਸੜਕਾਂ ਤੇ ਡਰਾਈਵਿੰਗ ਕਰਦੇ ਸਮੇਂ ਹਰ ਡਰਾਈਵਰ ਨੂੰ ਪੂਰੀ ਇਕਾਗਰਤਾ ਅਤੇ ਸਤਰਕਤਾ ਵਰਤਣੀ ਚਾਹੀਦੀ ਹੈ। ਜੇਕਰ ਦੂਰੋਂ ਵੱਡੇ ਵਾਹਨ ਦੀ ਅਸਧਾਰਨ ਹਰਕਤ ਵੇਖ ਕੇ ਵੀ ਬ੍ਰੇਕ ਨਹੀਂ ਲਗਾਏ ਗਏ ਤਾਂ ਇਹ ਵੀ ਇੱਕ ਵੱਡੀ ਗਲਤੀ ਹੈ। ਗਲਤ ਡਰਾਈਵਿੰਗ ਨਾਲ ਅਮਰੀਕਾ ਦੇ ਸੜਕੀ ਨਿਯਮਾਂ ਤਹਿਤ ਜੁਰਮਾਨਾ ਹੁੰਦਾ ਹੈ। ਪਰ ਰੋਡ 'ਤੇ ਗੱਡੀ ਚਲਾਉਂਦੇ ਹੋਏ ਸੁਚੇਤ ਨਾ ਰਹਿਣਾ, ਲੋੜ ਪੈਣ ਤੇ ਬਰੇਕਾਂ ਦਾ ਇਸਤੇਮਾਲ ਨਾ ਕਰਨਾ ਵੱਡੀ ਲਾਪਰਵਾਹੀ ਅਤੇ ਜਾਨ-ਮਾਲ ਦਾ ਨੁਕਸਾਨ ਕਰਨ ਵੱਲ ਪਹਿਲਾਂ ਕਦਮ ਹੈ। ਅਮਰੀਕੀ ਸੜਕਾਂ ਤੇ ਹਾਈਵੇਅਾਂ ਤੇ ਅਜਿਹੇ ਹਾਦਸੇ ਅਕਸਰ ਵਾਪਰਦੇ ਹਨ ਜਿੱਥੇ ਇੱਕ ਪੱਖ ਦੀ ਗਲਤੀ ਨੂੰ ਦੂਜੇ ਪੱਖ ਦੀ ਅਣਗਹਿਲੀ ਨਾਲ ਜੋੜ ਕੇ ਵੇਖਿਆ ਜਾਂਦਾ ਹੈ। ਇਸ ਲਈ, ਇਸ ਮਾਮਲੇ ਵਿਚ ਵੀ ਇੱਕ ਨਿਰਪੱਖ ਜਾਂਚ ਦੀ ਲੋੜ ਹੈ ਜੋ ਦੋਵਾਂ ਪੱਖਾਂ ਨੂੰ ਬਰਾਬਰ ਤੱਕੜੀ ਵਿਚ ਰੱਖ ਕੇ ਵੇਖੇ।

ਸੜਕੀ ਹਾਦਸੇ ਇੱਕ ਨਹੀਂ ਬਲਕਿ ਕਈ ਕਾਰਨਾਂ ਕਰਕੇ ਵਾਪਰਦੇ ਹਨ। ਇਸ ਘਟਨਾ ਵਿਚ ਵੀ ਟਰੱਕ ਡਰਾਈਵਰ ਵੱਲੋਂ ਗਲਤ ਯੂ-ਟਰਨ ਲੈਣਾ ਨਿਸ਼ਚਿਤ ਤੌਰ ਤੇ ਇੱਕ ਵੱਡੀ ਗਲਤੀ ਸੀ। ਪਰ ਇਸ ਨੂੰ ਹੀ ਸਾਰੇ ਦੋਸ਼ਾਂ ਦਾ ਕੇਂਦਰ ਬਣਾ ਕੇ ਮਾਮਲੇ ਨੂੰ ਬੰਦ ਕਰਨਾ ਜਾਂ ਇੱਕ-ਪਾਸੜ ਫੈਸਲਾ ਲੈਣਾ ਗਲਤ ਹੋਵੇਗਾ। ਮਿਨੀਵੈਨ ਦੇ ਡਰਾਈਵਰ ਨੂੰ ਵੀ ਸੜਕ ਤੇ ਪੂਰੀ ਨਿਗਰਾਨੀ ਰੱਖਣੀ ਚਾਹੀਦੀ ਸੀ। ਅਮਰੀਕੀ ਨਿਯਮਾਂ ਅਨੁਸਾਰ, ਹਾਈਵੇਅਾਂ ਤੇ ਡਰਾਈਵਿੰਗ ਕਰਦੇ ਸਮੇਂ ਇੱਕ ਨਿਸ਼ਚਿਤ ਦੂਰੀ ਰੱਖਣੀ ਅਤੇ ਅਚਾਨਕ ਵਾਪਰਨ ਵਾਲੀਆਂ ਘਟਨਾਵਾਂ ਲਈ ਤਿਆਰ ਰਹਿਣਾ ਜ਼ਰੂਰੀ ਹੈ। ਜੇਕਰ ਵੀਡੀਓ ਫੁਟੇਜ ਨੂੰ ਧਿਆਨ ਨਾਲ ਵੇਖਿਆ ਜਾਵੇ ਤਾਂ ਇਹ ਸਪੱਸ਼ਟ ਹੈ ਕਿ ਟਰੱਕ ਦੀ ਹਰਕਤ ਦੂਰੋਂ ਵਿਖਾਈ ਦੇ ਰਹੀ ਸੀ। ਫਿਰ ਵੀ ਟੱਕਰ ਵਾਪਰਨ ਨਾਲ ਇਹ ਸੰਕੇਤ ਮਿਲਦਾ ਹੈ ਕਿ





ਮਿਨੀਵੈਨ ਦੀ ਗਤੀ ਬਹੁਤ ਤੇਜ਼ ਸੀ ਜਾਂ ਡਰਾਈਵਰ ਗੱਡੀ ਚਲਾਉਂਦੇ ਸਮੇਂ ਸੁਚੇਤ ਨਹੀਂ ਸੀ। ਅਜਿਹੇ ਵਿਚ, ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਇਹ ਦੁਰਘਟਨਾ ਦੋ ਗਲਤੀਆਂ ਦੇ ਮੇਲ ਨਾਲ ਵਾਪਰੀ ਹੈ। ਇੱਕ ਪਾਸੇ ਗਲਤ ਯੂ-ਟਰਨ ਅਤੇ ਦੂਜੇ ਪਾਸੇ ਸੜਕ ਤੇ ਗੱਡੀ ਚਲਾਉਂਦੇ ਸਮੇਂ ਅਣਗਹਿਲੀ ਵਰਤਣਾ। ਇਸ ਲਈ, ਅਦਾਲਤ ਨੂੰ ਇਸ ਪੂਰੇ ਹਾਦਸੇ ਨੂੰ ਵੱਖਰੇ ਤੌਰ ਤੇ ਵੇਖਣ ਦੀ ਬਜਾਏ ਸਮੁੱਚੇ ਤੌਰ ਤੇ ਹਾਦਸੇ ਦਾ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ।

ਹਰਜਿੰਦਰ ਸਿੰਘ ਦੇ ਪਰਿਵਾਰ ਨੇ ਵੀ ਇਸ ਮਾਮਲੇ ਵਿਚ ਨਰਮੀ ਦੀ ਅਪੀਲ ਕੀਤੀ ਹੈ। ਉਨ੍ਹਾਂ ਅਨੁਸਾਰ, ਹਰਜਿੰਦਰ ਇੱਕ ਨੌਜਵਾਨ ਹੈ ਅਤੇ ਇਹ ਉਸ ਦੀ ਬਦਕਿਸਮਤੀ ਸੀ। ਉਹ ਅਮਰੀਕਾ ਵਿਚ ਬਿਹਤਰ ਜੀਵਨ ਲਈ ਆਇਆ ਸੀ। ਚੇਂਜ ਡਾਟ ਓਆਰਜੀ ਤੇ ਇੱਕ ਪਟੀਸ਼ਨ ਵੀ ਸ਼ੁਰੂ ਕੀਤੀ ਗਈ ਹੈ ਜਿਸ ਵਿਚ ਲੱਖਾਂ ਲੋਕਾਂ ਨੇ ਹਸਤਾਖਰ ਕੀਤੇ ਹਨ ਅਤੇ ਨਰਮੀ ਦੀ ਮੰਗ ਕੀਤੀ ਗਈ ਹੈ। ਇਹ ਪਟੀਸ਼ਨ ਇਹ ਵੀ ਕਹਿੰਦੀ ਹੈ ਕਿ ਹਰਜਿੰਦਰ ਨੂੰ ਅਚਨਚੇਤ ਹੋਈ ਗਲਤੀ ਲਈ ਇੰਨੀ ਸਖਤ ਸਜ਼ਾ ਨਹੀਂ ਦਿੱਤੀ ਜਾਣੀ ਚਾਹੀਦੀ। ਇਸ ਸਥਿਤੀ ਵਿਚ, ਨਿਆਂ ਵਿਵਸਥਾ ਨੂੰ ਨਿਰਪੱਖ ਰਹਿਣਾ ਚਾਹੀਦਾ ਹੈ ਅਤੇ ਫੈਸਲਾ ਮਨੁੱਖੀ ਵਿਚਾਰਾਂ ਨੂੰ ਆਧਾਰ ਬਣਾ ਕੇ ਕਰਨਾ ਚਾਹੀਦਾ ਹੈ। ਕੀ ਗਲਤ ਯੂ-ਟਰਨ ਲੈਣ ਦੀ ਸਜ਼ਾ ਇੰਨੀ ਸਖਤ ਹੋਣੀ ਚਾਹੀਦੀ ਹੈ ਜਾਂ ਇਸ ਵਿਚ ਹੋਰ ਕਾਰਕ ਵੀ ਸ਼ਾਮਲ ਹਨ?

ਸੜਕੀ ਸੁਰੱਖਿਆ ਦੇ ਨਜ਼ਰੀਏ ਤੋਂ ਵੇਖੀਏ ਤਾਂ ਅਮਰੀਕਾ ਵਿਚ ਹਰ ਸਾਲ ਹਜ਼ਾਰਾਂ ਹਾਦਸੇ ਵਾਪਰਦੇ ਹਨ ਜਿੱਥੇ ਵੱਡੇ ਵਾਹਨ ਸ਼ਾਮਲ ਹੁੰਦੇ ਹਨ। ਇਨ੍ਹਾਂ ਵਿਚੋਂ ਬਹੁਤੇ ਕੇਸਾਂ ਵਿਚ ਡਰਾਈਵਰਾਂ ਦੀ ਅਣਗਹਿਲੀ ਜਾਂ ਨਿਯਮਾਂ ਦੀ ਉਲੰਘਣਾ ਹੀ ਮੁੱਖ ਕਾਰਨ ਹੁੰਦੀ ਹੈ। ਪਰ ਪ੍ਰਵਾਸੀ ਡਰਾਈਵਰਾਂ ਦੇ ਮਾਮਲੇ ਵਿਚ ਇਹ ਵਧੇਰੇ ਜਟਿਲ ਹੋ ਜਾਂਦਾ ਹੈ ਕਿਉਂਕਿ ਉਨ੍ਹਾਂ ਨੂੰ ਅਕਸਰ ਭਾਸ਼ਾ, ਨਿਯਮਾਂ ਅਤੇ ਸਥਾਨਕ ਸੜਕਾਂ ਦੀ ਜਾਣਕਾਰੀ ਦੀ ਕਮੀ ਹੁੰਦੀ ਹੈ। ਹਰਜਿੰਦਰ ਨੇ ਵੀ ਅੰਗਰੇਜ਼ੀ ਟੈਸਟ ਵਿਚ ਫੇਲ੍ਹ ਹੋਣ ਤੋਂ ਬਾਅਦ ਲਾਇਸੈਂਸ ਪ੍ਰਾਪਤ ਕੀਤਾ, ਜਿਸ ਨੇ ਸਿਸਟਮ 'ਤੇ ਵੀ ਸਵਾਲ ਖੜ੍ਹੇ ਕੀਤੇ ਹਨ। ਕੈਲੀਫੋਰਨੀਆ ਵਰਗੇ ਰਾਜਾਂ ਵਿਚ ਪ੍ਰਵਾਸੀਆਂ ਨੂੰ ਲਾਇਸੈਂਸ ਦੇਣ ਦੀ ਨੀਤੀ ਨੂੰ ਵੀ ਆਲੋਚਨਾ ਮਿਲ ਰਹੀ ਹੈ। ਪਰ ਇਸ ਨਾਲ ਇਹ ਵੀ ਸਾਬਤ ਨਹੀਂ ਹੁੰਦਾ ਕਿ ਸਿਰਫ਼ ਪ੍ਰਵਾਸੀ ਹੀ ਗਲਤ ਹੁੰਦੇ ਹਨ। ਅਮਰੀਕੀ ਡਰਾਈਵਰ ਵੀ ਅਕਸਰ ਤੇਜ਼ ਰਫ਼ਤਾਰ ਜਾਂ ਫ਼ੋਨ ਵਰਤਣ ਕਾਰਨ ਹਾਦਸੇ ਵਰਤਾਉਂਦੇ ਹਨ। ਇਸ ਲਈ, ਇਸ ਘਟਨਾ ਨੂੰ ਨਸਲੀ ਜਾਂ ਪ੍ਰਵਾਸੀ ਵਿਰੋਧੀ ਰੰਗ ਨਾ ਦੇ ਕੇ ਸੜਕੀ ਸੁਰੱਖਿਆ ਨੂੰ ਮਜ਼ਬੂਤ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ।

ਇੱਕ ਵੱਡੇ ਪੱਧਰ ਤੇ ਵੇਖੀਏ ਤਾਂ ਅਜਿਹੇ ਹਾਦਸੇ ਸਾਨੂੰ ਡਰਾਈਵਿੰਗ ਦੇ ਨਿਯਮਾਂ ਅਤੇ ਜਾਗਰੂਕਤਾ ਬਾਰੇ ਸੋਚਣ ਲਈ ਮਜਬੂਰ ਕਰਦੇ ਹਨ। ਭਾਰਤ ਵਿਚ ਡਰਾਈਵਿੰਗ ਸਿੱਖਣ ਵਾਲੇ ਲੋਕ ਅਕਸਰ ਅਮਰੀਕੀ ਨਿਯਮਾਂ ਨਾਲ ਤਾਲਮੇਲ ਨਹੀਂ ਬਿਠਾ ਪਾਉਂਦੇ। ਭਾਰਤੀ ਸੜਕਾਂ ਤੇ ਯੂ-ਟਰਨ ਅਤੇ ਅਚਾਨਕ ਮੋੜ ਆਮ ਹਨ, ਪਰ ਅਮਰੀਕਾ ਵਿਚ ਇਹ ਸਖਤ ਨਿਯਮਾਂ ਅਧੀਨ ਹਨ। ਹਰਜਿੰਦਰ ਵਰਗੇ ਡਰਾਈਵਰਾਂ ਲਈ ਵਿਸ਼ੇਸ਼ ਸਿਖਲਾਈ ਪ੍ਰੋਗਰਾਮ ਚਲਾਉਣੇ ਚਾਹੀਦੇ ਹਨ ਤਾਂ ਜੋ ਅਜਿਹੇ ਹਾਦਸੇ ਰੋਕੇ ਜਾ ਸਕਣ। ਨਾਲ ਹੀ, ਸਾਰੇ ਡਰਾਈਵਰਾਂ ਲਈ ਬ੍ਰੇਕਿੰਗ ਅਤੇ ਐਮਰਜੈਂਸੀ ਹੈਂਡਲਿੰਗ ਦੀ ਸਿਖਲਾਈ ਨੂੰ ਲਾਜ਼ਮੀ ਬਣਾਉਣਾ ਚਾਹੀਦਾ ਹੈ। ਜੇਕਰ ਮਿਨੀਵੈਨ ਡਰਾਈਵਰ ਨੇ ਸਮੇਂ ਸਿਰ ਪ੍ਰਤੀਕਿਰਿਆ ਕੀਤੀ ਹੁੰਦੀ ਤਾਂ ਤਿੰਨ ਜਾਨਾਂ ਬਚ ਸਕਦੀਆਂ ਸਨ। ਇਹ ਵੀ ਸੱਚ ਹੈ ਕਿ ਵੱਡੇ ਵਾਹਨਾਂ ਨੂੰ ਵੇਖ ਕੇ ਛੋਟੇ ਵਾਹਨਾਂ ਨੂੰ ਵਧੇਰੇ ਸਾਵਧਾਨ ਰਹਿਣਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਦੀ ਬ੍ਰੇਕਿੰਗ ਦੂਰੀ ਵੱਧ ਹੁੰਦੀ ਹੈ। ਇਸ ਘਟਨਾ ਨੇ ਸਿਆਸੀ ਵਿਵਾਦ ਵੀ ਪੈਦਾ ਕੀਤਾ ਹੈ। ਟਰੰਪ ਨੇ ਇਸ ਨੂੰ ਗੈਰਕਾਨੂੰਨੀ ਪ੍ਰਵਾਸ ਨਾਲ ਜੋੜ ਕੇ ਬਾਈਡਨ ਪ੍ਰਸ਼ਾਸਨ 'ਤੇ ਨਿਸ਼ਾਨਾ ਸਾਧਿਆ ਹੈ। ਹਰਜਿੰਦਰ ਨੂੰ ਬਾਈਡਨ ਵੱਲੋਂ ਵਰਕ ਪਰਮਿਟ ਮਿਲਣ ਨੂੰ ਵੀ ਆਲੋਚਨਾ ਮਿਲ ਰਹੀ ਹੈ। ਪਰ ਇਹ ਸਿਆਸੀ ਨੁਕਤੇ ਤੋਂ ਪਰ੍ਹੇ ਮਨੁੱਖੀ ਜਾਨਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਮ੍ਰਿਤਕਾਂ ਦੇ ਪਰਿਵਾਰਾਂ ਨੂੰ ਇਨਸਾਫ਼ ਮਿਲਣਾ ਚਾਹੀਦਾ ਹੈ ਪਰ ਹਰਜਿੰਦਰ ਨੂੰ ਵੀ ਨਿਰਪੱਖ ਅਦਾਲਤੀ ਪ੍ਰਕਿਰਿਆ ਮਿਲਣੀ ਚਾਹੀਦੀ ਹੈ। ਉਸ ਨੂੰ ਬਾਂਡ 'ਤੇ ਰਿਹਾ ਨਾ ਕਰਨ ਦੇ ਫੈਸਲੇ ਨੇ ਉਸ ਦੇ ਪਰਿਵਾਰ ਨੂੰ ਚਿੰਤਾ ਵਿਚ ਪਾ ਦਿੱਤਾ ਹੈ। ਇਸ ਲਈ, ਜਾਂਚ ਅਧਿਕਾਰੀਆਂ ਨੂੰ ਸਾਰੇ ਵੀਡੀਓ, ਗਵਾਹਾਂ ਅਤੇ ਵਾਹਨਾਂ ਦੇ ਡਾਟਾ ਨੂੰ ਵੇਖ ਕੇ ਫੈਸਲਾ ਕਰਨਾ ਚਾਹੀਦਾ ਹੈ। ਕੀ ਮਿਨੀਵੈਨ ਦੀ ਗਤੀ ਨਿਯਮਾਂ ਅਨੁਸਾਰ ਸੀ? ਕੀ ਡਰਾਈਵਰ ਫ਼ੋਨ ਵਰਤ ਰਿਹਾ ਸੀ ਜਾਂ ਥੱਕਿਆ ਹੋਇਆ ਸੀ? ਇਹ ਸਵਾਲ ਵੀ ਜਾਂਚ ਵਿਚ ਸ਼ਾਮਲ ਹੋਣੇ ਚਾਹੀਦੇ ਹਨ। ਇਸ ਦੇ ਨਾਲ ਹੀ ਪੇਸ਼ੀ ਸਮੇਂ ਸਿੱਖ ਵਿਅਕਤੀ ਨੂੰ ਬਿਨ੍ਹਾਂ ਦਸਤਾਰ ਜਾਂ ਪਰਨੇ ਤੋਂ ਲਿਆਉਣਾ ਕਿਤੇ ਨਾ ਕਿਤੇ ਪ੍ਰਵਾਸੀ ਵਿਤਕਰੇ ਦੇ ਨਾਲ-ਨਾਲ ਧਾਰਮਿਕ ਭਾਵਨਾਵਾਂ ਨੂੰ ਵੀ ਠੇਸ ਪਹੁੰਚਾਉਣ ਵਾਲਾ ਸੀ।

ਅੰਤ ਵਿਚ, ਇਹ ਘਟਨਾ ਸਾਨੂੰ ਸਿਖਾਉਂਦੀ ਹੈ ਕਿ ਸੜਕਾਂ ਤੇ ਜੀਵਨ ਅਤੇ ਮੌਤ ਵਿਚਕਾਰ ਬਹੁਤ ਪਤਲੀ ਲਕੀਰ ਹੁੰਦੀ ਹੈ। ਇੱਕ ਛੋਟੀ ਗਲਤੀ ਵੱਡਾ ਨੁਕਸਾਨ ਕਰ ਸਕਦੀ ਹੈ। ਪਰ ਫੈਸਲੇ ਕਰਦੇ ਸਮੇਂ ਮਨੁੱਖੀਅਤ ਨੂੰ ਭੁੱਲ ਨਹੀਂ ਜਾਣਾ ਚਾਹੀਦਾ। ਹਰਜਿੰਦਰ ਨੂੰ ਗਲਤੀ ਦੀ ਸਜ਼ਾ ਮਿਲਣੀ ਚਾਹੀਦੀ ਹੈ ਪਰ ਇਹ ਵੀ ਵੇਖਣਾ ਚਾਹੀਦਾ ਹੈ ਕਿ ਕੀ ਉਹ ਇਕੱਲਾ ਕਸੂਰਵਾਰ ਹੈ। ਨਿਰਪੱਖ ਜਾਂਚ ਨਾਲ ਹੀ ਇਨਸਾਫ਼ ਹੋ ਸਕਦਾ ਹੈ ਅਤੇ ਅਜਿਹੇ ਹਾਦਸੇ ਰੋਕੇ ਜਾ ਸਕਦੇ ਹਨ। ਸਾਰੇ ਡਰਾਈਵਰਾਂ ਨੂੰ ਇਸ ਹਾਦਸੇ ਤੋਂ ਸਿੱਖਣਾ ਚਾਹੀਦਾ ਹੈ ਕਿ ਸੜਕ ਤੇ ਸਤਰਕਤਾ ਜੀਵਨ ਬਚਾ ਸਕਦੀ ਹੈ। ਇਸ ਘਟਨਾ ਨੂੰ ਇੱਕ ਸਬਕ ਵਜੋਂ ਲੈ ਕੇ ਅੱਗੇ ਵਧਣਾ ਚਾਹੀਦਾ ਹੈ ਤਾਂ ਜੋ ਭਵਿੱਖ ਵਿਚ ਅਜਿਹੇ ਦੁਖਦਾਈ ਹਾਦਸੇ ਨਾ ਵਾਪਰਨ।

## ਮਿਨੀ ਕਹਾਣੀਆਂ

### ਆਪਣਾ ਘਰ

ਜਦੋਂ ਪੰਜਾਬ ਦੇ ਹਾਲਾਤ ਬਹੁਤੇ ਸੁਖਾਵੇਂ ਨਹੀਂ ਸਨ ਬੱਸਾਂ ਦਿਨੋ-ਦਿਨੇ ਹੀ ਚਲਦੀਆਂ ਸਨ ਤਾਂ ਬਖਤੌਰਾ ਸ਼ਹਿਰ ਗਿਆ ਲੇਟ ਹੋ ਗਿਆ। ਉਸ ਨੂੰ ਮਜਬੂਰੀ ਵੱਸ ਸ਼ਹਿਰ ਹੀ ਰੁਕਣਾ ਪਿਆ ਤਾਂ ਉਹ ਆਪਣੀ ਦੂਰ ਦੀ ਮਾਸੀ ਦੇ ਘਰ ਚਲਾ ਗਿਆ, ਮਾਸੀ ਨੇ ਉਪਰੋਂ ਉਪਰੋਂ ਤਾਂ ਬਹੁਤ ਚਾਅ ਕੀਤਾ ਸਾਰੇ ਪਰਿਵਾਰ ਦੀ ਸੁੱਖ ਸਾਂਦ ਪੁੱਛੀ ਪਰ ਅੰਦਰੋਂ ਮਾਮਲਾ ਠੀਕ ਠਾਕ ਹੀ ਸੀ। ਮਾਸੀ ਨੇ ਆਪਣੀ ਨੂੰਹ ਨੂੰ ਚਾਹ ਬਣਾਉਣ ਵਾਸਤੇ ਕਿਹਾ ਨਾਲੇ ਪੁਛਿਆ ਪੁੱਤ ਚਾਹ ਨਾਲ ਕੀ ਲਵੇਂਗਾ? ਪੇਂਡੂ ਸੁਭਾਅ ਵਿਚਾਰਾ ਬਖਤੌਰਾ ਕਹਿੰਦਾ ਮਾਸੀ ਆਪਣੇ ਘਰੇ ਤਾਂ ਇਕੱਲੀ ਚਾਹ ਹੀ ਪੀਂਦਾ ਹਾਂ ਪਰ ਕਿਤੇ ਗਏ ਆਏ 'ਤੇ ਚਾਹ ਨਾਲ ਪਕੌੜੇ, ਸਮੋਸੇ ਤੇ ਬਰਫੀ ਜਾਂ ਗੁਲਾਮ ਜਾਮਨ ਖਾ ਲੈਂਦਾ ਹਾਂ! ਮਾਸੀ ਕਹਿੰਦੀ ਕੋਈ ਨਹੀਂ ਪੁੱਤ ਇਸ ਨੂੰ 'ਆਪਣਾ ਘਰ' ਹੀ ਸਮਝ ਝੱਟ ਕੁ ਨੂੰ ਰੋਟੀ ਪੱਕਦੀ ਹੈ ਤੇ ਖਾਵਾਂਗੇ।



ਹਰਦੀਪ ਸਿੰਘ ਸੋਢੀ
ਫੋਨ: 480-794-0325

### ਵਜੂਦ

ਲੰਮੀ ਮੁਸ਼ੱਕਤ ਕਰਨ ਮਗਰੋਂ ਦਸ-ਬਾਰ੍ਹਾਂ ਸਾਲ ਬਾਅਦ ਅਮਰੀਕਾ ਪੱਕਾ ਹੋਣ ਦਾ ਸਬੱਬ ਬਣਿਆ। ਪਾਸਪੋਰਟ ਆਉਂਦਿਆਂ ਹੀ, ਟਿਕਟ ਲੈ ਕੇ ਇੰਡੀਆ ਜਾਣ ਦੀ ਮੋਹਰ ਲਾ ਦਿੱਤੀ। ਮੈਨੇਜਰ ਕੋਲੋਂ ਛੁੱਟੀ ਲਈ ਆਗਿਆ ਮੰਗੀ ਤੇ ਕਹਿੰਦਾ ਆਪਣੇ ਦੇਸ ਜਾਣ ਦਾ ਚਾਅ ਮੂੰਹ ਤੋਂ ਹੀ ਝਲਕ ਰਿਹਾ, ਮੈਂ ਕਿਹਾ ਦੱਸ ਬਾਰ੍ਹਾਂ ਸਾਲ ਬਾਅਦ ਜੁ ਚੱਲਿਆ ਹਾਂ।

ਜਹਾਜ਼ 'ਚ ਬਹਿੰਦਿਆਂ ਹੀ ਪਿੰਡ ਜਾਣ ਦਾ ਚਾਅ, ਲੋਕਾਂ ਨੂੰ ਮਿਲਣ ਦੀ ਤਾਂਘ ਇਸੇ ਉਦੇੜ ਬੁਣ 'ਚ ਪਤਾ ਹੀ ਨੀ ਲੱਗਾ ਕਦੋਂ ਸਫ਼ਰ ਗੁਜ਼ਰ ਗਿਆ। ਪਿੰਡ ਪਹੁੰਚ ਕੇ ਮਿਲਿਆ ਗਿਲਿਆ ਤੇ ਅਗਲੇ ਦਿਨ ਪਿੰਡ ਦਾ ਗੇੜਾ ਕੱਢਣ ਦੀ ਸੋਚੀ। ਦਸ ਗਿਆਰ੍ਹਾਂ ਵਜੇ ਆਪਣੇ ਛੋਟੇ ਭਰਾ ਨੂੰ ਲੈ ਕੇ ਪਿੰਡ ਦੀ ਸੱਥ 'ਚੋਂ ਲੰਘ ਰਹੇ ਸੀ ਕਿ ਤਾਏ ਬੰਤੇ ਨੇ ਅਵਾਜ਼ ਮਾਰੀ ਆਜਾ ਪਰਦੇਸੀਆ ਬਹਿ ਜਾ ਸਾਡੇ ਕੋਲ ਵੀ ਦੋ ਘੜੀਆਂ ਕਿਤੇ। ਪਰਦੇਸੀ ਸ਼ਬਦ ਸੁਣ ਕੇ ਮੇਰੇ ਕਾਲਜੇ ਡੂੰਘੀ ਸੱਟ ਵੱਜੀ ਤੇ ਮੈਂ ਸੋਚੀਂ ਪੈ ਗਿਆ ਕਿ ਮੇਰਾ ਆਪਣਾ ਕੋਈ ਵਜੂਦ ਹੀ ਨੀ ਰਿਹਾ। ਮੈਂ ਪਿੰਡ ਵਾਲਿਆਂ ਲਈ ਵੀ ਪਰਦੇਸੀ ਤੇ ਜਿਹੜੇ ਦੇਸ਼ 'ਚ ਹੁਣ ਰਹਿੰਦਾ ਹਾਂ ਉਨ੍ਹਾਂ ਲਈ ਵੀ ਪਰਦੇਸੀ।

-ਪਰਮਪ੍ਰੀਤ ਸੰਧ, ਰੋਜ਼ਵਿੱਲ ਕੈਲੇਫੋਰਨੀਆ

## ਅਨਿਆਂ ਦੇ ਖ਼ਿਲਾਫ ਫਾਂਸੀ ਚੜ੍ਹਨ ਵਾਲੀ ਬੋਸਾਂਸਕਾ ਕਰੁਪਾ

ਦੂਜੀ ਸੰਸਾਰ ਜੰਗ ਦੌਰਾਨ ਫਰਵਰੀ 1943 ਦੇ ਕਿਸੇ ਦਿਨ ਕੜਾਕੇ ਦੀ ਠੰਢ ਵਿਚ, ਬੋਸਾਂਸਕਾ ਕਰੁਪਾ ਨਾਮਕ ਸ਼ਹਿਰ ਵਿਚ ਚੜ੍ਹਦੀ ਜਵਾਨੀ ਵਾਲੀ ਇੱਕ ਮੁਟਿਆਰ ਫਾਂਸੀ ਦੇ ਤਖ਼ਤੇ 'ਤੇ ਖੜ੍ਹੀ ਸੀ—ਚਾਰੇ ਪਾਸਿਓਂ ਜਰਮਨ ਸੈਨਿਕਾਂ ਨਾਲ ਘਿਰੀ ਹੋਈ, ਜੋ ਹਰ ਤਰ੍ਹਾਂ ਨਾਲ ਤਸ਼ੱਦਦ ਕਰ ਕੇ ਵੀ ਉਸਦੀ ਆਤਮਾ ਨੂੰ ਤੋੜ ਨਹੀਂ ਸਨ ਸਕੇ।

ਉਸ ਲੜਕੀ ਦਾ ਨਾਮ ਸੀ ਲੇਪਾ ਰਾਦਿਚ, ਅਤੇ ਉਸਦੀ ਕਹਾਣੀ ਦਹਾਕੇ ਗੁਜ਼ਰ ਜਾਣ ਤੋਂ ਬਾਅਦ ਅੱਜ ਵੀ ਉਸ ਦੇ ਦੇਸ਼ ਵਿਚ ਸਾਹਸ ਦੀ ਪੁਕਾਰ ਬਣ ਕੇ ਗੂੰਜਦੀ ਹੈ।

1925 ਵਿਚ ਬੋਸਨੀਆ ਅਤੇ ਹਰਜ਼ੇਗੋਵਿਨਾ ਵਿਚ ਜਨਮੀ ਲੇਪਾ ਨੇ ਕਿਸ਼ੋਰ ਅਵਸਥਾ ਵਿਚ ਹੀ ਫਾਸ਼ੀਵਾਦ ਦੇ ਖ਼ਿਲਾਫ ਲੜਨ ਲਈ ਯੂਗੋਸਲਾਵ ਦੀ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋ ਗਈ। ਉਹ ਕੋਈ ਸੈਨਿਕ ਨਹੀਂ ਸੀ—ਸਗੋਂ ਨਿਆਂ ਦੀ ਤੀਬਰ ਭਾਵਨਾ ਰੱਖਣ ਵਾਲੀ ਇੱਕ ਸਾਧਾਰਨ ਕੁੜੀ ਸੀ। ਨੇਰੇਤਵਾ ਦੀ ਲੜਾਈ ਦੌਰਾਨ, ਉਸ ਨੇ ਗੋਲੀਆਂ ਦੀ ਬਾਰਸ਼ ਵਿਚ ਅਪਣੇ ਦੇਸ਼ ਵਾਸੀਆਂ ਨੂੰ ਸੁਰੱਖਿਅਤ ਬਾਹਰ ਕੱਢਣ ਲਈ ਆਪਣੀ ਜਾਨ ਜੋਖਮ ਵਿਚ ਪਾਈ। ਫਾਸਿਸਟਾਂ ਤੋਂ ਆਪਣੇ ਦੇਸ਼ ਨੂੰ ਬਚਾਉਣ ਦੀ ਇਹੀ ਭਾਵਨਾ ਆਖ਼ਰ ਇਕ ਦਿਨ ਉਸਨੂੰ ਜਰਮਨ ਫੌਜ ਦੀ ਗ੍ਰਿਫ਼ਤ ਵਿਚ ਲੈ ਗਈ।

ਨਾਜ਼ੀਆਂ ਵਲੋਂ ਉਸ ਨੂੰ ਸਿਰਫ 17 ਸਾਲ ਦੀ ਉਮਰ ਵਿਚ ਮੌਤ ਦੀ ਸਜ਼ਾ ਸੁਣਾਈ ਗਈ। ਉਸਨੂੰ ਜਨਤਕ ਤੌਰ 'ਤੇ ਫਾਹੇ ਲਾਉਣ ਲਈ



ਲਿਆਂਦਾ ਗਿਆ। ਪਰ ਅੰਤਮ ਪਲਾਂ ਵਿਚ ਵੀ ਉਹ ਉਸਦੀ ਆਵਾਜ਼ ਨੂੰ ਦਬਾ ਨਹੀਂ ਸਕੇ।

ਜਰਮਨ ਅਧਿਕਾਰੀਆਂ ਨੇ ਅੰਤਮ ਵੇਲੇ ਵੀ ਆਪਣੀ ਜਾਨ ਬਚਾਉਣ ਲਈ ਉਸ ਨਾਲ ਸੌਦਾ ਕਰਨ ਦੀ ਤਜਵੀਜ਼ ਪੇਸ਼ ਕੀਤੀ: ਜੇ ਉਹ ਆਪਣੇ ਸਾਥੀਆਂ ਦੇ ਨਾਮ ਦੱਸ ਦੇ, ਤਾਂ ਉਸਦੀ ਜਾਨ ਬਖਸ਼ ਦਿੱਤੀ ਜਾਵੇਗੀ।

ਪਰ ਉਸਦਾ ਜਵਾਬ ਸੀ—ਸਾਫ, ਠੰਢਾ ਅਤੇ ਡਰਾਉਣ ਵਾਲਾ: 'ਮੈਂ ਆਪਣੇ ਲੋਕਾਂ ਦੀ ਗੱਦਾਰ ਨਹੀਂ ਹਾਂ। ਜਿਨ੍ਹਾਂ ਬਾਰੇ ਤੁਸੀਂ ਪੁੱਛ ਰਹੇ ਹੋ, ਉਹ ਖੁਦ ਸਾਹਮਣੇ ਆਉਣਗੇ ਅਤੇ ਮੇਰਾ ਬਦਲਾ ਲੈਣਗੇ।"

...ਅਤੇ ਫਿਰ—ਉਸਨੂੰ ਫਾਹੇ ਦੇ ਦਿੱਤਾ ਗਿਆ।

ਉਹ ਇੱਕ ਕੁੜੀ ਸੀ। ਇੱਕ ਯੋਧਾ ਸੀ। ਇੱਕ ਪ੍ਰਤੀਕ ਸੀ ਅਡੋਲਤਾ ਦਾ।

1951 ਵਿਚ, ਯੂਗੋਸਲਾਵੀਆ ਨੇ ਇਸ ਸ਼ਹੀਦ ਲੜਕੀ ਨੂੰ "ਆਰਡਰ ਆਫ ਦ ਪੀਪਲਜ਼ ਹੀਰੋ" ਨਾਲ ਸਨਮਾਨਿਤ ਕੀਤਾ, ਜੋ ਦੇਸ਼ ਦੇ ਸਰਵੋਤਮ ਪੁਰਸਕਾਰਾਂ ਵਿੱਚੋਂ ਇੱਕ ਹੈ। ਪਰ ਲੇਪਾ ਰਾਦਿਚ ਨੂੰ ਯਾਦ ਕੀਤੇ ਜਾਣ ਲਈ ਕਿਸੇ ਤਗਮੇ ਦੀ ਜ਼ਰੂਰਤ ਨਹੀਂ ਸੀ। ਨਾ ਉਸਨੇ ਅਪਣੇ ਪਿੱਛੇ ਕੋਈ ਸੰਤਾਨ ਛੱਡੀ, ਨਾ ਕੋਈ ਸਵੈ-ਜੀਵਨੀ ਲਿਖੀ। ਉਸ ਨੇ ਪਿੱਛੇ ਛੱਡੀ ਸਿਰਫ ਇੱਕ ਵਿਰਾਸਤ - ਸਾਹਸ ਦੀ, ਨਿਸ਼ਠਾ ਦੀ, ਅਤੇ ਅਨਿਆਂ ਦੇ ਖ਼ਿਲਾਫ ਅਡਿੱਗ ਖੜੇ ਰਹਿਣ ਦੀ!

# ਢਾਈ ਰੁਪਈਆਂ ਦਾ ਕਰਜ਼ਾ




ਗੁਰਮੀਤ ਕੜਿਆਲਵੀ


***ਗੁਰਮੀਤ ਕੜਿਆਲਵੀ, ਪੰਜਾਬੀ ਦਾ ਉੱਘਾ ਕਹਾਣੀਕਾਰ ਅਤੇ ਵਾਰਤਕਕਾਰ ਹੈ, ਜੋ ਕਥਾ ਪੁਸਤਕਾਂ, ਕਹਾਣੀਆਂ, ਬਾਲ ਸਾਹਿਤ ਦੀਆਂ ਪੁਸਤਕਾਂ ਅਤੇ ਵਾਰਤਕ ਪੁਸਤਕਾਂ ਤੋਂ ਇਲਾਵਾ ਨਾਟਕ ਵੀ ਲਿਖ ਚੁੱਕਾ ਹੈ। ਉਸ ਦੀ ਕਹਾਣੀ ਆਤੂ ਖੋਜੀ 'ਤੇ ਲਘੂ ਫਿਲਮ ਬਣ ਚੁੱਕੀ ਹੈ ਤੇ ਬਹੁਤ ਸਾਰੀਆਂ ਕਹਾਣੀਆਂ ਦਾ ਨਾਟਕੀਕਰਨ ਹੋ ਚੁੱਕਾ ਹੈ। ਉਸ ਦੀਆਂ ਕਈ ਰਚਨਾਵਾਂ ਸਕੂਲ ਅਤੇ ਯੂਨੀਵਰਸਿਟੀ ਦੇ ਸਿਲੇਬਸ ਵਿਚ ਵੀ ਸ਼ਾਮਿਲ ਹਨ। ਪ੍ਰਿੰਸੀਪਲ ਸੁਜਾਨ ਸਿੰਘ ਅਤੇ ਪ੍ਰੀਤਲੜੀ ਪੁਰਸਕਾਰ ਸਮੇਤ ਕਈ ਸਨਮਾਨ ਹਾਸਲ ਕਰ ਚੁੱਕੇ ਕੜਿਆਲਵੀ ਦੀਆਂ ਰਚਨਾਵਾਂ ਹਿੰਦੀ, ਮਰਾਠੀ, ਗੁਜਰਾਤੀ ਤੇ ਸ਼ਾਹਮੁਖੀ 'ਚ ਵੀ ਅਨੁਵਾਦ/ਲਿਪੀਅੰਤਰ ਹੋ ਕੇ ਛਪ ਚੁੱਕੀਆਂ ਹਨ। ਅਸੀਂ ਆਪਣੇ ਪਾਠਕਾਂ ਲਈ ਉਸ ਦੀਆਂ ਕਹਾਣੀਆਂ ਦਾ ਕਾਲਮ ਸ਼ੁਰੂ ਕੀਤਾ ਹੈ, ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।***


ਜਿਉਂ ਹੀ ਸਰਕਾਰੀ ਗੱਡੀ ਖੋਸਾ ਰਣਧੀਰ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਦੇ ਦਰਵਾਜ਼ੇ ਅੱਗੇ ਲਿਜਾ ਕੇ ਖੜੀ ਕੀਤੀ, ਇੱਕ ਥਾਂ ਇਕੱਠੇ ਬੈਠ ਕੇ ਚਾਹ ਪਾਣੀ ਪੀਂਦੇ ਮਾਸਟਰ-ਮਾਸਟਰਣੀਆਂ ਵਿਚ ਕਿਸੇ ਅਧਿਕਾਰੀ ਦੇ ਅਚਾਨਕ ਆ ਟਪਕਣ ਕਾਰਨ ਹਲਚਲ ਜਿਹੀ ਹੋਣ ਲੱਗੀ। ਕੁਝ ਮਾਸਟਰਨੀਆਂ, ਅੱਖ ਜਿਹੀ ਬਚਾ ਕੇ ਆਪੋ-ਆਪਣੀਆਂ ਕਲਾਸਾਂ ਵੱਲ ਤੁਰ ਗਈਆਂ। ਬਾਕੀ ਸਟਾਫ਼ ਵੀ ਕੌਣ ਅਧਿਕਾਰੀ ਹੋਇਆ, ਹੁਣ ਕੀ ਕਰੀਏ? ਕੀ ਕਰਨ ਆਇਆ? ਦਾ ਕਿਆਫ਼ਾ ਲਾਉਣ ਲੱਗਾ ਸੀ। ਮੇਰੇ ਜਾਣ 'ਤੇ ਉਂਜ ਹੀ ਸਤਿਕਾਰ ਦੇਣ ਲਈ ਅਧਿਆਪਕ ਆਪਣੀਆਂ ਕੁਰਸੀਆਂ ਤੋਂ ਉੱਠ ਖਲੋਤੇ ਸਨ। ਜਦੋਂ ਹੀ ਮੈਂ ਹੈੱਡ ਟੀਚਰ ਵੱਲ ਨਿਗਾਹ ਮਾਰੀ, ਮੈਂ ਉਨ੍ਹਾਂ ਦੇ ਪੈਰੀਂ ਹੱਥ ਲਾਉਣ ਲਈ ਝੁਕ ਗਿਆ। ਭੈਣ ਜੀ ਪ੍ਰਕਾਸ਼ ਕੌਰ ਨੇ ਮੈਨੂੰ ਬਾਹਾਂ ਤੋਂ ਫੜ ਕੇ ਬੁੱਕਲ ਵਿਚ ਲੈ ਲਿਆ ਸੀ। ਬਾਕੀ ਸਾਰੇ ਅਧਿਆਪਕ ਹੈਰਾਨ ਜਿਹੇ ਖੜ੍ਹੇ ਸਨ।

'ਇਹ ਮੇਰਾ ਲਾਡਲਾ ਸ਼ਾਗਿਰਦ ਐ...ਮੈਨੂੰ ਆਪਣੇ ਬੱਚਿਆਂ ਤੋਂ ਵੀ ਪਿਆਰਾ। ਪੜ੍ਹਾਈ 'ਚ ਬੜਾ ਹੁਸ਼ਿਆਰ ਹੁੰਦਾ ਸੀ... ਸਕੂਲ ਵਿਚ ਬਣਾਇਆ ਇਹਦਾ ਰਿਕਾਰਡ ਅਜੇ ਤੱਕ ਨ੍ਹੀਂ ਟੁੱਟਿਆ ਕਿਸੇ ਤੋਂ। ਅਜਿਹੇ ਵਿਦਿਆਰਥੀ ਮਾਣ ਹੁੰਦੇ ਨੇ ਆਪਣੇ ਟੀਚਰਾਂ ਦਾ। ਲਿਖਾਰੀ ਵੀ ਐ। ਜਦੋਂ ਕਦੇ ਇਹਦਾ ਨਾਉਂ ਪੜ੍ਹਦੀ ਹਾਂ, ਮੇਰਾ ਸੀਨਾ ਮਾਣ ਨਾਲ ਚੌੜਾ ਹੋ ਜਾਂਦਾ।' ਮੇਰੀ ਅਧਿਆਪਕ ਦੀਆਂ ਅੱਖਾਂ ਭਰ ਆਈਆਂ ਸਨ। ਸ਼ਾਇਦ ਇਹ ਖ਼ੁਸ਼ੀ ਦੇ ਅੱਥਰੂ ਸਨ।

'...ਹੁਣ ਵੇਖ ਲਓ ਮੇਰਾ ਇਹ ਸਾਊ ਸ਼ਾਗਿਰਦ ਅਫ਼ਸਰ ਬਣ ਕੇ ਸਕੂਲ ਚੈੱਕ ਕਰਦਾ ਫਿਰਦਾ। ਮੈਨੂੰ ਤਾਂ ਯਕੀਨ ਨ੍ਹੀਂ ਆਉਂਦਾ ਕਿ ਇਹ ਐਡਾ ਵੱਡਾ ਹੋ ਗਿਆ। ਮੈਨੂੰ ਤਾਂ ਹਾਲੇ ਜੁਆਕ ਈ ਜਾਪਦਾ। ਸਕੂਲ ਦੇ ਨਲਕੇ ਮੂਹਰੇ ਬੈਠ ਕੇ ਫੱਟੀ ਪੋਚਦਾ। ਉੱਚੀ-ਉੱਚੀ ਬੋਲ ਕੇ ਪਹਾੜੇ ਯਾਦ ਕਰਦਾ।' ਭੈਣ ਜੀ ਨੇ ਡਾਹਢੇ ਹੰਮੇ ਨਾਲ ਸਟਾਫ਼ ਨੂੰ ਦੱਸਿਆ ਸੀ।

ਫਿਰ ਉਹ ਭਾਵੁਕ ਹੋਈ ਮੈਨੂੰ ਸੰਬੋਧਨ ਕਰਦਿਆਂ ਕਹਿਣ ਲੱਗੀ ਸੀ, 'ਤੂੰ ਸੱਚਮੁੱਚ ਐਡਾ ਵੱਡਾ ਹੋ ਗਿਆ ਮੈਨੂੰ ਤਾਂ ਅਜੇ ਵੀ ਨਿੱਕਾ ਜਿਹਾ ਦਿਖਾਈ ਦਿੰਨਾ-ਮਿੱਟੀ ਨਾਲ ਖੇਡਦਾ। ਸਮੇਂ-ਸਮੇਂ ਦੀ ਗੱਲ ਹੁੰਦੀ, ਮੈਨੂੰ ਚੰਗੀ ਤਰ੍ਹਾਂ ਯਾਦ ਐ, ਮੈਂ ਬਾਈ ਬਾਵਾ ਸਿਹੁੰ ਨੂੰ ਸਕੂਲ ਬੁਲਾ ਕੇ ਆਖਿਆ ਸੀ, ਭਾਵੇਂ ਕਿੰਨੀ ਤੰਗੀ ਆਜੇ ਏਸ ਮੁੰਡੇ ਨੂੰ ਸਕੂਲੋਂ ਨ੍ਹੀਂ ਹਟਾਉਣਾ, ਅਸੀਂ ਆਪੇ ਇਹਦੀ ਮਦਦ ਕਰਾਂਗੇ। ਮੁੰਡਾ ਪੜ੍ਹਨ ਵਾਲਾ। ਕੁੱਛ ਬਣਜੂ, ਨ੍ਹੀਂ ਰਹਿਜੂ ਬਗਾਨੀਆਂ ਖੁਰਲੀਆਂ 'ਚ ਹੱਥ ਮਾਰਨ ਜੋਗਾ। ਬਾਈ ਬਾਵਾ ਸਿਹੁੰ ਨੇ ਮੇਰੀ ਗੱਲ ਮੰਨ ਲਈ ਸੀ। ਆਹ ਦੇਖਲਾ ਰੰਗ ਭਾਗ ਲੱਗੇ ਪਏ ਆ ਪਰ ਬਾਈ ਵਿਚਾਰਾ ਸੁੱਖ ਦੇ ਦਿਨ ਦੇਖਣ ਤੋਂ ਪਹਿਲਾਂ ਹੀ ਤੁਰ ਗਿਆ।' ਭੈਣ ਜੀ ਪ੍ਰਕਾਸ਼ ਕੌਰ, ਮੇਰੇ ਬਾਪ ਨੂੰ ਯਾਦ ਕਰ ਕੇ ਭਾਵੁਕ ਹੋ ਗਈ ਸੀ। ਮੇਰੀਆਂ ਅੱਖਾਂ ਦੇ ਕੋਇਆਂ ਵਿਚ ਵੀ ਪਾਣੀ ਸਿੰਮ ਆਇਆ ਸੀ।

'ਬੇਟਾ ਅੱਜ ਕਿਵੇਂ ਆਉਣੇ ਹੋਏ? ਮੈਨੂੰ ਲੱਗਦਾ ਐਸ.ਸੀ. ਬੱਚਿਆਂ ਦੀਆਂ ਕਿਤਾਬਾਂ ਅਤੇ



ਵਜ਼ੀਫੇ ਸਬੰਧੀ ਸਕੂਲਾਂ ਦੀ ਚੈਕਿੰਗ ਹੋ ਰਹੀ ਐ?' ਭੈਣ ਜੀ ਨੇ ਆਪ ਹੀ ਸੁਆਲ ਕਰਕੇ ਆਪ ਹੀ ਜੁਆਬ ਦੇ ਦਿੱਤਾ ਸੀ।

'ਮਲਕੀਤ ਕੌਰ! ਜਾਹ ਸੁਰਿੰਦਰ ਭੈਣ ਜੀ ਨੂੰ ਆਖ ਕਿਤਾਬਾਂ ਅਤੇ ਵਜ਼ੀਫੇ ਦੀ ਵੰਡ ਵਾਲਾ ਰਜਿਸਟਰ ਲੈ ਕੇ ਆਉਣ। ਭਾਵੇਂ ਸ਼ਾਗਿਰਦ ਐ, ਪਰ ਇਹਨੇ ਆਵਦੀ ਡਿਊਟੀ ਤਾਂ ਵਜਾਉਣੀ ਐ।' ਭੈਣ ਜੀ ਪ੍ਰਕਾਸ਼ ਕੌਰ ਨੇ ਇੰਚਾਰਜ ਨੂੰ ਬੁਲਾਉਣ ਲਈ ਆਦੇਸ਼ ਦਿੱਤੇ ਸਨ।

'ਭੈਣ ਜੀ, ਕਿਉਂ ਸ਼ਰਮਿੰਦਾ ਕਰਦੇ ਓਂ? ਮੈਨੂੰ ਨ੍ਹੀਂ ਸੀ ਪਤਾ ਤੁਸੀਂ ਇੱਥੇ ਹੋ...ਨ੍ਹੀਂ ਤਾਂ ਮੈਂ ਆਉਣਾ ਨ੍ਹੀਂ ਸੀ।' ਮੈਂ ਦੁਬਾਰਾ ਉੱਠ ਕੇ ਪੈਰ ਫੜ ਲਏ ਸਨ।

'ਬੇਟਾ ਜੀ! ਮੈਂ ਅਗਲੇ ਸਾਲ ਅਪ੍ਰੈਲ ਮਹੀਨੇ ਰਿਟਾਇਰ ਹੋ ਜਾਣੈ, ਤੂੰ ਮੇਰੀ ਸੇਵਾ ਮੁਕਤੀ ਸਮੇਂ ਪਾਰਟੀ 'ਤੇ ਜ਼ਰੂਰ ਆਵੀਂ। ਮੈਨੂੰ ਵੀ ਮਾਣ ਹੋਜੂ। ਮੇਰੇ ਰਿਸ਼ਤੇਦਾਰ ਅਤੇ ਕੁਲੀਗ, ਮੇਰੇ ਸ਼ਾਗਿਰਦ ਬਾਰੇ ਜਾਣ ਲੈਣਗੇ।'

ਫਿਰ ਅਸੀਂ ਕਿੰਨਾ ਚਿਰ ਗੱਲਾਂ ਕਰਦੇ ਰਹੇ। ਮੈਂ ਸਕੂ.ਲ ਵਿਚੋਂ ਸਟਾਫ਼ ਨਾਲ ਗੱਲਾਂ-ਬਾਤਾਂ ਕਰਕੇ ਚਾਹ-ਪਾਣੀ ਪੀ ਕੇ ਅਤੇ ਸੇਵਾ ਮੁਕਤੀ ਪਾਰਟੀ 'ਤੇ ਪੁੱਜਣ ਦਾ ਵਾਅਦਾ ਕਰਕੇ ਆ ਗਿਆ।

ਪ੍ਰਕਾਸ਼ ਭੈਣ ਜੀ ਥੋੜ੍ਹੇ ਸਮੇਂ ਬਾਅਦ ਸੈਂਟਰ ਹੈਡ ਟੀਚਰ ਵਜੋਂ ਪਦ-ਉੱਨਤ ਹੋ ਕੇ ਪਿੰਡ ਧੱਲੇਕੇ ਦੇ ਪ੍ਰਾਇਮਰੀ ਸਕੂਲ ਵਿਚ ਆ ਗਏ। ਇੱਥੋਂ ਹੀ ਉਹ ਸੇਵਾ ਮੁਕਤ ਹੋਏ ਸਨ। ਇਸੇ ਸਕੂਲ ਵਿਚ ਉਨ੍ਹਾਂ ਦੀ ਸੇਵਾ ਮੁਕਤੀ ਸਮੇਂ ਵਿਦਾਇਗੀ ਸਮਾਗਮ ਹੋਇਆ ਜਿਸ ਵਿਚ ਮੈਂ ਵਾਅਦੇ ਅਨੁਸਾਰ ਪੁੱਜ ਗਿਆ ਸਾਂ। ਵੱਖ-ਵੱਖ ਅਧਿਆਪਕ ਆਗੂਆਂ ਅਤੇ ਪਿੰਡ ਵਾਲਿਆਂ ਨੇ ਭੈਣ ਜੀ ਪ੍ਰਕਾਸ਼ ਕੌਰ ਦੇ ਮਿਹਨਤੀ ਅਤੇ ਗ਼ਰੀਬ ਪੱਖੀ ਸੁਭਾਅ ਦੀਆਂ ਤਾਰੀਫ਼ਾਂ ਕੀਤੀਆਂ। ਸਟੇਜ ਸੰਚਾਲਕ ਨੇ ਚੰਦ ਸ਼ਬਦ ਕਹਿਣ ਲਈ ਮੈਨੂੰ ਵੀ ਹਾਕ ਮਾਰ ਦਿੱਤੀ ਸੀ।

'ਭੈਣ ਜੀ ਪ੍ਰਕਾਸ਼ ਕੌਰ ਦਾ ਮੇਰੇ ਸਿਰ ਢਾਈ ਰੁਪਏ ਦਾ ਕਰਜ਼ਾ ਹੈ। ਸਾਲਾਂ ਦੇ ਸਾਲ ਲੰਘ ਗਏ ਹਨ, ਮੈਂ ਚਾਹੁਣ ਦੇ ਬਾਵਜੂਦ ਵੀ, ਅਜੇ ਤਕ ਕਰਜ਼ਾ ਉਤਾਰ ਨ੍ਹੀਂ ਸਕਿਆ। ਭੈਣ ਜੀ ਨੂੰ ਤਾਂ ਯਾਦ ਵੀ ਨ੍ਹੀਂ ਹੋਣਾ।' ਉਨ੍ਹਾਂ ਸਮੇਤ ਹਾਜ਼ਰ ਬੱਚੇ, ਅਧਿਆਪਕ ਅਤੇ ਹੋਰ ਵਿਅਕਤੀ ਹੈਰਾਨੀ ਦੇ ਮਿਲੇ-ਜੁਲੇ ਭਾਵਾਂ ਨਾਲ ਮੇਰੇ ਵੱਲ ਗਹੁ ਨਾਲ ਵੇਖਣ ਲੱਗੇ ਸਨ।

'ਗੱਲ ਉਨ੍ਹਾਂ ਦਿਨਾਂ ਦੀ ਹੈ ਜਦੋਂ ਮੇਰੇ ਵਰਗਿਆਂ ਵਿਚ ਸਕੂਲ ਦੀ ਨਿਗੂਣੀ ਫੀਸ ਦੇਣ ਦੀ ਵੀ ਸਮਰੱਥਾ ਨ੍ਹੀਂ ਸੀ ਹੁੰਦੀ। ਉਦੋਂ ਸਾਡਾ ਬਾਲ ਮਨ, ਹੀਣਤਾ ਦੇ ਭਾਵ ਵਿਚ ਡੁੱਬਾ, ਸਕੂਲੋਂ ਦੌੜ ਜਾਣ ਲਈ ਸੋਚਦਾ ਰਹਿੰਦਾ ਸੀ। ਉਸ ਸਮੇਂ ਮੇਰੀ ਇਹ ਗੁਰੂ ਮਾਤਾ ਸਾਡੇ ਵਰਗਿਆਂ ਦਾ ਸਹਾਰਾ ਬਣਦੀ ਸੀ। ਜਦੋਂ ਮੈਂ ਪੰਜਵੀਂ ਜਮਾਤ ਵਿਚ ਸਾਂ ਤਾਂ ਉਸ ਸਮੇਂ ਪੰਜਾਬ ਦੇ ਸਾਰੇ ਜ਼ਿਲ੍ਹਾ ਕੇਂਦਰਾਂ 'ਤੇ ਵਜ਼ੀਫਾ ਪ੍ਰੀਖਿਆ ਹੋਈ। ਇਸ ਪ੍ਰੀਖਿਆ ਦੀ ਦਾਖ਼ਲਾ ਫੀਸ ਢਾਈ ਰੁਪਏ ਮੈਂ ਘਰੋਂ ਨ੍ਹੀਂ ਸੀ ਲਿਆ ਸਕਿਆ। ਬਾਪ ਨੇ ਦੇਣ ਤੋਂ ਇਨਕਾਰ ਨ੍ਹੀਂ ਸੀ ਕੀਤੀ ਪਰ ਉਸ ਤੋਂ ਪ੍ਰਬੰਧ ਨ੍ਹੀਂ ਸੀ ਹੋਇਆ। ਮੈਂ ਉਦਾਸ-ਉਦਾਸ ਕਲਾਸ ਵਿਚ ਬੈਠਾ ਸਾਂ। ਮੇਰੇ ਚਿਹਰੇ 'ਤੇ ਪਸਰੀ ਉਦਾਸੀ ਦੇ ਚਿੰਨ੍ਹ ਮੇਰੀ ਗੁਰੂ ਮਾਤਾ ਨੇ ਪੜ੍ਹ ਲਏ ਸਨ। ਉਸ ਨੇ ਮੈਨੂੰ ਕੋਲ ਬੁਲਾ ਕੇ ਆਖਿਆ ਸੀ, ਕਿਉਂ ਮੂੰਹ ਲਮਕਾਈ ਬੈਠਾਂ, ਤੂੰ ਟੈਸਟ ਦੀ ਤਿਆਰੀ ਕਰ, ਦਾਖ਼ਲਾ ਤਾਂ ਤੇਰਾ ਮੈਂ ਭੇਜ ਵੀ ਦਿੱਤਾ ਐ।'

'ਫਿਰ ਜਿਸ ਦਿਨ ਵਜ਼ੀਫ਼ਾ ਪ੍ਰੀਖਿਆ ਦਾ ਨਤੀਜਾ ਆਇਆ, ਭੈਣ ਜੀ ਪ੍ਰਕਾਸ਼ ਕੌਰ ਦਾ ਚਾਅ ਨ੍ਹੀਂ ਸੀ ਚੁੱਕਿਆ ਜਾਂਦਾ। ਵਧਾਈਆਂ ਵੀ ਸਭ ਤੋਂ ਵੱਧ ਉਨ੍ਹਾਂ ਨੂੰ ਹੀ ਮਿਲੀਆਂ ਸਨ। ਉਸ ਵਜ਼ੀਫ਼ੇ ਨੇ ਅੱਗੇ ਪੜ੍ਹਨ ਅਤੇ ਮਿਹਨਤ ਕਰਨ ਲਈ ਮੇਰੇ ਅੰਦਰ ਨਵਾਂ ਉਤਸ਼ਾਹ ਪੈਦਾ ਕੀਤਾ ਸੀ। ਉਹ ਉਤਸ਼ਾਹ ਮੈਨੂੰ ਬਾਹੋਂ ਫੜ ਕੇ, ਅੱਗੇ ਦੀ ਅੱਗੇ ਤੋਰਦਾ ਆਇਆ ਹੈ। ਨੌਕਰੀ ਲੱਗ ਕੇ ਲੱਖਾਂ ਰੁਪਏ ਤਨਖਾਹ ਲੈ ਚੁੱਕਾ ਹਾਂ ਪਰ ਮੈਂ ਢਾਈ ਰੁਪਏ ਦਾ ਕਰਜ਼ਾ ਅੱਜ ਤਕ ਵਾਪਿਸ ਨ੍ਹੀਂ ਕਰ ਸਕਿਆ। ਹੁਣ ਤਾਂ ਮੈਨੂੰ ਇੰਝ ਜਾਪਦਾ ਇਹ ਕਰਜ਼ਾ ਮੈਥੋਂ ਉਤਾਰ ਵੀ ਨ੍ਹੀਂ ਹੋਣਾ।'

ਅੱਗੇ ਮੈਂ ਕੀ ਬੋਲਦਾ?... ਕੁਝ ਨ੍ਹੀਂ ਸੀ ਮੇਰੇ ਕੋਲ ਕਹਿਣ ਲਈ। ਅੰਤ ਵਿਚ ਭੈਣ ਜੀ ਪ੍ਰਕਾਸ਼ ਕੌਰ ਨੇ ਸੰਬੋਧਨ ਕੀਤਾ ਸੀ। ਉਨ੍ਹਾਂ ਆਖਿਆ, 'ਔਲਾਦ ਸਿਰ ਮਾਂ-ਬਾਪ ਦਾ ਕਰਜ਼ਾ ਹੁੰਦਾ ਹੈ, ਸ਼ਾਗਿਰਦਾਂ ਸਿਰ ਆਪਣੇ ਅਧਿਆਪਕਾਂ ਦਾ। ਬੁਢਾਪੇ ਵਿਚ ਪਹੁੰਚੇ ਮਾਪਿਆਂ ਦੀ ਸੇਵਾ ਕਰਕੇ ਔਲਾਦ ਆਪਣਾ ਕਰਜ਼ਾ ਚੁਕਾ ਸਕਦੀ ਹੈ। ਸ਼ਾਗਿਰਦ ਆਪਣੇ ਅਧਿਆਪਕਾਂ ਤੋਂ ਮਿਲੀ ਗਿਆਨ ਦੀ ਰੌਸ਼ਨੀ ਨੂੰ ਅੱਗੇ ਤੋਂ ਅੱਗੇ ਫੈਲਾ ਕੇ ਅਤੇ ਆਪਣੇ ਕਿੱਤੇ ਦੇ ਫਰਜ਼ਾਂ ਨੂੰ ਇਮਾਨਦਾਰੀ ਨਾਲ ਨਿਭਾਅ ਕੇ, ਆਪਣੇ ਅਧਿਆਪਕਾਂ ਦਾ ਕਰਜ਼ਾ ਲਾਹ ਸਕਦੇ ਹਨ।' ਭੈਣ ਜੀ ਨੇ ਮੇਰੇ ਵੱਲ ਗਹੁ ਨਾਲ ਵੇਖਿਆ ਅਤੇ ਕਿਹਾ, 'ਤੇਰਾ ਤਾਂ ਮਹਿਕਮਾ ਹੀ ਭਲਾਈ ਦਾ ਐ। ਗ਼ਰੀਬਾਂ, ਲੋੜਵੰਦਾਂ ਦੀ ਬਾਂਹ ਫੜਨ ਵਾਲਾ। ਤੇਰੇ ਲਈ ਕਰਜ਼ਾ ਚੁਕਾਉਣਾ ਕੀ ਔਖਾ?' ਭੈਣ ਜੀ ਨੇ ਬੜੀ ਵੱਡੀ ਗੱਲ ਸਧਾਰਨ ਜਿਹੇ ਢੰਗ ਨਾਲ ਆਖ ਦਿੱਤੀ ਸੀ। ਮੈਂ ਸੋਚਾਂ ਵਿਚ ਘਿਰ ਗਿਆ ਸਾਂ। ਅਜੋਕੀ ਵਿਵਸਥਾ ਵਿਚ ਇੱਕ ਸਰਕਾਰੀ ਕਰਮਚਾਰੀ/ਅਧਿਕਾਰੀ ਗ਼ਰੀਬਾਂ ਲੋੜਵੰਦਾਂ ਦੀ ਆਸ ਕਿਵੇਂ ਬਣੇ? ਪੈਰ-ਪੈਰ 'ਤੇ ਰਾਹ ਰੋਕੀ ਖੜ੍ਹੀਆਂ ਉਲਝਣਾਂ, ਟੇਢੀਆਂ ਅਤੇ ਗੁੰਝਲਦਾਰ ਨੀਤੀਆਂ। ਲੰਮਾ ਅਤੇ ਨਾ ਪੂਰਾ ਹੋਣ ਵਾਲਾ ਫਾਈਲ ਵਰਕ। ਇਧਰ-ਉਧਰ ਦਾ ਰਾਜਨੀਤਕ ਦਬਾਅ। ਕਈ ਵਾਰ ਤਾਂ ਚਾਹੁੰਦਿਆਂ ਹੋਇਆਂ ਵੀ ਕੁਝ ਨ੍ਹੀਂ ਕਰ ਸਕਦੇ। ਭਲਾਈ ਦੀ ਆਸ ਲਾ ਕੇ ਦਫ਼ਤਰ ਆਏ ਗ਼ਰੀਬ, ਬੇਸਹਾਰਾ ਵਿਅਕਤੀ ਤਾਂ ਨਿਰਾਸ਼ ਹੋ ਕੇ ਪਰਤ ਜਾਂਦੇ ਨੇ। ਅਜਿਹੇ ਵਿਚ ਗ਼ਰੀਬਾਂ, ਲੋੜਵੰਦਾਂ ਦੀ ਬਾਂਹ ਕਿਵੇਂ ਫੜ ਹੋਵੇ?

ਸੋਚਦਾ ਹਾਂ, ਯਤਨ ਤਾਂ ਕਰਨੇ ਹੀ ਹੋਣਗੇ। ਭੈਣ ਜੀ ਪ੍ਰਕਾਸ਼ ਕੌਰ ਦਾ ਕਰਜ਼ਾ ਵੀ ਤਾਂ ਉਤਾਰਨਾ ਹੈ। ਮੈਂ ਹੀ ਕਿਉਂ, ਦੇਸ਼ ਦੇ ਲੱਖਾਂ ਸ਼ਾਗਿਰਦਾਂ ਨੇ ਆਪਣੇ ਅਧਿਆਪਕਾਂ ਦਾ ਕਰਜ਼ਾ ਉਤਾਰਨਾ ਹੈ।

# ਹੜ੍ਹਾਂ ਦੀ ਮਾਰ ਹੇਠ ਆਏ ਪੰਜਾਬ ਦੇ ਦੁਖਾਂਤਕ ਹਾਲਾਤ: ਚਿੰਤਨ ਦਾ ਵਿਸ਼ਾ!

ਪੰਜਾਬ 1988 ਤੋਂ ਬਾਅਦ ਪਹਿਲੀ ਵਾਰ ਇੰਨੇ ਵੱਡੇ ਪੱਧਰ 'ਤੇ ਹੜ੍ਹਾਂ ਦੀ ਮਾਰ ਹੇਠ ਆਇਆ ਹੈ। ਪਿਛਲੇ ਦਿਨੀਂ ਹੋਈਆਂ ਬਾਰਿਸ਼ਾਂ ਦੇ ਚਲਦਿਆਂ ਹਾਲਾਤ ਬੇਹੱਦ ਨਾਜ਼ੁਕ ਬਣੇ ਹੋਏ ਹਨ। ਇਹ ਹੜ੍ਹ 1988 ਤੋਂ ਬਾਅਦ ਦੇ ਸਭ ਤੋਂ ਭਿਆਨਕ ਹੜ੍ਹ ਮੰਨੇ ਜਾ ਰਹੇ ਹਨ, ਜਿਨ੍ਹਾਂ ਨੇ ਰਾਹਤ, ਮੁਆਵਜ਼ੇ ਅਤੇ ਮੁੜ ਬਹਾਲੀ ਦੀਆਂ ਵੱਡੀਆਂ ਚੁਣੌਤੀਆਂ ਖੜ੍ਹੀਆਂ ਕਰ ਦਿੱਤੀਆਂ ਹਨ।

ਰਿਪੋਰਟਾਂ ਮੁਤਾਬਿਕ 12 ਜ਼ਿਲ੍ਹਿਆਂ ਵਿਚ ਹੜ੍ਹਾਂ ਨੇ ਜ਼ਬਰਦਸਤ ਤਬਾਹੀ ਮਚਾਈ ਹੈ। ਜਿਸ ਵਿਚ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਫ਼ਾਜ਼ਿਲਕਾ, ਲੁਧਿਆਣਾ, ਹੁਸ਼ਿਆਰਪੁਰ, ਮਾਨਸਾ,




**ਮੁਹੰਮਦ ਅੱਬਾਸ ਧਾਲੀਵਾਲ**
**ਫੋਨ: 98552-59650**


ਬਰਨਾਲਾ, ਬਠਿੰਡਾ, ਪਟਿਆਲਾ, ਮੋਹਾਲੀ ਅਤੇ ਰੂਪਨਗਰ ਸ਼ਾਮਲ ਹਨ। ਇਸ ਦੌਰਾਨ ਕਰੀਬ 30 ਲੋਕਾਂ ਦੀਆਂ ਜਾਨਾਂ ਗਈਆਂ ਅਤੇ ਬਹੁਤ ਸਾਰੇ ਪਸ਼ੂ ਪਾਣੀਆਂ 'ਚ ਵਹਿ ਗਏ ਹਨ।

ਜਿਥੋਂ ਤੱਕ ਪ੍ਰਭਾਵਿਤ ਪਿੰਡਾਂ ਅਤੇ ਆਬਾਦੀ ਦੀ ਗੱਲ ਹੈ ਤਾਂ ਇੱਕ ਅੰਦਾਜ਼ੇ ਮੁਤਾਬਿਕ ਲਗਭਗ 1,044 ਤੋਂ 1,312 ਪਿੰਡ ਪੂਰੀ ਤਰ੍ਹਾਂ ਡੁੱਬ ਚੁੱਕੇ ਹਨ। ਜਦੋਂ ਕਿ ਲਗਭਗ 2.56 ਲੱਖ ਲੋਕ ਹੜ੍ਹਾਂ ਤੋਂ ਪ੍ਰਭਾਵਿਤ ਹੋਏ ਹਨ, ਜਿਨ੍ਹਾਂ ਵਿਚੋਂ ਹਜ਼ਾਰਾਂ ਨੂੰ ਰਾਹਤ ਕੈਂਪਾਂ 'ਚ ਰੱਖਿਆ ਗਿਆ ਹੈ।

ਜੇ ਖੇਤੀਬਾੜੀ ਅਤੇ ਢਾਂਚਾਗਤ ਨੁਕਸਾਨ ਦੀ ਗੱਲ ਕਰੀਏ ਤਾਂ ਲਗਭਗ 96,000 ਹੈਕਟੇਅਰ ਜ਼ਮੀਨ (ਲਗਭਗ 3 ਲੱਖ ਏਕੜ) ਵਿਚ ਖੜ੍ਹੀਆਂ ਫ਼ਸਲਾਂ ਨਸ਼ਟ ਹੋ ਗਈਆਂ ਹਨ। ਬਹੁਤ ਸਾਰੀਆਂ ਸੜਕਾਂ, ਸਿੱਖਿਆ ਸੰਸਥਾਵਾਂ, ਨਕਸੀਰਾਂ ਅਤੇ ਘਰਾਂ ਨੂੰ ਵੀ ਨੁਕਸਾਨ ਪਹੁੰਚਿਆ ਹੈ।

ਰਿਪੋਰਟਾਂ ਅਨੁਸਾਰ ਪੰਜਾਬ ਦੇ ਸਤਲੁਜ, ਬਿਆਸ ਅਤੇ ਰਾਵੀ ਦਰਿਆ ਆਪਣੇ ਕੰਢਿਆਂ ਤੋਂ ਬਾਹਰ ਆ ਗਏ ਹਨ, ਜਿਨ੍ਹਾਂ ਵਿਚ ਭਾਖੜਾ, ਪੌਂਗ ਅਤੇ ਰਣਜੀਤ ਸਾਗਰ ਡੈਮ ਤੋਂ ਪਾਣੀ ਛੱਡਿਆ ਗਿਆ ਇਸ ਤੋਂ ਇਲਾਵਾ ਬੀਤੇ ਦਿਨ ਜਦੋਂ ਚੰਡੀਗੜ੍ਹ ਦੀ ਸੁਖਨਾ ਝੀਲ ਦੇ ਪਾਣੀ ਪੱਧਰ ਖ਼ਤਰੇ ਦੇ ਨਿਸ਼ਾਨ ਲਾਗੇ ਪਹੁੰਚਿਆ ਤਾਂ ਉਸ ਦੇ ਵੀ ਕੁੱਝ ਕੁ ਇੰਚ ਫਲੱਡ ਗੇਟ ਖੋਲ੍ਹ ਕੇ ਪਾਣੀ ਰਿਲੀਜ਼ ਕੀਤਾ ਗਿਆ ਜਿਸ ਦੇ ਚਲਦਿਆਂ ਘੱਗਰ ਵਿਚ ਵੀ ਪਾਣੀ ਦਾ ਪੱਧਰ ਵਧਿਆ ਜਿਸ ਦੇ ਨਤੀਜੇ ਵਜੋਂ ਪਟਿਆਲਾ ਤੇ ਸੰਗਰੂਰ ਦੇ ਇਲਾਕੇ ਪ੍ਰਭਾਵਿਤ ਹੋਣ ਦਾ ਖਦਸ਼ਾ ਬਣਿਆ ਹੋਇਆ ਹੈ।

ਉਧਰ, ਮੁੱਖ ਮੰਤਰੀ ਭਗਵੰਤ ਮਾਨ ਨੇ ਐਤਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੰਜਾਬ ਵਿਚ ਦਹਾਕਿਆਂ ਦੇ ਸਭ ਤੋਂ ਭਿਆਨਕ ਹੜ੍ਹ ਵਾਲੀ ਸਥਿਤੀ ਬਾਰੇ ਇੱਕ ਪੱਤਰ ਲਿਖਦਿਆਂ ਕੇਂਦਰ ਸਰਕਾਰ ਤੋਂ 60,000 ਕਰੋੜ ਰੁਪਏ ਜਾਰੀ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਸੂਬੇ ਦਾ ਪੈਸਾ ਹੈ ਜੋ ਇਸ ਸਮੇਂ ਕੇਂਦਰ ਕੋਲ ਫਸਿਆ ਹੋਇਆ ਹੈ।

ਮੁੱਖ ਮੰਤਰੀ ਨੇ ਸਟੇਟ ਡਿਜ਼ਾਸਟਰ ਰਿਸਪਾਂਸ ਫੰਡ (ਐਸਡੀਆਰਐਫ) ਅਧੀਨ ਹਾਸਲ ਰਕਮ ਦੇ ਮਾਪਦੰਡਾਂ ਵਿਚ ਬਦਲਾਅ ਦੀ ਵੀ ਮੰਗ ਕੀਤੀ। ਉਨ੍ਹਾਂ



ਕਿਹਾ ਕਿ ਸੂਬਾ ਸਰਕਾਰ ਪ੍ਰਭਾਵਿਤ ਕਿਸਾਨਾਂ ਨੂੰ ਘੱਟੋ-ਘੱਟ 50,000 ਰੁਪਏ ਪ੍ਰਤੀ ਏਕੜ ਦੇਣਾ ਚਾਹੁੰਦੀ ਹੈ।

ਮੁੱਖ ਮੰਤਰੀ ਨੇ ਪੱਤਰ ਵਿਚ ਲਿਖਿਆ ਹੈ, "ਇਸ ਵੇਲੇ ਲਗਭਗ ਤਿੰਨ ਲੱਖ ਏਕੜ ਖੇਤੀਬਾੜੀ ਜ਼ਮੀਨ, ਜ਼ਿਆਦਾਤਰ ਝੋਨੇ ਦੀ ਫ਼ਸਲ, ਹੜ੍ਹ ਦੇ ਪਾਣੀ ਵਿਚ ਡੁੱਬੀ ਹੋਈ ਹੈ। ਇਸ ਨਾਲ ਫ਼ਸਲਾਂ ਨੂੰ ਭਾਰੀ ਨੁਕਸਾਨ ਹੋਇਆ ਹੈ।" "ਇਸ ਤੋਂ ਇਲਾਵਾ, ਪਸ਼ੂਆਂ ਦਾ ਬਹੁਤ ਵੱਡਾ ਨੁਕਸਾਨ ਹੋਇਆ ਹੈ, ਜਿਸ ਨੇ ਪੇਂਡੂ ਆਬਾਦੀ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ, ਕਿਉਂਕਿ ਉਨ੍ਹਾਂ ਦੀ ਰੋਜ਼ੀ-ਰੋਟੀ ਦਾ ਵੱਡਾ ਹਿੱਸਾ ਡੇਅਰੀ ਅਤੇ ਪਸ਼ੂ ਪਾਲਣ 'ਤੇ ਨਿਰਭਰ ਕਰਦਾ ਹੈ।"

"ਪੰਜਾਬ ਹੁਣ ਤੱਕ ਦੀ ਸਭ ਤੋਂ ਗੰਭੀਰ ਹੜ੍ਹ ਸਥਿਤੀ ਦਾ ਸਾਹਮਣਾ ਕਰ ਰਿਹਾ ਹੈ, ਪੰਜਾਬ ਦੇ 1000 ਪਿੰਡ ਅਤੇ ਲੱਖਾਂ ਲੋਕ ਪ੍ਰਭਾਵਿਤ ਹੋਏ ਹਨ। ਗੁਰਦਾਸਪੁਰ, ਕਪੂਰਥਲਾ, ਅੰਮ੍ਰਿਤਸਰ, ਪਠਾਨਕੋਟ, ਫਿਰੋਜ਼ਪੁਰ, ਫਾਜ਼ਿਲਕਾ ਅਤੇ ਹੁਸ਼ਿਆਰਪੁਰ ਵਿਚਲੇ ਪਿੰਡ ਹੜ੍ਹ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੋਏ।"

ਪਰ ਉਧਰ ਵਧੇਰੇ ਪੰਜਾਬ ਵਾਸੀ ਸੂਬਾਈ ਸਰਕਾਰ ਤੇ ਕੇਂਦਰ ਦੀ ਮੋਦੀ ਸਰਕਾਰ ਦੇ ਸਰਦ ਮੋਹਰੀ ਵਾਲੇ ਰਵੱਈਏ ਤੋਂ ਮਾਯੂਸ ਹਨ। ਇੰਨੇ ਦਿਨਾਂ ਤੋਂ ਪੰਜਾਬ ਉਕਤ ਹੜ੍ਹਾਂ ਦੀ ਮਾਰ ਦਾ ਸਾਹਮਣਾ ਕਰ ਰਿਹਾ ਹੈ ਪਰ ਕੇਂਦਰ ਵਲੋਂ ਉਸ ਲਈ ਕੋਈ ਹਾਲੇ ਤੱਕ ਹਾਅ ਦਾ ਨਾਅਰਾ ਨਹੀਂ ਮਾਰਿਆ ਗਿਆ।

ਇੱਥੇ ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਚੀਨ ਦੇ ਦੌਰੇ ਤੋਂ ਵਾਪਸ ਆ ਕੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਫੋਨ 'ਤੇ ਗੱਲਬਾਤ ਕੀਤੀ ਹੈ। ਪਰ ਇਥੇ ਪੰਜਾਬ ਦੇ ਲੋਕਾਂ ਦੀ ਜਿੰਨੀ ਤਾਰੀਫ ਕੀਤੀ ਜਾਵੇ ਥੋੜ੍ਹੀ ਹੈ ਕਿਉਂਕਿ ਇਨ੍ਹਾਂ ਨੇ ਬਿਨਾਂ ਕਿਸੇ ਸਰਕਾਰ ਦੀ ਸਹਾਇਤਾ ਦੀ ਉਡੀਕ ਕੀਤਿਆਂ ਪੰਜਾਬੀਆਂ ਦੀਆਂ ਵੱਖ ਵੱਖ ਐਨ.ਜੀ.ਓਜ਼ ਅਤੇ ਧਾਰਮਿਕ ਸੰਸਥਾਵਾਂ ਆਦਿ ਨਾਲ ਮਿਲ ਕੇ ਪ੍ਰਭਾਵਿਤ ਲੋਕਾਂ ਦੀ ਆਪ ਮੁਹਾਰੇ ਵਧ ਚੜ੍ਹ ਕੇ ਮਦਦ ਕੀਤੀ ਹੈ।

ਪੰਜਾਬ ਵਿਚੋਂ ਲੰਘਦਾ ਅਜਿਹਾ ਕੋਈ ਕੌਮੀ ਜਾਂ ਰਾਜ ਮਾਰਗ ਨਹੀਂ ਹੋਵੇਗਾ ਜਿੱਥੇ ਤੁਹਾਨੂੰ ਰਾਸ਼ਨ, ਪਸ਼ੂਆਂ ਦੇ ਚਾਰੇ ਅਤੇ ਮਿੱਟੀ ਨਾਲ ਭਰੀ ਟਰੈਕਟਰ-ਟਰਾਲੀਆਂ ਜਾਂ ਟਰੱਕ ਨਜ਼ਰ ਨਾ ਆਉਂਦੇ ਹੋਣ। ਦਰਅਸਲ ਪੰਜਾਬ ਦੇ ਲਗਭਗ ਅੱਠ ਜ਼ਿਲ੍ਹੇ ਹੜ੍ਹਾਂ ਦੀ ਮਾਰ ਹੇਠ ਹਨ ਅਤੇ ਲੋਕ ਸੈਂਕੜੇ ਕਿਲੋਮੀਟਰ ਦੀ ਦੂਰੀ ਤੈਅ ਕਰਕੇ ਇੱਕ-ਦੂਜੇ ਦੀ ਮਦਦ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਹੜ੍ਹ ਪੀੜਤਾਂ ਦੀ ਮਦਦ ਲਈ ਆਪੋ-ਆਪਣੇ ਪਿੰਡਾਂ ਵਿਚੋਂ ਲੋੜੀਂਦੀ ਸਮੱਗਰੀ ਇਕੱਠੀ ਕਰ ਕੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਪਹੁੰਚਾਈ ਜਾ ਰਹੀ ਹੈ।

ਇੱਥੇ ਜ਼ਿਕਰਯੋਗ ਹੈ ਕਿ ਮਲੇਰਕੋਟਲਾ ਦੀਆਂ ਵੱਖ-ਵੱਖ ਮੁਸਲਿਮ ਸੰਸਥਾਵਾਂ ਅਤੇ ਲੁਧਿਆਣਾ ਤੋਂ ਸ਼ਾਹੀ ਇਮਾਮ ਉਸਮਾਨੀ ਸਮੇਤ ਹਰਿਆਣਾ ਦੇ ਮੇਵਾਤ ਤੇ ਨਾਰਾਇਣਗੜ੍ਹ ਤੇ ਕੁੱਝ ਮੁਜ਼ੱਫਰਨਗਰ ਦੇ ਲੋਕਾਂ ਦੁਆਰਾ ਰਾਸ਼ਨ ਆਦਿ ਦੀਆਂ ਕਿੱਟਾਂ ਪ੍ਰਭਾਵਿਤ ਲੋਕਾਂ ਤੱਕ ਵੰਡਣ ਦੀਆਂ ਸੋਸ਼ਲ ਮੀਡੀਆ ਵੀਡੀਓਜ਼ ਸਾਹਮਣੇ ਆ ਰਹੀਆਂ ਹਨ। ਯਕੀਨਨ ਇਹ ਭਾਈਚਾਰਕ ਸਾਂਝ ਦੀ ਬਹੁਤ ਹੀ ਵਧੀਆ ਮਿਸਾਲ ਹੈ। ਜਦੋਂ ਕਿ ਬਚਾਅ ਅਤੇ ਰਾਹਤ ਕਾਰਵਾਈਆਂ ਦੌਰਾਨ 15,000 ਤੋਂ ਵੱਧ ਲੋਕਾਂ ਨੂ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ ਹੈ।

*(ਬਾਕੀ ਸਫਾ 26 'ਤੇ)*

# ਚੇਤਿਆਂ 'ਚ ਵੱਸਿਆ ਹਰਭਜਨ ਸੋਹੀ ਅਤੇ ਇਨਕਲਾਬੀ ਨਕਸਲੀ ਲਹਿਰ ਦਾ ਰੋਮਾਂਸ-4

***ਪੰਜਾਬ ਦੇ ਨਕਸਲੀ ਆਗੂ ਪ੍ਰੋ. ਹਰਭਜਨ ਸੋਹੀ ਬਾਰੇ ਆਪਣੀਆਂ ਯਾਦਾਂ ਦੇ ਇਸ ਲੇਖ ਵਿਚ ਅਤਰਜੀਤ ਨੇ ਆਪਣੇ ਜਾਤੀ ਹਵਾਲਿਆਂ ਨਾਲ ਦੱਸਿਆ ਹੈ ਕਿ ਲਹਿਰ ਦੇ ਉਸ ਸ਼ੁਰੂਆਤੀ ਦੌਰ ਵਿਚ ਪ੍ਰੋ. ਸੋਹੀ ਅਤੇ ਉਸ ਦੇ ਵਿਚਾਰਧਾਰਕ ਸਾਥੀ ਅਲੱਗ-ਥਲੱਗ ਕਰ ਦਿਤੇ ਗਏ ਅਤੇ ਮਾਅਰਕੇਬਾਜ਼ ਧਿਰ ਵਲੋਂ ਜਾਤੀ ਦੁਸ਼ਮਣਾਂ ਦੀ ਸਫਾਏ ਦੀ ਲਾਈਨ ਦਾ ਡੰਕਾ ਇੰਜ ਵਜਿਆ ਰਿਹਾ। ਉਸ ਦੌਰ ਵਿਚ ਸੰਗਰੂਰ ਜ਼ਿਲ੍ਹੇ ਅੰਦਰ ਕਿਲਾ ਹਕੀਮਾ ਵਿਖੇ ਜਨਰਲ ਬਲਵੰਤ ਸਿੰਘ ਦੀ ਹੱਤਿਆ, 8 ਦਸੰਬਰ 1968 ਨੂੰ ਸਮਾਓਂ ਵਿਖੇ ਲਾਲਿਆਂ ਦੀ ਜ਼ਮੀਨ 'ਤੇ ਕਬਜ਼ੇ ਵਾਲੇ ਐਕਸ਼ਨ ਦੇ ਨਾਲ-ਨਾਲ ਹਥਿਆਰ ਲੁਟਣ ਲਈ ਥਾਣਾ ਚਮਕੌਰ ਸਾਹਿਬ ਵਲ ਐਕਸ਼ਨ ਦੇ ਵੇਰਵੇ ਅਤੇ ਪੁਲੀਸ ਟਾਊਟਾਂ ਅਤੇ ਸੂਦਖੋਰਾਂ ਦੀਆਂ ਹੱਤਿਆਵਾਂ ਦੀ ਵਿਸਥਾਰਤ ਜਾਣਕਾਰੀ ਵੀ ਇਸ ਲੇਖ ਵਿਚ ਸਾਂਝੀ ਕੀਤੀ ਗਈ ਹੈ।-ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

'ਦੇਖ ਜਿਹੋ ਜਿਹੀਆਂ ਹਾਲਤਾਂ ਬਲਕਿ ਭੰਬਲਭੂਸੇ ਵਿਚੋਂ ਅੱਜ ਲਹਿਰ ਗੁਜ਼ਰ ਰਹੀ ਹੈ, ਇਸ ਵਿਚ ਅਜਿਹਾ ਹੋਣਾ ਸੁਭਾਵਕ ਸੀ। ਤੂੰ ਆਪਣੀ ਤਾਕਤ ਇਕੱਠੀ ਕਰ। ਪਾਰਟੀ ਤੇਰੇ ਕੋਲ਼ੋਂ ਇਹ ਉਮੀਦ ਰੱਖਦੀ ਹੈ।' ਸੁਣ ਕੇ ਮੈਂ ਕੁੱਝ ਚਿਰ ਚੁੱਪ ਰਿਹਾ। ਫਿਰ ਜਿਵੇਂ ਜ਼ੁਬਾਨ ਨੇ ਸਾਥ ਦਿੱਤਾ-'ਠੀਕ ਐ ਜੇ ਪਾਰਟੀ ਇਉਂ ਸਮਝਦੀ ਹੈ ਤਾਂ ਮੈਂ ਤਿਆਰ ਹਾਂ। ਉਸ ਦਿਨ ਤੋਂ ਮੈਂ ਪੱਕੇ ਤੌਰ 'ਤੇ ਨਾਗੀ ਰੈਡੀਆ ਬਣ ਗਿਆ ਤੇ ਚਾਰੂ ਗਰੁੱਪ ਵਾਲ਼ਿਆਂ ਲਈ ਗੱਦਾਰ। ਮੈਨੂੰ ਫਿਰ ਤੋਂ ਪਾਰਟੀ ਸਫ਼ਾਂ ਵਿਚ ਥਾਂ ਮਿ਼ਲ ਗਈ ਸੀ।

ਉਹ ਸਮਾਂ ਵੀ ਯਾਦ ਆਉਂਦਾ ਹੈ, ਜਦੋਂ ਮੈਂ ਭੋਲੇਪਣ ਵਿਚ ਹਰਭਜਨ ਨੂੰ ਪੁੱਛਿਆ ਸੀ-'ਹਰ ਪਾਸੇ

**ਅਤਰਜੀਤ**

ਇਹ ਚਰਚਾ ਹੈ ਕਿ ਹਰਭਜਨ ਪੰਜਾਬ ਦੀ ਲੀਡਰੀ ਚਾਹੁੰਦੈ, ਹਾਕਮ ਸਮ੍ਹਾਉਂ ਨਾਲ ਹੋਰ ਕੋਈ ਮੱਤਭੇਦ ਨਹੀਂ। ਹਰਭਜਨ ਨੇ ਬਹੁਤ ਸਹਿਜ ਨਾਲ ਉੱਤਰ ਦਿੱਤਾ ਸੀ-'ਇਸ ਦਾ ਜਵਾਬ ਏਨਾ ਸੌਖਾ ਨਹੀਂ, ਜੋ ਇਸੇ ਵਕਤ ਦਿੱਤਾ ਜਾ ਸਕੇ। ਸਮਾਂ ਆਪੇ ਬੋਲ ਕੇ ਦੱਸੇਗਾ। ਲੀਡਰੀ ਦਾ ਨਹੀਂ, ਬਹੁਤ ਕੁੱਝ ਹੋਰ ਹੈ, ਜੋ ਤੈਨੂੰ ਸਮੇਂ ਨਾਲ ਪਤਾ ਲੱਗ ਜਾਊਗਾ'

ਅਸਲ ਵਿਚ ਸੋਹੀ ਗਰੁੱਪ ਕਾ. ਨਾਗੀ ਰੈਡੀ ਦੀ ਤਾਲਮੇਲ ਕਮੇਟੀਆਂ ਬਣਾ ਕੇ ਲੰਮੇ ਸੰਵਾਦ ਰਾਹੀਂ ਪਾਰਟੀ ਦੀ ਉਸਾਰੀ ਕਰਨ ਦੀ ਵਕਾਲਤ ਕਰਦਾ ਸੀ, ਜਦੋਂ ਕਿ ਕਾਮਰੇਡ ਚਾਰੂ ਮੌਜ਼ੂਮਦਾਰ ਨੇ ਤੱਤ-ਭੜੱਥੇ ਪਾਰਟੀ ਦਾ ਐਲਾਨ ਕਰ ਦਿੱਤਾ ਸੀ, ਜਿਸ ਦੀ ਤਰਜ਼ 'ਤੇ ਹਾਕਮ ਸਮ੍ਹਾਉਂ ਨੇ ਵੀ ਕਮਿਊਨਿਸਟ ਪਾਰਟੀ (ਮਾਰਕਸੀ-ਲੈਨਿਨੀ) ਦਾ ਝੰਡਾ ਗੱਡ ਦਿੱਤਾ ਸੀ। ਇਹ ਪੁਜ਼ੀਸ਼ਨਾਂ ਲੈਣ ਕਾਰਨ ਹੀ ਇਨ੍ਹਾਂ ਨੂੰ ਇਜਲਾਸ ਵਿਚੋਂ ਬਾਹਰ ਕੱਢ ਕੇ ਗੁਰੀਲਿਆਂ ਦੀ ਕਮਾਂਡ ਵਿਚ ਪਹਿਰਾ ਲਾ ਕੇ ਸਾਰੀ ਰਾਤ ਬਾਹਰ ਬਿਠਾਈ ਰੱਖਿਆ ਸੀ। ਜਦੋਂ ਅਸੀਂ ਸਾਰੇ ਦਿਨ ਚੜ੍ਹੇ ਹੇਠਾਂ ਉੱਤਰੇ, ਇਨ੍ਹਾਂ ਸੱਤ ਨੂੰ ਜਾਣ ਦਿੱਤਾ ਗਿਆ ਸੀ। ਉਸ ਦਿਨ ਮੈਨੂੰ ਵੀ ਇਹੋ ਜਾਪਿਆ ਸੀ ਕਿ ਇਹ ਲਹਿਰ ਵਿਚੋਂ ਭਗੌੜੇ ਹੋ ਗਏ ਹਨ। ਇਸ ਇਜਲਾਸ ਤੋਂ ਬਾਅਦ ਇਸ ਗਰੁੱਪ ਨੂੰ ਭਗੌੜੇ, ਬੇਦਾਵੀਏ, ਗੱਦਾਰ ਤੇ ਹੋਰ ਪਤਾ ਨਹੀਂ ਕੀ ਕੀ ਸ਼ਬਦਾਵਲੀ ਦੇ ਹਾਰ ਪਵਾਏ ਜਾਂਦੇ ਰਹੇ। ਇੱਕ ਸਮਾਂ ਤਾਂ ਅਜਿਹਾ ਵੀ ਆਇਆ ਕਿ ਇਨ੍ਹਾਂ ਨੂੰ ਸਿਰ ਲੁਕਾਉਣ ਲਈ ਥਾਂ ਮਿ਼ਲਣੀ ਵੀ ਦੁੱਭਰ ਹੋ ਗਈ। ਇਹ ਸਤਰਾਂ ਲਿਖਣ ਵੇ਼ਲੇ ਮੈਂ ਹੈਰਾਨ ਹੁੰਦਾ ਹਾਂ ਕਿ ਅਜਿਹੀਆਂ ਹਾਲਤਾਂ ਵਿਚ ਵੀ ਉਹ ਪੂਰੇ ਸਿਦਕ ਨਾਲ ਭੂਮੀਗਤ ਹੋ ਕੇ ਆਪਣੀਆਂ ਗਤੀਵਿਧੀਆਂ ਕਿਵੇਂ ਜਾਰੀ ਰੱਖ ਸਕੇ ਹੋਣਗੇ। ਮੈਂ ਜਿਸ ਸਿੱਟੇ 'ਤੇ ਅੱਪੜਦਾ ਹਾਂ, ਉਹ ਇਹ ਹੈ ਕਿ ਇਹ ਲੋਕ ਮਾਰਕਸੀ-ਲੈਨਿਨੀ ਸਿਧਾਂਤ ਨਾਲ ਪੂਰੀ ਤਰ੍ਹਾਂ ਲੈਸ ਸਨ। ਜਜ਼ਬਾਤੀ ਉਬਾ਼ਲ ਤੋਂ ਨਿਰਲੇਪ, ਅਣਭਿੱਜ।

ਫ਼ਿਜ਼ਾ ਵਿਚ ਗਰਮ-ਗਰਮ ਖ਼ਬਰਾਂ ਦਾ ਬਾਜ਼ਾਰ ਮਘਿਆ ਹੋਇਆ ਸੀ। ਇਸ ਤਸ਼ੱਦਦ ਦੇ ਮੁਕਾਬਲੇ ਵਿਅਕਤੀਗਤ ਸਫ਼ਾਏ ਦੀ ਲਹਿਰ ਨੇ ਵੀ ਜ਼ੋਰ ਫੜ ਲਿਆ। ਲਹਿਰ ਨੂੰ ਜਨਤਕ ਜਥੇਬੰਦੀਆਂ ਦੇ ਘੇਰੇ 'ਚੋਂ ਬਾਹਰ ਕੱਢ ਕੇ, ਲੜਾਈ ਨੂੰ ਪੁਲਿਸ ਅਤੇ ਮੁਖ਼ਬਰਾਂ ਦੇ ਸਫ਼ਾਏ ਦਾ ਰੂਪ ਦੇ ਦਿੱਤਾ ਗਿਆ। ਗੁਰੀਲਾ ਯੁੱਧ ਤੇਜ਼ ਹੋ ਗਿਆ ਸੀ। ਹਰ ਪਾਸੇ ਠੂਹ-ਠਾਹ।

'8 ਦਸੰਬਰ 1968 ਦਾ ਇਨਕਲਾਬੀ ਦਿਨ। ਲਾਲ ਫਰੇਰੇ ਨੂੰ ਲਾਲ ਸਲਾਮ। ਸਾਥੀ ਹਾਕਮ ਸਿੰਘ ਦੀ ਅਗਵਾਈ ਵਿਚ ਪਾਰਟੀ ਲਾਈਨ ਨੂੰ ਲਾਗੂ ਕਰਨ ਲਈ ਸਭ ਤੋਂ ਪਹਿਲਾਂ ਉਸਦੇ ਆਪਣੇ ਪਿੰਡ ਸਮਾਉਂ ਦੀ ਚੋਣ ਕਰ ਲਈ ਗਈ। ਇੱਥੇ ਸ਼ੇਰਪੁਰ ਦੇ ਮਹਾਜਨਾਂ ਨੂੰ ਤਿੰਨ ਸੌ ਏਕੜ ਜ਼ਮੀਨ ਸਰਕਾਰ ਨੇ ਅਲਾਟ ਕੀਤੀ ਹੋਈ ਸੀ। ਇਸ ਉੱਪਰ ਢੋਲ ਵਜਾ ਕੇ ਰਵਾਇਤੀ ਹਥਿਆਰਾਂ ਨਾਲ ਕਬਜ਼ਾ ਕੀਤਾ ਗਿਆ। ਮਹਾਜਨ ਪਿੰਡ ਛੱਡ ਕੇ ਕਿਧਰੇ ਅਲੋਪ ਹੋ ਗਏ ਹਨ। ਹੇਠਾਂ ਲਿਖਿਆ ਹੋਇਆ ਸੀ-'ਨਕਸਲਬਾੜੀ ਦਾ ਰਾਹ ਸਾਡਾ ਰਾਹ। ਇਨਕਲਾਬ ਜ਼ਿੰਦਾਬਾਦ!'

ਇਸ ਤੋਂ ਬਾਅਦ ਗੁਰੀਲਾ ਦਸਤੇ ਵੱਡੀ ਪੱਧਰ 'ਤੇ ਐਕਸ਼ਨ ਕਰਨ ਲੱਗੇ। ਸੂਦਖੋਰਾਂ, ਪੁਲਸ ਟਾਊਟਾਂ ਦਾ ਸਫ਼ਾਇਆ ਚੱਲਦਾ ਰਿਹਾ। ਆਮ ਲੋਕਾਂ ਵਿਚ ਇਸ ਦਾ ਸਹਿਮ ਹੀ ਜ਼ਿਆਦਾ ਫੈਲਿਆ। ਗਿਣਵੇਂ ਲੋਕਾਂ ਦਾ ਹੀ ਸਮਰਥਨ ਮਿਲਿਆ ਪਰ ਜ਼ਿਆਦਾਤਰ ਇਨ੍ਹਾਂ ਲੋਕਾਂ ਦੀ ਡਾਕੂਆਂ ਨਾਲ ਤੁਲਨਾ ਕੀਤੀ ਜਾਣ ਲੱਗੀ। ਸੀ.ਪੀ.ਆਈ. ਦਾ ਪੇਂਡੂ ਕਾਡਰ ਕਾਫ਼ੀ ਵੱਡੀ ਗਿਣਤੀ ਵਿਚ ਸਮਰਥਨ ਦੇਣ ਲੱਗਿਆ ਪਰ ਸੀ.ਪੀ.ਆਈ. (ਮ) ਵੱਲੋਂ ਇਸ ਦੇ ਵਿਰੁੱਧ ਪ੍ਰਚਾਰ ਜਾਰੀ ਰਿਹਾ।

ਰਿਪੋਰਟਾਂ 'ਰੋਹਲੇ-ਬਾਣ' ਮੈਗਜ਼ੀਨ ਦਾ ਹਿੱਸਾ ਸਨ-'8 ਜੂਨ 1969 ਨੂੰ ਕਿਲਾ ਹਕੀਮਾਂ ਦਾ ਐਕਸ਼ਨ ਕੀਤਾ ਗਿਆ। ਮਹਾਰਾਜਾ ਪਟਿਆ਼ਲਾ ਨੇ ਪਿੰਡ ਦੇ ਹਕੀਮਾਂ ਨੂੰ ਬਹੁਤ ਸਾਰੀ ਜ਼ਮੀਨ ਦਿੱਤੀ ਹੋਈ ਸੀ। ਮੁਜ਼ਾਰਾ ਲਹਿਰ ਦੇ ਭੈਅ ਕਾਰਨ ਉਹ ਜ਼ਮੀਨ ਜਨਰਲ ਬਲਵੰਤ ਸਿੰਘ ਨੂੰ ਸਸਤੇ ਭਾਅ ਵੇਚ ਗਏ ਸਨ। ਬਲਵੰਤ ਸਿੰਘ ਨੇ ਲਾਲ ਪਾਰਟੀ ਦੇ ਖ਼ਿਲਾਫ਼ ਸਰਕਾਰ ਦੀ ਮੱਦਦ ਕੀਤੀ ਸੀ ਤੇ ਲੋਕਾਂ ਉੱਪਰ ਧੱਕਾ ਵੀ ਬਹੁਤ ਕਰਦਾ ਸੀ, ਸੀ ਵੀ ਪੁੱਜ ਕੇ ਅੱਯਾਸ਼। ਉਸਦਾ ਕਤਲ ਕਰਕੇ ਉਸਦੀ ਜ਼ਮੀਨ 'ਤੇ ਕਬਜ਼ਾ ਕੀਤਾ ਗਿਆ।' ਰਿਪੋਰਟ ਆਈ ਸੀ-'30 ਅਪ੍ਰੈਲ 1969 ਨੂੰ ਚਮਕੌਰ ਸਾਹਿਬ ਦੇ ਥਾਣੇ 'ਤੇ ਹਮਲਾ ਕੀਤਾ ਗਿਆ। ਬਿਰਲਾ ਸੀਡ ਫਾਰਮ ਦੇ ਮਜ਼ਦੂਰਾਂ ਨੇ ਹੜਤਾ਼ਲ ਕੀਤੀ ਸੀ। ਹੜਤਾ਼ਲ ਨੂੰ ਤੁੜਵਾਉਣ ਵਾਲੇ ਅਨਸਰਾਂ ਦੀ ਇਨਕਲਾਬੀ ਕਾਰਕੁੰਨਾਂ ਨੇ ਕੁੱਟ ਮਾਰ ਕਰ ਦਿੱਤੀ। ਇਸ ਨਾਲ ਪੁਲਸ ਨੇ ਵੀ ਲੋਕਾਂ ਉੱਪਰ ਅੰਨ੍ਹਾਂ ਤਸ਼ੱਦਦ ਆਰੰਭ ਦਿੱਤਾ। ਚਮਕੌਰ ਸਾਹਿਬ ਦੇ ਥਾਣੇਦਾਰ ਨੇ ਇੱਕ ਇਨਕਲਾਬੀ ਸਾਥੀ ਹਰਦੇਵ ਸਿੰਘ ਦੀ ਕੁੱਟ ਕੁੱਟ ਕੇ ਬਾਂਹ ਤੋੜ ਦਿੱਤੀ ਸੀ। ਉਸ ਥਾਣੇਦਾਰ ਦੇ ਸਫ਼ਾਏ ਦਾ ਫ਼ੈਸਲਾ ਲਿਆ ਗਿਆ। ਗੁਰੀਲਾ ਜੱਥਾ ਥਾਣੇ ਦੇ ਅੰਦਰ ਵੀ ਚਲਾ ਗਿਆ।'

ਇਸ ਦੇ ਫੇਲ੍ਹ ਹੋਣ ਬਾਰੇ ਆਤਮ ਆਲੋਚਨਾ ਵੀ ਛਪੀ ਸੀ-'ਹਮਲੇ ਦਾ ਐਕਸ਼ਨ ਉਲੀਕਿਆ ਗਿਆ ਸੀ ਕਿ ਜਦੋਂ ਗੁਰੀਲੇ ਐਕਸ਼ਨ ਕਰ ਚੁੱਕਣ ਤਾਂ ਡਿਊਟੀ ਵਾਲਾ ਸਾਥੀ ਫੌਰੀ ਤੌਰ 'ਤੇ ਬਿਜਲੀ ਬੰਦ ਕਰ ਦੇਵੇ। ਹੋਇਆ ਇਹ ਕਿ ਉਸ ਹਰਫ਼ਲੇ ਹੋਏ ਸਾਥੀ ਨੇ ਐਕਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਹੀ ਬਿਜਲੀ ਬੰਦ ਕਰ ਦਿੱਤੀ। ਪੁਲਸੀਏ ਮੇਜਾਂ ਹੇਠ ਲੁਕ ਗਏ ਜਾਂ ਆਪਣੇ ਕਮਰਿਆਂ ਵਿਚ ਵੜ ਗਏ। ਅੰਦਰ ਹਨ੍ਹੇਰਾ ਹੋਣ ਕਰਕੇ ਤਲਵਿੰਦਰ ਸਿੰਘ ਨਾਂ ਦਾ ਕਾਰਕੁੰਨ ਬਾਹਰ ਨਿੱਕ਼ਲਣ ਦਾ ਰਾਹ ਨਾ ਲੱਭ ਸਕਿਆ। ਉਹ ਪੁਲਸ ਦੇ ਹੱਥ ਆ ਗਿਆ। ਉਸ ਉੱਪਰ ਅੰਨ੍ਹਾਂ ਤਸ਼ੱਦਦ ਕੀਤਾ ਗਿਆ ਤੇ ਉਸ ਦੁਆਰਾ ਕੀਤੀਆਂ ਨਿਸ਼ਾਨਦਈਆਂ 'ਤੇ ਬਹੁਤ ਸਾਰੇ ਹਮਦਰਦਾਂ 'ਤੇ ਬੇਤਹਾਸ਼ਾ ਕਹਿਰ ਟੁੱਟਿਆ। ਵੱਡਾ ਮੁੱਲ ਤਾਰ ਕੇ ਐਕਸ਼ਨ ਅਸਫ਼ਲ ਰਿਹਾ।'

ਪੁਲਸ ਇੰਸਪੈਕਟਰ ਪ੍ਰਿਥੀਪਾਲ ਸਿੰਘ ਅਤੇ ਡੀ.ਐੱਸ.ਪੀ. ਸਿਕੰਦਰ ਸਿੰਘ ਦਾ ਸਫ਼ਾਇਆ ਕਰ ਦਿੱਤਾ ਗਿਆ। ਗੁਰੀਲੇ ਕਿਵੇਂ ਸਿਕੰਦਰ ਸਿੰਘ ਦੀ ਕੋਠੀ ਵਿਚ ਪਹੁੰਚੇ? ਬਗ਼ੀਚੀ ਵਿਚ ਲੁਕ ਕੇ ਬੈਠੇ। ਕੇਸੀਂ ਅਸ਼ਨਾਨ ਕਰਕੇ ਵਾਲ ਸੁਕਾਉਂਦਾ ਸ਼ਿਕਾਰ ਕ੍ਰਾਂਤੀਕਾਰੀਆਂ ਦੇ ਅੜਿੱਕੇ ਚੜ੍ਹ ਗਿਆ। ਖ਼ੁਦ ਨਾਜ਼ਮ ਨੇ ਸਟੇਨ ਗੰਨ ਦਾ ਬਰਸਟ ਮਾਰ ਕੇ ਉਸਨੂੰ ਪਾਰ ਬੁਲਾਇਆ।

ਇਸੇ ਤਰ੍ਹਾਂ ਪੁਲਸ ਟਾਊਟਾਂ ਦੇ ਸਫ਼ਾਏ ਦੀ ਲਹਿਰ ਵਿਚ ਜਲੰਧਰ ਜ਼ਿਲ੍ਹੇ ਦੇ ਪੁਲਸ ਮੁਖ਼ਬਰ ਮਿਲਖੀ ਸਿੰਘ, ਆਤਮਾ ਸਿੰਘ, ਖੁਸ਼ਹਾਲ ਸਿੰਘ, ਲੰਬਰਦਾਰ ਅਜੀਤ ਸਿੰਘ, ਤਾਰਾ ਸਿੰਘ, ਪੈਪਸੂ ਇੰਡਸਟਰੀ ਦਾ ਮਾਲਕ ਰਤਨ ਸਿੰਘ ਤੇ ਉਸ ਦੇ ਦੋਸਤ ਸਤਨਾਮ ਸਿੰਘ ਗੁਰੀਲਿਆਂ ਨੇ ਪਾਰ ਬੁਲਾ ਦਿੱਤੇ। ਨੂਰਮਹਿਲ ਦੇ ਇਲਾਕੇ ਵਿਚ ਇਕ ਗੁਰੀਲਾ ਪੁਲਸ ਦੇ ਅੜਿੱਕੇ ਆ ਗਿਆ ਤਾਂ ਉਸ ਨੇ ਆਪਣੀ ਕੱਛ ਵਿਚ ਛੁਪਾਇਆ ਬੰਬ ਚਲਾ ਕੇ ਆਪ ਹੀ ਸ਼ਹੀਦੀ ਪ੍ਰਾਪਤ ਕਰ ਲਈ ਤੇ ਇਕ ਇੰਸਪੈਕਟਰ ਅਤੇ ਤਿੰਨ ਸਿਪਾਹੀਆਂ ਨੂੰ ਪਾਰ ਬੁਲਾ ਦਿੱਤਾ। ਇਸ ਦੇ ਨਾਲ ਹੀ ਬਦਲੇ ਵਿਚ ਪੁਲਸ ਨੇ ਗੁਰੀਲਿਆਂ ਤੇ ਖੁੱਲ੍ਹੇ ਹਮਦਰਦਾਂ ਨੂੰ ਚੁਣ-ਚੁਣ ਕੇ ਝੂਠੇ ਪੁਲਸ ਮੁਕਾਬਲਿਆਂ ਵਿਚ ਮਾਰਨਾ ਆਰੰਭ ਦਿੱਤਾ। ਇੱਥੋਂ ਤੱਕ ਕਿ ਕਈ ਬੇਕਸੂਰ ਰਿਸ਼ਤੇਦਾਰ ਅਤੇ ਕੁੜੀਆਂ ਦੇ ਪ੍ਰਾਹੁਣੇ ਵੀ ਝੂਠੇ ਪੁਲਸ ਮੁਕਾਬਲਿਆਂ ਦੀ ਭੇਟ ਚੜ੍ਹ ਗਏ। ਜੇ ਗੁਰੀਲੇ ਇੱਕ ਵਿਅਕਤੀ ਉੱਪਰ ਐਕਸ਼ਨ ਕਰਦੇ, ਤਾਂ ਪੁਲਸ ਰਾਹੀਂ ਚਾਰ ਪੰਜ ਵਿਅਕਤੀ ਝੂਠੇ ਮੁਕਾਬਲੇ ਵਿਚ ਮਾਰ ਦਿੱਤੇ ਜਾਂਦੇ।

ਇਨ੍ਹਾਂ ਆਗੂਆਂ ਦੀ ਸਮਝ ਮੁਤਾਬਿਕ ਹਰੇਕ ਵਿਅਕਤੀ ਨੂੰ ਉਹਦੇ ਵਿਤ ਮੁਤਾਬਕ ਥਾਂ ਦਿੱਤੀ ਜਾਵੇ। 70ਵਿਆਂ ਦੇ ਪਹਿਲੇ ਸਾਲਾਂ ਵਿਚ ਇਸ ਗਰੁੱਪ ਨੂੰ ਖੜ੍ਹਨ ਜੋਗੀ ਧਰਤੀ ਮਿ਼ਲ ਗਈ। ਪਿੰਡਾਂ ਵਿਚ ਨੌਜੁਆਨ ਭਾਰਤ ਸਭਾਵਾਂ ਦਾ ਜਾ਼ਲ ਵਿਛਣ ਲੱਗਿਆ। ਵਾਹੀਕਾਰਾ ਯੂਨੀਅਨ ਦੀਆਂ ਇਕਾਈਆਂ ਉਸਰਨ ਲੱਗੀਆਂ। ਗੁਰਸ਼ਰਨ ਸਿੰਘ ਭਾਅ ਜੀ ਆਪਣੀ ਵੱਡੀ ਅਫ਼ਸਰੀ ਛੱਡ ਕੇ ਨਾਟਕ ਮੰਚਨ ਦੇ ਮੈਦਾਨ ਵਿਚ ਕੁੱਦ ਪਏ। ਪਿੰਡਾਂ ਵਿਚ ਉਨ੍ਹਾਂ ਦੇ ਨਾਟਕਾਂ ਦੀਆਂ ਧੁੰਮਾਂ ਪੈ ਰਹੀਆਂ ਸਨ। ਮੀਂਹ ਦੇ ਛਰਾਟੇ ਵਾਂਗ ਥਾਂ-ਥਾਂ ਤੋਂ ਸਾਹਿਤਕ ਰਸਾਲੇ ਉਗਮ ਪਏ। ਅਮਰਜੀਤ ਚੰਦਨ ਨੇ 'ਦਸਤਾਵੇਜ਼' ਨਾਂ ਦਾ ਹੱਥ-ਲਿਖਤ ਸਾਇਕਲੋਸਟਾਈਲ ਪਰਚਾ ਆਰੰਭ ਦਿੱਤਾ ਸੀ। ਗੁਰਸ਼ਰਨ ਭਾਅ ਜੀ ਦੇ ਦਫ਼ਤਰ ਵਿਚ ਚੰਦਨ ਹੈਂਡ ਗਰਨੇਡ ਘੁਮਾਉਂਦਾ ਫੜਿਆ ਗਿਆ। ਉਸ ਨੂੰ ਵੀ ਨਾਗੀ ਰੈਡੀ ਵਾ਼ਲੀ ਲਾਈਨ ਪਸੰਦ ਸੀ। ਭਾਅ ਜੀ ਨੇ ਪੁਲਸ ਨੂੰ ਵਰਜ ਦਿੱਤਾ ਕਿ ਇਹ ਛੋਟੇ ਪੁਲਸ ਅਫ਼ਸਰ ਕਾਨੂੰਨੀ ਤੌਰ 'ਤੇ ਉਨ੍ਹਾਂ ਦੀ ਗ੍ਰਿਫ਼ਤਾਰੀ ਨਹੀਂ ਕਰ ਸਕਦੇ। ਆਖ਼ਰ ਉਹ ਪੰਜਾਬ ਦੇ ਨਹਿਰੀ ਵਿਭਾਗ ਦੇ ਉੱਚੇ ਅਹੁਦੇ 'ਤੇ ਬਿਰਾਜਮਾਨ ਸਨ। ਉੱਪਰੋਂ ਸਰਕਾਰੀ ਪ੍ਰਵਾਨਗੀ ਤੋਂ ਬਾਅਦ ਹੀ ਉਨ੍ਹਾਂ ਦੀ ਗ੍ਰਿਫ਼ਤਾਰੀ ਸੰਭਵ ਹੋ ਸਕਦੀ ਸੀ।

ਅਜਿਹੇ ਸਮਿਆਂ ਵਿਚ ਪੰਜਾਬ ਦੀਆਂ ਸਾਹਿਤਕ ਜਾਂ ਇਨਕਲਾਬੀ ਸਟੇਜਾਂ ਉੱਪਰ ਮੇਰੀਆਂ ਕਵਿਤਾਵਾਂ ਰੰਗ ਖਿੜਾ ਰਹੀਆਂ ਸਨ। ਥਾਂ-ਥਾਂ ਤੋਂ ਛਪਦੇ ਮੈਗਜ਼ੀਨਾਂ ਵਿਚ ਮੇਰੀਆਂ ਕਹਾਣੀਆਂ ਛਪ ਰਹੀਆਂ ਸਨ। ਕਾਲ਼ਿਆ ਸੰਘਿਆ ਦੇ ਇੱਕ ਸਮਾਗਮ ਵਿਚ ਜਦ ਮੈਂ ਆਪਣੀ ਕਵਿਤਾ ਬੋਲ ਕੇ ਹੇਠਾਂ ਉੱਤਰਿਆ ਤਾਂ ਗੁਰਸ਼ਰਨ ਭਾਅ ਜੀ ਮੈਨੂੰ ਕਹਿਣ ਲੱਗੇ-'ਕਿੰਨੀਆਂ ਕੁ ਕਹਾਣੀਆਂ ਹੋ ਗਈਆਂ ਤੇਰੇ ਕੋ਼ਲ? ਪੰਦਰਾਂ ਅਠਾਰਾਂ ਕੁ ਤਾਂ ਹੋਣਗੀਆਂ ਭਾਅ ਜੀ। ਮੈਂ ਕਿਹਾ।

'ਸਾਰੀਆਂ ਮੇਰੇ ਕੋ਼ਲ ਭੇਜ ਦੇ।' ਉਨ੍ਹਾਂ ਦੀ ਹਦਾਇਤ ਤੋਂ ਬਾਅਦ ਮੈਂ ਖ਼ਾਲਸਾ ਨਿਵਾਸ ਜਾ ਕੇ ਕਹਾਣੀਆਂ ਦੇ ਆਇਆ ਸਾਂ। 1972 ਵਿਚ ਉਨ੍ਹਾਂ ਨੇ ਮੇਰੀ ਪਹਿਲੀ ਕਿਤਾਬ ਮਾਸ-ਖੋਰੇ ਛਾਪ ਕੇ ਪਹਿਲਾ ਪੁਰਸਕਾਰ ਮੇਰੀ ਝੋ਼ਲੀ ਪਾ ਦਿੱਤਾ ਸੀ। ਇਸ ਕਹਾਣੀ ਸੰਗ੍ਰਹਿ ਨੂੰ ਇਸ ਗਰੁੱਪ ਦੇ ਪਾਠਕ ਵਰਗ ਨੇ ਬੜਾ ਹੀ ਮਾਣ ਬਖ਼ਸ਼ਿਆ।

ਚਾਰੂ ਮੌਜ਼ੂਮਦਾਰ ਦੀ ਖਾੜਕੂ ਹਥਿਆਰਬੰਦ ਲਾਈਨ ਦੇ ਉ਼ਲਟ ਪੱਖ ਲੈਣਾ ਇਸ ਧਿਰ ਦੇ ਰਾਹ ਵਿਚ ਔਕੜਾਂ ਦੇ ਪਹਾੜ ਲਈ ਖੜ੍ਹਾ ਸੀ। ਜੇ ਹਥਿਆਬੰਦ ਲਾਈਨ ਦਾ ਵਿਰੋਧ ਕਰਨਾ ਹੈ ਤਾਂ ਕੁੱਝ ਵੱਡਾ ਕਰਕੇ ਦਿਖਾਉਣ ਦੀ ਜ਼ਰੂਰਤ ਸੀ। ਇਸ ਲਈ ਇਸ ਗਰੁੱਪ ਦੀ ਅਗਵਾਈ ਲੋਕ ਜੱਥੇਬੰਦੀਆਂ ਉਸਾਰਨ ਉੱਪਰ ਜ਼ੋਰ ਦਿੱਤਾ ਜਾਣਾ ਜ਼ਰੂਰੀ ਸੀ। ਜਿਵੇਂ ਕਿ ਪਹਿਲਾਂ ਵੀ ਜ਼ਿਕਰ ਆ ਚੁੱਕਾ ਹੈ ਕਾਲਜਾਂ ਯੂਨੀਵਰਸਿਟੀਆਂ ਦੇ ਨੌਜੁਆਨ ਜਨਤਕ ਲਾਈਨ ਨਾਲ ਵੱਡੀ ਪੱਧਰ 'ਤੇ ਜੁੜ ਰਹੇ ਸਨ। ਪਿੰਡਾਂ ਵਿਚ ਸ਼ਹੀਦ ਭਗਤ ਸਿੰਘ ਨੂੰ ਯਾਦ ਕਰਦਿਆਂ ਨੌਜੁਆਨ ਭਾਰਤ ਸਭਾਵਾਂ ਉਸਾਰਨ ਉੱਪਰ ਜ਼ੋਰ ਦਿੱਤਾ ਗਿਆ ਸੀ। ਵਿਦਿਆਰਥੀ ਯੂਨੀਅਨਾਂ ਦੀਆਂ ਇਕਾਈਆਂ ਲੱਗਪੱਗ ਹਰ ਕਾਲਜ, ਯੂਨੀਵਰਸਿਟੀ ਵਿਚ ਕਾਇਮ ਹੋ ਚੁੱਕੀਆਂ ਸਨ। ਕਿਸਾਨੀ ਨੂੰ ਜਗਾਉਣ ਦੀ ਜ਼ਰੂਰਤ ਸੀ। ਕਿਸਾਨੀ ਨੇ ਹੀ ਤਾਂ ਜਗੀਰਦਾਰੀ ਦੇ ਵਿਰੁੱਧ ਇਨਕਲਾਬੀ ਧਿਰ ਬਣ ਕੇ ਉੱਭਰਨਾ ਸੀ। ਇਸ ਲਈ ਕਲਾ ਜੱਥੇ ਤਿਆਰ ਕਰਨ ਦੀ ਲੋੜ ਮਹਿਸੂਸ ਕੀਤੀ ਗਈ। ਬਠਿੰਡੇ ਦੀ ਪੇਂਡੂ ਨਾਟਕ ਮੰਡ਼ਲੀ ਉਸ ਨੀਤੀ ਦੀ ਦੇਣ ਸੀ। ਘੁੱਦੇ ਦੇ ਮਾਸਟਰ ਬੱਗਾ ਸਿੰਘ, ਅੱਜ ਪ੍ਰਧਾਨ ਜਮਹੂਰੀ ਅਧਿਕਾਰ ਸਭਾ, ਪੰਜਾਬ, ਬਠਿੰਡਾ ਇਕਾਈ, ਬੂਟਾ ਰਾਮ ਗਹਿਰੀ ਅੱਖ (ਉਸ ਦੀ ਪਹਿਲੀ ਕਾਵਿ ਪੁਸਤਕ ਇਸ ਸਿਰਲੇਖ ਹੇਠ ਛਪੀ ਸੀ), ਨਥਾਣੇ ਤੋਂ ਹਰਿਆਣੇ ਵਿਚ ਰਣੀਆ ਖੇਤਰ ਵਿਚ ਤਾਇਨਾਤ ਸੈਨੇਟਰੀ ਇੰਸਪੈਕਟਰ ਬੂਟਾ ਸਿੰਘ, ਰਾਮੇ ਤੋਂ, ਗੁਰਦਿਆਲ ਸਿਘ ਰਾਮਣਵਾਸ, ਬੰਤ ਸਿੰਘ ਭੁੱਚੋ ਖ਼ੁਰਦ, ਮਹਿੰਦਰ ਸਿੰਘ, ਜੱਸੀ ਪਾਉ ਵਾ਼ਲੀ ਤੋਂ ਮੰਦਰ ਰਾਹੀ, ਭੁੱਚੋ ਖ਼ੁਰਦ ਤੋਂ ਦਲੀਪ ਸਿੰਘ ਆਦਿ ਇਹ ਨਾਟਕ ਮੰਡਲੀ ਪਿੰਡਾਂ ਨੂੰ ਜਗਾਉਣ ਤੁਰੀ ਹੋਈ ਸੀ।

ਮੈਂ ਕਿਉਂਕਿ ਕਵਿਤਾ ਬਹੁਤ ਮਿੱਠੀ ਸੁਰ ਵਿਚ ਤਰੰਨਮ ਵਿਚ ਗਾ ਕੇ ਬੋਲਦਾ ਸਾਂ। ਜੱਥੇਬੰਦੀ ਮੇਰੇ ਇਸ ਗੁਣ ਦੀ ਵੀ ਵਰਤੋਂ ਕਰਨ ਨੂੰ ਤਰਜੀਹ ਦੇਣ ਲੱਗੀ। ਥੋੜ੍ਹਾ-ਬਹੁਤਾ ਬੈਂਜੋ ਉੱਪਰ ਵੀ ਮੇਰਾ ਹੱਥ ਚੱਲਦਾ ਸੀ। ਮੈਨੂੰ ਇਸ ਕਲਾ ਨੂੰ ਵਿਕਸਤ ਕਰਨ ਦੀ ਹਦਾਇਤ ਹੋਈ। ਮੈਂ ਅਗਲੇ ਦਿਨ ਹੀ ਅੰਮ੍ਰਿਤਸਰ ਦੀ ਬੱਸ ਫੜੀ ਤੇ ਬਾਜ਼ਾਰ ਮਾਈ ਸੇਵਾਂ ਤੋਂ ਦੋ ਢੱਡਾਂ ਖ਼ਰੀਦ ਲਿਆਇਆ। ਢਾਡੀ ਜੱਥਾ ਤਿਆਰ ਕਰਨ ਲਈ ਮੁੰਡਿਆਂ ਦੀ ਚੋਣ ਕੀਤੀ ਜਾਣ ਲੱਗੀ। ਉਨ੍ਹੀਂ ਦਿਨੀਂ ਹੀ ਮੈਂ ਢਾਡੀ ਜੱਥਾ ਤਿਆਰ ਕੀਤਾ ਸੀ। ਮੇਰੀ ਰਗ ਬੜੀ ਸਾਫ਼ ਤੇ ਸੁਰਬੱਧ ਸੀ। ਆਪ ਵੀ ਮੈਂ ਗੁਰਦੁਆਰੇ ਦੀਆਂ ਸਟੇਜਾਂ ਉੱਪਰ ਬੈਂਜੋ 'ਤੇ ਧਾਰਮਕ ਗੀਤ ਗਾਉਂਦਾ ਰਿਹਾ ਸਾਂ। ਲੋਕ ਧੁਨਾਂ 'ਤੇ ਮੈਂ ਚੰਗੇ ਗੀਤ ਲਿਖ ਲੈਂਦਾ ਸਾਂ। ਇਸ ਤੋਂ ਇਲਾਵਾ ਲੋਕ ਧੁਨਾਂ ਖ਼ਾਸ ਕਰਕੇ ਢਾਡੀ ਦੇ ਗੀਤ ਕਲੀਆਂ ਅਮਰ ਸਿੰਘ ਸ਼ੌਕੀ ਦੀ ਗਾਇਨ ਸ਼ੈਲੀ ਮੇਰੀ ਚਾਹਤ ਸੀ। ਬੈਂਜੋ ਉੱਪਰ ਤਾਂ ਮੇਰੀਆਂ ਉਂਗ਼ਲਾਂ ਵਾਹਵਾ ਚੱਲਦੀਆਂ ਸਨ ਪਰ ਢੱਡਾਂ ਵਜਾਉਣ ਵਾਲੇ ਕਿਵੇਂ ਤਿਆਰ ਕੀਤੇ ਜਾਣ, ਇਹ ਸਮੱਸਿਆ ਸੀ। ਸੋਹੀ ਮੇਰੇ ਕੋ਼ਲੋਂ ਪਤਾ ਕਰਦਾ ਰਹਿੰਦਾ ਸੀ। ਇਸ ਸਮੱਸਿਆਂ ਦਾ ਹੱਲ ਜੱਥੇਬੰਦੀ ਨੇ ਕੱਢ ਲਿਆ। ਮੈਨੂੰ ਦੋ ਲੜਕੇ ਹਰਦੀਪ ਮਹਿਣਾ ਤੇ ਬੰਤ ਸਿੰਘ ਭੁੱਚੋ ਖ਼ੁਰਦ ਦਿੱਤੇ ਗਏ। ਮੈਂ ਢੱਡਾਂ ਦੀ ਆਵਾਜ਼ ਮੂੰਹ ਨਾਲ ਸਹੀ ਕੱਢ ਸਕਦਾ ਸਾਂ। ਸੋ ਬਾਜ਼ਾਰ ਮਾਈ ਸੇਵਾ ਦੀ ਮਿਊਜ਼ਿਕ ਦੀ ਦੁਕਾਨ ਤੋਂ ਦੋ ਢੱਡਾਂ ਖ਼ਰੀਦ ਲਿਆਇਆ। ਹਰਭਜਨ ਨੂੰ ਇਹ ਜਾਣ ਕੇ ਬਹੁਤ ਖ਼ੁਸ਼ੀ ਹੋਈ। ਇਸ ਨਾਲ ਪੇਂਡੂ ਨਾਟਕ ਮੰਡ਼ਲੀ ਵਿਚ ਚੰਗੀ ਜਾਨ ਪੈ ਜਾਣੀ ਸੀ। ਪਹਿਲਾਂ ਮੈਂ ਆਪ ਢੱਡਾਂ ਉੱਪਰ ਅਭਿਆਸ ਕੀਤਾ ਕਿਵੇਂ ਦਮ ਕਿਵੇਂ ਦੱਬਣਾ ਹੈ, ਜਿਸ ਨਾਲ ਤਿੱਖੀ ਤੇ ਭਾਰੀ ਆਵਾਜ਼ ਪੈਦਾ ਹੋਣੀ ਹੁੰਦੀ ਹੈ। ਮੂੰਹ ਨਾਲ ਉਹੀ ਆਵਾਜ਼ ਕੱਢ ਲੈਣ ਦਾ ਗੁਰ ਕੰਮ ਆਇਆ। ਕੁੱਝ ਹੀ ਦਿਨਾਂ ਵਿਚ ਮੈਂ ਢੱਡ ਉੱਪਰ ਵੀ ਉਹੀ ਆਵਾਜ਼ ਕੱਢਣ ਦੇ ਸਮਰੱਥ ਹੋ ਗਿਆ। ਭੁੱਚੋ ਕਲਾਂ ਮੇਰੀ ਨੌਕਰੀ ਚੱਲ ਰਹੀ ਸੀ ਤੇ ਮੈਂ ਇੱਕ ਧਰਮਸ਼ਾਲਾ ਵਿਚ ਰਹਿੰਦਾ ਸਾਂ। ਆਥਣ ਵੇ਼ਲੇ ਬੰਤ ਭੁੱਚੋ ਖ਼ੁਰਦ ਅਤੇ ਹਰਦੀਪ ਮਹਿਣਾ ਮੇਰੇ ਕੋ਼ਲ ਆ ਜਾਂਦੇ। ਵੱਡੀ ਰਾਤ ਤੱਕ ਅਸੀਂ ਅਭਿਆਸ ਕਰਦੇ ਰਹਿੰਦੇ। ਉਹ ਕਦੇ ਮੇਰੇ ਕੋ਼ਲ ਰਹਿ ਪੈਂਦੇ ਕਦੇ ਵਾਪਸ ਘਰਾਂ ਨੂੰ ਪਰਤ ਜਾਂਦੇ। ਕੁੱਝ ਹੀ ਦਿਨਾਂ ਵਿਚ ਉਨ੍ਹਾਂ ਨੂੰ ਦਮ ਦੱਬਣ ਦੀ ਜਾਚ ਆ ਗਈ। ਅਮਰ ਸਿੰਘ ਸ਼ੌਕੀ ਦੇ ਗੀਤਾਂ ਦੀ ਤਰਜ਼ 'ਤੇ ਲਿਖੇ ਮੇਰੇ ਗੀਤ ਹੁਣ ਢੱਡ ਬੈਂਜੋ 'ਤੇ ਬੋਲੇ ਜਾਣ ਲੱਗੇ। ਜਿੱਥੇ ਨੌਜੁਆਨ ਭਾਰਤ ਸਭਾ ਵੱਲੋਂ ਪ੍ਰੋਗਰਾਮ ਕਰਾਇਆ ਜਾਣਾ ਹੁੰਦਾ ਮੈਂ ਉੱਥੇ ਆਪਣੀ ਬੈਂਜੋ ਲੈ ਕੇ ਪਹੁੰਚ ਜਾਂਦਾ। ਹਰਦੀਪ ਮਹਿਣਾ ਤੇ ਬੰਤ ਭੁੱਚੋ ਖ਼ੁਰਦ ਕਿਉਂਕਿ ਨਾਟਕ ਮੰਡਲੀ ਦੇ ਵੀ ਪਾਤਰ ਸਨ, ਉਹ ਪਹਿਲਾਂ ਹੀ ਪਹੁੰਚੇ ਹੁੰਦੇ। ਸ਼ੁਰੂਆਤੀ ਲਈ ਸਾਨੂੰ ਸਟੇਜ 'ਤੇ ਚੜ੍ਹਾਇਆ ਜਾਂਦਾ। ਮੈਂ ਪਹਿਲਾਂ ਕੁੱਝ ਚਿਰ ਲਈ ਬੈਂਜੋ ਉੱਪਰ ਕੋਈ ਧੁਨ ਵਜਾਉਂਦਾ। ਫਿਰ ਅਸਲੀ ਗੀਤ ਦੀਆਂ ਸੁਰਾਂ 'ਤੇ ਉਂਗ਼ਲਾਂ ਨੱਚਣ ਲੱਗਦੀਆਂ। ਨਾਟਕ ਸ਼ੁਰੂ ਹੋਣ ਤੋਂ ਪਹਿਲਾਂ ਜਾਂ ਬਾਅਦ ਦੇ ਖਾਲੀ ਸਮੇਂ ਵਿਚ ਅਸੀਂ ਕਿਸਾਨੀ ਨੂੰ ਜਗਾਉਣ ਲਈ ਆਪਣੇ ਗੀਤਾਂ ਦਾ ਰੰਗ ਬੰਨ੍ਹਦੇ।

ਪੇਂਡੂ ਨਾਟਕ ਮੰਡ਼ਲੀ ਦੀ ਵੀ ਪਿੰਡਾਂ ਵਿਚ ਤੂਤੀ ਬੋਲਣ ਲੱਗੀ। ਪਗੜੀ ਸੰਭਾਲ ਜੱਟਾ, ਮੇਰਾ ਲਿਖਿਆ ਨਾਟਕ ਸ਼ਹੀਦ ਭਗਤ ਸਿੰਘ, ਜਿਸ ਵਿਚ ਮੇਰੀ ਸਲਾਹ ਨਾਲ ਫਾਂਸੀ ਦੇਣ ਦਾ ਹੂਬਹੂ ਦ੍ਰਿਸ਼ ਪੇਸ਼ ਕੀਤਾ ਗਿਆ ਸੀ (ਤਿਨਾਂ ਪਾਤਰਾਂ ਦੀਆਂ ਕੱਛਾਂ ਹੇਠ ਦੀ ਮੋਢਿਆਂ ਤੋਂ ਬੈਲਟਾਂ ਪਾ ਕੇ ਗਲ ਵਿਚ ਫਾਂਸੀ ਦਾ ਫੰਧਾ ਪਾਇਆ ਜਾਂਦਾ, ਜਦੋਂ ਪੈਰਾਂ ਹੇਠੋਂ ਫੱਟਾ ਖਿੱਚਿਆ ਜਾਂਦਾ ਤਾਂ ਸਾਰਾ ਵਜ਼ਨ ਬੈਲਟਾਂ ਉੱਪਰ ਤੁਲ ਜਾਂਦਾ ਸੀ। ਤਿੰਨੋ ਪਾਤਰ ਆਪਣੀਆਂ ਧੌਣਾਂ ਇੱਕ ਪਾਸੇ ਸੁੱਟ ਲੈਂਦੇ ਸਨ। ਪਰ ਇਹ ਨਾਟਕ ਇੱਕ ਰਾਤ ਬੱਗਾ ਸਿੰਘ ਦੇ ਘਰ ਉਸ ਦੇ ਕਹਿਣ ਅਨੁਸਾਰ ਮੋਮਬੱਤੀ ਦੀ ਭੇਟ ਚੜ੍ਹ ਗਿਆ ਸੀ।

ਕਾਮਰੇਡ ਹੋਚੀ ਮਿੰਨ੍ਹ ਦੀ ਕਮਾਂਡ ਹੇਠ ਵੀਅਤਨਾਮੀ ਜਨਤਾ ਅਮਰੀਕਨ ਸਾਮਰਾਜ ਵਿਰੁੱਧ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਹੀ ਸੀ। ਵੀਅਤਨਾਮੀ ਗੁਰੀਲਿਆਂ ਦੇ ਕਾਰਨਾਮੇ ਕਾਮਰੇਡ ਮੇਘ ਸਾਨੂੰ ਸੁਣਾਉਂਦਾ ਕਿ ਕਿਵੇਂ ਬੰਬਾਂ ਦੇ ਅੱਗ ਦੇ ਲੂੰਬਿਆਂ ਦੀ ਛਾਂ ਹੇਠ ਮੁੱਠੀ ਭਰ ਗੁਰੀਲੇ ਹਜ਼ਾਰਾਂ ਅਮਰੀਕਨ ਕਠਪੁਤਲੀ ਸਿਪਾਹੀਆਂ ਦੇ ਛੱਕੇ ਛੁਡਾ ਰਹੇ ਹਨ। ਇੱਕ ਵਾਰ ਉਸ ਨੇ ਵੀਅਤਨਾਮੀ ਗੁਰੀਲਿਆਂ ਦੇ ਲੜਾਈ ਦੇ ਯੁੱਧ ਪੇਚਕ ਦਾਅ ਬਿਆਨ ਕੀਤੇ ਕਿ ਕਿਵੇਂ ਉਨ੍ਹਾਂ ਨੇ ਮਧੂ-ਮੱਖੀਆਂ ਨੂੰ ਹੀ ਆਪਣੇ ਮਿੱਤਰ ਤੇ ਅਮਰੀਕਨ ਸਿਪਾਹੀਆਂ ਦੀਆਂ ਦੁਸ਼ਮਣ ਬਣਾ ਦਿੱਤੀਆਂ ਹਨ। ਵੀਅਤਨਾਮੀ ਗੁਰੀਲੇ ਮਾਰੇ ਗਏ ਅਮਰੀਕਨ ਸਿਪਾਹੀਆਂ ਦੀਆਂ ਵਰਦੀਆਂ ਵਿਚ ਘਾਹ ਫੂਸ ਭਰ ਕੇ ਰੱਸੀਆਂ ਨਾਲ ਬੰਨ੍ਹ ਲੈਂਦੇ ਹਨ ਤੇ ਮਧੂ-ਮੱਖੀਆਂ ਦੇ ਛੱਤਿਆਂ ਵਿਚ ਲਿਜਾ ਮਾਰਦੇ ਹਨ। ਡੂਮਣੇ ਦੀਆਂ ਮੱਖੀਆਂ ਵਰਦੀ ਨੂੰ ਚਿੰਬੜ ਜਾਂਦੀਆਂ ਹਨ। ਗੁਰੀਲੇ ਵਰਦੀ ਨੂੰ ਲੈ ਕੇ ਜੰਗਲ ਵਿਚ ਭੱਜ ਨਿੱਕ਼ਲਦੇ ਹਨ। ਮੱਖੀਆਂ ਵੀ ਤਬੂਤਾਂ ਦਾ ਪਿੱਛਾ ਕਰਦੀਆਂ ਦੁਸ਼ਮਣ ਉੱਪਰ ਟੁੱਟ ਪੈਂਦੀਆਂ ਹਨ। ਵਾਰ ਵਾਰ ਸਤਾਈਆਂ ਮੱਖੀਆਂ ਅਮਰੀਕਨ ਖ਼ੂਨ ਦੀ ਮਹਿਕ ਨੂੰ ਪਛਾਣ ਜਾਂਦੀਆਂ ਹਨ। ਫਿਰ ਜਦ ਵੀ ਅਮਰੀਕਨ ਫੌਜੀ ਵੀਅਤਨਾਮੀ ਗੁਰੀਲਿਆਂ ਦਾ ਪਿੱਛਾ ਕਰਦੇ ਜੰਗਲ ਵਿਚੋਂ ਲੰਘਦੇ ਹਨ ਤਾਂ ਮੱਖੀਆਂ ਉਨ੍ਹਾਂ ਉੱਪਰ ਟੁੱਟ ਪੈਂਦੀਆਂ ਹਨ। ਦੂਜੇ ਬੰਨੇ ਇਸ ਤਰ੍ਹਾਂ ਘਿਰੇ ਅਮਰੀਕਨ ਫੌਜੀਆਂ ਉੱਪਰ ਵੀਅਤਨਾਮੀ ਗੁਰੀਲੇ ਤਾਬੜ-ਤੋੜ ਹਮਲੇ ਕਰ ਕੇ ਅਮਰੀਕਨਾ ਨੂੰ ਮੌਤ ਦੇ ਘਾਟ ਉਤਾਰ ਦਿੰਦੇ ਹਨ। ਬੜੇ ਦਿਲਚਸਪ ਬਿਰਤਾਂਤ ਸੁਣਾਏ ਜਾਂਦੇ ਸਨ। ਇਸੇ ਤਰ੍ਹਾਂ ਦਾ ਇੱਕ ਹੋਰ ਬਿਰਤਾਂਤ ਯਾਦ ਆਉਂਦਾ ਹੈ। ਵੀਅਤਨਾਮੀ ਗੁਰੀਲੇ ਬਾਂਸ ਦੀਆਂ ਤਿੱਖੀਆਂ ਕਲਮਾਂ ਘੜ ਕੇ, ਨੋਕਾਂ ਉੱਪਰ ਕੋਈ ਜ਼ਹਿਰ ਆਦਿ ਲਾ ਕੇ ਜੰਗਲ ਵਿਚ ਗੱਡ ਦਿੰਦੇ ਹਨ। ਜਦੋਂ ਉਨ੍ਹਾਂ ਮਗਰ ਮਧੂਮੱਖੀਆਂ ਪੈ ਜਾਂਦੀਆਂ ਹਨ ਤਾਂ ਕਈ ਵਾਰ ਉਨ੍ਹਾਂ ਦੇ ਭੱਜੇ ਜਾਂਦਿਆਂ ਦੇ ਬੂਟ ਵੀ ਲਹਿ ਜਾਂਦੇ ਹਨ। ਨੰਗੇ ਪੈਰਾਂ ਵਿਚ ਬਾਂਸ ਦੀਆਂ ਕਿੱਲੀਆਂ ਧਸ ਜਾਂਦੀਆਂ ਹਨ ਤੇ ਜ਼ਹਿਰ ਉਨ੍ਹਾਂ ਦੇ ਖ਼ੂਨ ਵਿਚ ਦਾਖ਼ਲ ਹੋ ਜਾਂਦੀ ਹੈ। ਅਨੇਕਾਂ ਹੀ ਅਮਰੀਕਨ ਸਿਪਾਹੀ ਬੀਮਾਰ ਹੋ


ਕੇ ਮੌਤ ਦੇ ਮੂੰਹ ਜਾ ਪੈਂਦੇ ਹਨ। ਇਸ ਤਰ੍ਹਾਂ ਅਮਰੀਕਨ ਸਿਪਾਹੀਆਂ ਦੀਆਂ ਮੌਤਾਂ ਵਿਚ ਹੋਏ ਵਧਾਰੇ ਕਾਰਨ ਅਮਰੀਕਨ ਲੋਕਾਂ ਵਿਚ ਅਮਰੀਕਨ ਨੀਤੀਆਂ ਦਾ ਵਿਰੋਧ ਸ਼ੁਰੂ ਹੋ ਗਿਆ। ਇੱਕ ਦਿਨ ਅਮਰੀਕਨ ਸਾਮਰਾਜ ਉੱਥੋਂ ਪੂਛ ਦਬਾ ਕੇ ਨਿੱਕ਼ਲੇਗਾ। ਇਸ ਤਰ੍ਹਾਂ ਦੇ ਬਿਰਤਾਂਤ ਸਾਡੇ ਮਨਾਂ ਵਿਚ ਜੋਸ਼ ਭਰਦੇ।

ਹਾਕਮ ਸਮ੍ਹਾਉਂ ਦੇ ਗੁਰੀਲਾ ਜਥਿਆਂ ਦੀਆਂ ਸਰਗਰਮੀਆਂ ਹੁਸ਼ਿਆਰਪੁਰ ਤੋਂ ਅੱਗੇ ਹਿਮਾਚਲ ਪ੍ਰਦੇਸ਼ ਦੇ ਇਲਾਕਿਆਂ ਤੱਕ ਜਾ ਅੱਪੜੀਆਂ ਸਨ। ਉਨ੍ਹਾਂ ਦੇ ਗਰੁੱਪਾਂ ਵਿਚ ਪਾਟਕ ਵੀ ਪੈਣ ਲੱਗੇ। ਕੋਈ ਸਰਾਫ਼ ਗਰੁੱਪ ਕਰ ਕੇ ਜਾਣ ਲੱਗਿਆ, ਕਈ ਗਰੁੱਪ ਸੱਤਿਆ ਨਰਾਇਣ ਦੇ ਨਾਂ ਨਾਲ। ਉਨ੍ਹੀਂ ਦਿਨੀਂ ਜਿੰਨੀ ਕੁ ਮੈਨੂੰ ਲਹਿਰ ਦੀ ਜਾਣਕਾਰੀ ਸੀ, ਸਾਡੇ ਪਿੰਡ ਦੇ ਗੋਬਿੰਦਰ ਨਾਗੀ ਰੈਡੀ ਗਰੁੱਪ ਦੀ ਲਾਈਨ ਅਨੁਸਾਰ ਵਾਹੀਕਾਰਾ ਯੂਨੀਅਨ ਦੀਆਂ ਵੀ ਇਕਾਈਆਂ ਉਸਾਰੀਆਂ ਜਾਣ ਲੱਗੀਆਂ। ਨੰਦ ਸਿੰਘ ਮਹਿਤਾ ਦੀ ਅਗਵਾਈ ਵਿਚ ਵੱਡੀ ਸਫ਼ਲਤਾ ਮਿ਼ਲ ਰਹੀ ਸੀ। ਸਾਡਾ ਜੱਥਾ ਇਸ ਉਸਾਰੀ ਵਿਚ ਆਪਣਾ ਬਣਦਾ ਯੋਗਦਾਨ ਪਾ ਰਿਹਾ ਸੀ। ਮੈਨੂੰ ਯਾਦ ਹੈ ਕਿ ਸ਼ਾਇਦ ਇਹ 72-73 ਦਾ ਸਮਾਂ ਸੀ, ਜਸਵੰਤ ਸਿੰਘ ਖਾਲੜਾ ਦੀ ਅਗਵਾਈ ਵਿਚ ਖਾਲੜਾ ਮੰਡੀ ਵਿਚ ਨੌਜੁਆਨ ਭਾਰਤ ਸਭਾ ਦਾ ਡੈਲੀਗੇਟ ਇਜਲਾਸ ਹੋਣਾ ਸੀ। ਗੁਰਸ਼ਰਨ ਭਾਅ ਜੀ ਨੇ ਉੱਥੇ ਨਾਟਕ ਖੇਡਣੇ ਸਨ। ਪੂਰਕ ਜੱਥੇ ਦੇ ਤੌਰ 'ਤੇ ਸਾਨੂੰ ਉਸ ਪ੍ਰੋਗਰਾਮ ਵਿਚ ਪਹੁੰਚਣ ਦਾ ਜੱਥੇਬੰਦੀ ਵੱਲੋਂ ਸੰਦੇਸ਼ ਸੀ। ਭਾਅ ਜੀ ਨੇ ਗਿਆਨੀ ਸੋਹਣ ਸਿੰਘ ਸੀਤਲ ਜੀ ਦੇ ਨਾਵਲ ਤੂਤਾਂ ਵਾਲਾ ਖੂਹ ਆਧਾਰਤ ਨਾਟਕ ਖੇਡਿਆ ਤਾਂ ਸਾਡੇ ਜੱਥੇ ਨੂੰ ਸਟੇਜ ਦਾ ਸੱਦਾ ਆਇਆ। ਉਸ ਵੇ਼ਲੇ ਤੱਕ ਮੰਦਰ ਰਾਹ ਵੀ ਲੱਕੜ ਦੀਆਂ ਠੂਹੀਆਂ ਜਿਹੀਆਂ ਵਿਚ ਸਾਡੇ ਨਾਲ ਘੁੰਗਰੂ ਛਣਕਾ ਕੇ ਤਾਲ ਨਾਲ ਤਾਲ ਮਿਲਾਉਣ ਲੱਗ ਪਿਆ। ਬੈਂਜੋ ਤੋਂ ਬਲੇਡ ਨੇ ਤਾਰਾਂ ਛੇੜੀਆਂ ਤੇ ਢਾਡੀਆਂ ਨੇ ਢੱਡਾਂ ਦੇ ਦਮ ਦੱਬਦਿਆਂ ਤਾਲ ਦਿੱਤਾ ਤਾਂ ਮੇਰੇ ਉੱਪਰ ਵੀ ਨਸ਼ਾ ਜਿਹਾ ਤਾਰੀ ਹੋ ਗਿਆ। 'ਜੱਟਾ ਸੁੱਤੈਂ ਲੰਮੀਆਂ ਤਾਣ ਕੇ ਕਿਸੇ ਕਾ਼ਲੀ ਗ਼ਫ਼ਲਤ ਸੰਗ। ਉਇ ਕਈ ਕੱਕਰ ਸਿਆ਼ਲੇ ਸਿਰਾਂ ਤੋਂ ਗਏ ਚੁੱਪ-ਚੁਪੀਤੇ ਲੰਘ।' ਮੁੰਡਿਆਂ ਨੇ ਖਿੱਚ ਕੇ ਪੂਰੀਆਂ ਉੱਚੀਆਂ ਤੇ ਸੁਰਬੱਧ ਧੁਨਾਂ ਵਿਚ ਇਹ ਗੀਤ ਗਾਇਆ ਤਾਂ ਪੰਡਾਲ ਵਿਚ ਇੱਕ ਤਰ੍ਹਾਂ ਦਾ ਸਨਾਟਾ ਹੀ ਛਾ ਗਿਆ। ਜਿਉਂ ਹੀ ਅਸੀਂ ਸਟੇਜ ਤੋਂ ਹੇਠਾਂ ਉੱਤਰੇ ਗੁਰਸ਼ਰਨ ਭਾਅ ਜੀ ਨੇ ਮੈਨੂੰ ਬੁੱਕ਼ਲ ਵਿਚ ਲੈ ਲਿਆ-'ਅਤਰਜੀਤ ਤੁਸੀਂ ਤੂਤਾਂ ਵਾਲੇ ਖੂਹ ਨਾਟਕ ਦਾ ਅਰਥ ਕਰ ਦਿੱਤਾ ਏ। ਭਾਵ ਸਮਝਾ ਦਿੱਤਾ ਈ ਦਰਸ਼ਕਾਂ ਨੂੰ।' ਇਹ ਪਿਆਰ ਇਸ ਜੱਥੇਬੰਦਕ ਲਾਈਨ ਨੇ ਸਾਡੀ ਝੋਲੀ ਪਾਇਆ ਸੀ, ਜੇ ਮੈਂ ਚਾਰੂਵਾਦੀਆਂ ਦੇ ਖੇਮੇ 'ਚੋਂ ਇਨ੍ਹਾਂ ਆਗੂਆਂ ਨੇ ਬਾਹਰ ਨਾ ਕੱਢਿਆ ਹੁੰਦਾ ਤਾਂ ਕਿਸੇ ਖਾ਼ਲ ਦੀ

*(ਬਾਕੀ ਅਗਲੇ ਸਫੇ 'ਤੇ)*

# ਸੰਵੇਦਨਸ਼ੀਲ ਮਨ ਦੀ ਡੂੰਘੀ ਸ਼ਾਇਰੀ ਹੈ... 'ਤਰਕਸ਼'!!

ਸ਼ਸ਼ੀਕਾਂਤ ਉਪਲ ਦੇ ਗ਼ਜ਼ਲ-ਸੰਗ੍ਰਹਿ 'ਤਰਕਸ਼' ਨੂੰ ਪੜ੍ਹਦਿਆਂ ਅਤੇ ਮਾਣਦਿਆਂ ਮੈਨੂੰ ਮੇਰੇ ਰੰਗਲੇ ਪੰਜਾਬ ਦਾ ਰੰਗਲਾ ਬਚਪਨ ਯਾਦ ਆ ਗਿਆ... । ਘਰ ਵਿਚ ਦੁੱਧ ਵਾਧੂ ਹੁੰਦਿਆਂ ਹੋਇਆਂ ਵੀ ਰੂਹ ਕਾੜ੍ਹਨੀ ਵਿਚ ਕੜ੍ਹੇ ਹੋਏ ਦੁੱਧ ਨੂੰ ਹੀ ਭਾਲਦੀ ਰਹਿੰਦੀ ਸੀ... । ਉਸ ਦੁੱਧ ਦਾ ਸੁਆਦ ਹੀ ਅਲੱਗ ਹੁੰਦਾ ਸੀ। ਇਸ ਗ਼ਜ਼ਲ-ਸੰਗ੍ਰਹਿ ਵਿਚ ਦਰਜ ਰਚਨਾਵਾਂ ਵੀ ਮੈਨੂੰ ਬੜੀਆਂ 'ਕੜ੍ਹੀਆਂ ਹੋਈਆਂ ਅਤੇ ਰਸੀਲੀਆਂ' ਲੱਗੀਆਂ। ਜਾਂ ਇੰਜ ਕਹਿ ਲਓ ਕਿ ਇੱਕ ਸੰਵੇਦਨਸ਼ੀਲ ਅਤੇ ਭਾਵੁਕ ਮਨ ਅੰਦਰ ਸਹਿਜ ਨਾਲ ਪੱਕੀਆਂ ਅਤੇ ਸੂਫ਼ੀਆਨਾ ਰੰਗਾਂ ਵਿਚ ਰੰਗੀਆਂ ਹੋਈਆਂ ਮਹਿਸੂਸ ਹੋਈਆਂ।



ਸ਼ਸ਼ੀਕਾਂਤ ਉਪਲ...

**ਕੁਲਵਿੰਦਰ ਸਿੰਘ ਬਾਠ**
**ਫੋਨ: 209-600-2897**

ਨਵਾਬ ਸ਼ੇਰ ਮੁਹੰਮਦ ਖਾਨ ਵਾਲੇ ਇਤਿਹਾਸਕ ਸ਼ਹਿਰ... ਮਲੇਰ ਕੋਟਲਾ ਦੇ ਇੱਕ ਬਹੁ-ਵਿਧਾਵੀ ਅਤੇ ਸੂਫ਼ੀਆਨਾ ਬਿਰਤੀ ਵਾਲੀ ਸ਼ਖ਼ਸੀਅਤ 'ਸ਼ਸ਼ੀਕਾਂਤ ਉਪਲ' ਪੰਜਾਬੀ ਅਤੇ ਹਿੰਦੀ ਸਾਹਿਤ ਦੇ ਜਾਣੇ-ਪਛਾਣੇ ਗ਼ਜ਼ਲਗੋ ਅਤੇ ਕਵੀ ਹਨ। ਗ਼ਜ਼ਲ ਅਤੇ ਦੋਹਿਆਂ ਦੀ ਡੂੰਘੀ ਮੁਹਾਰਤ ਹਾਸਲ ਹੈ। ਮਲੇਰ ਕੋਟਲੇ ਦੇ ਸਾਹਿਤਕ ਪਿੜ ਅਤੇ ਮਾਹੌਲ ਦਾ ਡੂੰਘਾ ਅਸਰ ਹੋਇਆ। ਸੱਠਵੇਂ ਦਹਾਕੇ ਤੋਂ ਮਿਆਰੀ ਸਾਹਿਤ ਸਿਰਜਦਿਆਂ ਹੁਣ ਤੱਕ ਕਈ ਪੁਸਤਕਾਂ ਲਿਖ ਚੁੱਕੇ ਹਨ। ਕਾਫ਼ੀ ਸਮੇਂ ਤੋਂ ਪਰਵਾਸ ਦੀ ਦੂਹਰੀ ਜ਼ਿੰਦਗੀ ਦਾ ਸੰਤਾਪ ਭੋਗਦਿਆਂ ਵੀ ਸਾਹਿਤ ਦੇ ਖੇਤਰ ਵਿਚ ਪੂਰੀ ਤਰ੍ਹਾਂ ਸਰਗਰਮ ਹਨ।

'ਨਸੀਅਤਾਂ ਅਤੇ ਹੈਸੀਅਤਾਂ' ਦੇ ਤਾਣਿਆਂ-ਬਾਣਿਆਂ ਵਾਲੇ ਸਮਾਜ ਅਤੇ ਸੱਭਿਆਚਾਰ ਵਿਚ ਘੱਟ ਮੁਹੱਬਤੀ ਵਣਜਾਰੇ ਮਿਲਦੇ ਹਨ ਜੋ ਆਮ ਇਨਸਾਨ ਦੀ 'ਖ਼ੈਰੀਅਤ' ਲਈ ਵੀ ਲੋਚਦੇ ਹੋਣ.. ਜਾਂ ਇਨਸਾਨੀਅਤ ਦੀਆਂ ਬਾਤਾਂ ਪਾਉਂਦੇ ਹੋਣ। ਸ਼ਸ਼ੀ ਕਾਂਤ ਉਪਲ ਨੂੰ ਜਾਣਨ ਪਛਾਣਨ ਵਾਲੇ ਗਵਾਹੀ ਭਰਦੇ ਹਨ ਕਿ ਉਹ ਮਿਠਬੋਲੜੇ, ਮਿਲਣਸਾਰ, ਅਤੇ ਖ਼ੂਬਸੂਰਤ ਰੂਹ ਵਾਲੇ ਇਨਸਾਨ ਹਨ। ਇੱਕ ਭਾਵੁਕ ਅਤੇ ਸੰਵੇਦਨਸ਼ੀਲ ਸ਼ਖ਼ਸ ਜੋ ਆਪਣੇ ਕੋਮਲ ਕਾਵਿ-ਮਨ ਅਤੇ ਦਰਵੇਸ਼ੀ ਰੂਹ ਨਾਲ ਸਮਾਜਿਕ ਤਾਣਿਆਂ-ਬਾਣਿਆਂ ਦੀਆਂ ਪਰਤਾਂ ਨੂੰ ਫਰੋਲਦੇ ਹਨ, ਮਹਿਸੂਸ ਕਰਦੇ ਹਨ ਅਤੇ ਗਹਿਰਾਈ ਤੱਕ ਉੱਤਰ ਜਾਂਦੇ ਹਨ। ਗ਼ਜ਼ਲਾਂ ਦੇ ਸ਼ੇਅਰਾਂ ਨੂੰ ਪੜ੍ਹਦਿਆਂ ਮੈਨੂੰ ਇੰਜ ਵੀ ਮਹਿਸੂਸ ਹੋਇਆ ਜਿਵੇਂ ਸ਼ਸ਼ੀਕਾਂਤ ਉਪਲ ਨੇ ਕਦੇ ਕਿਸੇ ਫ਼ਕੀਰ ਦੀ ਸੰਗਤ ਵੀ ਕੀਤੀ ਹੋਵੇ..

ਜੋ ਬਾਹਰ ਤੋਂ ਹੀ ਮੈਨੂੰ ਤੱਕਦਾ ਹੈ,
ਕਹੋ ਉਸ ਨੂੰ ਮੇਰੇ ਅੰਦਰ ਵੀ ਝਾਕੇ।

ਤਰਕਸ਼ - ਇੱਕ ਸੰਵੇਦਨਸ਼ੀਲ ਮਨ ਦੀ ਡੂੰਘੀ ਸ਼ਾਇਰੀ...

'ਪਾਠਕਾਂ ਦੇ ਨਾਂ' ਰੀਝ ਨਾਲ ਲਿਖਿਆ ਪੰਜਾਬੀ ਗ਼ਜ਼ਲ-ਸੰਗ੍ਰਹਿ 'ਤਰਕਸ਼' ਮੁਹੱਬਤੀ ਫ਼ਿਜ਼ਾਵਾਂ ਦੀਆਂ ਮਹਿਕਾਂ ਵੰਡ ਰਿਹਾ ਹੈ। ਇਸ ਤਰਕਸ਼ ਵਿਚ 92 ਕੁ ਖ਼ੂਬਸੂਰਤ ਗ਼ਜ਼ਲਾਂ ਰੂਪੀ 'ਤੀਰ' ਹਨ। ਰਚਨਾਵਾਂ ਜੀਵਨ ਦੇ ਤਾਣਿਆਂ-ਬਾਣਿਆਂ, ਵਰਤਾਰਿਆਂ ਅਤੇ ਬੇਤਰਤੀਬੀਆਂ ਵਿਚੋਂ ਉਪਜੀਆਂ ਹਨ ਜਿਨ੍ਹਾਂ ਦੀ ਰੂਹ ਅੰਦਰੋਂ ਕਦੇ 'ਚਿੰਤਾ' ਅਤੇ ਕਦੇ 'ਚਿੰਤਨ' ਦੇ ਰੂਪ ਝਲਕਦੇ ਹਨ। ਪੁਸਤਕ ਦੀ ਸ਼ੁਰੂਆਤ ਇੱਕ ਖ਼ੂਬਸੂਰਤ ਗ਼ਜ਼ਲ ਨਾਲ ਕੀਤੀ ਹੈ... ਜੋ ਅਜੋਕੇ ਸਮੇਂ ਦੇ ਇਨਸਾਨ ਦੀ ਹਕੀਕਤ/ਅਸਲੀਅਤ ਬਿਆਨ ਕਰਦੀ ਹੈ।

ਆਜ਼ਮਾਇਆ ਹੀ ਨਹੀਂ ਖ਼ੁਦ ਨੂੰ ਕਦੇ ਚੰਗਾ ਰਿਹਾ।
ਪਾਰਦਰਸ਼ੀ ਹੋਣ ਦਾ ਜੋ ਵਹਿਮ ਸੀ ਬਣਿਆ ਰਿਹਾ।

ਚੁੱਪ ਸਭ ਬੈਠੇ ਰਹੇ ਜਦ ਤੀਕ ਮੈਂ ਬੈਠਾ ਰਿਹਾ।
ਮੈਂ ਗਿਆ ਤੇ ਮੇਰੇ ਉਪਰ ਤਬਸਰਾ ਹੁੰਦਾ ਰਿਹਾ।

ਮਨੁੱਖ ਇੱਕ ਸਮਾਜਕ ਪ੍ਰਾਣੀ ਹੈ ਜੋ ਸਮਾਜ ਦੇ ਤਾਣੇ-ਬਾਣੇ ਬੁਣਦਾ ਰਹਿੰਦਾ ਹੈ ਅਤੇ ਫਿਰ ਤਾਣਿਆਂ ਦੀਆਂ ਤੰਦਾਂ ਵਿਚ ਵਿਚਰਦਾ ਹੈ। ਜ਼ਿੰਦਗੀ ਇੱਕ ਜਸ਼ਨ ਦੇ ਨਾਲ ਹੀ ਸੰਘਰਸ਼ ਵੀ ਹੈ, ਜਿਸ ਨਾਲ ਮਨੁੱਖ ਜੂਝਦਾ ਰਹਿੰਦਾ ਹੈ। ਪਲ-ਪਲ ਰੰਗ ਬਦਲਦੀ ਜ਼ਿੰਦਗੀ ਦੇ ਪੈਂਡੇ ਵੀ ਟੇਢੇ-ਮੇਢੇ ਹਨ। ਲੇਖਕ ਦਾ ਕਾਵਿ-ਮਨ ਇਨ੍ਹਾਂ ਅਨੁਭਵਾਂ ਅਤੇ ਵਲਵਲਿਆਂ ਨੂੰ ਲਫ਼ਜ਼ਾਂ ਦੇ ਬਸਤਰ ਤੇ ਗਹਿਣੇ ਪਾਉਂਦਿਆਂ ਪਾਠਕਾਂ ਨਾਲ ਸਾਂਝਿਆਂ ਕਰਦਾ ਜਾਂਦਾ ਹੈ...

ਰਿਸ਼ਤਿਆਂ ਦੀ ਤਿਲਕਣ ਦਾ ਕੁਝ ਖ਼ਿਆਲ ਰੱਖੀਂ ਤੂੰ।
ਸੁਸਤ ਜਿੰਨੀ ਸੰਭਵ ਹੈ ਪੈਰ - ਚਾਲ ਰੱਖੀਂ ਤੂੰ।

ਜ਼ਿੰਦਗੀ ਦੇ ਅਰਥ ਬਦਲਣਗੇ ਕਦੇ ਇਸ ਆਸ ਵਿਚ।
ਜ਼ਿੰਦਗੀ ਨੂੰ ਜੀਣ ਦਾ ਆਹਰ ਹੀ ਮੈਂ ਕਰਦਾ ਰਿਹਾ।

ਜ਼ਰੂਰੀ ਤਾਂ ਹੈ... ਪਰ ਫਿਰ ਵੀ, ਮਨੁੱਖ ਖ਼ੁਦ ਦੇ ਅੰਦਰ ਘੱਟ ਹੀ ਝਾਕਦਾ ਹੈ। ਖ਼ੁਦ ਨੂੰ ਘੱਟ ਹੀ ਜਾਣਦਾ-ਪੜ੍ਹਦਾ ਹੈ। ਪਰ ਸ਼ਸ਼ੀਕਾਂਤ ਦੀ ਸੰਵੇਦਨਸ਼ੀਲਤਾ ਆਪਣੇ ਖ਼ੁਦ ਦੇ 'ਅੰਦਰ' ਨੂੰ ਸਵਾਲ ਕਰਦੀ ਅਤੇ ਜਵਾਬ ਢੂੰਡਦੀ ਰਹਿੰਦੀ ਹੈ... ਖ਼ੁਦ ਨਾਲ ਸੰਵਾਦ ਰਚਾਉਂਦੀ ਹੈ...

ਇਉਂ ਲਗਦਾ ਹੈ ਜਦ ਵੀ ਮੈਂ ਖ਼ੁਦ ਨੂੰ ਸਮਝਾਵਾਂ।
ਕਾਠ ਦੇ ਘੋੜੇ ਉੱਤੇ ਜੀਕਣ ਕਾਠੀ ਪਾਵਾਂ।

ਸ਼ਹਿਰ ਤੋਂ ਜਾਂਦਾ ਸੀ ਜੋ ਰਾਹ ਪੀਰ ਦੀ ਦਰਗਾਹ ਵੱਲ,
ਉਮਰ ਭਰ ਖੌਰੇ ਮੈਂ ਕਿਉਂ ਉਸ ਰਾਹ ਤੋਂ ਡਰਦਾ ਰਿਹਾ।

ਅਕਸਰ ਹੀ ਕਈ ਲੋਕਾਂ ਨੂੰ ਖ਼ੁਦ ਨਾਲੋਂ ਦੂਸਰੇ ਦੀ ਔਕਾਤ ਜਾਂ ਅਹਿਮੀਅਤ ਦਾ ਜ਼ਿਆਦਾ ਫ਼ਿਕਰ ਰਹਿੰਦਾ ਹੈ। ਇਹੋ ਜਿਹੇ ਲੋਕ ਆਪਣੇ ਵਡੱਪਣ ਦੀਆਂ 'ਡੁਗਡੁਗੀਆਂ' ਵੀ ਖ਼ੂਬ ਖੜਕਾਉਂਦੇ ਰਹਿੰਦੇ ਨੇ। ਪਰ ਜਿਹੜਾ ਇਨਸਾਨ ਆਪਣੀ ਔਕਾਤ ਨੂੰ ਜਾਣ ਗਿਆ, ਸਮਝ ਗਿਆ ਅਤੇ ਪਹਿਚਾਣ ਗਿਆ, ਉਹ ਦੂਸਰਿਆਂ ਦੀ ਔਕਾਤ 'ਤੇ ਸਵਾਲ ਉਠਾਉਣ ਦੀ ਬਜਾਏ ਖ਼ੁਦ ਦੀ ਔਕਾਤ ਦੀ ਸੀਮਾ ਨਹੀਂ ਉਲੰਘਦਾ...। ਹਮੇਸ਼ਾ ਨਿਮਾਣਾ ਬਣਿਆ ਅਤੇ ਨੀਵਾਂ ਹੋਇਆ ਵਿਚਰਦਾ ਰਹਿੰਦਾ ਹੈ। ਗੁਰਬਾਣੀ ਦੀ ਜੀਵਨ ਜਾਚ ਵੀ ਇਹੀ ਪਾਠ ਪੜ੍ਹਾਉਂਦੀ ਹੈ... ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ॥


ਸ਼ਸ਼ੀਕਾਂਤ ਦੀ ਇਹ ਖ਼ੂਬਸੂਰਤ ਗ਼ਜ਼ਲ ਵੀ ਔਕਾਤ ਦੀ ਵਾਰਤਾਲਾਪ ਕਰ ਰਹੀ ਹੈ...

ਸੋਚਦਾ ਹਾਂ ਕਿਤੇ ਔਕਾਤ ਤੋਂ ਬਾਹਰ ਤਾਂ ਨਹੀਂ।
ਇਹ ਮੇਰਾ ਕੱਦ ਕਿਤੇ ਤੇਰੇ ਬਰਾਬਰ ਤਾਂ ਨਹੀਂ।

ਡੁਗਡੁਗੀ ਖ਼ੂਬ ਵਜਾਉਂਦਾ ਹੈ ਮਦਾਰੀ ਦੀ ਤਰਾਂ।
ਕਰ ਰਿਹਾ ਉਹ ਜੋ ਤਮਾਸ਼ਾ ਕੋਈ ਚੱਕਰ ਤਾਂ ਨਹੀ।

ਸ਼ਸ਼ੀਕਾਂਤ ਨੇ ਅਜੋਕੇ ਸਮੇਂ ਦੇ ਮਨੁੱਖ ਦੀ ਤ੍ਰਾਸਦੀ ਨੂੰ ਬਾਖ਼ੂਬੀ ਨਾਲ ਲਫ਼ਜ਼ਾਂ ਵਿਚ ਪਰੋਇਆ ਹੈ...

ਤੁਰੇ ਹੋ ਆਪਣੇ ਘਰ ਨੂੰ ਆਪਣੇ ਹੱਥੀਂ ਤੀਲੀ ਲਾ ਕਿੱਧਰ।




ਹਮੇਸ਼ਾ ਵਾਸਤੇ ਹੀ ਅੱਗ ਦੇ ਵਿਚ ਖ਼ੁਦ ਨੂੰ ਪਾ ਕਿੱਧਰ।

ਕਿਤੇ ਉਹ ਸੰਘਣੀ ਛਾਂ ਲੱਭਦਾ ਫਿਰਦਾ ਤਾਂ ਹੋਵੇਗਾ,
ਗਿਆ ਹੈ ਕੀ ਪਤਾ ਉਹ ਸ਼ਖ਼ਸ ਰੁੱਖਾਂ ਨੂੰ ਗਿਰਾ ਕਿੱਧਰ।

ਸਧਾਰਨ ਮਨੁੱਖ ਰੁੱਖਾਂ, ਪੰਛੀਆਂ, ਰੁੱਤਾਂ, ਹਵਾਵਾਂ ਜਾਂ ਕਾਇਨਾਤ ਦੇ ਅੰਗ-ਸੰਗ ਰਹਿੰਦਿਆਂ ਵੀ ਉਸ ਨਾਲ ਗੱਲਾਂ ਨਹੀਂ ਕਰਦਾ... ਸੰਵਾਦ ਨਹੀਂ ਰਚਾਉਂਦਾ, ਸੋਝਾ ਨਹੀਂ ਵਿਚਾਰਦਾ। ਸਿਰਫ਼ ਜ਼ਿੰਦਗੀ ਕੱਟਦਾ ਜਾਂਦਾ ਹੈ। ਸ਼ਸ਼ੀ ਕਾਂਤ ਉਪਲ ਦੇ ਨਜ਼ਰੀਏ ਦੀ ਇੱਕ ਝਲਕ ਇਸ ਸ਼ੇਅਰ ਵਿਚ ਸਾਫ਼ ਨਜ਼ਰੀਂ ਪੈਂਦੀ ਹੈ...

ਕੋਈ ਪੰਛੀ ਕਿਸੇ ਰੁੱਖ 'ਤੇ ਜਦ ਕਦੇ ਆਲ੍ਹਣਾ ਪਾਉਂਦੈ,
ਹਵਾਵਾਂ ਦੀ ਨਜ਼ਰ ਵਿਚ ਝਲਕਦੀ ਹੈ ਸਿਰਫ਼ ਸ਼ੈਤਾਨੀ।

ਇਨ੍ਹਾਂ ਪਤਝੜ ਦੇ ਰੰਗਾਂ ਦੀ ਹੈ ਆਭਾ ਵੱਖਰੀ ਸਭ ਤੋਂ,
ਇਨ੍ਹਾਂ ਦੀ ਹੋਂਦ ਹੈ ਨਿਰਛਲ ਤੇ ਹਰ ਤੇਵਰ ਹੈ ਸੁਲਤਾਨੀ।

ਸ਼ਸ਼ੀਕਾਂਤ ਉਪਲ ਦੀ ਪੁਸਤਕ ਪੜ੍ਹਦਿਆਂ ਮੈਨੂੰ ਇੰਜ ਵੀ ਮਹਿਸੂਸ ਹੋਇਆ ਕਿ ਉਸ ਦੇ ਆਲੇ-ਦੁਆਲੇ ਵਾਪਰਦੇ ਵਰਤਾਰਿਆਂ ਦਾ ਉਸ ਦੇ ਮਨ 'ਤੇ ਗਹਿਰਾ ਪ੍ਰਭਾਵ ਪੈਂਦਾ ਹੈ... ਜੋ ਉਨ੍ਹਾਂ ਦੀਆਂ ਲਿਖਤਾਂ ਵਿਚੋਂ ਉੱਭਰਦਾ ਹੈ।

ਸੱਚ ਬੋਲਣ ਨੂੰ ਜੀਅ ਤਾਂ ਕਰਦਾ ਹੈ ਲੇਕਿਨ,
ਪੈਰਾਂ ਹੇਠਾਂ ਮੇਖਾਂ, ਸਿਰ 'ਤੇ ਆਰੀ ਹੈ।

ਪੱਤਣ ਨੇ ਤਾਂ ਧੋਖੇ ਦੇ ਵਿਚ ਰੱਖਿਆ ਸੀ,
ਤੂਫ਼ਾਨਾਂ ਨੇ ਮੇਰੀ ਬੇੜੀ ਤਾਰੀ ਹੈ।

ਕਾਵਿ-ਮਨ ਦੀ ਰੂਹ ਦੇ ਵਲਵਲੇ ਕੁਦਰਤ ਨੂੰ ਕਲਾਵੇ ਵਿਚ ਲੈਣ ਅਤੇ ਕਿੱਕਲੀਆਂ ਪਾਉਣ ਨੂੰ ਕਾਹਲੇ ਪੈਂਦੇ ਰਹਿੰਦੇ ਹਨ। ਸ਼ਸ਼ੀਕਾਂਤ ਦਾ 'ਜੀਅ' ਵੀ ਕੁਝ ਇੰਜ ਹੀ ਕਰ ਰਿਹਾ ਹੈ...

ਰੌਸ਼ਨ ਕਰ ਦਿਆਂ ਸਾਰੀ ਦੁਨੀਆਂ ਨ੍ਹੇਰਾ ਦੂਰ ਭਜਾਵਾਂ।
ਜੀਅ ਚਾਹੁੰਦਾ ਹੈ ਅੰਬਰ ਤੋਂ ਮੈਂ ਤਾਰੇ ਹੂੰਝ ਲਿਆਵਾਂ।

ਕੱਲਰ ਹੋਈ ਧਰਤੀ ਵਾਹ ਕੇ ਮੁੜ ਤੋਂ ਫੇਰ ਸੁਹਾਗਾ।
ਚੱਪੇ ਚੱਪੇ 'ਤੇ ਮਨੁੱਖਤਾ ਦੀ ਇਕ ਫ਼ਸਲ ਉਗਾਵਾਂ।

ਦੀਵੇ ਦਾ ਮਿੱਟੀ ਜਾਂ ਫਿਰ ਸੋਨੇ ਦਾ ਹੋਣਾ ਐਨਾ ਮਹੱਤਵ ਨਹੀਂ ਰੱਖਦਾ ਜਿਤਨੀ ਉਸ ਦੁਆਰਾ ਫੈਲਾਈ ਰੌਸ਼ਨੀ... ਜੋ ਹਨੇਰਿਆਂ ਨੂੰ ਦੂਰ ਭਜਾਉਂਦੀ ਹੈ। ਸਾਡੇ ਸਮਾਜ ਵਿਚ ਸਦੀਆਂ ਤੋਂ ਚੱਲਦਾ ਆ ਰਿਹਾ ਊਚ-ਨੀਚ ਦਾ ਦੈਂਤ ਜਿਉਂ ਦਾ ਤਿਉਂ ਹੀ ਖੜ੍ਹਾ ਹੈ। ਸੁਭਾਵਿਕ ਹੀ ਇਹੋ ਜਿਹੀਆਂ ਦਲਦਲੀ ਕੁਰੀਤੀਆਂ ਕਾਵਿ-ਮਨ ਨੂੰ ਪਸੀਜ ਜਾਂਦੀਆਂ ਹਨ। ਸ਼ਸ਼ੀਕਾਂਤ ਉਪਲ ਦਾ ਦੁਖੀ ਮਨ ਸਮਾਜ ਦੇ ਅਣਗੌਲਿਆਂ ਅਤੇ ਲਿਤਾੜਿਆਂ ਲਈ ਆਵਾਜ਼ ਬੁਲੰਦ ਕਰਨੋਂ ਪਿੱਛੇ ਨਹੀਂ ਹਟਦਾ...

ਜਿਨ੍ਹਾਂ ਨੂੰ ਨੀਚ ਉਹ ਆਖਣ ਉਨ੍ਹਾਂ ਦੇ ਨਾਲ ਖੜ੍ਹਦਾ ਹਾਂ।
ਉਨ੍ਹਾਂ ਦੇ ਨ੍ਹੇਰਿਆਂ ਅੰਦਰ ਮੈਂ ਸੂਰਜ ਵਾਂਗ ਚੜ੍ਹਦਾ ਹਾਂ।

ਜਿਨ੍ਹਾਂ ਨੇ ਕਿੰਨੀਆਂ ਸਦੀਆਂ ਤੋਂ ਕੇਵਲ ਦੁੱਖ ਭੋਗੇ ਹਨ,
ਉਨਾਂ ਦੇ ਹੀ ਸੁਖਾਂ ਤਾਈਂ ਸਦਾ ਮੈਂ ਵਿਉਂਤ ਘੜਦਾ ਹਾਂ।

ਕਿਸੇ ਵੀ ਤਰ੍ਹਾਂ ਦੇ ਜਬਰ ਅਤੇ ਜ਼ੁਲਮ ਦੇ ਖ਼ਿਲਾਫ਼ ਉੱਠਣ ਦੀ ਬਜਾਏ ਲੋਕ ਇਸ ਵਰਤਾਰੇ ਨੂੰ 'ਭਾਣਾ ਮੰਨਦਿਆਂ' ਸਹਿ ਜਾਂਦੇ ਹਨ। ਪੁਸਤਕ ਦੇ ਅਖੀਰ ਵਿਚ... ਜਾਂਦੇ-ਜਾਂਦੇ... ਸ਼ਸ਼ੀਕਾਂਤ ਉਪਲ ਉਨ੍ਹਾਂ ਜ਼ੁਲਮ ਕਰਨ ਵਾਲੇ ਅਤੇ ਜ਼ੁਲਮ ਨੂੰ ਸਹਿਣ ਵਾਲੇ ਲੋਕਾਂ ਨੂੰ ਵੰਗਾਰ ਰਹੇ ਹਨ...

ਚੁੱਪ ਹੋ ਜਾਂਦੇ ਨੇ ਆਪਣੀ ਗੱਲ ਕਹਿੰਦੇ ਕਿਸ ਲਈ।
ਜ਼ੁਲਮ ਨੂੰ ਇਉਂ ਦੇਰ ਤਕ ਨੇ ਲੋਕ ਸਹਿੰਦੇ ਕਿਸ ਲਈ।

ਕਿਉਂ ਸਹੀ ਜਾਂਦੇ ਨੇ ਭਾਣਾ ਮੰਨ ਕੇ ਹਰ ਜ਼ੁਲਮ ਨੂੰ,
ਕਿਉਂ ਨਹੀਂ ਆਖ਼ਿਰ ਇਹ ਝੱਖੜ ਨਾਲ ਖਹਿੰਦੇ ਕਿਸ ਲਈ।

ਮਨੁੱਖ ਅਤੇ ਸਮਾਜ ਨੂੰ ਹਲੂਣਨ ਅਤੇ ਸੇਧ ਦੇਣ ਦੇ ਉਦੇਸ਼ ਨਾਲ ਸਿਰਜੀ ਗਈ ਇਹ ਪਾਏਦਾਰ ਪੁਸਤਕ ਪੜ੍ਹਨ ਯੋਗ ਹੈ ਅਤੇ ਸੁਹਿਰਦ ਪਾਠਕਾਂ ਨੂੰ ਪੜ੍ਹਨੀ ਵੀ ਚਾਹੀਦੀ ਹੈ। ਸ਼ਸ਼ੀਕਾਂਤ ਉਪਲ ਪਾਸ ਲਫ਼ਜ਼ਾਂ ਦਾ ਡੂੰਘਾ ਖ਼ਜ਼ਾਨਾ ਹੈ ਅਤੇ ਸਾਹਿਤ ਸਿਰਜਣਾ ਦੀਆਂ ਅਸੀਮ ਸੰਭਾਵਨਾਵਾਂ ਵੀ ਹਨ। ਪੰਜਾਬੀ ਸਾਹਿਤ ਜਗਤ ਵਿਚ ਇਨ੍ਹਾਂ ਦੀਆਂ ਖ਼ੂਬਸੂਰਤ ਸਿਰਜਨਾਵਾਂ ਨੂੰ ਜੀ ਆਇਆਂ... ਅਤੇ ਇਨ੍ਹਾਂ ਦੇ ਅਗਲੇ ਸਾਹਿਤਕ ਪੈਂਡਿਆਂ ਲਈ ਸ਼ੁਭ ਕਾਮਨਾਵਾਂ ਵੀ!!

---

*(ਬਾਕੀ ਅਗਲੇ ਸਫੇ 'ਤੇ)*


ਵੱਟ 'ਤੇ ਖ਼ੂਨ ਵਿਚ ਲੱਥ-ਪੱਥ ਪਏ ਹੋਣਾ ਸੀ। ਜਸਵੰਤ ਸਿੰਘ ਖਾਲੜਾ ਨੇ ਵੀ ਸਾਨੂੰ ਰੱਜਵਾਂ ਪਿਆਰ ਦਿੱਤਾ ਸੀ।

ਇਸ ਜਥੇਬੰਦੀ ਦੀ ਇਹ ਲਾਈਨ ਸੀ ਕਿ ਹੇਠਲੇ ਪੱਧਰ ਤੱਕ ਜਦ ਤੱਕ ਪ੍ਰਚਾਰ ਰਾਹੀਂ ਆਪਣੀ ਵਿਚਾਰਧਾਰਾ ਲੋਕ ਮਨਾਂ ਦਾ ਹਿੱਸਾ ਨਹੀਂ ਬਣਦੀ, ਹਥਿਆਰ ਚੁੱਕਣੇ ਗੈਰ ਵਿਗਿਆਨਕ ਹਨ। ਪੰਜਾਬ ਦੀਆਂ ਰਾਜਨੀਤਕ ਅਤੇ ਭੂਗੋਲਕ ਹਾਲਤਾਂ ਤਾਂ ਹਥਿਆਰਬੰਦ ਘੋਲ ਲਈ ਉੱਕਾ ਹੀ ਸਾਜ਼ਗਾਰ ਨਹੀਂ ਸਨ। ਸੋਹੀ ਦੇ ਨਾਂ ਨਾਲ ਜਾਣਿਆ ਜਾਣ ਵਾਲਾ ਇਹ ਗਰੁੱਪ ਹਰ ਗੱਲ ਤੋਲ-ਮਿਣ ਕੇ ਕਰਦਾ ਸੀ। ਇਸ ਵਿਚ ਕੋਈ ਸ਼ੱਕ ਨਹੀਂ, ਹਰਭਜਨ ਸੋਹੀ ਨੂੰ ਮਾਰਕਸੀ-ਲੈਨਿਨੀ ਦਰਸ਼ਨ ਦੀ ਜਿੱਥੇ ਜ਼ਿਆਦਾ ਪਕੜ ਸੀ, ਉੱਥੇ ਲਾਗੂ ਕਰ ਕੇ ਸਿੱਟੇ ਕੱਢਣ ਦੀ ਵੀ ਅਥਾਹ ਯੋਗਤਾ ਸੀ। ਹਰ ਪਹਿਲੂ ਵਿਚ ਵਿਗਿਆਨਕ ਸ਼ਬਦ ਦੀ ਵਰਤੋਂ ਹੋਣ ਕਰਕੇ ਹਥਿਆਰਬੰਦ ਲਾਈਨ ਦੇ ਸਮਰਥਕ ਵਿਅੰਗ ਨਾਲ ਇਸ ਲਾਈਨ ਨੂੰ ਵਿਗਿਆਨਕਾਂ ਦਾ ਗੁੱਟ ਕਹਿੰਦੇ। ਇਹ ਵਿਗਿਆਨਕਾਂ ਦੀ ਯੋਗਤਾ ਦਾ ਫਲ ਸੀ ਕਿ ਗੌਰਮਿੰਟ ਟੀਚਰਜ਼ ਯੂਨੀਅਨ ਵਿਚ ਸਾਇੰਸ ਮਾਸਟਰ ਯਸ਼ ਦੁਆਰਾ ਯੋਗ ਅਗਵਾਈ ਦਿੱਤੀ ਜਾ ਰਹੀ ਸੀ। ਮਾਸਟਰ ਗੁਰਦਿਆਲ ਬੇਰੁਜ਼ਗਾਰ ਅਧਿਆਪਕ ਯੂਨੀਅਨ ਵਿਚ ਸਰਗਰਮ ਸੀ। ਵਿਦਿਆਰਥੀ ਯੂਨੀਅਨ ਵਿਚ ਪ੍ਰਿਥੀਪਾਲ ਰੰਧਾਵਾ ਦਾ ਨਾਂ ਧਰੂ ਤਾਰੇ ਵਾਂਗ ਚਮਕ ਰਿਹਾ ਸੀ। ਉਨ੍ਹੀਂ ਦਿਨੀਂ ਪੰਜਾਬੀ ਯੂਨੀਵਰਸਿਟੀ ਵਿਚ ਦਰਸ਼ਨ ਜੈਕ, ਬਿੱਟੂ ਸਰਗਰਮ ਸਨ। ਕੋਟਕਪੂਰਾ ਪਾਸਿਓਂ ਨਰਿੰਦਰ ਚਾਹਲ ਦਾ ਨਾਂ ਬੋਲਦਾ ਸੀ। ਮੇਰੇ ਲਈ ਇਹ ਸਾਰੇ ਹੀ ਪ੍ਰੇਰਨਾ ਸਰੋਤ ਸਨ। ਮੈਂ ਅਕਸਰ ਹੀ ਇਨ੍ਹਾਂ ਨੂੰ ਮਿਲਣ ਚਲਾ ਜਾਂਦਾ ਸਾਂ।

ਜਨਤਕ ਲੀਹ ਆਪਣਾ ਰੰਗ ਵਿਖਾ ਰਹੀ ਸੀ। ਦਿਨ-ਬਦਿਨ ਨਵਾਂ ਕਾਡਰ ਇਸ ਦਿਸ਼ਾ ਵੱਲ ਖਿੱਚਿਆ ਆ ਰਿਹਾ ਸੀ। ਮੋਗਾ ਰੈਲੀ ਕਰਕੇ ਲੋਕਾਂ ਅਤੇ ਨੌਜਆਨਾਂ ਨੂੰ ਵੱਡਾ ਸੁਨੇਹਾ ਦਿੱਤਾ ਜਾ ਚੁੱਕਾ ਸੀ। ਮੋਗਾ ਰੈਲੀ ਨੂੰ ਨਵ-ਸੋਧਵਾਦ ਦਾ ਨਾਂ ਦੇ ਕੇ ਇਨਕਲਾਬੀ ਧਿਰ ਨੇ ਵਿਰੋਧ ਕਰਨ ਲਈ ਰਾਤੋ-ਰਾਤ ਸਾਰੇ ਪੰਜਾਬ ਵਿਚ ਲੋਕ-ਯੁੱਧ ਦੀ ਧਾਰ ਨੂੰ ਤਿੱਖਾ ਕਰਨ ਲਈ ਇਸ਼ਤਿਹਾਰ ਲਾਇਆ। ਨਾਥੀ ਜ਼ੈਲਦਾਰ ਬੱਬਾ ਇਸ਼ਿਤਿਹਾਰਾਂ ਲੈ ਕੇ ਮੇਰੇ ਕੋਲ ਭੁੱਚੋ ਕਲਾਂ ਆਇਆ। ਮੈਂ ਉਸ ਨੂੰ ਜਵਾਬ ਨਾ ਦੇ ਸਕਿਆ, ਆਟੇ ਦੀ ਲੇਵੀ ਬਣਾ ਕੇ ਨਾਲ ਤੁਰ ਪਿਆ। ਅਸੀਂ ਭਗਤੇ ਤੋਂ ਲੈ ਕੇ ਰਾਮਪੁਰਾ ਫੂਲ ਤੱਕ ਸਭ ਪਿੰਡਾਂ ਦੇ ਬੱਸ ਅੱਡਿਆਂ ਉੱਪਰ ਇਸ਼ਤਿਹਾਰ ਲਾ ਦਿੱਤੇ ਸਨ। ਸੀ.ਪੀ.ਆਈ., ਸੀ.ਪੀ.ਐਮ. ਜੋ ਖੁੱਲ੍ਹੀਆਂ ਗਤੀਵਿਧੀਆਂ ਕਰਦੀਆਂ ਹੋਣ ਕਰਕੇ ਆਪਣੇ ਇਸ਼ਤਿਹਾਰਾਂ ਉੱਪਰ ਪ੍ਰਕਾਸ਼ਕ ਅਤੇ ਪ੍ਰੈੱਸ ਦਾ ਨਾਂ ਪ੍ਰਕਾਸ਼ਤ ਕਰ ਲਿਆ ਕਰਦੀਆਂ ਸਨ। ਇਨ੍ਹਾਂ ਕ੍ਰਾਂਤਕਾਰੀ ਸਾਥੀਆਂ ਨੇ ਵੀ ਦਾਅ-ਪੇਚ ਦਾ ਖ਼ਿਆਲ ਨਾ ਰੱਖਦਿਆਂ ਪ੍ਰਕਾਸ਼ਕ ਅਤੇ ਪ੍ਰੈੱਸ ਦਾ ਨਾਂ ਛਾਪਣ ਵਰਗੀ ਬੇਸਮਝੀ ਕਾਰਨ ਸਮੁੱਚੀ ਲੀਡਰਸ਼ਿਪ ਤੇ ਕਾਡਰ ਲਈ ਬਿਪਤਾ ਖੜ੍ਹੀ ਕਰ ਦਿੱਤੀ। ਇਹ ਠੀਕ ਹੈ ਕਿ ਕੋਈ ਵੀ ਪ੍ਰੈੱਸ ਕਾਨੂੰਨੀ ਤੌਰ 'ਤੇ ਪ੍ਰਕਾਸ਼ਕ ਅਤੇ ਆਪਣੀ ਪ੍ਰੈੱਸ ਦਾ ਨਾਂ ਛਾਪੇ ਬਗੈਰ ਕੋਈ ਇਸ਼ਤਿਹਾਰ ਆਦਿ ਨਹੀਂ ਛਾਪਦੀ। ਪਰ ਕਾਮਰੇਡ ਇਸ਼ਤਿਹਾਰ ਲਾਉਣ ਤੋਂ ਪਹਿਲਾਂ ਕਿਸੇ ਤਰ੍ਹਾਂ ਉਹ ਸਤਰ ਮਿਟਾ ਸਕਦੇ ਸਨ, ਜੋ ਕਾਹਲੀ ਵਿਚ ਉਨ੍ਹਾਂ ਨੇ ਨਾ ਮਿਟਾਈ। ਇਸ ਦਾ ਸਿੱਟਾ ਇਹ ਨਿਕਲਿਆ ਕਿ ਪੁਲਸ ਦੇ ਹੱਥ ਸਾਰੇ ਸਰੋਤ ਆ ਗਏ। ਧੜਾ-ਧੜ ਗ੍ਰਿਫ਼ਤਾਰੀਆਂ ਦਾ ਦੌਰ ਚੱਲ ਪਿਆ। ਬਹੁਤ ਸਾਰਾ ਕਾਡਰ ਨੰਗਾ ਹੋ ਗਿਆ। ਕਿਸੇ ਤਰ੍ਹਾਂ ਮੈਂ ਤੇ ਨਾਥੀ ਆਪਣਾ ਬਚਾ ਕਰ ਗਏ। ਅਸੀਂ ਕਿਸੇ ਕੋਲ ਭਾਫ਼ ਵੀ ਨਾ ਕੱਢੀ ਕਿ ਇਸ ਮਹਾਨ ਕਾਰਜ ਵਿਚ ਸਾਡਾ ਵੀ ਕੋਈ ਯੋਗਦਾਨ ਸੀ। ਅਜਿਹੀ ਗਲਤੀ 'ਤੋਂ ਵੀ ਸਬਕ ਸਿੱਖਣ ਦੀ ਥਾਂ ਉਹ ਧਿਰ ਜਨਤਕ ਲਾਈਨ ਪ੍ਰਤੀ ਦੁਸ਼ਮਣਾਨਾ ਰਵਈਆ ਛੱਡ ਨਹੀਂ ਸੀ ਰਹੀ। ਦੋਸ਼ ਤੇ ਦੋਸ਼ ਤੇ ਤੂਹਮਤਾਂ ਤੱਕ ਅੱਪੜ ਜਾਂਦੇ ਸਨ, ਹਥਿਆਰਬੰਦ ਘੋਲਾਂ ਦੇ ਸਮਰਥਕ। ਇਸ ਤੋਂ ਉਲਟ ਇਹ ਧਿਰ ਗਰਮ ਲਾਈਨ ਵਿਚ ਜੁਟੇ ਨੌਜੁਆਨਾਂ ਨੂੰ ਇਮਾਨਦਾਰ ਅਤੇ ਕਾਜ਼ ਪ੍ਰਤੀ ਸੁਹਿਰਦ, ਕੁਰਬਾਨੀ ਦੇ ਪੁਤਲੇ ਅਤੇ ਪ੍ਰਤੀਬੱਧ ਮੰਨਦੀ ਸੀ। ਉਨ੍ਹਾਂ ਦੀ ਕੁਰਬਾਨੀ ਦੀ ਭਾਵਨਾ ਨੂੰ ਪ੍ਰਵਾਨ ਕਰਦਿਆਂ, ਇਹ ਵਿਚਾਰ ਪੇਸ਼ ਕੀਤਾ ਜਾਂਦਾ ਕਿ ਉਨ੍ਹਾਂ ਦੀਆਂ ਭਾਵਨਾਵਾਂ ਸੱਚੀਆਂ-ਸੁੱਚੀਆਂ ਹਨ ਪਰ ਰਾਹ ਗਲਤ ਚੁਣਿਆ ਗਿਆ ਹੈ। ਲਾਈਨ ਇਸ ਵਿਚ ਨੁਕਸ ਕੱਢਦੀ ਸੀ, ਜਦੋਂ ਕਿ ਦੂਜੀ ਧਿਰ ਇਨ੍ਹਾਂ ਉੱਪਰ ਵਿਅਕਤੀਗਤ ਚਿੱਕੜ ਉਛਾਲੀ ਕਰਨ ਤੋਂ ਵੀ ਗੁਰੇਜ਼ ਨਹੀਂ ਸੀ ਕਰਦੀ। ਸੋਹੀ ਵਾਲੀ ਲਾਈਨ ਆਪਣੀ ਧੁਨ ਦੀ ਪੱਕੀ ਹਰ ਦੋਸ਼ ਨੂੰ ਮੁਸਕਰਾ ਕੇ ਦਰ-ਕਿਨਾਰ ਕਰ ਜਾਂਦੀ ਸੀ। ਜਿਵੇਂ ਜਿਵੇਂ ਨੌਜੁਆਨ, ਖ਼ਾਸ ਕਰਕੇ ਪੜ੍ਹੇ-ਲਿਖੇ ਕਾਲਜਾਂ ਯੂਨੀਵਰਸਿਟੀਆਂ ਦੇ ਮੁੰਡੇ-ਕੁੜੀਆਂ ਇਸ ਲਹਿਰ ਵੱਲ ਉਮ੍ਹਲ ਪਏ ਸਨ, ਜਿਸ ਨਾਲ ਨਾਗੀ ਰੈਡੀ ਵਜੋਂ ਜਾਣੀ ਜਾਂਦੀ ਲਹਿਰ ਦਿਨ-ਪ੍ਰਤੀ ਦਿਨ ਬਲਵਾਨ ਹੋਣ ਲੱਗੀ। ਮੈਂ ਹਰਭਜਨ ਸੋਹੀ ਦਾ ਕੋਈ ਲੈਕਚਰ ਨਹੀਂ ਸੀ ਸੁਣਿਆ ਤੇ ਨਾ ਮੈਨੂੰ ਗਰੁੱਪ ਵਿਚ ਹੁੰਦੀ ਕਿਸੇ ਵਿਚਾਰ ਚਰਚਾ ਦਾ ਸਾਰ ਪਤਾ ਸੀ, ਪਰ ਮੈਂ ਅਮਲ ਵਿਚੋਂ ਦੇਖ ਰਿਹਾ ਸਾਂ ਕਿ ਹਰ ਕਦਮ ਸੰਭਲ ਕੇ ਪੁੱਟਿਆ ਜਾਂਦਾ ਸੀ, ਸੋਚ ਵਿਚਾਰ ਕੇ। ਮੈਂ ਇਸ ਗੱਲੋਂ ਹੈਰਾਨ ਹੁੰਦਾ ਕਿ ਇਹ ਕਿਹੋ ਜਿਹੀ ਮਿੱਟੀ ਦੇ ਬਣੇ ਹੋਏ ਹਨ, ਜੋ ਕਿਸੇ ਵੀ ਦੋਸ਼ ਦਾ ਜਵਾਬ ਤੱਕ ਨਹੀਂ ਦਿੰਦੇ। ਇਹ ਲੋਕ ਇਸ ਧਾਰਨਾ 'ਤੇ ਚੱਲਦੇ ਸਨ, ਕਿ ਇਹ ਆਮ ਰਵੱਈਆ ਹੈ ਕਿ ਤੁਸੀਂ ਕਿਸੇ ਦੇ ਵਿਰੁੱਧ ਭੜਾਸ ਕੱਢੋ। ਅਗਲੇ ਜਵਾਬ ਦੇਣਗੇ ਤਾਂ ਤੁਹਾਡੀ ਵੀ ਨਾਲ ਚਰਚਾ ਹੋਵੇਗੀ। ਤੁਸੀਂ ਆਪਣਾ ਨਾਂ ਦੂਜਿਆਂ ਦੇ ਮੋਢਿਆਂ 'ਤੇ ਚੜ੍ਹ ਕੇ ਮੁਫ਼ਤ ਵਿਚ ਚਮਕਾ ਲਉਗੇ।

# ਕਾਵਿ-ਕਿਆਰੀ

ਅਮਰੀਕ ਸਿੰਘ
ਸ਼ਿਕਾਗੋ



## ਨੱਬੇ ਪ੍ਰਤੀਸ਼ਤ ਕੁਰਬਾਨੀਆਂ ਦੇ ਕੇ

ਦੱਸੋ ਕਿੱਦਾਂ ਜਸ਼ਨ ਮਨਾਈਏ ਐਸੇ ਹੋਏ ਆਗਾਜ਼ ਦੇ।
ਦੋ ਸਰਹੱਦਾਂ ਦੇ ਵਿਚ ਦੋ ਟੁਕੜੇ
ਹੋ ਗਏ ਲਹਿੰਦੇ ਚੜ੍ਹਦੇ ਪੰਜਾਬ ਦੇ।

ਸੰਤਾਲੀ ਪਿੰਡੇ ਤੇ ਹੱਡਾਂ ਲਈ ਦੋਹਾਂ ਭਾਈਆਂ ਨੇ
ਚੁਰਾਸੀ ਦਾ ਵਰਤਾਰਾ ਸਾਨੂੰ ਦੱਸੋ ਕਿੱਦਾਂ ਭੁੱਲੂ?
ਗਲ ਵਿਚ ਟਾਇਰ ਦਿਨ ਦਿਹਾੜੇ ਪੱਤ ਲੁੱਟੀ ਸਾਡੀ
ਲੱਗਦਾ ਮਨਸ਼ੇ ਅਜੇ ਵੀ ਅਧੂਰੇ ਨੇ ਜਨਾਬ ਦੇ।
ਦੋ ਸਰਹੱਦਾਂ ਦੇ ਵਿਚ ਦੋ ਟੁਕੜੇ
ਹੋ ਗਏ ਲਹਿੰਦੇ ਚੜ੍ਹਦੇ ਪੰਜਾਬ ਦੇ।

ਹਿੱਕਾਂ ਡਾਹ ਡਾਹ ਸਿੱਖ ਯੋਧੇ ਖੜ੍ਹ ਜਾਂਦੇ
ਜੇ ਅੱਗੇ ਬਾਰਡਰ ਦੀ ਦੀਵਾਰ ਨ ਹੁੰਦੀ।
ਗੁਰੂ ਨਾਨਕ ਦੇ ਕਰਤਾਰਪੁਰ ਸਿੰਘ ਕਰਦੇ ਸੇਵਾ
ਜਲਵੇ ਤੱਕਦੀ ਦੁਨੀਆਂ ਪੰਜਾਬੀਆਂ ਦੇ ਤਾਬ ਦੇ।
ਦੋ ਸਰਹੱਦਾਂ ਦੇ ਵਿਚ ਦੋ ਟੁਕੜੇ
ਜੇ ਨ ਹੁੰਦੇ ਲਹਿੰਦੇ ਚੜ੍ਹਦੇ ਪੰਜਾਬ ਦੇ।

ਸਾਥੋਂ ਸਾਡੇ ਪਾਣੀ, ਰਾਜਧਾਨੀ, ਇਲਾਕੇ ਖੋਹ ਲਏ
ਲੰਗੜੇ ਕਰਕੇ ਹੋਰ ਪਾਣੀ ਮੰਗਣ ਹਰ ਦਮ।
ਸੋਕੇ, ਭੁੱਖੇ, ਹਿਜਰਤ, ਜਬਰ ਜ਼ੁਲਮ ਨਾਲ ਜਦ ਨਹੀਂ ਝੁਕੇ
'ਅਮਰ' ਜਾਬਰ ਨੇ ਫਿਰ ਗੇਟ ਖੋਲ 'ਤੇ ਦੋ ਆਬ ਦੇ।
ਦੋ ਸਰਹੱਦਾਂ ਦੇ ਵਿਚ ਦੋ ਟੁਕੜੇ
ਹੋ ਗਏ ਲਹਿੰਦੇ ਚੜ੍ਹਦੇ ਪੰਜਾਬ ਦੇ।
*-ਅਮਰੀਕ ਸਿਘ ਸ਼ਿਕਾਗੋ*

---

## ਵਿਦੇਸ਼ਾਂ ਦੀ ਤਾਂਘ

ਸੱਤਰਵਿਆ ਵਿਚ ਵੱਲ ਵਿਦੇਸ਼ਾਂ, ਪੰਜਾਬੀ ਘੱਤ ਵਹੀਰਾਂ ਆਏ।
ਕੋਈ ਇੰਗਲੈਂਡ ਕੋਈ ਅਮਰੀਕਾ, ਬਹੁਤੇ ਵਿਚ ਕਨੇਡਾ ਧਾਏ।
ਤੱਕ ਅਜ਼ਾਦੀ ਅਤੇ ਖੁਲ੍ਹ ਦੇਸ਼ਾਂ ਦੀ, ਖੁਸ਼ੀ 'ਚ ਫੁੱਲੇ ਨਾ ਸਮਾਏ।
ਚਮਕ ਦਮਕ ਡਾਲਰਾਂ ਪੌਂਡਾਂ ਦੀ, ਦੇਖ ਮਨ ਫਿਰ ਲਲਚਾਏ।

ਹੋੜ ਲੱਗੀ ਬਾਹਰ ਆਉਣ ਦੀ, ਨਾ ਤੱਕਿਆ ਮੁੜ ਕੇ ਪਿੱਛੇ।
ਜਹਾਜ਼ ਚੜ੍ਹਨ ਨੂੰ ਕਾਹਲੇ ਪੈ ਗਏ, ਤੇ ਕਾਨੂੰਨ ਟੰਗਿਆ ਛਿੱਕੇ।
ਕਈਆਂ ਘਰ ਬਾਰ ਲੁਟਾਇਆ, ਜਦੋਂ ਚੜ੍ਹੇ ਏਜੰਟਾਂ ਦੇ ਢਿੱਕੇ।
ਕਿਸਮਤ ਮਾਰੇ ਡੁੱਬੇ ਰਾਹ ਵਿੱਚ, ਜੋ ਲੰਘ ਗਏ ਮਾਰਨ ਛਿੱਕੇ।

ਕੀ ਦੁਆਬਾ ਕੀ ਮਾਝਾ ਮਾਲਵਾ, ਭੱਜਣ ਇੱਕ ਦੂਜੇ ਤੋਂ ਅੱਗੇ।
ਕਰਨ ਕੋਸ਼ਿਸ਼ਾਂ ਪਹਿਲਾਂ ਪਹੁੰਚਾਂ, ਚਾਹੇ ਵੀਜ਼ਾ ਭੀ ਨਾ ਲੱਗੇ।
ਧੀਆਂ ਪੁੱਤ ਸਨ ਦਾਅ 'ਤੇ ਲਾਏ, ਹਵਾ ਚਹੁੰ ਪਾਸੇ ਇਹੋ ਵੱਗੇ।
ਛੱਡ ਸਰਦਾਰੀਆਂ ਦੌੜਨ ਲੱਗੇ, ਫਿਰ ਭੁੱਲ ਗਏ ਬੌਲਦ ਬੱਗੇ।

ਦੂਜੇ ਦੌਰ 'ਚ ਸਮੇਤ ਪਰਿਵਾਰ, ਆਣ ਲੱਗੇ ਬੰਨ੍ਹ ਬੰਨ੍ਹ ਡਾਰਾਂ।
ਕਈਆਂ ਦਾ ਬਚਪਨ ਗੁਆਚਾ, ਬਹੁਤਿਆਂ ਮਾਰੀਆਂ ਮਾਰਾਂ।
ਮਜਬੂਰੀ ਵਿਚ ਹੱਡ ਤੁੜਵਾਏ, ਮਾਪਿਆਂ ਨੇ ਖਾਧੀਆਂ ਮਾਰਾਂ।
ਜਵਾਨੀ ਖਾ ਗਏ ਕਾਰਖਾਨੇ, ਬੇਬੇ ਬਾਪੂ ਚੁਗਦੇ ਰਹੇ ਖ਼ਾਰਾਂ।

ਜਿਹੜੇ ਵੀ ਰਹਿ ਗਏ ਪਿੱਛੇ, ਨਾ ਜੀਅ ਉਨ੍ਹਾਂ ਦਾ ਲੱਗਿਆ।
ਆਖਣ ਸਾਡੇ ਮਾੜੇ ਭਾਗ, ਚੰਦਰੀ ਕਿਸਮਤ ਸਾਨੂੰ ਠੱਗਿਆ।
ਜਾ ਵਸੇ ਸਵਰਗਾਂ ਦੀ ਧਰਤੀ, ਗਏ ਛੱਡ ਕੇ ਸਾਨੂੰ 'ਕੱਲਿਆਂ।
ਕੱਢਣ ਲੇਲ੍ਹੜੀਆਂ ਅੱਗੇ ਪਿੱਛੇ, ਸੰਬੰਧੀਆਂ ਦਾ ਬੂਹਾ ਮੱਲਿਆ।

ਸਖਤ ਕਮਾਈਆਂ ਕਰ ਇੱਥੇ, ਡਾਲਰਾਂ ਪੌਂਡਾਂ ਕੀਤੀ ਬਰਸਾਤ।
ਮੌਜਾਂ ਕਰਨ ਲੱਗੇ ਫਿਰ ਪਿੱਛੇ, ਭੁੱਲ ਗਏ ਔਖੇ ਦਿਨ ਰਾਤ।
ਖਰੀਦੇ ਜ਼ਮੀਨਾਂ ਟ੍ਰੈਕਟਰ ਕਾਰਾਂ, ਨਾ ਪੁੱਛਣ ਕਿਸੇ ਦੀ ਬਾਤ।
ਪਈਆਂ ਹਰ ਘਰ ਲੜਾਈਆਂ, ਜਦੋਂ ਫ੍ਰੋਲਣ ਲੱਗੇ ਕਾਗਜ਼ਾਤ।
*-ਸੇਵਾ ਸਿੰਘ 'ਨੂਰਪੁਰੀ'*

## ਗ਼ਜ਼ਲ

ਓਧਰ ਹੜ੍ਹਾਂ ਦੇ ਮਾਰੇ, ਜਾਨਾਂ ਗਵਾ ਰਹੇ ਨੇ।
ਪਰ ਬੇਜ਼ਮੀਰੇ ਲੋਕੀਂ, ਰੀਲ੍ਹਾਂ ਬਣਾ ਰਹੇ ਨੇ।

ਸਭ ਨੂੰ ਰਜਾਉਂਦਾ ਸੀ ਜੋ, ਪੰਜਾਬ ਡੁੱਬ ਰਿਹਾ ਹੈ,
ਸੰਸਦ ਦੇ ਬੂਹੇ ਐਪਰ, ਖ਼ੁਸ਼ੀਆਂ ਮਨਾ ਰਹੇ ਨੇ।

ਨਦੀਆਂ ਦੇ ਪਾਣੀਆਂ ਨੇ, ਫ਼ਸਲਾਂ ਮਧੋਲ਼ ਛੱਡੀਆਂ,
ਰੁੱਖਾਂ ਦੇ ਸਭ ਜਨਾਜ਼ੇ, ਲਹਿੰਦੇ ਨੂੰ ਜਾ ਰਹੇ ਨੇ।

ਬਿਜਲੀ ਦੀ ਗਰਜ ਅੰਦਰ ਆਵਾਜ਼ ਗੁੰਮ ਰਹੀ ਹੈ,
ਖੜ੍ਹ ਕੇ ਘਰਾਂ 'ਤੇ ਲੋਕੀਂ, ਕਿਸ ਨੂੰ ਬੁਲਾ ਰਹੇ ਨੇ?

ਕਿੱਦਾਂ ਦੇ ਹਨ ਪੰਜਾਬੀ, ਫਿਰਦੇ ਨੇ ਭੁੱਖੇ ਭਾਣੇ,
ਜਲ-ਥਲ ਘਰਾਂ 'ਚ ਜਾ ਕੇ, ਲੰਗਰ ਛਕਾ ਰਹੇ ਨੇ।

ਕਿੱਥੇ ਹਕੂਮਤਾਂ ਨੇ, ਗੁੰਮ ਹੈ ਕਿਸਾਨ ਯੂਨੀਅਨ,
ਮਜਬੂਰ ਸੂਲ਼ੀਆਂ 'ਤੇ, ਪਲ ਪਲ ਬਿਤਾ ਰਹੇ ਨੇ।

ਜ਼ਿੱਦ 'ਤੇ ਅੜੀ ਹੈ ਬਾਰਿਸ਼, 'ਰੌਸ਼ਨ' ਹਨ੍ਹੇਰਾ ਘੁੱਪ ਹੈ,
ਧਰਤੀ ਦੇ ਕੁੱਝ ਫ਼ਰਿਸ਼ਤੇ ਦੀਵੇ ਜਗਾ ਰਹੇ ਨੇ।
*-ਗੁਰਦਿਆਲ ਰੌਸ਼ਨ*

## ਬੁਲੰਦ ਵਜੂਦ

ਲੱਭਦੀ ਫਿਰੂਗੀ ਦੁਨੀਆ, ਆਪ ਤੈਨੂੰ
ਕਿਸੇ ਖਾਣ ਦਾ ਹੀਰਾ, ਅਮੁੱਲ ਬਣਜਾ
ਆਉਣ ਭੱਜੀਆਂ ਤਿਤਲੀਆਂ, ਮਗਰ ਤੇਰੇ
ਕਿਸੇ ਬਾਗ ਦਾ ਸੋਹਣਿਆ, ਫੁੱਲ ਬਣਜਾ।

ਤੇਰੇ ਬਾਝ ਨਾ ਇੱਕ ਵੀ, ਸਾਹ ਆਵੇ
ਮੇਰੀ ਜਾਨ ਬਣਜਾ ਜਾਂ ਮੇਰੀ ਭੁੱਲ ਬਣਜਾ
ਸਦਾ ਯਾਦ ਐਵੇਂ, ਐਸਾ ਜ਼ਖਮ ਦੇ ਦੇ
ਯਾਦ ਸੋਹਣਿਆ ਐਸੀ, ਅਭੁੱਲ ਬਣਜਾ।

ਤੈਨੂੰ ਸਿਰਾਂ 'ਤੇ ਸਦਾ, ਸਜਾਉਣ ਲੋਕੀਂ
ਤੂੰ ਪੱਗ ਬਣਜਾ ਜਾਂ ਫਿਰ ਤਾਜ ਬਣਜਾ
ਆਹ ਤੂੰ ਛੱਡ ਦੇ ਝੁੰਡ, ਬਟੇਰਿਆਂ ਦਾ
ਉੱਚੇ ਅੰਬਰੀਂ ਉੱਡਦਾ, ਬਾਜ਼ ਬਣਜਾ।

ਕਬਰਾਂ ਤੱਕ ਜੋ ਮੇਰੇ, ਨਾਲ ਜਾਵੇ
ਮੇਰੇ ਸੋਹਣਿਆ ਐਸਾ ਤੂੰ, ਰਾਜ਼ ਬਣਜਾ
ਹਰ ਸਾਹ ਦੇ ਨਾਲ ਜੋ, ਯਾਦ ਆਵੇ
ਵੇ ਤੂੰ ਸੱਜਣਾਂ ਦੇਸ, ਪੰਜਾਬ ਬਣਜਾ।

ਕਿਸੇ ਬਾਪੂ ਦੀ ਪੱਗ ਦਾ ਨਾਜ਼ ਬਣਜਾ
ਕਿਸੇ ਮਾਂ ਦੇ ਦੁੱਧ ਦੀ, ਲਾਜ ਬਣਜਾ
ਡਾਕਟਰ ਬਣੀ ਨਾ ਭਾਵੇਂ ਤੂੰ, ਪੜ੍ਹ ਲਿਖ ਕੇ
ਕਿਸੇ ਜ਼ਖਮ ਦਾ ਬੰਦੇ, ਇਲਾਜ ਬਣਜਾ।
ਤੈਨੂੰ ਰੱਖਾਂਗੇ ਗਹਿਣਿਆਂ, ਵਾਂਗ ਪਾ ਕੇ
ਵੇ ਤੂੰ ਸਾਡੀਆਂ ਰੀਝਾਂ ਦਾ, ਹਾਰ ਬਣਜਾ
ਤੈਨੂੰ ਪੂਜਾਂਗੇ ਰੱਬ ਦੇ, ਵਾਂਗ ਦੇਖੀਂ
ਡਾਣਸੀਵਾਲੀਆ ਸਾਡਾ ਤੂੰ, ਯਾਰ ਬਣਜਾ
*-ਕੁਲਵੀਰ ਸਿੰਘ ਡਾਨਸੀਵਾਲ*
*ਫੋਨ: 778 863 2472*

---

## ਹੜ੍ਹ ਦੀ ਮਾਰ

ਬੱਦਲਵਾਈ ਹੋਵੇ ਜਾਂ 'ਸੰਨੀ ਡੇਅ'
ਸਾਰਿਆਂ ਨੂੰ ਉੱਠਣਾ ਪਊ
ਇਹ ਕੰਮ ਕਿਸੇ ਇਕੱਲੇ ਤੋਂ ਨਹੀਂ ਹੋਣਾ
ਸਭ ਨੂੰ ਸਾਥ ਨਿਭਾਉਣਾ ਪਊ।

ਬੈਠਿਆਂ ਗੱਲ ਨੀ ਬਣਨੀ
ਉੱਠ ਕੇ ਖੜ੍ਹਾ ਹੋਣਾ ਪਊ
ਪੈਰੀਂ ਜੁੱਤੀ ਪਾਉਣੀ ਪਊ
ਸੋਟੀ ਵੀ ਹੱਥ ਫ਼ੜਨੀ ਪਊ
ਚੱਲ ਉੱਠੋ ਖੜ੍ਹੇ ਹੋਵੋ ਝਾੜੋ ਪਰਨੇ
ਇਹ ਕੰਮ ਕਿਸੇ ਇਕੱਲੇ ਤੋਂ ਨਹੀਂ ਹੋਣਾ
ਸਭ ਨੂੰ ਸਾਥ ਨਿਭਾਉਣਾ ਪਊ।

ਉਨ੍ਹਾਂ ਨੇ ਏਦਾਂ ਨੀ ਮੰਨਣਾ
ਨਾਸੀਂ ਧੂੰਆਂ ਲਿਆਉਣਾ ਪਊ
ਸੁਆਲਾਂ ਦੇ ਜਵਾਬ ਲੈਣੇ ਪੈਣਗੇ
ਇਨ੍ਹਾਂ ਚਿੱਟ ਕੱਪੜੀਆਂ ਨੂੰ
ਕੁਰਸੀ ਤੋਂ ਲਾਹੁਣਾ ਹੀ ਪਊ
ਚੱਲ ਉੱਠੋ ਖੜ੍ਹੇ ਹੋਵੋ ਝਾੜੋ ਪਰਨੇ
ਇਹ ਕੰਮ ਕਿਸੇ ਇਕੱਲੇ ਤੋਂ ਨਹੀਂ ਹੋਣਾ
ਸਭ ਨੂੰ ਸਾਥ ਨਿਭਾਉਣਾ ਪਊ।

ਜਿਨ੍ਹਾਂ ਨੇ ਰੇਤ ਬੱਜਰੀ ਖਾਧੀ
ਜਿਨ੍ਹਾਂ ਨੇ ਸ਼ਰੇਆਮ ਖੁਆਈ
ਜਿਨ੍ਹਾਂ ਨੇ ਦਰੱਖਤ ਵੱਢੇ ਤੇ ਵੇਚੇ
ਜਿਨ੍ਹਾਂ ਨੇ ਇਹ ਸਭ ਵਿੱਚ ਹਿੱਸੇਦਾਰੀ ਪਾਈ
ਉਹਨਾਂ ਦੀਆਂ ਗਿੱਚੀਆਂ ਤੇ ਗੋਡੇ ਰੱਖਣੇ ਪੈਣਗੇ
ਹੱਡਾ ਰੋੜੀਆਂ ਨੂੰ ਜਾਂਦੇ ਰਾਹ ਦਿਖਾਉਣੇ ਪੈਣਗੇ
ਚੱਲ ਉੱਠੋ ਖੜ੍ਹੇ ਹੋਵੋ ਝਾੜੋ ਪਰਨੇ
ਇਹ ਕੰਮ ਕਿਸੇ ਇਕੱਲੇ ਤੋਂ ਨਹੀਂ ਹੋਣਾ
ਸਭ ਨੂੰ ਸਾਥ ਨਿਭਾਉਣਾ ਪਊ।

ਉਨ੍ਹਾਂ ਦੀਆਂ
ਬਾਹਾਂ ਮਰੋੜਨੀਆਂ ਪੈਣਗੀਆਂ
ਚੀਖ਼ ਮਰਵਾਉਣੀਆਂ ਪੈਣਗੀਆਂ
ਗਲੀਆਂ ਵਿੱਚ ਘੜ੍ਹੀਸਣਾ ਪਊ
ਉਨ੍ਹਾਂ ਦੇ ਗਲ਼ਾਂ ਵਿੱਚ
ਛਿੱਤਰਾਂ ਦੇ ਹਾਰ ਪਾਉਣੇ ਪੈਣਗੇ
ਖੋਤੇ ਤੇ ਚੁੱਕ ਕੇ ਚੜਾਉਣਾ ਪਊ
ਹੜ੍ਹ ਦੇ ਪਾਣੀ ਵਿੱਚ ਗ਼ੋਤੇ ਲਵਾਉਣੇ ਪੈਣਗੇ
ਕੱਦੂ ਇਹਨਾਂ ਦਾ ਕਰਨਾ ਪਊ
ਹੜ੍ਹ ਦੇ ਪਾਣੀ ਨਾਲ ਉਨ੍ਹਾਂ ਦੀ ਸੋਚ ਤੇ ਲੱਗੀ
ਕਾਲ਼ਖ ਨੂੰ ਮਲ ਮਲ ਕੇ ਲਾਹੁਣਾ ਪਊ
ਉਨਾਂ ਨੂੰ ਫ਼ਰਜ਼ ਚੇਤੇ ਕਰਾਉਣੇ ਪੈਣਗੇ
ਚੱਲ ਉੱਠੋ ਖੜ੍ਹੇ ਹੋਵੋ ਝਾੜੋ ਪਰਨੇ
ਇਹ ਕੰਮ ਕਿਸੇ ਇਕੱਲੇ ਤੋਂ ਨਹੀਂ ਹੋਣਾ
ਸਭ ਨੂੰ ਸਾਥ ਨਿਭਾਉਣਾ ਪਊ

ਜਿਹੜੇ ਜੱਫੇ ਮਾਰੀ ਬੈਠੇ ਨੇ
ਧੂਹ ਘੜੀਸ ਕੇ, ਗਲਾਵੇਂ ਤੋਂ ਫੜ੍ਹ ਕੇ
ਕੁਰਸੀਆਂ ਤੇ ਬੈਠੇ ਗੰਦ ਨੂੰ
ਬਾਹਰ ਸੁੱਟਣਾ ਪਊ
ਲੋਕਾਂ ਦਾ ਰਾਜ ਸਥਾਪਿਤ ਕਰਨਾ ਪਊ
ਚੱਲ ਉੱਠੋ ਖੜ੍ਹੇ ਹੋਵੋ ਝਾੜੋ ਪਰਨੇ
ਸੰਗਰਾਮ ਵਿੱਚ ਸ਼ਾਮਲ ਹੋਵੋ
ਇਹ ਕੰਮ ਕਿਸੇ ਇਕੱਲੇ ਤੋਂ ਨਹੀਂ ਹੋਣਾ
ਸਭ ਨੂੰ ਸਾਥ ਨਿਭਾਉਣਾ ਪਊ।
ਆਪਣੇ ਲਈ ਨਾ ਸਹੀ
ਆਪਣੇ ਬੱਚਿਆਂ ਦੇ ਭਵਿੱਖ ਲਈ
ਆਪਣੀਆਂ ਮਾਵਾਂ ਭੈਣਾਂ ਦੀ ਇੱਜ਼ਤ ਲਈ
ਇਹਨਾਂ ਖ਼ੂਨ ਪੀਣੀਆਂ ਜੋਕਾਂ 'ਤੇ ਚਿੱਚੜਾਂ ਨੂੰ
ਖਿੱਚ ਖਿੱਚ ਕਿ ਲਾਹੁਣਾ ਪਊ
ਚੱਲ ਉੱਠੋ ਖੜ੍ਹੇ ਹੋਵੋ ਝਾੜੋ ਪਰਨੇ
ਇਹ ਕੰਮ ਕਿਸੇ ਇਕੱਲੇ ਤੋਂ ਨਹੀਂ ਹੋਣਾ
ਸਭ ਨੂੰ ਸਾਥ ਨਿਭਾਉਣਾ ਪਊ।

ਜੇ ਹੁਣ ਉੱਠਣ ਵਿੱਚ ਦੇਰ ਕਰ ਦਿੱਤੀ
ਉਨ੍ਹਾਂ ਨੇ ਰਿਸ਼ਵਤਾਂ ਲੈ ਲੈ ਕੇ
ਚੋਰੀ ਹੇਰਾਫੇਰੀ ਕਰ ਕਰ ਕੇ
ਚਿੱਟਾ ਕਾਲਾ ਵੇਚ ਵੇਚ ਕੇ
ਤੁਹਾਡਾ ਬੱਚੇ ਪੈਦਾ ਕਰਨ ਦਾ
ਜਮਾਂਦਰੂ ਹੱਕ ਵੀ ਤੁਹਾਡੇ ਤੋਂ ਖੋਹ ਲੈਣਾ ਹੈ
ਉਨ੍ਹਾਂ ਦੇ ਫ਼ਾਰਮ ਹਾਊਸਾਂ ਵਿੱਚ
ਆਪਣੀਆਂ ਧੀਆਂ ਭੈਣਾਂ
ਦੀਆਂ ਚੀਖਾਂ ਸੁਣ ਸੁਣ ਕੇ
ਸਾਡੇ ਕੰਨ ਬ੍ਹੋਲੇ ਹੋ ਜਾਣਗੇ
ਫੇਰ ਬਹੁਤ ਦੇਰ ਹੋ ਜਾਵੇਗੀ
ਚੱਲ ਉੱਠੋ ਖੜ੍ਹੇ ਹੋਵੋ ਝਾੜੋ ਪਰਨੇ
ਇਹ ਕੰਮ ਕਿਸੇ ਇਕੱਲੇ ਤੋਂ ਨਹੀਂ ਹੋਣਾ
ਸਭ ਨੂੰ ਸਾਥ ਨਿਭਾਉਣਾ ਪਊ।

ਇਨ੍ਹਾਂ ਵੱਡੇ ਵੱਡੇ ਢਿੱਡਾਂ ਨੂੰ
ਹੁਣ ਫ਼ੁਟਬਾਲ ਬਣਾਉਣਾ ਪਊ
ਲੋਕਾਂ ਦਾ ਖਾਧਾ ਪੈਸਾ
ਵਾਪਸ ਕਰਵਾਉਣਾ ਪਊ
ਦੇਖ ਲੈਣਾ ਇਹਨਾਂ ਨੇ ਤਾਂ
ਆਪਣੇ ਬੱਚਿਆਂ ਨੂੰ
ਘੁੰਮਣ ਵਾਲੀ ਕੁਰਸੀ ਤੇ
ਬਿਠਾਉਣ ਤੋਂ ਬਿਨਾ ਨਹੀਂ ਜਾਣਾ
ਹੁਣ ਸਾਨੂੰ ਸਭ ਨੂੰ
ਕਬਰ ਇਹਨਾਂ ਦੀ
ਇਹਨਾਂ ਦੇ ਮੰਜੇ ਕੋਲ ਲਿਆਉਣੀ ਪਊ
ਚੱਲ ਉੱਠੋ ਖੜ੍ਹੇ ਹੋਵੋ ਝਾੜੋ ਪਰਨੇ
ਇਹ ਕੰਮ ਕਿਸੇ ਇਕੱਲੇ ਤੋਂ ਨਹੀਂ ਹੋਣਾ
ਸਭ ਨੂੰ ਸਾਥ ਨਿਭਾਉਣਾ ਪਊ।

ਜੇ ਇਸ ਤਰ੍ਹਾਂ ਹੀ ਬੀਤੇ ਕੱਲ੍ਹ ਵਾਂਗ ਸੋਚਦੇ ਰਹੇ
ਅੱਜ ਦਾ ਦਿਨ ਵੀ ਪਾਣੀ ਵਿੱਚ ਰੁੜ੍ਹ ਜਾਵੇਗਾ
ਉਨ੍ਹਾਂ ਦੀਆਂ
"ਸੰਨੀ ਸੰਨੀ" ਗੱਲਾਂ ਵਿੱਚ ਨਾ ਆਇਆ ਕਰੋ
ਆਪਣੇ ਤੇ ਆਪਣੇ ਪਰਿਵਾਰ ਲਈ
"ਸੰਨੀ ਡੇਅ" ਲਿਆਉਣ ਲਈ
ਸਭ ਨੂੰ ਕਸ਼ਟ ਕਰਨੇ ਪੈਣਗੇ।

ਚੱਲ ਉੱਠੋ ਖੜ੍ਹੇ ਹੋਵੋ ਝਾੜੋ ਪਰਨੇ
ਇਹ ਕੰਮ ਕਿਸੇ ਇਕੱਲੇ ਤੋਂ ਨਹੀਂ ਹੋਣਾ
ਸਭ ਨੂੰ ਸਾਥ ਨਿਭਾਉਣਾ ਪਊ।
*-ਸੰਨੀ ਧਾਲੀਵਾਲ*

---

## ਬੱਚੇ ਮਾਂ ਨੂੰ ਕਰਦੇ ਸਵਾਲ

ਬੱਚੇ ਮਾਂ ਨੂੰ ਕਰਦੇ ਸਵਾਲ
ਮਾਂ ਰੋਟੀ ਕਦੋਂ ਆਊਗੀ?
ਸਾਨੂੰ ਭੁੱਖਿਆਂ ਨੂੰ ਹੋ ਗਏ ਦਿਨ ਚਾਰ,
ਮਾਂ ਰੋਟੀ ਆਊਗੀ?

ਪਾਣੀ ਦੀਆਂ ਲਹਿਰਾਂ ਅੱਜ ਡੈਣ ਬਣ ਆ ਗਈਆਂ
ਘਰ ਸਾਡੇ ਰੁੜ੍ਹ ਗਏ ਤੇ ਮੱਝਾਂ ਗਾਵਾਂ ਖਾ ਗਈਆਂ
ਹੁਣ ਸਾਡਾ ਬਚਣਾ ਹੋ ਗਿਆ ਮੁਹਾਲ,
ਮਾਂ ਰੋਟੀ ਕਦੋਂ ਆਊਗੀ?
ਸਾਨੂੰ ਭੁੱਖਿਆਂ ਨੂੰ ਹੋ ਗਏ ਦਿਨ ਚਾਰ।

ਖੇਤ ਕਿਤੇ ਦਿਸਦੇ ਨਹੀਂ ਚਾਰੇ ਪਾਸੇ ਪਾਣੀ ਏ,
ਕਿਸ਼ਤੀ ਜੇ ਨਾ ਆਈ ਫਿਰ ਰੋਟੀ ਕਿਥੋਂ ਆਉਣੀ ਏ,
ਕਿਸ਼ਤੀ ਹੈ ਕਿਥੇ?
ਇਹ ਉੱਠਦੇ ਸਵਾਲ?
ਮਾਂ ਰੋਟੀ ਕਦੋਂ ਆਊਗੀ?
ਸਾਨੂੰ ਭੁੱਖਿਆਂ ਨੂੰ ਹੋ ਗਏ ਦਿਨ ਚਾਰ।

ਨਾ ਮਾਂ ਕੁਝ ਬੋਲੇ, ਨਾ ਪਿਉ ਦੇਵੇ ਸਾਰ,
ਮੌਤਾਂ ਦੀਆਂ ਖਬਰਾਂ ਨਾਲ ਭਰ ਗਿਆ ਅਖਬਾਰ
ਅਸੀਂ ਪੁੱਤਰ ਪੰਜਾਬ ਦੇ ਨਾ ਮੰਨੀ ਕਦੇ ਹਾਰ
ਅਣਖੀਂ ਹਾਂ ਉਠਾਂਗੇ ਫਿਰ ਚੋੜਾ ਸੀਨਾ ਤਾਣ।
ਮਾਂ ਰੋਟੀ ਕਦੋਂ ਆਊਗੀ
ਸਾਨੂੰ ਭੁੱਖਿਆਂ ਨੂੰ ਹੋ ਗਏ ਦਿਨ ਚਾਰ
ਬੱਚੇ ਮਾਂ ਨੂੰ ਕਰਦੇ ਸਵਾਲ ਮਾਂ ਰੋਟੀ ਕਦੋਂ ਆਊਗੀ?
*-ਦੇਵਿੰਦਰ ਕੌਰ ਧਾਲੀਵਾਲ*

*(ਸਫਾ 23 ਦਾ ਬਾਕੀ)*

ਇਸ ਤੋਂ ਇਲਾਵਾ ਰਾਹਤ ਕੈਂਪਾਂ ਵਿਚ ਲਗਭਗ 7,100 ਲੋਕ ਰਹਿ ਰਹੇ ਹਨ, ਜਿਨ੍ਹਾਂ ਵਿਚੋਂ ਸਭ ਤੋਂ ਵੱਧ ਲੋੜ ਫਿਰੋਜ਼ਪੁਰ, ਫ਼ਾਜ਼ਿਲਕਾ ਅਤੇ ਹੁਸ਼ਿਆਰਪੁਰ ਵਿਚ ਹੈ। ਇਨ੍ਹਾਂ ਬਚਾਅ ਕਾਰਜਾਂ ਵਿਚ 20 NDRF ਟੀਮਾਂ, ਭਾਰਤੀ ਫੌਜ (10 ਕਾਲਮ ਅਤੇ 35 ਹੈਲੀਕਾਪਟਰ), IAF, ਬੀ.ਐਸ.ਐਫ, SDRF, ਕਈ ਕਿਸ਼ਤੀਆਂ ਅਤੇ NGO ਸੰਸਥਾਵਾਂ ਮੌਕੇ 'ਤੇ ਕੰਮ ਕਰ ਰਹੀਆਂ ਹਨ। ਖ਼ਾਲਸਾ ਏਡ ਵਰਗੀਆਂ ਸੰਸਥਾਵਾਂ ਦੁਆਰਾ ਭੋਜਨ, ਪਾਣੀ, ਦਵਾਈਆਂ ਅਤੇ ਪਸ਼ੂਆਂ ਦੀ ਸੇਵਾ ਕੀਤੀ ਜਾ ਰਹੀ ਹੈ। ਜਦੋਂ ਕਿ ਕੇਂਦਰ ਸਰਕਾਰ ਵੱਲੋਂ ਖਾਸ ਟੀਮਾਂ (IMCTs) ਹੜ੍ਹ ਨੁਕਸਾਨ ਦੀ ਜਾਂਚ ਲਈ ਭੇਜੀਆਂ ਗਈਆਂ ਹਨ। ਇਨ੍ਹਾਂ 'ਚੋਂ ਇੱਕ ਬੀਤੇ ਦਿਨੀਂ ਬਠਿੰਡਾ ਵਿਖੇ ਆਈ ਜੋ ਬਠਿੰਡਾ ਨੇੜਲੇ ਜ਼ਿਲ੍ਹਿਆਂ ਆਦਿ ਦਾ ਦੌਰਾ ਕਰੇਗੀ ਤੇ ਦੂਜੀ ਅੰਮ੍ਰਿਤਸਰ ਵਿਖੇ ਹੜ੍ਹ ਤੋਂ ਪ੍ਰਭਾਵਿਤ ਲੋਕਾਂ ਦੇ ਨੁਕਸਾਨ ਦਾ ਜਾਇਜ਼ਾ ਲਵੇਗੀ। ਇਸ ਮੌਕੇ ਪੰਜਾਬ ਦੀ ਜਨਤਾ ਦੇ ਨਾਲ-ਨਾਲ ਸੈਲੀਬ੍ਰਿਟੀ ਵੀ ਦਿਲ ਖੋਲ੍ਹ ਕੇ ਪ੍ਰਭਾਵਿਤ ਲੋਕਾਂ ਦੀ ਮਦਦ ਕਰਨ ਲਈ ਅੱਗੇ ਆ ਰਹੇ ਹਨ ਜਿਵੇਂ ਪੰਜਾਬੀ ਗਾਇਕ ਅਤੇ ਅਦਾਕਾਰ ਦਿਲਜੀਤ ਦੋਸਾਂਝ ਨੇ ਗੁਰਦਾਸਪੁਰ ਅਤੇ ਅੰਮ੍ਰਿਤਸਰ ਦੇ 10 ਹੜ੍ਹ ਪ੍ਰਭਾਵਿਤ ਪਿੰਡ ਗੋਦ ਲੈਣ ਦਾ ਐਲਾਨ ਕੀਤਾ ਹੈ ਅਤੇ ਰਾਸ਼ਨ, ਦਵਾਈਆਂ ਅਤੇ ਹੋਰ ਮਦਦ ਭੇਜੀ ਜਾ ਰਹੀ ਹੈ। ਉਧਰ, ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਕੇ ਸੂਬੇ ਨੂੰ ਸੰਕਟ ਤੋਂ ਉਭਰਨ ਵਾਸਤੇ ਕੇਂਦਰ ਸਰਕਾਰ ਵੱਲੋਂ ਹਰ ਸੰਭਵ ਮਦਦ ਦੇਣ ਦਾ ਭਰੋਸਾ ਦਿੱਤਾ। ਉਨ੍ਹਾਂ ਅੱਜ ਮਾਝੇ ਦੇ ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਅੰਮ੍ਰਿਤਸਰ, ਗੁਰਦਾਸਪੁਰ ਤੇ ਕਪੂਰਥਲਾ ਦਾ ਦੌਰਾ ਕੀਤਾ ਅਤੇ ਹਾਲਾਤ ਦਾ ਜਾਇਜ਼ਾ ਲਿਆ।

ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਹੜ੍ਹਾਂ ਦੀ ਮਾਰ ਹੇਠ ਆਏ ਇਲਾਕਿਆਂ ਦੀ ਸਮੀਖਿਆ ਕਰਨ ਵਾਸਤੇ ਦੋ ਕੇਂਦਰੀ ਟੀਮਾਂ ਵੀ ਪੰਜਾਬ ਵਿਚ ਭੇਜੀਆਂ ਹਨ। ਡੇਰਾ ਬਾਬਾ ਨਾਨਕ ਨੇੜੇ ਪਿੰਡ ਧਰਮਕੋਟ ਰੰਧਾਵਾ 'ਚ ਹੜ੍ਹ ਪ੍ਰਭਾਵਿਤ ਲੋਕਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਸਬੰਧੀ ਸਮੁੱਚੀ ਰਿਪੋਰਟ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੌਂਪਣਗੇ। ਚੌਹਾਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਉਨ੍ਹਾਂ ਨੂੰ ਉਚੇਚੇ ਤੌਰ 'ਤੇ ਪੰਜਾਬ ਵਿਚ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਜਾਇਜ਼ਾ ਲੈਣ ਵਾਸਤੇ ਭੇਜਿਆ ਹੈ।


ਕੁੱਲ ਮਿਲਾ ਕੇ ਇਨ੍ਹਾਂ ਹੜ੍ਹਾਂ ਤੋਂ ਜੋ ਘਰਾਂ, ਫਸਲਾਂ ਅਤੇ ਹੋਰ ਮਸ਼ੀਨਰੀ ਦਾ ਮਾਲੀ ਨੁਕਸਾਨ ਹੋਇਆ ਹੈ ਉਸ ਦਾ ਸਹੀ ਅੰਦਾਜ਼ਾ ਲਗਾ ਪਾਉਣਾ ਹਾਲ ਦੀ ਘੜੀ ਕਾਫ਼ੀ ਮੁਸ਼ਕਿਲ ਹੈ। ਕਿਉਂਕਿ ਇਨ੍ਹਾਂ ਹੜ੍ਹਾਂ ਵਿਚ ਜਿੱਥੇ ਲੋਕਾਂ ਦੇ ਘਰ ਢਹਿ-ਢੇਰੀ ਹੋ ਗਏ ਹਨ ਉੱਥੇ ਹੀ ਬਹੁਤ ਸਾਰੇ ਲੋਕਾਂ ਦੇ ਪਸ਼ੂ ਤੇ ਘਰ ਦਾ ਹੋਰ ਕੀਮਤੀ ਸਾਮਾਨ ਵੀ ਹੜ੍ਹਾਂ ਵਿਚ ਵਹਿ ਗਿਆ ਹੈ। ਸੋ ਸਰਕਾਰ ਭਾਵੇਂ ਆਪਣੇ ਵਲੋਂ ਕਿੰਨੀ ਹੀ ਰਾਹਤ ਸਮੱਗਰੀ ਦਾ ਐਲਾਨ ਕਰ ਦੇਵੇ ਪਰ ਇਨ੍ਹਾਂ ਹੜ੍ਹਾਂ ਕਾਰਨ ਲੋਕਾਂ ਦੇ ਨੁਕਸਾਨ ਦੀ ਭਰਪਾਈ ਕਰ ਪਾਉਣਾ ਮੁਸ਼ਕਿਲ ਹੈ। ਅੱਜ ਪੰਜਾਬ ਦਾ ਕਿਸਾਨ, ਜੋ ਪੂਰੇ ਦੇਸ਼ ਲਈ ਅੰਨ ਪ੍ਰਦਾਨ ਕਰਨ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ, ਬੇਬਸ ਤੇ ਲਾਚਾਰ ਨਜ਼ਰ ਆ ਰਿਹਾ ਹੈ। ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਕੁਦਰਤੀ ਕਰੋਪੀ 'ਤੇ ਕਿਸੇ ਦਾ ਕੋਈ ਅਖਤਿਆਰ ਨਹੀਂ ਪਰ ਜਦੋਂ ਸਾਨੂੰ ਪਤਾ ਹੈ ਕਿ ਸਾਡਾ ਪ੍ਰਦੇਸ਼ ਨਦੀਆਂ-ਦਰਿਆਵਾਂ ਵਿਚਕਾਰ ਘਿਰਿਆ ਹੋਇਆ ਹੈ ਤਾਂ ਸਾਡੀਆਂ ਕੇਂਦਰ ਅਤੇ ਸੂਬਾਈ ਸਰਕਾਰਾਂ ਦਾ ਇਹ ਫਰਜ਼ ਬਣਦਾ ਹੈ ਕਿ ਉਹ ਅਜਿਹੇ ਮੰਦਭਾਗੇ ਹਾਲਾਤ ਨਾਲ ਨਿਪਟਣ ਲਈ ਆਪਸ ਵਿਚ ਮਿਲਜੁਲ ਕੇ ਪਹਿਲਾਂ ਹੀ ਕੋਈ ਅਜਿਹੀ ਵਿਉਂਤਬੰਦੀ ਬਣਾਏ ਜਿਸ ਦੇ ਚਲਦਿਆਂ ਪ੍ਰਭਾਵਿਤ ਹੋਣ ਵਾਲੇ ਲੋਕਾਂ ਦਾ ਜਾਨੀ ਤੇ ਮਾਲੀ ਨੁਕਸਾਨ ਘੱਟੋ-ਘੱਟ ਕੀਤਾ ਜਾ ਸਕੇ।



# ਫ਼ਿਲਮ ਲੋਕ



# ਪੰਜਾਬੀ ਫ਼ਿਲਮਾਂ ਦਾ ਸਦਾ ਬਹਾਰ ਹੀਰੋ ਸਤੀਸ਼ ਕੌਲ





ਸਤੀਸ਼ ਕੌਲ ਪੰਜਾਬੀ ਫ਼ਿਲਮਾਂ ਦਾ ਜਾਣਿਆ ਪਹਿਚਾਣਿਆ ਨਾਂ ਸੀ। ਇੱਥੋਂ ਤੱਕ ਕਿ ਉਸ ਨੂੰ ਪੰਜਾਬੀ ਫਿਲਮਾਂ ਦਾ ਅਮਿਤਾਭ ਬੱਚਨ ਕਹਿ ਕੇ ਮਾਣ ਸਤਿਕਾਰ ਦਿੱਤਾ ਸੀ। ਸਤੀਸ਼ ਕੌਲ ਆਪ ਦੱਸਦੇ ਹੁੰਦੇ ਸਨ ਕਿ ਜਦ ਮੈਂ ਜਵਾਨ ਸੀ ਤੇ ਮੇਰਾ ਫਿਲਮ ਇੰਡਸਟਰੀ 'ਚ ਪੂਰਾ ਨਾਂ ਸੀ ਤਾਂ ਮੈਂ ਬਾਈ-ਬਾਈ ਘੰਟੇ ਦਿਨ 'ਚ ਕੰਮ ਕਰਦਾ ਹੁੰਦਾ ਸੀ। ਮੇਰੇ ਕੋਲ ਅਰਾਮ ਕਰਨ ਦੀ ਵਿਹਲ ਨਹੀਂ ਹੁੰਦੀ ਸੀ। ਮੈਂ ਸ਼ੂਟਿੰਗ ਕਰਨ ਲਈ ਜਦ ਇਕ ਤੋਂ ਦੂਜੀ ਜਗ੍ਹਾ ਜਾਣਾ ਹੁੰਦਾ ਤਾਂ ਉਸ ਸਫ਼ਰ ਦੌਰਾਨ ਹੀ ਅਰਾਮ ਕਰ ਲੈਂਦਾ ਸੀ। ਮੈਨੂੰ ਬੜਾ ਚਾਅ ਹੁੰਦਾ ਸੀ। ਇੰਨਾ ਕੰਮ ਕਰਕੇ ਵੀ ਮੈਂ ਕਦੇ ਥਕਾਵਟ ਮਹਿਸੂਸ ਨਹੀਂ ਕੀਤੀ ਸੀ। ਪੰਜਾਬੀ ਫਿਲਮਾਂ ਦੀ ਸ਼ੂਟਿੰਗ ਲਈ ਅਸੀਂ ਪਿੰਡਾਂ 'ਚ ਜਾਣਾ। ਸਰ੍ਹੋਂ ਦਾ ਸਾਗ, ਮੱਕੀ ਦੀ ਰੋਟੀ, ਦਹੀ, ਲੱਸੀ, ਮੱਖਣ ਦਾ ਪੇੜਾ ਚੁੱਲ੍ਹੇ ਅੱਗੇ ਬੈਠ ਕੇ ਜਦ ਆਪਣੀਆਂ ਮਾਵਾਂ ਦੇ ਹੱਥੋਂ ਖਾਣਾ ਤਾਂ ਆਪਣੇ ਘਰ ਦੀ, ਆਪਣੀ ਮਾਂ ਦੀ ਯਾਦ ਆ ਜਾਣੀ। ਮਨ ਭਰ ਆਉਣਾ। ਉਹ ਵੇਲਾ ਨਹੀ ਭੁੱਲਦਾ।

## ਜਨਮ ਤੇ ਪੜ੍ਹਾਈ

ਸਤੀਸ਼ ਕੌਲ ਪੰਜਾਬੀ ਨਹੀਂ ਸਗੋਂ ਕਸ਼ਮੀਰੀ ਪੰਡਿਤ ਹੈ। ਇਸ ਦੇ ਬਾਵਜੂਦ ਵੀ ਉਸ ਨੇ ਬਹੁਤ ਜ਼ਿਆਦਾ ਪੰਜਾਬੀ ਫਿਲਮਾਂ ਕੀਤੀਆਂ। ਪੰਜਾਬੀ ਫਿਲਮਾਂ 'ਚ ਉਸ ਦੀ ਉਸ ਸਮੇਂ ਇਤਨੀ ਤੂਤੀ ਬੋਲਦੀ ਸੀ ਕਿ ਉਸ ਬਿਨ੍ਹਾਂ ਪੰਜਾਬੀ ਫਿਲਮ ਬਣਾਉਣ ਬਾਰੇ ਡਾਇਰੈਕਟਰ ਘੱਟ ਹੀ ਸੋਚਦੇ ਸਨ, ਕਿਉਂਕਿ ਉਹ ਜਿਸ ਫਿਲਮ 'ਚ ਨਹੀਂ ਹੁੰਦਾ ਸੀ ਉਸ ਫਿਲਮ ਦੇ ਹਿੱਟ ਹੋਣ ਦੀ ਗਰੰਟੀ ਘੱਟ ਹੀ ਹੁੰਦੀ ਸੀ ਤੇ ਜਿਸ ਫਿਲਮ 'ਚ ਸਤੀਸ਼ ਕੌਲ ਹੁੰਦਾ ਸੀ, ਉਹ ਫਿਲਮ ਤਾਂ ਸੌ ਪ੍ਰਤੀਸ਼ਤ ਹਿੱਟ ਹੁੰਦੀ ਸੀ। ਸਤੀਸ਼ ਕੌਲ ਦਾ ਜਨਮ 8 ਸਤੰਬਰ 1948 ਦਿਨ ਬੁੱਧਵਾਰ ਨੂੰ ਪਿਤਾ ਮੋਹਨ ਲਾਲ




ਅਮੀਆ ਤੇ ਮਾਤਾ ਊਸ਼ਾ ਰਾਣੀ ਦੇ ਗ੍ਰਿਹਿ ਕਸ਼ਮੀਰ ਸ੍ਰੀ ਨਗਰ ਵਿੱਚ ਹੋਇਆ। ਪਿਤਾ ਕਸ਼ਮੀਰੀ ਮਿਊਜ਼ਿਕ ਕੰਮਪੋਜ਼ਰ, ਸਿੰਗਰ ਤੇ ਉੱਥੇ ਦੂਰਦਰਸ਼ਨ ਦੇ ਡਾਇਰੈਕਟਰ ਸਨ। ਮਾਤਾ ਹਾਊਸ ਵਾਈਫ ਸੀ। ਇੱਕ ਸਤੀਸ਼ ਕੌਲ ਦੀ ਭੈਣ ਹੈ, ਜਿਸਦਾ ਨਾਂਅ ਸੁਸ਼ਮਾ ਹੈ ਤੇ ਜੋ ਬੰਬਈ ਵਿਖੇ ਫਿਲਮ ਇੰਡਸਟਰੀ ਨਾਲ ਹੀ ਜੁੜੀ ਹੋਈ ਹੈ। ਉਸਨੇ ਨੈਸ਼ਨਲ ਹਾਈ ਸਕੂਲ ਸ੍ਰੀਨਗਰ 'ਚੋਂ ਪੜ੍ਹਾਈ ਪੂਰੀ ਕੀਤੀ। ਫਿਰ ਬੀ.ਏ ਕੀਤੀ। ਬੀ.ਏ ਕਰਨ ਤੋਂ ਬਾਦ 'ਫਿਲਮ ਐਡ ਟੈਲੀਵਿਯਨ ਇੰਸਟੀਚਿਊਟ ਆਫ ਇੰਡੀਆ ਪੂਨੇ' ਤੋਂ ਐਕਟਿੰਗ ਦਾ ਡਿਪਲੋਮਾ ਕੀਤਾ।

## ਪਹਿਲੀ ਹਿੰਦੀ ਫਿਲਮ

ਇਹ ਗੱਲ ਸਾਲ 1972-73 ਦੀ ਹੈ। ਡਾਇਰੈਕਟਰ ਰਾਮਾ ਨੰਦ ਸਾਗਰ ਨੇ ਸਤੀਸ਼ ਕੌਲ ਨੂੰ ਪੂਨੇ ਇੰਸਟੀਚਿਊਟ ਤੋਂ ਹੀ ਆਪਣੀ ਫਿਲਮ 'ਪ੍ਰੇਮ ਪਰਬਤ ਲਈ ਹੀਰੋ ਚੁਣ ਲਿਆ। ਇਸ ਫਿਲਮ ਵਿਚ ਹੋਰ ਕਲਾਕਾਰ ਹੇਮਾ ਮਾਲਿਨੀ, ਰੇਹਾਨਾ ਸੁਲਤਾਨ, ਬੀਰਬਲ, ਹੀਰਾ ਲਾਲ ਤੇ ਸੰਜਨਾ ਸਨ। ਗੀਤ ਪਦਮਾ ਸੱਚਦੇਵ ਤੇ ਨਿਸਾਰ ਅਖਤਰ ਨੇ ਲਿਖੇ ਸਨ। ਮਿਊਜ਼ਿਕ ਜੈਦੇਵ ਵਰਮਾ ਦਾ ਸੀ। ਗਾਇਕ ਲਤਾ ਮੰਗੇਸ਼ਕਰ ਤੇ ਮੀਨੂੰ ਪ੍ਰਸ਼ੋਤਮ ਸਨ। ਭਾਵੇਂ ਇਹ ਫਿਲਮ ਛੋਟੇ ਬਜਟ ਦੀ ਸੀ, ਪਰ ਸਤੀਸ਼ ਕੌਲ ਨੂੰ ਐਂਟਰੀ ਫਿਲਮਾਂ 'ਚ ਹਿੰਦੀ ਫਿਲਮ ਦੇ ਜ਼ਰੀਏ ਹੋ ਚੁੱਕੀ ਸੀ। ਇਸ ਫਿਲਮ ਦੇ ਗੀਤ ਤੇ ਸੰਗੀਤ ਉੱਚਕੋਟੀ ਦੇ ਸਨ।

## ਪਹਿਲੀ ਪੰਜਾਬੀ ਫਿਲਮ

ਇਹ ਗੱਲ ਸੰਨ 1974-75 ਦੀ ਹੈ। ਸਤੀਸ਼ ਕੌਲ ਦੀ ਅਜੇ ਤਾਜ਼ਾ-ਤਾਜ਼ਾ ਫਿਲਮ ਲਾਈਨ ਵਿੱਚ ਐਂਟਰੀ ਹੋਈ ਸੀ। ਸਤੀਸ਼ ਕੌਲ ਦੇ ਘਰੇ ਉਸ ਕੋਲ ਮੋਹਨ ਭਾਖੜੀ ਪਹੁੰਚਿਆ ਤੇ ਪੰਜਾਬੀ ਫਿਲਮ ਦੀ ਗੱਲਬਾਤ ਚੱਲੀ। ਸਤੀਸ਼ ਕੌਲ ਨੇ ਸੰਨ 75 ਵਿੱਚ ਪਹਿਲੀ ਪੰਜਾਬੀ ਫਿਲਮ 'ਮੋਰਨੀ' ਬਣਾਈ। ਇਸ ਫਿਲਮ ਦੇ ਕਲਾਕਾਰ ਸਤੀਸ਼ ਕੌਲ, ਰਾਧਾ ਸਲੂਜ਼ਾ, ਰਜਨੀ ਬਾਲਾ, ਜਯਾ ਸ੍ਰੀ, ਰਜਿੰਦਰ ਨਾਥ, ਜੀਵਨ, ਮਦਨਪੁਰੀ ਤੇ ਰਾਮ ਮੋਹਨ ਸਨ।

ਇਸ ਫਿਲਮ ਦੇ ਗੀਤ ਮੁਹੰਮਦ ਰਫੀ ਸਾਹਬ ਨੇ ਗਾਏ ਸਨ ਤੇ ਗੀਤਕਾਰ ਵਰਮਾ ਮਲਿਕ ਸੀ। ਮਿਊਜ਼ਿਕ ਹੰਸ ਰਾਜ ਬਹਿਲ ਦਾ ਤੇ ਇਸ ਫਿਲਮ ਦੇ ਡਾਇਰੈਕਟਰ ਜੁਗਲ ਕਿਸ਼ੋਰ ਸਨ।ਇਸ ਤਰ੍ਹਾਂ ਸਤੀਸ਼ ਕੌਲ ਸੰਨ ਰੂਬਰੂ ਗਇਆ ।

## 300 ਤੋਂ ਜ਼ਿਆਦਾ ਕੀਤੀਆਂ ਫ਼ਿਲਮਾਂ

ਸਤੀਸ਼ ਕੌਲ ਨੇ ਕੋਈ 300 ਤੋਂ ਵੀ ਜ਼ਿਆਦਾ ਹਿੰਦੀ ਤੇ ਪੰਜਾਬੀ ਫਿਲਮਾਂ ਕੀਤੀਆਂ। ਕਈ ਟੀ.ਵੀ ਸੀਰੀਅਲ ਵੀ ਕੀਤੇ। ਹਿੰਦੀ ਫਿਲਮਾਂ ਦੀ ਲਿਸਟ- 'ਪ੍ਰੇਮ ਪਰਬਤ', 'ਫਾਸਲਾ', 'ਮੇਰੇ ਸਿਰਤਾਜ਼', 'ਵਾਰੰਟ', 'ਕਸਮ', 'ਭਗਤੀ ਮੇਂ ਸ਼ਕਤੀ', 'ਸੀਤਲਾ ਮਾਤਾ', 'ਇਲਜ਼ਾਮ', 'ਕਰਮਾਂ', 'ਇਨਾਮ ਦਸ ਹਜ਼ਾਰ', 'ਆਗ ਹੀ ਆਗ', 'ਡਾਂਸ- ਡਾਂਸ', 'ਖ਼ੂਨੀ ਮਹਲ', 'ਮਰਦੋਂ ਵਾਲੀ ਬਾਤ', 'ਪਿਆਰ ਕਾ ਮੰਦਿਰ', 'ਹੱਤਿਆ', 'ਕਮਾਂਡੋ', 'ਰਾਮ ਲਖਨ', 'ਬੰਦ ਦਰਵਾਜ਼ਾ', 'ਖੇਲ', 'ਪਿਆਰ ਹੂਆ ਚੋਰੀ ਚੋਰੀ', 'ਬਹੂ ਬੇਟਾ ਔਰ ਮਾਂ', 'ਐਲਾਨ', 'ਇੰਤਕਾਮ ਕੇ ਸ਼ੋਅਲੇ', 'ਜਨਮ ਕੁੰਡਲੀ', 'ਯਰਾਨਾ', 'ਜ਼ੰਜ਼ੀਰ', 'ਆਂਟੀ ਨੰ:1', 'ਪਿਆਰ ਤੋ ਹੋਨਾ ਹੀ ਥਾ' ਆਦਿ ਸਨ।

## ਪੰਜਾਬੀ ਫਿਲਮਾਂ ਦਾ ਅਮਿਤਾਭ ਬੱਚਨ

ਸਤੀਸ਼ ਕੌਲ ਨੇ ਬਹੁਤ ਸਾਰੀਆਂ ਪੰਜਾਬੀ



ਫਿਲਮਾਂ ਕੀਤੀਆਂ। ਸਤੀਸ਼ ਕੌਲ ਨੂੰ ਪੰਜਾਬੀ ਫਿਲਮਾਂ ਦਾ ਅਮਿਤਾਭ ਬੱਚਨ ਕਿਹਾ ਜਾਂਦਾ ਸੀ। ਸਤੀਸ਼ ਕੌਲ ਵੱਲੋਂ ਕੀਤੀਆਂ ਪੰਜਾਬੀ ਫਿਲਮਾਂ ਜਿਵੇਂ: 'ਮੋਰਨੀ', 'ਡੇਰਾ ਆਸ਼ਕਾਂ ਦਾ', 'ਮੁਟਿਆਰ ਤੇ ਜੱਟ ਪੰਜਾਬੀ', 'ਜੈ ਬਾਬਾ ਬਾਲਕ ਨਾਥ', 'ਜੋਸ਼ ਜਵਾਨੀ ਦਾ', 'ਲਾਚੀ ਤੇ ਦੋ ਪੋਸਤੀ', 'ਰਾਣੋ', 'ਯਾਰ ਯਾਰਾਂ ਦੇ', 'ਜੱਟ ਦਾ ਗੰਡਾਸਾ', 'ਛਮਕ ਛੱਲੋ ਤੇ ਅੰਗਰੇਜ਼ਣ', 'ਵਹੁਟੀਹੱਥ ਸੋਟੀ', 'ਜੈ ਮਾਤਾ ਚਿੰਤਪੁਰਨੀ, 'ਬੱਗਾ ਡਾਕੂ', 'ਸੱਸੀ ਪੁੰਨੂੰ', 'ਵੀਰਾ ਤੇ ਮਾਵਾਂ ਠੰਡੀਆਂ ਛਾਵਾਂ', 'ਜੀਜਾ ਸਾਲੀ', 'ਗੁੱਡੋ', 'ਬਾਬੁਲ ਦਾ ਵੇਹੜਾ', 'ਪਟੋਲਾ', 'ਧੀ ਰਾਣੀ', 'ਸੁਹਾਗ ਚੂੜਾ', 'ਸ਼ੇਰਾਂ ਦੇ ਪੁੱਤ ਸ਼ੇਰ', 'ਸਹੁੰ ਮੈਨੂੰ ਪੰਜਾਬ ਦੀ', 'ਫੇਰ ਮਾਮਲਾ ਗੜਬੜ ਗੜਬੜ', 'ਅਜ਼ਾਦੀ ਦ ਫਰੀਡਮ' ਆਦਿ ਹਨ।

## ਟੀ.ਵੀ ਸੀਰੀਅਲ ਵੀ ਕੀਤੇ

ਸਤੀਸ਼ ਕੌਲ ਨੇ ਹਿੰਦੀ ਪੰਜਾਬੀ ਫ਼ਿਲਮਾਂ ਦੇ ਨਾਲ-ਨਾਲ ਕਈ ਟੀ,ਵੀ ਸੀਰੀਅਲ ਵੀ ਕੀਤੇ ਜੋ ਦਰਸ਼ਕਾਂ ਦੀ ਪਸੰਦ ਤੇ ਖਰੇ ਉੱਤਰੇ। ਟੀ.ਵੀ ਸੀਰੀਅਲ ਹਨ ਜਿਵੇਂ: 'ਕਿੰਗ ਵਿਕਰਮ ਦਿੱਤਿਆ', 'ਦ ਰਲਾਈਜੇਸ਼ਨ ਆਫ ਪ੍ਰਿੰਸਸ ਅਨੰਦਸੇਨ', 'ਵਿਕਰਮ ਔਰ ਬੇਤਾਲ', 'ਮਹਾਂਭਾਰਤ' ਤੇ 'ਸਰਕਸ' ਆਦਿ ਟੀ.ਵੀ ਸੀਰੀਅਲ ਕੀਤੇ।

## ਵਿਆਹੁਤਾ ਜੀਵਨ

ਸਤੀਸ਼ ਕੌਲ ਦਾ ਵਿਆਹ 'ਨਿੰਮੀ ਸਿੰਘ' ਨਾਲ ਹੋਇਆ। ਸਾਲ ਬਾਅਦ ਨਿੰਮੀ ਸਿੰਘ ਸਤੀਸ਼ ਕੌਲ ਤੋਂ ਵੱਖ ਹੋ ਗਈ ਤੇ ਆਖਰ ਤਲਾਕ ਹੋ ਗਿਆ, ਪਰ ਨਿੰਮੀ ਸਿੰਘ ਦੇ ਸਤੀਸ਼ ਕੌਲ ਦਾ ਇਕ ਬੇਟਾ ਹੋਇਆ ਜਿਸਦਾ ਨਾਮ 'ਰਿਸ਼ਭ' ਰੱਖਿਆ ਗਿਆ। ਹੁਣ ਉਹ ਦੋਵੇਂ ਮਾਂ ਪੁੱਤ ਡਰਬਨ ਵਿਚ ਰਹਿ ਰਹੇ ਹਨ।

## ਅੰਤ

ਜਦੋਂ ਸਤੀਸ਼ ਕੌਲ ਨੂੰ ਫਿਲਮਾਂ ਵਿਚ ਕੰਮ ਮਿਲਣੋਂ ਬੰਦ ਹੋ ਗਿਆ ਤਾਂ ਉਸ ਨੇ ਪਟਿਆਲੇ 'ਚ ਇਕ ਐਕਟਿੰਗ ਸਕੂਲ ਖੋਲਿਆ ਤੇ ਐਕਟਿੰਗ ਦੇ ਗੁਰ ਸਿਖਾਉਣ ਲੱਗਿਆ। ਇੱਕ ਦਿਨ ਬਾਥਰੂਮ 'ਚ ਤਿਲਕ ਕੇ ਚੂਲਾ ਟੁੱਟ ਗਿਆ ਤੇ ਕਈ ਸਾਲ ਹਸਪਤਾਲ 'ਚ ਰੁਲਦਾ ਰਿਹਾ। ਪਹਿਲਾਂ ਐਕਟਿੰਗ ਸਕੂਲ 'ਤੇ ਪੈਸੇ ਬਰਬਾਦ ਕਰ ਲਏ ਜਿਹੜੇ ਥੋੜ੍ਹੇ ਬਹੁਤ ਸੀ, ਉਹ ਹਸਪਤਾਲਾਂ 'ਚ ਖਰਚ ਹੋ ਗਏ। ਬੁਰੇ ਹਾਲ ਹੋ ਗਏ। ਉਸਨੂੰ ਬੈਡਸੂਲ ਹੋ ਗਿਆ। ਥੋੜ੍ਹਾ ਬਹੁਤ ਠੀਕ ਹੋਇਆ ਤਾਂ ਰਹਿਣ ਲਈ ਘਰ ਨਹੀ ਸੀ। ਕਈ ਸਾਲ ਬਿਰਧ ਆਸ਼ਰਮਾਂ ਵਿੱਚ ਰੁਲਦਾ ਰਿਹਾ। ਸ਼ੋਸ਼ਲ ਮੀਡੀਆਂ ਤੇ ਕੁੱਝ ਵੀਡੀਊ ਪਾਈਆਂ ਤਾਂ ਪੰਜਾਬ ਸਰਕਾਰ, ਪ੍ਰੀਤੀ ਸਪਰੂ, ਯੋਗਰਾਜ ਸਿੰਘ ਤੇ ਹੋਰ ਉੱਦਮੀਆਂ ਨੇ ਉਸਦੀ ਮਦਦ ਕੀਤੀ। ਬਾਹਰੋਂ ਭਾਵੇਂ ਕੋਈ ਕਿੰਨ੍ਹੀ ਵੀ ਮਦਦ ਕਰ ਦੇਵੇ, ਪਰ ਘਰ ਨਾਲ ਦੀ ਰੀਸ ਨਹੀ ਹੋ ਸਕਦੀ। ਅੰਤ 10 ਅਪ੍ਰੈਲ 2021 ਨੂੰ ਸਤੀਸ਼ ਕੌਲ ਕਰੋਨਾ ਕਾਰਨ ਇਸ ਦੁਨੀਆ ਤੋਂ ਚੱਲ ਵੱਸੇ।

## ਮੁਹੰਮਦ ਰਫ਼ੀ ਨੇ ਦਿੱਤਾ ਸੀ ਇਨਾਮ

ਸਤੀਸ਼ ਕੌਲ ਨੇ ਇਕ ਮੁਲਾਕਾਤ 'ਚ ਦੱਸਿਆ ਸੀ ਕਿ ਮੇਰੀ ਇੱਕ ਪੰਜਾਬੀ ਫਿਲਮ 'ਸੱਸੀ-ਪੁੰਨੂੰ' ਵਿੱਚ ਇੱਕ ਬਹੁਤ ਹੀ ਹਿੱਟ ਗੀਤ ਸੀ 'ਲੱਗੀ ਵਾਲੇ ਤੇ ਕਦੇ ਨਈਉਂ ਸੌਂਦੇ, ਨੀ ਤੇਰੀ ਕਿਵੇਂ ਅੱਖ ਲੱਗ ਗਈ। ਅੱਜ ਵੀ ਲੋਕਾਂ ਨੂੰ ਯਾਦ ਹੈ। ਇਹ ਗੀਤ ਜਨਾਬ ਮੁਹੰਮਦ ਰਫੀ ਸਾਹਬ ਨੇ ਗਾਇਆ ਸੀ। ਇਹ ਫ਼ਿਲਮ ਜਦ ਰਿਲੀਜ਼ ਹੋਈ ਤਾਂ ਥੋੜ੍ਹੇ ਕੁ ਦਿਨਾਂ ਬਾਦ ਮੈਨੂੰ ਸੁਨੇਹਾ ਮਿਲਿਆ ਕਿ ਮੁਹੰਮਦ ਰਫੀ ਸਾਹਬ ਤੁਹਾਨੂੰ ਮਿਲਣਾ ਚਾਹੁੰਦੇ ਹਨ। ਮੈਂ ਇਹ ਬੋਲ ਸੁਣ ਕੇ ਇੱਕ ਦਮ ਅਚੰਭਿਤ ਹੋ ਗਿਆ ਕਿ ਰਫੀ ਸਾਹਬ ਨੇ ਮੈਨੂੰ ਯਾਦ ਕੀਤਾ ਹੈ। ਮੈਂ ਮੁਹੰਮਦ ਰਫੀ ਸਾਹਬ ਨੂੰ ਮਿਲਣ ਪਹੁੰਚ ਗਿਆ। ਮੈਂ ਟਿਕਾਣੇ ਪਹੁੰਚ ਕੇ ਰਫੀ ਸਾਹਬ ਦਾ ਇੰਤਜ਼ਾਰ ਕਰ ਰਿਹਾ ਸੀ। ਜਦ ਮੁਹੰਮਦ ਰਫੀ ਸਾਹਬ ਆਏ ਤੇ ਜਦੋਂ ਮੈਨੂੰ ਮਿਲੇ ਤੇ ਮੈਨੂੰ ਘੁੱਟ ਕੇ ਜੱਫੀ ਪਾ ਲਈ ਤੇ ਮੇਰੀ ਤਾਰੀਫ ਕਰਨ ਲੱਗ ਪਏ। ਕਹਿੰਦੇ ਕਿ ''ਵਾਹ ਵਾਹ ਯੇ ਗੀਤ ਜਿਤਨੀ ਸ਼ਿੱਦਤ ਸੇ ਮੈਨੇ ਗਾਇਆ ਥਾਂ, ਉਸ ਸੇ ਭੀ ਜ਼ਿਆਦਾ ਸ਼ਿੱਦਤ ਸੇ ਤੂ ਨੇ ਨਿਭਾਇਆ ਹੈ। ਮੈਂ ਤੇਰੀ ਐਕਟਿੰਗ ਸੇ ਬਹੁਤ ਖੁਸ਼ ਹੂਆ ਹੈ। ਉਹਨਾਂ ਉਸੇ ਵੇਲੇ ਆਪਣੀ ਜੇਬ 'ਚੋਂ ਕੱਢ ਕੇ ਪੰਜ ਹਜ਼ਾਰ ਰੁਪਏ ਮੈਨੂੰ ਇਨਾਮ ਵਜੋਂ ਦਿੱਤੇ। ਉਸ ਵਕਤ ਮੇਰੀ ਖੁਸ਼ੀ ਦਾ ਕੋਈ ਟਿਕਾਣਾ ਨਹੀ ਸੀ। ਉਹ ਸਮਾਂ ਮੈਨੂੰ ਕਦੇ ਨਹੀ ਭੁੱਲਦਾ।

## ਲਾਈਫ ਟਾਈਮ ਅਚੀਵਮੈਂਟ ਐਵਾਰਡ

ਸਤੀਸ਼ ਕੌਲ ਨੂੰ ਸਾਲ 2011 ਵਿੱਚ ਲਾਈਫ ਟਾਈਮ ਅਚੀਵਮੈਂਟ ਐਵਾਰਡ ਪੀ ਟੀ ਸੀ ਪੰਜਾਬੀ ਵਲੋਂ ਦਿੱਤਾ ਗਿਆ।

-0-

**ਸਤੀਸ਼ ਕੌਲ ਪੰਜਾਬੀ ਨਹੀਂ ਸਗੋਂ ਕਸ਼ਮੀਰੀ ਪੰਡਿਤ ਹੈ। ਇਸ ਦੇ ਬਾਵਜੂਦ ਉਸ ਨੇ ਬਹੁਤ ਜ਼ਿਆਦਾ ਪੰਜਾਬੀ ਫਿਲਮਾਂ ਕੀਤੀਆਂ। ਪੰਜਾਬੀ ਫਿਲਮਾਂ 'ਚ ਉਸ ਦੀ ਉਸ ਸਮੇਂ ਇਤਨੀ ਤੂਤੀ ਬੋਲਦੀ ਸੀ ਕਿ ਉਸ ਬਿਨਾਂ ਪੰਜਾਬੀ ਫਿਲਮ ਬਣਾਉਣ ਬਾਰੇ ਡਾਇਰੈਕਟਰ ਘੱਟ ਹੀ ਸੋਚਦੇ ਸਨ, ਕਿਉਂਕਿ ਉਹ ਜਿਸ ਫਿਲਮ 'ਚ ਨਹੀਂ ਹੁੰਦਾ ਸੀ ਉਸ ਫਿਲਮ ਦੇ ਹਿੱਟ ਹੋਣ ਦੀ ਗਰੰਟੀ ਘੱਟ ਹੀ ਹੁੰਦੀ ਸੀ ਤੇ ਜਿਸ ਫਿਲਮ 'ਚ ਸਤੀਸ਼ ਕੌਲ ਹੁੰਦਾ ਸੀ, ਉਹ ਫਿਲਮ ਤਾਂ ਸੌ ਪ੍ਰਤੀਸ਼ਤ ਹਿੱਟ ਹੁੰਦੀ ਸੀ। ਉਸ ਦਾ ਜਨਮ 8 ਸਤੰਬਰ 1948 ਦਿਨ ਬੁੱਧਵਾਰ ਨੂੰ ਪਿਤਾ ਮੋਹਨ ਲਾਲ ਅਮੀਆ ਤੇ ਮਾਤਾ ਊਸ਼ਾ ਰਾਣੀ ਦੇ ਗ੍ਰਹਿ ਕਸ਼ਮੀਰ ਸ੍ਰੀ ਨਗਰ ਵਿਚ ਹੋਇਆ ਸੀ।**



# ਰੱਖੜਾ ਭਰਾਵਾਂ ਵਲੋਂ ਹੜ੍ਹ ਪੀੜਤਾਂ ਲਈ ਮਾਲੀ ਮਦਦ ਦਾ ਐਲਾਨ!



ਅਮਰੀਕਾ ਦੇ ਉਘੇ ਬਿਜ਼ਨਸਮੈਨ ਅਤੇ ਭਾਰਤ ਸਰਕਾਰ ਵਲੋਂ ਪਰਵਾਸੀ ਭਾਰਤੀ ਸਨਮਾਨ ਪ੍ਰਾਪਤ ਕਰਨ ਵਾਲੇ ਸ. ਦਰਸ਼ਨ ਸਿੰਘ ਧਾਲੀਵਾਲ ਅਤੇ ਉਨ੍ਹਾਂ ਦੇ ਦੋਵਾਂ ਭਰਾਵਾਂ ਸ. ਸੁਰਜੀਤ ਸਿੰਘ ਰੱਖੜਾ ਅਤੇ ਸ. ਚਰਨਜੀਤ ਸਿੰਘ ਧਾਲੀਵਾਲ ਵਲੋਂ ਪੰਜਾਬ ਦੇ ਹੜ੍ਹ ਪੀੜਤਾਂ ਨੂੰ 10 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ ਗਿਆ ਹੈ। ਸ. ਦਰਸ਼ਨ ਸਿੰਘ ਧਾਲੀਵਾਲ ਮਿੱਡਵੈਸਟ ਵਿਚ ਵੀ ਪੰਜਾਬੀ ਭਾਈਚਾਰੇ ਦੇ ਹਰੇਕ ਕਾਰਜ ਵਿਚ ਵਧ-ਚੜ੍ਹ ਕੇ ਹਿੱਸਾ ਪਾਉਂਦੇ ਹਨ।

## ਸ. ਦਰਸ਼ਨ ਸਿੰਘ ਧਾਲੀਵਾਲ ਵਲੋਂ ਕੀਤੇ ਗਏ ਲੋਕ ਭਲਾਈ ਕਾਰਜ:

** Darshan Singh Dhaliwal sponsors the Fourth of July fireworks each year in Mequon.*

** He spent $1 million setting up a chair at the University of Wisconsin-Milwaukee for a professor familiar with Indian culture.*

** He donated to every Sikh house of worship in the country, and to causes affiliated with other religions.*

** Sep. 11 donation: After meeting with President Bush in Washington, a Sikh gas station owner said he will donate 2 cents a gallon from gas sold at more than 70 stations to a relief fund for victims of the Sept.11 attacks.*

** He contributed $100,000 for a soccer park used by the Mequon United Soccer Club and donates $7,500 a year to the organization.*

** In 2002, Darshan Singh Dhaliwal has donated a sum of Rs 4 million to Punjab Public School, Nabha, in Patiala district*

** Dhaliwal also contributes to politicians, a practice that has become a point of contention in the swirl around the Citgo station.*

** Mr. Dhaliwal has supported Punjabi Cultural Society of Chicago since its inception*

*In 2004, NRI American Sikh businessman from Mequon in Wisconsin has announced donating $200,000 to the University of Wisconsin- Parkside for reviving its dormant Modern Language Laboratory.*

** Tsunami Donation In 2005, Darshan Dhaliwal, president of the Bulk Petroleum Corp., Mequon, Wis., spent more than $1.2 million on mattresses, blankets, medicine and other goods immediately following the disastrous tsunami that hit South Asia in December*

** In 2005, Dhaliwal made a $20,000 donation toward the purchase and installation of smoke detectors for Milwaukee-area homes*